8-May-PAGE-1.qxd 5/7/2025 9:58 PM Page 1

ਵੀਰਵਾਰ, 8 ਮਈ, 2025
26 ਵਿਸਾਖ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 73
ਅੰਕ/NO. : 337

ਰੋਜ਼ਾਨਾ
# ਨਵਾਂ ਜ਼ਮਾਨਾ
DAILY NAWAN ZAMANA • THURSDAY, 8 MAY, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਪਾਕਿਸਤਾਨ 'ਤੇ ਸਹਿੰਦੀ-ਸਹਿੰਦੀ ਮਾਰ

## 54 ਸਾਲਾਂ ਤੋਂ ਬਾਅਦ ਲਹਿੰਦੇ ਪੰਜਾਬ ਨੂੰ ਵੀ ਨਿਸ਼ਾਨਾ ਬਣਾਇਆ

**ਨਵੀਂ ਦਿੱਲੀ** : ਪਹਿਲਗਾਮ ਦਹਿਸ਼ਤੀ ਹਮਲੇ ਦਾ ਬਦਲਾ ਲੈਂਦਿਆਂ ਭਾਰਤੀ ਹਥਿਆਰਬੰਦ ਬਲਾਂ ਨੇ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿੱਚ 9 ਦਹਿਸ਼ਤੀ ਟਿਕਾਣਿਆਂ 'ਤੇ ਮਿਜ਼ਾਈਲ ਹਮਲੇ ਕੀਤੇ। ਇਨ੍ਹਾਂ ਵਿੱਚ ਬਹਾਵਲਪੁਰ ਵੀ ਸ਼ਾਮਲ ਹੈ, ਜੋ ਦਹਿਸ਼ਤੀ ਸੰਗਠਨ ਜੈਸ਼-ਏ-ਮੁਹੰਮਦ ਦਾ ਗੜ੍ਹ ਹੈ। ਭਾਰਤੀ ਫੌਜ ਨੇ ਬੁੱਧਵਾਰ ਵੱਡੇ ਤੜਕੇ 1.44 ਵਜੇ ਜਾਰੀ ਕੀਤੇ ਇੱਕ ਬਿਆਨ ਵਿੱਚ ਕਿਹਾ ਕਿ ਫੌਜੀ ਹਮਲੇ 'ਅਪ੍ਰੇਸ਼ਨ ਸਿੰਧੂਰ' ਤਹਿਤ ਕੀਤੇ ਗਏ।

ਭਾਰਤੀ ਥਲ ਸੈਨਾ ਤੇ ਹਵਾਈ ਸੈਨਾ ਨੇ ਸਾਂਝੀ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਭਾਰਤੀ ਹਥਿਆਰਬੰਦ ਬਲਾਂ ਦੀਆਂ ਕਾਰਵਾਈਆਂ 'ਕੇਂਦਰਤ ਤੇ ਨਪੀਆਂ-ਤੁਲੀਆਂ' ਰਹੀਆਂ ਹਨ। ਕਿਸੇ ਵੀ ਪਾਕਿਸਤਾਨੀ ਫੌਜੀ ਟਿਕਾਣੇ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ। ਭਾਰਤ ਨੇ ਟੀਚਿਆਂ ਦੀ ਚੋਣ ਅਤੇ ਹਮਲਿਆਂ ਨੂੰ ਅੰਜਾਮ ਦੇਣ ਵਿਚ ਕਾਫੀ ਸੰਜਮ ਨਾਲ ਕੰਮ ਲਿਆ ਹੈ।

ਵੱਡਾ ਹਮਲਾ ਸਾਂਬਾ ਦੇ ਸਾਹਮਣੇ ਸਰਹੱਦ ਤੋਂ ਸਿਰਫ 30 ਕਿਲੋਮੀਟਰ ਦੂਰ ਮੁਰੀਦਕੇ ਵਿੱਚ ਲਸ਼ਕਰ-ਏ-ਤਈਬਾ ਦੇ ਸਿਖਲਾਈ ਕੈਂਪ 'ਤੇ ਕੀਤਾ ਗਿਆ। ਪੁਣਛ-ਰਾਜੌਰੀ ਸੈਕਟਰ ਵਿੱਚ ਗੁਲਪੁਰ ਕੈਂਪ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਟਿਕਾਣੇ ਨੂੰ 20 ਅਪਰੈਲ, 2023 ਨੂੰ ਪੁਣਛ ਵਿੱਚ ਹੋਏ ਘਾਤਕ ਹਮਲੇ ਦੇ ਨਾਲ ਜੂਨ 2024 ਵਿੱਚ ਸ਼ਰਧਾਲੂਆਂ ਨੂੰ ਲੈ ਕੇ ਜਾ ਰਹੀ ਇੱਕ ਬੱਸ 'ਤੇ ਹਮਲੇ ਲਈ ਲਾਂਚਪੈਡ ਮੰਨਿਆ ਜਾਂਦਾ ਸੀ। ਮਕਬੂਜ਼ਾ ਕਸ਼ਮੀਰ ਦੇ ਤੰਗਧਾਰ ਸੈਕਟਰ ਅੰਦਰ ਲਸ਼ਕਰ-ਏ-ਤਈਬਾ ਵੱਲੋਂ ਚਲਾਏ ਜਾ ਰਹੇ ਸਵਾਈ ਕੈਂਪ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਟਿਕਾਣੇ ਤੋਂ 20 ਅਕਤੂਬਰ 2024 ਨੂੰ ਸੋਨਮਰਗ, 24 ਅਕਤੂਬਰ ਨੂੰ ਗੁਲਮਰਗ ਅਤੇ 22 ਅਪਰੈਲ, 2025 ਨੂੰ ਪਹਿਲਗਾਮ 'ਚ ਹਮਲੇ ਕਰਵਾਏ ਗਏ। ਜੈਸ਼-ਏ-ਮੁਹੰਮਦ ਦੇ ਇਕ ਹੋਰ ਲਾਂਚਪੈਡ ਬਿਲਾਲ ਕੈਂਪ ਨੂੰ ਹਵਾਈ ਹਮਲਿਆਂ ਦੀ ਮਾਰ ਹੇਠ ਲਿਆਂਦਾ ਗਿਆ। ਕੋਟਲੀ ਕੈਂਪ, ਜੋ ਰਾਜੌਰੀ ਦੇ ਸਾਹਮਣੇ ਲਸ਼ਕਰ-ਏ-ਤਈਬਾ ਦਾ



ਟਿਕਾਣਾ ਹੈ, ਵਿੱਚ ਇੱਕ ਸਮੇਂ ਕਰੀਬ 50 ਕਾਰਕੁਨ ਰਹਿੰਦੇ ਸਨ, ਜੋ ਸਮਰਪਤ ਆਤਮਘਾਤੀ ਹਮਲਾਵਰ ਸਿਖਲਾਈ ਕੇਂਦਰ ਵਜੋਂ ਕੰਮ ਕਰਦੇ ਸਨ। ਇਸ ਦੇ ਨਾਲ ਹੀ ਕੰਟਰੋਲ ਰੇਖਾ ਤੋਂ ਸਿਰਫ 10 ਕਿਲੋਮੀਟਰ ਦੂਰ ਬਰਨਾਲਾ ਕੈਂਪ ਨੂੰ ਵੀ ਤਬਾਹ ਕੀਤਾ ਗਿਆ ਹੈ, ਜੋ ਜੰਮੂ ਅਤੇ ਰਾਜੌਰੀ ਵਿੱਚ ਜਾਣ ਵਾਲੇ ਅੱਤਵਾਦੀਆਂ ਲਈ ਇੱਕ ਲੌਜਿਸਟਿਕ ਅਤੇ ਮੁੜ ਸੰਗਠਨ ਕੇਂਦਰ ਵਜੋਂ ਕੰਮ ਕਰਦਾ ਸੀ।

ਕੌਮਾਂਤਰੀ ਸਰਹੱਦ ਨੇੜੇ ਸਰਜਲ ਕੈਂਪ, ਜੋ ਸਾਂਬਾ-ਕਠੂਆ ਤੋਂ ਕਰੀਬ 8 ਕਿਲੋਮੀਟਰ ਦੂਰ ਜੈਸ਼-ਏ-ਮੁਹੰਮਦ ਦਾ ਇਕ ਹੋਰ ਟਿਕਾਣਾ ਹੈ, ਨੂੰ ਛੋਟੀ ਦੂਰੀ ਦੀ ਘੁਸਪੈਠ ਅਤੇ ਤੇਜ਼ ਹਮਲੇ ਦੇ ਮਿਸ਼ਨਾਂ ਵਿੱਚ ਭੂਮਿਕਾ ਲਈ ਨਿਸ਼ਾਨਾ ਬਣਾਇਆ ਗਿਆ। ਅਖੀਰ ਵਿਚ ਭਾਰਤੀ ਜਹਾਜ਼ਾਂ ਨੇ ਸਿਆਲਕੋਟ ਨੇੜੇ ਮਹਿਮੂਨਾ ਕੈਂਪ 'ਤੇ ਹਮਲਾ ਕੀਤਾ, ਜੋ ਕਿ ਸਰਹੱਦ ਤੋਂ ਸਿਰਫ 15 ਕਿਲੋਮੀਟਰ ਦੂਰ ਹਿਜ਼ਬੁਲ ਮੁਜਾਹਿਦੀਨ ਦਾ ਸਿਖਲਾਈ ਕੇਂਦਰ ਹੈ।

ਪਾਕਿਸਤਾਨ ਫੌਜ ਦੇ ਬੁਲਾਰੇ ਲੈਫਟੀਨੈਂਟ ਜਨਰਲ ਅਹਿਮਦ ਸ਼ਰੀਫ ਚੌਧਰੀ ਨੇ ਕਿਹਾ ਕਿ ਭਾਰਤ ਵੱਲੋਂ ਮਕਬੂਜ਼ਾ ਕਸ਼ਮੀਰ ਦੇ ਕੋਟਲੀ ਅਤੇ ਮੁਜ਼ੱਫਰਾਬਾਦ ਅਤੇ ਪੰਜਾਬ ਦੇ ਬਹਾਵਲਪੁਰ ਵਿੱਚ ਮਿਜ਼ਾਈਲ ਹਮਲੇ ਕੀਤੇ ਗਏ। ਭਾਰਤ ਨੇ ਬਹਾਵਲਪੁਰ ਦੇ ਅਹਿਮਦ ਪੂਰਬੀ ਖੇਤਰ, ਕੋਟਲੀ ਅਤੇ ਮੁਜ਼ੱਫਰਾਬਾਦ ਵਿੱਚ ਤਿੰਨ ਥਾਵਾਂ 'ਤੇ ਹਵਾਈ ਹਮਲੇ ਕੀਤੇ।

ਚੌਧਰੀ ਨੇ ਕਿਹਾ, 'ਇਹ ਬੁਜ਼ਦਿਲਾਨਾ ਅਤੇ ਸ਼ਰਮਨਾਕ ਹਮਲਾ ਭਾਰਤ ਦੇ ਹਵਾਈ ਖੇਤਰ ਦੇ ਅੰਦਰੋਂ ਕੀਤਾ ਗਿਆ। ਉਨ੍ਹਾਂ ਨੂੰ ਕਦੇ ਵੀ ਪਾਕਿਸਤਾਨ ਦੇ ਖੇਤਰ ਵਿੱਚ ਆਉਣ ਅਤੇ ਘੁਸਪੈਠ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ।' ਚੌਧਰੀ ਨੇ ਅੱਗੇ ਕਿਹਾ, 'ਮੈਂ ਇਹ ਸਪੱਸ਼ਟ ਤੌਰ 'ਤੇ ਕਹਿਣਾ ਚਾਹੁੰਦਾ ਹਾਂ ਕਿ ਪਾਕਿਸਤਾਨ ਆਪਣੀ ਪਸੰਦ ਦੇ ਸਮੇਂ ਅਤੇ ਸਥਾਨ 'ਤੇ ਇਸ ਦਾ ਜਵਾਬ ਦੇਵੇਗਾ। ਇਸ ਘਿਨਾਉਣੀ ਭੜਕਾਹਟ ਦਾ ਜਵਾਬ ਦਿੱਤਾ ਜਾਵੇਗਾ।'

ਲੈਫਟੀਨੈਂਟ ਜਨਰਲ ਅਹਿਮਦ ਸ਼ਰੀਫ ਚੌਧਰੀ ਨੇ ਕਿਹਾ ਕਿ ਭਾਰਤ ਵੱਲੋਂ ਕੀਤੇ ਗਏ ਮਿਜ਼ਾਈਲ ਹਮਲਿਆਂ ਵਿਚ ਘੱਟੋ-ਘੱਟ 26 ਲੋਕ ਮਾਰੇ ਗਏ ਅਤੇ 46 ਜ਼ਖਮੀ ਹੋਏ।

ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਕਿਹਾ ਕਿ ਉਨ੍ਹਾਂ ਦੀਆਂ ਹਥਿਆਰਬੰਦ ਫੌਜਾਂ ਚੰਗੀ ਤਰ੍ਹਾਂ ਜਾਣਦੀਆਂ ਹਨ ਕਿ ਦੁਸ਼ਮਣ ਨਾਲ ਕਿਵੇਂ ਨਜਿੱਠਣਾ ਹੈ। ਉਨ੍ਹਾ ਕਿਹਾ, 'ਪਾਕਿਸਤਾਨ ਨੂੰ ਭਾਰਤ ਵੱਲੋਂ ਥੋਪੇ ਗਏ ਇਸ ਯੁੱਧ ਦੇ ਜਵਾਬ ਵਿੱਚ ਢੁਕਵਾਂ ਜਵਾਬ ਦੇਣ ਦਾ ਪੂਰਾ ਅਧਿਕਾਰ ਹੈ ਅਤੇ ਸੱਚਮੁੱਚ ਸਖਤ ਜਵਾਬ ਦਿੱਤਾ ਜਾ ਰਿਹਾ ਹੈ।' ਉਨ੍ਹਾ ਕਿਹਾ, 'ਅਸੀਂ ਦੁਸ਼ਮਣ ਨੂੰ ਕਦੇ ਵੀ ਆਪਣੇ ਨਾਪਾਕ ਉਦੇਸ਼ਾਂ ਵਿਚ ਸਫਲ ਨਹੀਂ ਹੋਣ ਦੇਵਾਂਗੇ।'

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੇਂਦਰੀ ਕੈਬਨਿਟ ਦੀ ਮੀਟਿੰਗ ਵਿਚ ਅਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿੱਚ ਅੱਤਵਾਦੀ ਢਾਂਚਿਆਂ ਵਿਰੁੱਧ 'ਗੈਰ-ਵਧਾਊ ਅਤੇ ਗੈਰ-ਫੌਜੀ' ਹਮਲੇ ਲਈ ਭਾਰਤੀ ਹਥਿਆਰਬੰਦ ਬਲਾਂ ਦੀ ਸ਼ਲਾਘਾ ਕੀਤੀ।

ਪ੍ਰਧਾਨ ਮੰਤਰੀ ਨੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੂੰ ਮਿਲ ਕੇ ਵੀ ਜਾਣਕਾਰੀ ਦਿੱਤੀ। ਇਸੇ ਦੌਰਾਨ ਸਰਕਾਰ ਨੇ ਵੀਰਵਾਰ ਨੂੰ ਇਸ ਮੁੱਦੇ 'ਤੇ ਸਰਬ-ਪਾਰਟੀ ਮੀਟਿੰਗ ਵੀ ਸੱਦੀ ਹੈ। ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਇਸ ਕਾਰਵਾਈ ਨੂੰ ਅਨੁਪਾਤਕ, ਗੈਰ-ਫੌਜੀ ਅਤੇ ਗੈਰ-ਵਧਾਊ' ਕਰਾਰ ਦਿੱਤਾ ਹੈ।

ਮਿਸਰੀ ਨੇ ਕਿਹਾ ਕਿ ਪਹਿਲਗਾਮ ਹਮਲਾ ਦਰਿੰਦਗੀ/ਵਹਿਸ਼ੀਪਣ ਦੀਆਂ ਸਾਰੀਆਂ ਹੱਦਾਂ ਬੰਨ੍ਹੇ ਟੱਪ ਗਿਆ ਸੀ। ਇਹ ਹਮਲਾ ਸਿਰਫ ਬੇਦੋਸ਼ੇ ਨਾਗਰਿਕਾਂ 'ਤੇ ਨਹੀਂ, ਬਲਕਿ ਇਹ ਜੰਮੂ-ਕਸ਼ਮੀਰ ਦੀ ਉਸ ਸ਼ਾਂਤੀ ਤੇ ਵਿਕਾਸ ਅਮਲ 'ਤੇ ਸਿੱਧਾ ਹਮਲਾ ਸੀ, ਜਿਸ ਨੂੰ ਸਾਲਾਂ ਦੀ ਮਿਹਨਤ ਨਾਲ ਸਥਾਪਤ ਕੀਤਾ ਗਿਆ ਹੈ।

ਪਾਕਿਸਤਾਨ ਨੇ ਭਾਰਤੀ ਹਾਈ ਕਮਿਸ਼ਨ ਵਿਚਲੇ ਭਾਰਤੀ ਪ੍ਰਤੀਨਿਧੀ (ਚਾਰਜ ਡੀ ਅਫੇਅਰਜ਼) ਨੂੰ ਤਲਬ ਕਰਕੇ ਹਮਲਿਆਂ ਵਿਰੁੱਧ ਸਖਤ ਵਿਰੋਧ ਦਰਜ ਕਰਵਾਇਆ। ਪਾਕਿਸਤਾਨੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਹਮਲਿਆਂ ਦੇ ਨਤੀਜੇ ਵਜੋਂ ਔਰਤਾਂ ਅਤੇ ਬੱਚਿਆਂ ਸਮੇਤ ਕਈ ਨਾਗਰਿਕਾਂ ਦੀ

● ਬਾਕੀ ਸਫ਼ਾ 2 'ਤੇ

## ਤਣਾਅ ਖਤਮ ਕਰਨ ਲਈ ਤਿਆਰ ਹਾਂ : ਖਵਾਜਾ ਆਸਿਫ

**ਇਸਲਾਮਾਬਾਦ** : ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਨੇ ਕਿਹਾ ਹੈ ਕਿ ਪਾਕਿਸਤਾਨ ਭਾਰਤ ਨਾਲ ਤਣਾਅ ਨੂੰ ਖਤਮ ਲਈ ਤਿਆਰ ਹੈ, ਜੇ ਭਾਰਤ ਟਕਰਾਅ ਨੂੰ ਘੱਟ ਕਰਦਾ ਹੈ। ਉਨ੍ਹਾ ਦੀ ਇਹ ਟਿੱਪਣੀ ਭਾਰਤ ਵੱਲੋਂ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿਚ ਅੱਤਵਾਦੀ ਟਿਕਾਣਿਆਂ 'ਤੇ ਫੌਜੀ ਹਮਲੇ ਕਰਨ ਤੋਂ ਕੁਝ ਘੰਟੇ ਬਾਅਦ ਸਾਹਮਣੇ ਆਈ ਹੈ। ਬਲੂਮਬਰਗ ਟੈਲੀਵਿਜ਼ਨ ਵੱਲੋਂ ਆਸਿਫ ਦੇ ਇਹ ਕਹਿਣ ਦੀ ਰਿਪੋਰਟ ਦਿੱਤੀ ਗਈ ਸੀ ਕਿ ਪਾਕਿਸਤਾਨ ਸਿਰਫ ਹਮਲਾ ਹੋਣ 'ਤੇ ਹੀ ਜਵਾਬ ਦੇਵੇਗਾ।

ਉਨ੍ਹਾ ਕਿਹਾ, 'ਅਸੀਂ ਪਿਛਲੇ ਪੰਦਰਵਾੜੇ ਤੋਂ ਕਹਿੰਦੇ ਆ ਰਹੇ ਹਾਂ ਕਿ ਅਸੀਂ ਕਦੇ ਵੀ ਭਾਰਤ ਪ੍ਰਤੀ ਦੁਸ਼ਮਣੀ ਵਾਲੀ ਕੋਈ ਗੱਲ ਨਹੀਂ ਸ਼ੁਰੂ ਕਰਾਂਗੇ, ਪਰ ਜੇ ਸਾਡੇ 'ਤੇ ਹਮਲਾ ਕੀਤਾ ਜਾਂਦਾ ਹੈ, ਤਾਂ ਅਸੀਂ ਜਵਾਬ ਦੇਵਾਂਗੇ। ਜੇ ਭਾਰਤ ਪਿੱਛੇ ਹਟਦਾ ਹੈ, ਤਾਂ ਅਸੀਂ ਇਸ ਤਣਾਅ ਨੂੰ ਯਕੀਨੀ ਤੌਰ 'ਤੇ ਖਤਮ ਕਰਾਂਗੇ।' ਗੱਲਬਾਤ ਦੀ ਸੰਭਾਵਨਾ ਬਾਰੇ ਮੰਤਰੀ ਨੇ ਕਿਹਾ ਕਿ ਉਹ ਅਜਿਹੇ ਕਿਸੇ ਵੀ ਸੰਭਾਵੀ ਸੰਬੰਧਾਂ ਬਾਰੇ ਜਾਣੂ ਨਹੀਂ।

## ਪਾਕਿਸਤਾਨੀ ਗੋਲਾਬਾਰੀ 'ਚ 10 ਭਾਰਤੀਆਂ ਦੀ ਮੌਤ

**ਸ੍ਰੀਨਗਰ** : ਜੰਮੂ-ਕਸ਼ਮੀਰ ਵਿੱਚ ਕੰਟਰੋਲ ਰੇਖਾ ਦੇ ਨਾਲ ਮੰਗਲਵਾਰ ਰਾਤ ਪਾਕਿਸਤਾਨ ਵੱਲੋਂ ਤੋਪਖਾਨੇ ਨਾਲ ਗੋਲੇ ਵਰ੍ਹਾਉਣ ਕਾਰਨ ਪੁਣਛ ਖੇਤਰ 'ਚ ਇੱਕ ਮਹਿਲਾ ਤੇ ਦੋ ਬੱਚਿਆਂ ਸਣੇ 10 ਨਾਗਰਿਕ ਮਾਰੇ ਗਏ ਅਤੇ ਕਈ ਘਰਾਂ ਨੂੰ ਨੁਕਸਾਨ ਪਹੁੰਚਿਆ ਹੈ। ਮਾਰੇ ਜਾਣ ਵਾਲਿਆਂ ਵਿੱਚ ਰੂਬੀ ਕੌਰ ਵਾਸੀ ਸ਼ੱਲੂ ਸਿੰਘ, ਮੁਹੱਲਾ ਸਰਦਾਰਾਂ, ਮਾਨਕੋਟ, ਅਮਰੀਕ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਮੁਹੱਲਾ ਸੰਦੀਗੇਟ ਤੇ ਰਣਜੀਤ ਸਿੰਘ ਪੁੱਤਰ ਜੋਗਾ ਸਿੰਘ ਵਾਸੀ ਸੰਦੀਗੇਟ ਸ਼ਾਮਲ ਹਨ।

## ਕਰਤਾਰਪੁਰ ਲਾਂਘਾ ਬੰਦ

**ਗੁਰਦਾਸਪੁਰ** : ਕੇਂਦਰੀ ਗ੍ਰਹਿ ਮੰਤਰਾਲੇ ਦੇ ਇਮੀਗ੍ਰੇਸ਼ਨ ਬਿਊਰੋ ਨੇ ਅਗਲੇ ਹੁਕਮਾਂ ਤੱਕ ਕਰਤਾਰਪੁਰ ਲਾਂਘਾ ਬੰਦ ਕਰ ਦਿੱਤਾ ਹੈ। ਇੰਟੈਗਰੇਟਿਡ ਚੈੱਕ ਪੋਸਟ 'ਤੇ ਇਕੱਤਰ ਹੋਏ 150 ਸ਼ਰਧਾਲੂਆਂ ਨੂੰ ਬੁੱਧਵਾਰ ਸਵੇਰੇ ਡੇਢ ਘੰਟੇ ਦੀ ਉਡੀਕ ਮਗਰੋਂ ਵਾਪਸ ਭੇਜ ਦਿੱਤਾ ਗਿਆ।

## ਚੰਡੀਗੜ੍ਹ, ਅੰਮ੍ਰਿਤਸਰ ਤੇ ਪਠਾਨਕੋਟ ਸਣੇ 18 ਹਵਾਈ ਅੱਡੇ ਬੰਦ

**ਦਿੱਲੀ** : ਬੁੱਧਵਾਰ ਸਵੇਰੇ ਪਾਕਿਸਤਾਨ ਵਿਰੁੱਧ ਹਥਿਆਰਬੰਦ ਬਲਾਂ ਵੱਲੋਂ ਮਿਜ਼ਾਈਲ ਹਮਲੇ ਕੀਤੇ ਜਾਣ ਦੇ ਮੱਦੇਨਜ਼ਰ ਲਗਾਈਆਂ ਗਈਆਂ ਪਾਬੰਦੀਆਂ ਦੇ ਵਿਚਕਾਰ 200 ਤੋਂ ਵੱਧ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਅਤੇ ਸ੍ਰੀਨਗਰ ਸਮੇਤ ਘੱਟੋ-ਘੱਟ 18 ਹਵਾਈ ਅੱਡਿਆਂ ਨੂੰ ਅਸਥਾਈ ਤੌਰ 'ਤੇ ਸੰਚਾਲਨ ਲਈ ਬੰਦ ਕਰ ਦਿੱਤਾ ਗਿਆ। ਇਨ੍ਹਾਂ ਹਵਾਈ ਅੱਡਿਆਂ ਵਿੱਚ ਸ੍ਰੀਨਗਰ, ਲੇਹ, ਜੰਮੂ, ਅੰਮ੍ਰਿਤਸਰ, ਪਠਾਨਕੋਟ, ਚੰਡੀਗੜ੍ਹ, ਜੋਧਪੁਰ, ਜੈਸਲਮੇਰ, ਸ਼ਿਮਲਾ, ਧਰਮਸ਼ਾਲਾ ਅਤੇ ਜਾਮਨਗਰ ਸ਼ਾਮਲ ਹਨ।

## ਪੰਜਾਬ ਪੁਲਸ ਨੰਗਲ ਡੈਮ ਦੇ ਕੰਮਕਾਜ 'ਚ ਦਖਲ ਨਾ ਦੇਵੇ : ਹਾਈ ਕੋਰਟ

**ਚੰਡੀਗੜ੍ਹ** : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ ਬੀ ਐੱਮ ਬੀ) ਵੱਲੋਂ ਦਾਇਰ ਪਟੀਸ਼ਨ ਦਾ ਨਿਬੇੜਾ ਕਰਦਿਆਂ ਪੰਜਾਬ ਸਰਕਾਰ ਨੂੰ ਹੁਕਮ ਦਿੱਤੇ ਹਨ ਕਿ ਪੰਜਾਬ ਪੁਲਸ ਭਾਖੜਾ ਨੰਗਲ ਡੈਮ ਅਤੇ ਲੋਹੰਦ ਖੱਡ ਦੇ ਅਪਰੇਸ਼ਨ ਅਤੇ ਰੈਗੂਲੇਸ਼ਨ ਵਿੱਚ ਕੋਈ ਦਖਲਅੰਦਾਜ਼ੀ ਨਾ ਕਰੇ।

ਪੰਜਾਬ ਪੁਲਸ ਨੂੰ ਡੈਮਾਂ ਦੀ ਸੁਰੱਖਿਆ ਕਰਨ ਦੀ ਖੁੱਲ੍ਹ ਦਿੱਤੀ ਗਈ ਹੈ। ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਇਹ ਵੀ ਹੁਕਮ ਦਿੱਤੇ ਹਨ ਕਿ ਉਹ ਦੋ ਮਈ ਨੂੰ ਕੇਂਦਰੀ ਗ੍ਰਹਿ ਸਕੱਤਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੇ ਫੈਸਲੇ ਦੀ ਪਾਲਣਾ ਕਰੇ।

ਅਦਾਲਤ ਨੇ ਇਹ ਵੀ ਕਿਹਾ ਕਿ ਜੇ ਪੰਜਾਬ ਸਰਕਾਰ ਨੂੰ ਕੇਂਦਰ ਦੇ ਕਿਸੇ ਫੈਸਲੇ ਪ੍ਰਤੀ ਇਤਰਾਜ਼ ਹੈ ਤਾਂ ਉਹ ਬੀ ਬੀ ਐੱਮ ਬੀ ਦੇ ਚੇਅਰਮੈਨ ਰਾਹੀਂ ਕੇਂਦਰ ਸਰਕਾਰ ਤੱਕ ਇਤਰਾਜ਼ ਪੁੱਜਦਾ ਕਰ ਸਕਦੀ ਹੈ। ਅਦਾਲਤ ਨੇ ਕੇਂਦਰ ਨੂੰ ਵੀ ਆਦੇਸ਼ ਦਿੱਤੇ ਹਨ ਕਿ ਅਜਿਹਾ ਇਤਰਾਜ਼ ਆਉਣ ਦੀ ਸੂਰਤ ਵਿੱਚ ਇਸ ਦਾ ਨਿਤਾਰਾ ਤੁਰੰਤ ਕੀਤਾ ਜਾਵੇ। ਦੱਸਣਯੋਗ ਹੈ ਕਿ ਬੀ ਬੀ ਐੱਮ ਬੀ ਨੇ ਦੋ ਦਿਨ ਪਹਿਲਾਂ ਡੈਮਾਂ ਨੂੰ ਪੰਜਾਬ ਪੁਲਸ ਦੇ ਕੰਟਰੋਲ ਤੋਂ ਮੁਕਤ ਕਰਵਾਉਣ ਲਈ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ।

## ਕਾਫੀ ਲੰਮਾ ਹੈ ਭਾਰਤ ਤੇ ਪਾਕਿਸਤਾਨ ਵਿਚਾਲੇ ਟਕਰਾਅ ਦਾ ਇਤਿਹਾਸ

**ਨਵੀਂ ਦਿੱਲੀ** : ਭਾਰਤ-ਪਾਕਿ ਫੌਜੀ ਟਕਰਾਅ ਦਾ ਇਤਿਹਾਸ ਭਾਰਤ ਦੀ ਆਜ਼ਾਦੀ ਤੇ ਉਪ-ਮਹਾਂਦੀਪ ਦੀ ਵੰਡ ਤੋਂ ਬਾਅਦ 1947 ਦੀ ਜੰਗ ਤੋਂ ਸ਼ੁਰੂ ਹੁੰਦਾ ਹੈ, ਜੋ ਪੁਲਵਾਮਾ ਫਿਦਾਈਨ ਹਮਲੇ ਖਿਲਾਫ ਭਾਰਤ ਦੇ 2019 ਦੇ ਬਾਲਾਕੋਟ ਸਰਜੀਕਲ ਸਟਰਾਈਕ ਤੱਕ ਫੈਲਿਆ ਹੋਇਆ ਹੈ।

1947 ਦੀ ਪਹਿਲੀ ਭਾਰਤ-ਪਾਕਿ ਜੰਗ, ਜਿਸ ਨੂੰ ਪਹਿਲੀ ਕਸ਼ਮੀਰ ਜੰਗ ਵੀ ਕਿਹਾ ਜਾਂਦਾ ਹੈ, ਨਵੇਂ ਆਜ਼ਾਦ ਮੁਲਕਾਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਉਸ ਸਮੇਂ ਦੀ ਰਿਆਸਤ ਜੰਮੂ ਅਤੇ ਕਸ਼ਮੀਰ ਨੂੰ ਲੈ ਕੇ ਸ਼ੁਰੂ ਹੋਈ ਸੀ। ਇਹ ਜੰਗ ਅਕਤੂਬਰ 1947 ਵਿੱਚ ਸ਼ੁਰੂ ਹੋਈ ਸੀ, ਜਦੋਂ ਪਾਕਿਸਤਾਨ-ਹਮਾਇਤੀ ਕਬਾਇਲੀ ਮਿਲੀਸ਼ੀਆ ਨੇ ਰਿਆਸਤ 'ਤੇ ਹਮਲਾ ਕੀਤਾ ਸੀ। ਜਵਾਬ ਵਿੱਚ ਮਹਾਰਾਜਾ ਹਰੀ ਸਿੰਘ ਵੱਲੋਂ ਜੰਮੂ ਅਤੇ ਕਸ਼ਮੀਰ ਦੇ ਭਾਰਤੀ ਸੰਘ ਵਿੱਚ ਸ਼ਾਮਲ ਹੋਣ ਤੋਂ ਬਾਅਦ ਭਾਰਤ ਨੇ ਇਸ ਖੇਤਰ ਦੀ ਰੱਖਿਆ ਲਈ ਆਪਣੀਆਂ ਫੌਜਾਂ ਭੇਜੀਆਂ, ਜਿਸ ਨਾਲ ਦੋਵਾਂ ਦੇਸ਼ਾਂ ਵਿਚਕਾਰ ਟਕਰਾਅ ਹੋਇਆ। ਇਹ ਟਕਰਾਅ ਜਨਵਰੀ 1949 ਤੱਕ ਜਾਰੀ ਰਿਹਾ, ਜਦੋਂ ਸੰਯੁਕਤ ਰਾਸ਼ਟਰ ਦੀ ਵਿਚੋਲਗੀ ਨਾਲ ਜੰਗਬੰਦੀ ਲਾਗੂ ਕੀਤੀ ਗਈ, ਜਿਸ ਦੇ ਨਤੀਜੇ ਵਜੋਂ ਕੰਟਰੋਲ ਰੇਖਾ ਦੇ ਨਾਲ ਭਾਰਤ ਅਤੇ ਪਾਕਿਸਤਾਨ ਵਿਚਕਾਰ ਕਸ਼ਮੀਰ ਦੀ ਵੰਡ ਹੋ ਗਈ।

5 ਅਗਸਤ, 1965 ਨੂੰ ਕਸ਼ਮੀਰ ਉੱਤੇ ਦੂਜੀ ਜੰਗ ਸ਼ੁਰੂ ਹੋਈ। ਉਦੋਂ ਹਜ਼ਾਰਾਂ ਪਾਕਿਸਤਾਨੀ ਸੈਨਿਕ, ਸਥਾਨਕ ਵਿਦਰੋਹੀਆਂ ਦੇ ਭੇਸ ਵਿੱਚ, ਜੰਮੂ ਅਤੇ ਕਸ਼ਮੀਰ ਵਿੱਚ ਕੰਟਰੋਲ ਰੇਖਾ ਦੇ ਪਾਰ ਭਾਰਤੀ

● ਬਾਕੀ ਸਫ਼ਾ 2 'ਤੇ

## ਇੱਕ ਬੀਬੀ ਸਣੇ ਚਾਰ ਸਿੱਖ ਮਾਰੇ ਗਏ : ਜਥੇਦਾਰ

**ਅੰਮ੍ਰਿਤਸਰ** : ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਭਾਰਤ ਤੇ ਪਾਕਿਸਤਾਨ ਵੱਲੋਂ ਇੱਕ-ਦੂਜੇ ਉੱਤੇ ਕੀਤੇ ਗਏ ਹਮਲਿਆਂ ਦੌਰਾਨ ਕਸ਼ਮੀਰ ਦੇ ਪੁਣਛ ਖੇਤਰ ਵਿੱਚ ਮਾਰੇ ਗਏ ਸਿੱਖਾਂ ਤੇ ਹੋਰ ਲੋਕਾਂ ਅਤੇ ਗੁਰਦੁਆਰਾ ਸਾਹਿਬ ਉੱਤੇ ਹਮਲੇ ਦੀ ਕਾਰਵਾਈ ਦੀ ਕਰੜੀ ਨਿੰਦਾ ਕੀਤੀ ਹੈ। ਜਥੇਦਾਰ ਨੇ ਕਿਹਾ ਕਿ ਭਾਰਤ ਵੱਲੋਂ ਕੀਤੇ ਗਏ ਅਪਰੇਸ਼ਨ ਸਿੰਧੂਰ ਦੇ ਜਵਾਬੀ ਹਮਲੇ ਵਿੱਚ ਪਾਕਿਸਤਾਨ ਵੱਲੋਂ ਪੁਣਛ ਵਿੱਚ ਕੀਤੀ ਗਈ ਗੋਲਾਬਾਰੀ ਵਿੱਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੇਂਦਰੀ ਉੱਤੇ ਹਮਲਾ ਕੀਤਾ ਗਿਆ ਹੈ। ਇਸ ਦੌਰਾਨ ਤਿੰਨ ਗੁਰਸਿੱਖ—ਭਾਈ ਅਮਰੀਕ ਸਿੰਘ ਰਾਗੀ, ਅਮਰਜੀਤ ਸਿੰਘ ਸਾਬਕਾ ਫੌਜੀ ਅਤੇ ਰਣਜੀਤ ਸਿੰਘ ਦੁਕਾਨਦਾਰ ਮਾਰੇ ਗਏ ਹਨ। ਇਸ ਤੋਂ ਇਲਾਵਾ ਮਾਨਕੋਟ ਖੇਤਰ ਵਿੱਚ ਇੱਕ ਸਿੱਖ ਬੀਬੀ ਰੂਬੀ ਕੌਰ ਦੇ ਮਾਰੇ ਜਾਣ ਦੀ ਖਬਰ ਹੈ। ਪੁਣਛ ਵਿਖੇ ਹੋਰ ਲੋਕਾਂ ਦੇ ਮਾਰੇ ਜਾਣ ਦੀ ਗੱਲ ਵੀ ਸਾਹਮਣੇ ਆਈ ਹੈ। ਉਨ੍ਹਾ ਕਿਹਾ ਕਿ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਤੁਰੰਤ ਸ਼ਾਂਤੀ ਬਹਾਲ ਕਰਨ ਲਈ ਸੰਜੀਦਾ ਯਤਨ ਕਰਨੇ ਚਾਹੀਦੇ ਹਨ।

## ਅਪ੍ਰੇਸ਼ਨ ਸਿੰਧੂਰ ਦਾ ਸੀ ਪੀ ਆਈ ਵੱਲੋਂ ਸਮਰਥਨ

**ਲੁਧਿਆਣਾ, (ਐੱਮ ਐੱਸ ਭਾਟੀਆ)**

ਭਾਰਤੀ ਕਮਿਊਨਿਸਟ ਪਾਰਟੀ ਦੇ ਰਾਸ਼ਟਰੀ ਸਕੱਤਰੇਤ ਨੇ ਬਿਆਨ ਜਾਰੀ ਕੀਤਾ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਪਾਰਟੀ ਭਾਰਤੀ ਹਥਿਆਰਬੰਦ ਸੈਨਾਵਾਂ ਦੁਆਰਾ ਅਪ੍ਰੇਸ਼ਨ ਸਿੰਧੂਰ ਦੀ ਸ਼ੁਰੂਆਤ ਦਾ ਸਮਰਥਨ ਕਰਦੀ ਹੈ, ਜਿਸ ਵਿੱਚ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਜੰਮੂ ਅਤੇ ਕਸ਼ਮੀਰ ਵਿੱਚ ਸਥਿਤ ਅੱਤਵਾਦੀ ਢਾਂਚੇ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਹ ਅਪ੍ਰੇਸ਼ਨ ਪਹਿਲਗਾਮ ਵਿੱਚ ਹੋਏ ਭਿਆਨਕ ਅੱਤਵਾਦੀ ਹਮਲੇ ਤੋਂ ਬਾਅਦ ਹੈ, ਜਿਸ ਵਿੱਚ 25 ਭਾਰਤੀ ਨਾਗਰਿਕਾਂ ਅਤੇ ਇੱਕ ਨੇਪਾਲੀ ਨਾਗਰਿਕ ਦੀ ਜਾਨ ਚਲੀ ਗਈ ਸੀ।ਗੰਭੀਰ ਭੜਕਾਹਟ ਅਤੇ ਮਾਸੂਮ ਜਾਨਾਂ ਦੇ ਨੁਕਸਾਨ ਨੂੰ ਦੇਖਦੇ ਹੋਏ ਸੀ ਪੀ ਆਈ ਦਾ ਮੰਨਣਾ ਹੈ ਕਿ ਭਾਰਤ ਕੋਲ ਅਜਿਹੇ ਅੱਤਵਾਦ ਦੇ ਸਰੋਤਾਂ ਵਿਰੁੱਧ ਸਖ਼ਤੀ ਨਾਲ ਜਵਾਬ ਦੇਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ। ਹਮਲਿਆਂ ਦੀ ਨਿਸ਼ਾਨਾਬੱਧ ਪ੍ਰਕਿਰਤੀ, ਪਾਕਿਸਤਾਨੀ ਫੌਜੀ ਸੰਪਤੀਆਂ ਤੋਂ ਬਚਣਾ ਅਤੇ ਸਿਰਫ਼ ਅੱਤਵਾਦੀ ਬੁਨਿਆਦੀ ਢਾਂਚੇ 'ਤੇ ਧਿਆਨ ਕੇਂਦਰਤ ਕਰਨਾ ਇੱਕ ਗੈਰ-ਵਧਾਊ ਪਹੁੰਚ ਨੂੰ ਦਰਸਾਉਂਦਾ ਹੈ ਅਤੇ ਪੂਰੇ ਪੈਮਾਨੇ ਦੇ ਟਕਰਾਅ ਨੂੰ ਸੱਦਾ ਦਿੱਤੇ ਬਿਨਾਂ ਜਵਾਬਦੇਹੀ ਨੂੰ ਤਰਜੀਹ ਦਿੰਦਾ ਹੈ।ਇਸ ਦੇ ਨਾਲ ਹੀ ਸੀ ਪੀ ਆਈ ਭਾਰਤ ਸਰਕਾਰ ਨੂੰ ਅਪੀਲ ਕਰਦੀ ਹੈ ਕਿ ਉਹ ਅੱਤਵਾਦ ਵਿਰੁੱਧ ਲੜਾਈ ਵਿੱਚ ਰਾਸ਼ਟਰੀ ਸਹਿਮਤੀ ਅਤੇ ਸਮੂਹਿਕ ਸੰਕਲਪ ਨੂੰ ਮਜ਼ਬੂਤ ਕਰਨ ਲਈ ਤੁਰੰਤ ਇੱਕ ਸਰਬ-ਪਾਰਟੀ ਮੀਟਿੰਗ ਬੁਲਾਵੇ। ਅਸੀਂ ਹੋਰ ਵਧਣ ਤੋਂ ਰੋਕਣ ਅਤੇ ਸਾਡੇ ਖੇਤਰ ਵਿੱਚ ਸ਼ਾਂਤੀ ਬਣਾਈ ਰੱਖਣ ਅਤੇ ਰਾਜਨੀਤਕ ਹੱਲ ਲੱਭਣ ਲਈ ਕੂਟਨੀਤਕ ਤਰੀਕਿਆਂ ਦੀ ਵਰਤੋਂ ਦੀ ਮਹੱਤਤਾ ਨੂੰ ਦੁਹਰਾਉਂਦੇ ਹਾਂ। ਅਸੀਂ ਪਾਕਿਸਤਾਨ ਸਰਕਾਰ ਨੂੰ ਵੀ ਸੱਦਾ ਦਿੰਦੇ ਹਾਂ, ਜੋ ਖੁਦ ਅੱਤਵਾਦ ਦੀ ਮਾਰ ਤੋਂ ਪੀੜਤ ਹੈ, ਆਪਣੀ ਧਰਤੀ ਤੋਂ ਕੰਮ ਕਰ ਰਹੇ ਸਾਰੇ ਅੱਤਵਾਦੀ ਨੈੱਟਵਰਕਾਂ ਨੂੰ ਖਤਮ ਕਰੇ। ਸਿਰਫ਼ ਇੱਕ ਸਾਂਝਾ ਖੇਤਰੀ ਸੰਕਲਪ ਹੀ ਹਿੰਸਾ ਦੇ ਚੱਕਰ ਨੂੰ ਖਤਮ ਕਰ ਸਕਦਾ ਹੈ ਅਤੇ ਸਾਡੇ ਲੋਕਾਂ ਲਈ ਲੰਮੇ ਸਮੇਂ ਦੀ ਸ਼ਾਂਤੀ ਅਤੇ ਸੁਰੱਖਿਆ ਨੂੰ ਯਕੀਨੀ ਬਣਾ ਸਕਦਾ ਹੈ।ਇਸ ਪਲ ਨੂੰ ਭਾਰਤ ਦੇ ਲੋਕਾਂ ਦੀ ਏਕਤਾ, ਤਾਕਤ ਅਤੇ ਨਿਆਂ ਤੇ ਧਰਮ ਨਿਰਪੱਖ ਕਦਰਾਂ-ਕੀਮਤਾਂ ਪ੍ਰਤੀ ਅਟੁੱਟ ਵਚਨਬੱਧਤਾ ਦਾ ਪਲ ਹੋਣ ਦਿਓ।

## 15 ਨਕਸਲੀ ਮਾਰੇ

**ਬੀਜਾਪੁਰ** : ਤਿਲੰਗਾਨਾ ਦੀ ਸਰਹੱਦ ਨਾਲ ਲੱਗਦੇ ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ ਦੇ ਜੰਗਲਾਂ ਵਿੱਚ ਬੁੱਧਵਾਰ ਸੁਰੱਖਿਆ ਬਲਾਂ ਨੇ 15 ਨਕਸਲੀ ਮਾਰ ਦਿੱਤੇ। ਇਹ ਕਾਰਵਾਈ ਕਰੇਗੁਟਾ ਪਹਾੜੀਆਂ ਦੇ ਜੰਗਲ ਵਿੱਚ ਕੀਤੀ ਗਈ।

## ਕਰਤਾਰ ਚੀਮਾ ਦੇ ਪਿਤਾ ਦੀ ਹਾਦਸੇ 'ਚ ਮੌਤ

**ਸੁਨਾਮ/ ਊਧਮ ਸਿੰਘ ਵਾਲਾ** : ਸੁਨਾਮ-ਪਟਿਆਲਾ ਸੜਕ



'ਤੇ ਗੁਰਦੁਆਰਾ ਮੋਰਾਂਵਾਲੀ ਸਾਹਮਣੇ ਮੰਗਲਵਾਰ ਸ਼ਾਮ ਸੜਕ ਹਾਦਸੇ 'ਚ ਸੁਨਾਮ ਦੇ ਨਾਮਵਰ ਅਦਾਕਾਰ ਕਰਤਾਰ ਚੀਮਾ ਦੇ ਪਿਤਾ ਜਸਵਿੰਦਰ ਸਿੰਘ (70) ਦੀ ਮੌਤ ਹੋ ਗਈ। ਉਹ ਮੋਟਰਸਾਈਕਲ 'ਤੇ ਆਪਣੇ ਘਰ ਤੋਂ ਡੇਅਰੀ 'ਚ ਦੁੱਧ ਪਾਉਣ ਲਈ ਨਿਕਲੇ ਸਨ। ਪਟਿਆਲਾ ਵੱਲੋਂ ਆ ਰਹੀ ਕਾਰ ਨੇ ਮੋਟਰਸਾਈਕਲ ਨੂੰ ਪਿੱਛੋਂ ਟੱਕਰ ਮਾਰ ਦਿੱਤੀ। ਸਹਾਇਕ ਥਾਣੇਦਾਰ ਗੁਰਮੇਲ ਸਿੰਘ ਭੁੱਲਰ ਨੇ ਕਿਹਾ ਕਿ ਕਾਰ ਕਬਜ਼ੇ ਵਿੱਚ ਲੈ ਕੇ ਚਾਲਕ ਹਰਪ੍ਰੀਤ ਸਿੰਘ ਵਾਸੀ ਲੱਡਾ ਨੂੰ ਹਿਰਾਸਤ 'ਚ ਲੈ ਲਿਆ ਗਿਆ ਹੈ।

## ਪੀ ਪੀ ਐੱਸ ਸੀ ਚੇਅਰਮੈਨ ਨੂੰ ਸਹੁੰ ਚੁਕਾਈ



**ਚੰਡੀਗੜ੍ਹ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**
ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਬੁੱਧਵਾਰ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਮੌਜੂਦਗੀ ਵਿੱਚ ਪੰਜਾਬ ਲੋਕ ਸੇਵਾ ਕਮਿਸ਼ਨ ਨਵ-ਨਿਯੁਕਤ ਚੇਅਰਮੈਨ ਮੇਜਰ ਜਨਰਲ (ਸੇਵਾਮੁਕਤ) ਵਿਨਾਇਕ ਸੈਣੀ ਨੂੰ ਅਹੁਦੇ ਦੀ ਸਹੁੰ ਚੁਕਾਈ। ਦਸੰਬਰ 1987 ਵਿੱਚ ਕੋਰ ਆਫ਼ ਇੰਜੀਨੀਅਰਜ਼ ਵਿੱਚ ਕਮਿਸ਼ਨ ਪ੍ਰਾਪਤ ਮੇਜਰ ਜਨਰਲ (ਸੇਵਾਮੁਕਤ) ਸੈਣੀ, ਹੁਸ਼ਿਆਰਪੁਰ ਦੇ ਰਹਿਣ ਵਾਲੇ ਹਨ ਅਤੇ ਇਸ ਸਮੇਂ ਮੁਹਾਲੀ ਦੇ ਵਾਸੀ ਹਨ। ਉਹ ਪਿਛਲੇ ਸਾਲ ਅਕਤੂਬਰ ਵਿੱਚ ਭਾਰਤੀ ਫੌਜ ਤੋਂ ਸੇਵਾਮੁਕਤ ਹੋਏ ਸਨ।

## ਬਠਿੰਡਾ ਦੇ ਪਿੰਡ 'ਚ ਜਹਾਜ਼ ਡਿੱਗਾ

**ਬਠਿੰਡਾ** : ਜ਼ਿਲ੍ਹਾ ਬਠਿੰਡਾ ਦੇ ਪਿੰਡ ਆਕਲੀਆ ਖੁਰਦ ਦੇ ਖੇਤਾਂ ਵਿਚ ਬੁੱਧਵਾਰ ਵੱਡੇ ਤੜਕੇ ਕਰੀਬ 1.30 ਵਜੇ ਅਣਪਛਾਤਾ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਇਸ ਦੌਰਾਨ ਜਹਾਜ਼ 'ਚ ਧਮਾਕਾ ਹੋਣ ਕਾਰਨ ਨੇੜੇ ਖੜ੍ਹੇ ਲੋਕ ਇਸ ਦੀ ਲਪੇਟ ਵਿਚ ਆ ਗਏ। ਇੱਕ ਖੇਤ ਮਜ਼ਦੂਰ ਦੀ ਮੌਤ ਹੋ ਗਈ। ਪੁਲਸ ਅਤੇ ਫੌਜ ਪ੍ਰਸ਼ਾਸਨ ਦੀ ਸਖਤੀ ਕਾਰਨ ਕਿਸੇ ਨੂੰ ਵੀ ਹਾਦਸੇ ਵਾਲੀ ਥਾਂ ਨੇੜੇ ਨਹੀਂ ਢੁੱਕਣ ਦਿੱਤਾ ਜਾ ਰਿਹਾ। ਇਹ ਜਹਾਜ਼ ਡਿੱਗਣ ਦੀ ਘਟਨਾ ਨੂੰ ਲੋਕਾਂ ਵੱਲੋਂ ਪਾਕਿਸਤਾਨੀ ਫੌਜੀ ਹਮਲੇ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ, ਪਰ ਇਸ ਬਾਰੇ ਕਿਸੇ ਤਰ੍ਹਾਂ ਦੀ ਪੁਸ਼ਟੀ ਨਹੀਂ ਕੀਤੀ ਜਾ ਸਕੀ।

ਪਿੰਡ ਆਕਲੀਆ ਦੇ ਸਰਪੰਚ ਕਾਲਾ ਸਿੰਘ ਨੇ ਦੱਸਿਆ ਕਿ ਦੋਵੇਂ ਪਾਇਲਟ ਸੁਰੱਖਿਤ ਹਨ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਾਇਆ ਗਿਆ ਹੈ। ਉਧਰ ਲੋਕਾਂ ਨੇ ਦੱਸਿਆ ਕਿ ਬਿਸ਼ਨੰਦੀ ਪਿੰਡ ਵਿੱਚ ਖੇਤਾਂ ਵਿੱਚ ਜਹਾਜ਼ ਦਾ ਮਲਬਾ ਵੀ ਮਿਲਿਆ ਹੈ। ਲੋਕਾਂ ਦਾ ਕਹਿਣਾ ਹੈ ਕਿ ਰਾਤ ਵੇਲੇ ਜਹਾਜ਼ ਡਿੱਗਣ ਤੋਂ ਬਾਅਦ ਤਕਰੀਬਨ 35 ਫੁੱਟ ਉੱਚੀ ਲਾਟ ਉੱਪਰ ਵੱਲ ਗਈ ਤੇ ਲਗਾਤਾਰ ਅੱਧਾ ਘੰਟਾ ਧਮਾਕੇ ਹੁੰਦੇ ਰਹੇ। ਇਸ ਮੌਕੇ ਕੁਝ ਲੋਕ ਵੀਡੀਓ ਬਣਾਉਣ ਦੇ ਚੱਕਰ ਵਿੱਚ ਨੇੜੇ ਆ ਗਏ। ਮ੍ਰਿਤਕ ਦੀ ਪਛਾਣ ਗੋਵਿੰਦ ਪੁੱਤਰ ਓਮ ਪ੍ਰਕਾਸ਼ ਵਜੋਂ

● ਬਾਕੀ ਸਫ਼ਾ 2 'ਤੇ

## 6 ਵਿਦਿਆਰਥੀਆਂ ਤੇ ਡਰਾਈਵਰ ਦੀ ਮੌਤ

**ਸਮਾਣਾ/ਪਟਿਆਲਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ/ਰਜਿੰਦਰ ਸਿੰਘ ਥਿੰਦ)**- ਬੁੱਧਵਾਰ ਬਾਅਦ ਦੁਪਹਿਰ ਸਮਾਣਾ-ਪਟਿਆਲਾ ਸੜਕ 'ਤੇ ਪੈਂਦੇ ਪਿੰਡ ਨੱਸੂਪੁਰ ਨੇੜੇ ਮਿੱਟੀ ਨਾਲ ਭਰੇ ਟਿੱਪਰ ਤੇ ਇਨੋਵਾ ਦੀ ਟੱਕਰ ਦੌਰਾਨ ਇਨੋਵਾ ਵਿੱਚ ਸਵਾਰ 6 ਸਕੂਲੀ ਬੱਚਿਆਂ ਤੇ ਡਰਾਈਵਰ ਦੀ ਮੌਤ ਹੋ ਗਈ। ਬਾਕੀ ਬੱਚੇ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਜਿਤੇਨ ਡਾਹਰਾ ਨੇ ਦੱਸਿਆ ਕਿ ਮ੍ਰਿਤਕ ਬੱਚਿਆਂ ਵਿੱਚ ਪਰਬ ਪੁੱਤਰ ਰਜੀਵ ਸਚਦੇਵਾ, ਭਵਿਆਨਸੀ ਪੁੱਤਰੀ ਕਰਨ ਸੱਚਦੇਵਾ, ਅਰਾਧਿਆ ਪੁੱਤਰੀ ਸਚਿਨ ਲੂੰਬਾ, ਭਵਿਆਨ ਪੁੱਤਰ ਕਰਨ ਸਚਦੇਵਾ, ਅਨਾਇਆ ਪੁੱਤਰੀ ਅਮਿਤ ਘੁੰਮਣ, ਮੋਨਾ ਪੁੱਤਰੀ ਨਾਮਲੂਮ, ਡਰਾਈਵਰ ਬਲਵਿੰਦਰ ਸਿੰਘ (45) ਪੁੱਤਰ ਛੋਟਾ ਸਿੰਘ ਵਾਸੀ ਫਤਿਹਪੁਰ ਸ਼ਾਮਲ ਹਨ। ਜ਼ਖਮੀ ਬੱਚਿਆਂ ਵਿੱਚ ਨਕਸਿਤਾ ਪੁੱਤਰੀ ਸੌਰਵ ਸਿੰਗਲਾ, ਸਿਫਤ ਕੌਰ ਪੁੱਤਰੀ ਹਰਪ੍ਰੀਤ ਸਿੰਘ, ਤਨਵੀ ਪੁੱਤਰੀ ਮੋਹਿਤ, ਅੰਨਿਆ ਪੁੱਤਰੀ ਅਮਿਤ ਤੋਂ ਇਲਾਵਾ ਦੋ ਨਾਮਾਲੂਮ ਬੱਚੇ ਸ਼ਾਮਲ ਹਨ। ਇਹ ਸਾਰੇ ਬੱਚੇ ਸਮਾਣਾ ਦੇ ਵਸਨੀਕ ਸਨ। ਬੱਚੇ ਪਟਿਆਲਾ ਦੇ ਨਿੱਜੀ ਸਕੂਲ ਵਿੱਚ ਛੁੱਟੀ ਹੋਣ ਉਪਰੰਤ ਆਪਣੇ ਘਰ ਸਮਾਣਾ ਨੂੰ ਇਨੋਵਾ ਵਿੱਚ ਸਵਾਰ ਹੋ ਕੇ ਵਾਪਸ ਆ ਰਹੇ ਸਨ। ਮ੍ਰਿਤਕ ਸਕੂਲੀ ਬੱਚਿਆਂ ਦੀ ਉਮਰ 7 ਤੋਂ 12 ਸਾਲ ਦੱਸੀ ਜਾ ਰਹੀ ਹੈ।

## ਅੱਜ-ਨਾਮਾ

ਰੁਕਣਾ ਜਦੋਂ ਪੈ ਜਾਏ ਬੱਤੀ ਲਾਲ ਉੱਪਰ,
ਖਿਝੇ ਪਏ ਲੋਕ ਦਿੱਸਦੇ ਓਦੋਂ ਬੜੇ ਮੀਆਂ।
ਝਟਕਾ ਕਲੱਚ ਦਾ ਐਵੇਂ ਜਿਹਾ ਦੇਈ ਜਾਂਦੇ,
ਹੁੰਦੇ ਭਰਵੱਟੇ ਹਨ ਉੱਪਰ ਨੂੰ ਚੜ੍ਹੇ ਮੀਆਂ।
ਹਾਰਨ ਵੱਜਦੇ ਕਈ ਕਾਰਨ ਬਗੈਰ ਰਹਿੰਦੇ,
ਰਹਿੰਦੇ ਮਿੰਟ ਉਹ ਸ਼ਾਂਤ ਨਹੀਂ ਖੜੇ ਮੀਆਂ।
ਕਹਿ ਦਿਉ ਵੀਰ ਜੀ ਇੰਜ ਨਾ ਕਰੀ ਜਾਉ,
ਅੱਗਿਉਂ ਬੋਲਣ ਉਹ ਸਿਰੇ ਦੇ ਸੜੇ ਮੀਆਂ।
ਪਤਾ ਨਹੀਂ ਪਾਣ ਆ ਕਿੱਦਾਂ ਦੀ ਚੜ੍ਹੀ ਹੋਈ,
ਕਰਦਾ ਕੋਈ ਵੀ ਗੱਲ ਨਹੀਂ ਸਹਿਣ ਮੀਆਂ।
ਨਿੱਤ ਦਿਨ ਐਵੇਂ ਤ੍ਰਹਿਕੇ ਜਿਹੇ ਰਹੀਦਾ ਈ,
ਮੁਸ਼ਕਲ ਕੀਤਾ ਈ ਜੀਣ ਤੇ ਰਹਿਣ ਮੀਆਂ।

-ਤੀਸ ਮਾਰ ਖਾਂ

## ਦੇਸ਼ ਭਗਤ ਯਾਦਗਾਰ ਕਮੇਟੀ ਦਾ ਸੁਨੇਹਾ : ਜੰਗ ਖ਼ੁਦ ਹੀ ਮਸਲਾ ਹੈ, ਮਸਲੇ ਦਾ ਹੱਲ ਨਹੀਂ

**ਜਲੰਧਰ** : ਚੜ੍ਹਦੇ ਅਤੇ ਲਹਿੰਦੇ ਸਾਂਝੇ ਪੰਜਾਬ ਦੇ ਆਵਾਮ ਦੇ ਦੇਸ਼ ਭਗਤ ਪ੍ਰਤੀਨਿਧਾਂ ਵੱਲੋਂ ਆਜ਼ਾਦੀ ਅਤੇ ਅਮਨ ਦੀਆਂ ਬਹਾਰਾਂ ਮਾਨਣ ਲਈ 1913 'ਚ ਅਮਰੀਕਾ ਵਿਖੇ ਸਿਰਜੀ ਗ਼ਦਰ ਪਾਰਟੀ ਦੇ ਵਾਰਸਾਂ ਵੱਲੋਂ ਉਹਨਾਂ ਦੇ ਸੁਪਨੇ ਸਾਕਾਰ ਕਰਨ ਲਈ ਚੇਤਨਾ ਦੇ ਚਾਨਣ ਦਾ ਛੱਟਾ ਦੇਣ ਲਈ ਬਣਾਈ ਇਬਾਦਤਗਾਹ ਦੇਸ਼ ਭਗਤ ਯਾਦਗਾਰ ਹਾਲ ਦੀ ਪ੍ਰਬੰਧਕ ਅਤੇ ਸੇਵਾਦਾਰ ਦੇਸ਼ ਭਗਤ ਯਾਦਗਾਰ ਕਮੇਟੀ ਨੇ ਲੋਕ-ਮਾਰੂ ਜੰਗ ਦੇ ਭਾਂਬੜ ਬਾਲੇ ਜਾਣ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਦੋਵੇਂ ਮੁਲਕਾਂ ਦੇ ਲੋਕਾਂ ਦੇ ਖਿਲਾਫ਼ ਨਿਹੱਕੀ ਜੰਗ ਹੈ, ਜਿਸ ਦਾ ਹਰ ਮਾਨਵ ਦਰਦੀ, ਇਨਸਾਫ਼ ਅਤੇ ਅਮਨਪਸੰਦ ਵਿਅਕਤੀ ਨੂੰ ਬੇਖੌਫ਼ ਹੋ ਕੇ ਵਿਰੋਧ ਕਰਨ ਦੀ ਲੋੜ ਹੈ।



ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਜਾਰੀ ਕੀਤੇ ਲਿਖਤੀ ਬਿਆਨ 'ਚ ਉਪਰੋਕਤ ਟਿੱਪਣੀ ਕਰਦਿਆਂ ਕਿਹਾ ਕਿ ਕਮੇਟੀ ਪਹਿਲੇ ਦਿਨ ਤੋਂ ਹੀ ਪਹਿਲਗਾਮ ਦੀ ਹਿਰਦੇਵੇਦਕ ਘਟਨਾ ਦੀ ਕਰੜੀ ਨਿੰਦਾ ਕਰਦੇ ਹੋਏ ਮੁਜਰਮਾਂ ਦੀ ਪੈੜ ਜਨਤਾ ਦੀ ਨਜ਼ਰ ਕਰਨ ਦੀ ਮੰਗ ਕਰਦੀ ਆ ਰਹੀ ਹੈ। ਕਮੇਟੀ ਦਾ ਵਿਚਾਰ ਹੈ ਕਿ ਲੋਕਾਂ ਦੇ ਸੰਦੇਹ ਅਤੇ ਮੂੰਹ ਫੱਟ ਬਿਆਨਾਂ ਦਾ ਤਸੱਲੀਬਖ਼ਸ਼ ਜਵਾਬ ਦੇਣ ਦੀ ਭਾਜਪਾ ਹਕੂਮਤ ਦੀ ਨੈਤਿਕ ਜ਼ਿੰਮੇਵਾਰੀ ਹੈ। ਉਸ ਪਾਸੇ ਇੱਕ ਵੀ ਕਦਮ ਪੁੱਟਣ ਦੀ ਬਜਾਏ ਉਲਟਾ ਅੱਧੀ ਰਾਤ ਪਾਕਿਸਤਾਨ 'ਤੇ ਕੀਤੇ ਮਿਜ਼ਾਇਲ ਹਮਲੇ ਦਾ ਜਸ਼ਨ ਮਨਾਉਣ ਅਤੇ ਕੌਮੀ ਅੰਧ-ਰਾਸ਼ਟਰਵਾਦ ਦੀ ਧੂਣੀ ਉਪਰ ਤੇਲ ਛਿੜਕਣ ਲਈ ਸਭਨਾਂ ਸ਼ਕਤੀਆਂ ਨੂੰ ਥਾਪੜਾ ਦਿੱਤਾ ਜਾ ਰਿਹਾ ਹੈ। ਇਹ ਅੰਨ੍ਹੀ ਦੌੜ, 'ਅੱਖ ਕੱਢਣ ਬਦਲੇ ਅੱਖ ਕੱਢਣ' ਦੀ ਅੰਨ੍ਹੀ ਦੌੜ 'ਚ ਗ਼ਲਤਾਨ ਹੋ ਕੇ ਅੰਨ੍ਹਿਆਂ ਦਾ ਸੰਸਾਰ ਬਣਾ ਧਰਨਾ ਹੋਏਗਾ।

ਦੇਸ਼ ਭਗਤ ਯਾਦਗਾਰ ਕਮੇਟੀ ਦਾ ਸਾਫ਼ ਅਤੇ ਸਪੱਸ਼ਟ ਵਿਚਾਰ ਹੈ ਕਿ ਕੇਂਦਰ ਦੀ ਭਾਜਪਾ ਹਕੂਮਤ 'ਵਿਸ਼ਵ ਦੇ ਥਾਣੇਦਾਰ' ਹੋਣ ਦੇ ਹੰਕਾਰ 'ਚ ਗਲਤਾਨ ਤਾਕਤਾਂ ਦੇ ਇਸ਼ਾਰਿਆਂ 'ਤੇ ਉਹਨਾਂ ਦੇ ਆਰਥਕ, ਰਾਜਨੀਤਕ ਹਿੱਤਾਂ ਦੀ ਪੂਰਤੀ ਲਈ ਅਤੇ ਮੁਲਕ ਦੇ ਕਾਰਪੋਰੇਟ ਘਰਾਣਿਆਂ ਦੀ ਪੂੰਜੀ ਲਈ ਰਾਹ ਪੱਧਰਾ ਕਰਨ ਵਾਸਤੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਹਟਾ ਕੇ ਲੋਕਾਂ ਦੀ ਸੁਰਤੀ ਜੰਗ ਦੇ ਝੱਖੜਾਂ ਵਿੱਚ ਰੋਲ਼ ਦੇਣਾ ਚਾਹੁੰਦੀ ਹੈ।

ਉਹਨਾਂ ਕਿਹਾ ਕਿ ਕੇਂਦਰੀ ਹਕੂਮਤ ਅਤੇ ਪੁਲਸ ਰਾਜ ਬਣਾ ਧਰਨ ਲਈ ਪੰਜਾਬ ਹਕੂਮਤ ਨੇ ਕਾਰਪੋਰੇਟ ਘਰਾਣਿਆਂ ਅੱਗੇ ਜੰਗਲ, ਜਲ, ਜ਼ਮੀਨ, ਸਿੱਖਿਆ, ਸਿਹਤ ਆਦਿ ਸਭ ਸਾਧਨ ਅਤੇ ਕੁਦਰਤੀ ਅਨਮੋਲ ਸਰੋਤ ਪਰੋਸਣ ਲਈ ਲੋਕਾਂ ਖ਼ਿਲਾਫ਼ ਜੰਗ ਛੇੜ ਰੱਖੀ ਹੈ। ਜੰਗ ਰਾਹੀਂ ਅੰਧ-ਰਾਸ਼ਟਰਵਾਦ ਦੀ ਗਰਦੋਗੁਬਾਰ ਦਾ ਓਹਲਾ ਕਰਕੇ ਲੋਕਾਂ ਦਾ ਧਿਆਨ ਆਪਣੀਆਂ ਹਕੀਕੀ ਮੰਗਾਂ, ਮਸਲਿਆਂ ਤੋਂ ਹਟਾ ਕੇ ਬੱਸ ਜੰਗ ਦੇ ਧੂੰਏਂ ਵਿੱਚ ਬਦਲ ਦੇਣ ਦਾ ਮਨਸੂਬਾ ਹੈ।

ਕਮੇਟੀ ਨੇ ਰੋਸ ਪ੍ਰਗਟਾਇਆ ਹੈ ਕਿ ਪਹਿਲਗਾਮ 'ਚ ਪਹਿਲਾਂ ਤਾਂ ਲੋਕਾਂ ਦੀ ਸੁਰੱਖਿਆ ਦਾ ਪ੍ਰਬੰਧ ਨਾ ਕਰਨਾ, ਫ਼ਿਰ ਘਟਨਾ ਉਪਰੰਤ ਘੰਟਿਆਂਬੱਧੀ ਲੋਕਾਂ ਦੀ ਹਾਹਾਕਾਰ ਨਾ ਸੁਣਨਾ, ਪ੍ਰਧਾਨ ਮੰਤਰੀ ਦਾ ਜਵਾਬਦੇਹ ਨਾ ਹੋਣਾ ਅਤੇ ਅੱਜ ਪੂਰੀ ਫੁਰਤੀ ਨਾਲ 'ਕੌਮ ਦੇ ਨਾਂਅ ਸੰਦੇਸ਼' ਦਿੰਦੇ ਹੋਏ ਅੰਧ-ਰਾਸ਼ਟਰਵਾਦ ਅਤੇ ਫ਼ਿਰਕੂ ਮਾਹੌਲ ਬਣਾ ਧਰਨ ਲਈ ਗੈਰ-ਜ਼ਿੰਮੇਵਾਰਾਨਾ ਟਿੱਪਣੀਆਂ ਕਰਨਾ ਲੋਕ ਮਨਾਂ ਅੰਦਰ ਉੱਗੀਆਂ ਸ਼ੰਕਾਵਾਂ ਨੂੰ ਹੀ ਹੋਰ ਪੱਕਾ ਕਰਦੀ ਹੈ ਕਿ ਪਹਿਲਗਾਮ ਦੇ ਦਰਦਨਾਕ ਕਾਂਡ ਦੀ ਸਕਰਿਪਟ ਦਾ ਅਸਲ ਸੱਚ ਕੀ ਹੈ!

ਕਮੇਟੀ ਦਾ ਕਹਿਣਾ ਹੈ ਕਿ ਜੰਗ ਕਿਸੇ ਵੀ ਮਸਲੇ ਦਾ ਹੱਲ ਨਹੀਂ, ਜੰਗ ਤਾਂ ਖ਼ੁਦ ਹੀ ਇੱਕ ਮਸਲਾ ਹੈ। ਇਸ ਲਈ ਜੰਗ ਦਾ ਮਾਹੌਲ ਤੁਰੰਤ ਬੰਦ ਕੀਤਾ ਜਾਏ, ਹਮਲਾ ਜਾਂ ਸਰਹੱਦਾਂ 'ਤੇ ਕਿਸੇ ਵੀ ਪਾਸੇ ਤੋਂ ਗੋਲਾਬਾਰੀ ਹੋਣਾ ਕਦਾਚਿਤ ਹੀ ਕਿਸੇ ਸਮੱਸਿਆ ਦੀ ਗੁੱਥੀ ਸੁਲਝਾਉਣਾ ਨਹੀਂ, ਸਗੋਂ ਸਮੱਸਿਆਵਾਂ ਨੂੰ ਜਰਬਾਂ ਦੇਣਾ ਹੈ। ਕਮੇਟੀ ਨੇ ਮੰਗ ਕੀਤੀ ਕਿ ਤੁਰੰਤ ਹੀ ਅਮਨ ਦੇ ਕਬੂਤਰ ਅੰਬਰਾਂ 'ਤੇ ਛੱਡੇ ਜਾਣ, ਨਾ ਕਿ ਕੋਰੋਨਾ ਵੇਲੇ ਥਾਲੀਆਂ ਖੜਕਾਉਣ ਵਾਂਗ 'ਖ਼ਤਰੇ ਦੇ ਘੁੱਗੂ' ਬਲੈਕ ਆਊਟ ਦੀਆਂ ਡਰਿਲਾਂ ਕਰਕੇ ਸਮਾਜ ਅੰਦਰ ਭੈਅ ਦਾ ਮਾਹੌਲ ਸਿਰਜ ਕੇ ਆਪਣੀਆਂ ਲੋਕ-ਦੋਖੀ ਨੀਤੀਆਂ ਦਾ ਬੁਲਡੋਜ਼ਰ ਲੋਕਾਂ ਉਪਰ ਚਾੜ੍ਹਨ ਲਈ ਜੰਗ ਦੇ ਸੰਘਣੇ ਧੂੰਏਂ ਵਿੱਚ ਲੋਕਾਂ ਨੂੰ ਭਟਕਾਉਣ ਅਤੇ ਆਪਣੇ ਹਿੱਤਾਂ ਦੀ ਪੂਰਤੀ ਲਈ ਰਾਹ ਮੋਕਲਾ ਕੀਤਾ ਜਾਏ।

## ਪੁਲਸ ਨੇ ਬੱਸ ਸਟੈਂਡ, ਬੱਸਾਂ ਦੀ ਕੀਤੀ ਸਖਤ ਚੈਕਿੰਗ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**- ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ। ਜਿਸ ਤਹਿਤ ਪੰਜਾਬ ਭਰ ਵਿੱਚ ਨਸ਼ਾ ਤਸਕਰਾਂ ਅਤੇ ਨਸ਼ਾ ਵੇਚਣ ਵਾਲੇ ਸਥਾਨਾਂ ਦੀ ਸ਼ਨਾਖਤ ਕਰਕੇ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਤਹਿਤ ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਰੀਦਕੋਟ ਦੀ ਅਗਵਾਈ ਵਿੱਚ ਫਰੀਦਕੋਟ ਪੁਲਸ ਵੱਲੋਂ ਵਿਸ਼ੇਸ਼ ਅਭਿਆਨ ਦੇ ਤਹਿਤ ਮੰਗਲਵਾਰ ਨੂੰ ਜ਼ਿਲ੍ਹੇ ਦੇ ਸਾਰੇ ਬੱਸ ਸਟੈਂਡਾਂ ਅਤੇ ਇਸਦੇ ਆਸ-ਪਾਸ ਖੇਤਰਾਂ ਵਿੱਚ ਇੱਕ ਖਾਸ ਕਾਰਡਨ ਐਂਡ ਸਰਚ ਆਪਰੇਸ਼ਨ ਚਲਾਇਆ ਗਿਆ।ਇਹ ਆਪਰੇਸ਼ਨ ਡਾਇਰੈਕਟਰ ਜਨਰਲ ਆਫ ਪੁਲਸ ਪੰਜਾਬ ਦੇ ਦਿਸ਼ਾਂ ਨਿਰਦੇਸ਼ਾ ਅਨੁਸਾਰ ਦੁਪਹਿਰ 11 ਵਜੇ ਤੋਂ ਦੁਪਹਿਰ 01:00 ਵਜੇ ਤੱਕ ਚਲਾਇਆ ਗਿਆ। ਇਸ ਦੌਰਾਨ ਪੁਲਿਸ ਟੀਮਾਂ ਵੱਲੋਂ ਐਂਟੀਸਾਬੋਟੇਜ ਚੈੱਕ ਅਤੇ ਡਾਗ ਸਕਾਡ ਦੀ ਸਹਾਇਤਾ ਨਾਲ ਬੱਸ ਸਟੈਂਡਾਂ 'ਤੇ ਸਪੈਸ਼ਲ ਚੈਕਿੰਗ ਕੀਤੀ ਗਈ।ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਰੀਦਕੋਟ ਦੱਸਿਆ ਕਿ ਪੁਲਿਸ ਟੀਮਾਂ ਨੂੰ ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਵਿੱਚ ਹਰ ਬੱਸ ਸਟੈਂਡਾਂ 'ਤੇ ਤਾਇਨਾਤ ਕੀਤਾ ਗਿਆ ਸੀ। ਇਸ ਦੌਰਾਨ ਡਰੋਨ ਕੈਮਰਿਆਂ ਰਾਹੀ ਹਰ ਸ਼ੱਕੀ ਗਤੀਵਿਧੀ 'ਤੇ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ, ਅਸੀਂ ਸਾਰੇ ਪੁਲਸ ਕਰਮਚਾਰੀਆਂ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਸਨ ਕਿ ਤਲਾਸ਼ੀ ਦੌਰਾਨ ਹਰ ਵਿਅਕਤੀ ਨਾਲ ਵਧੀਆ ਅਤੇ ਸਹਿਜ ਸੁਭਾਅ ਨਾਲ ਪੇਸ਼ ਆਉਣ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਵੱਖ-ਵੱਖ ਬੱਸ ਸਟੈਂਡਾਂ 'ਤੇ ਸ਼ੱਕੀ ਵਿਅਕਤੀਆਂ ਦੀ ਜਾਂਚ ਲਈ 70 ਦੇ ਕਰੀਬ ਪੁਲਸ ਕਰਮਚਾਰੀ ਤਾਇਨਾਤ ਕੀਤੇ ਗਏ ਸਨ ਅਤੇ ਇਸ ਦੌਰਾਨ ਆਮ ਪਬਲਿਕ ਨੂੰ ਘੱਟ ਤੋਂ ਘੱਟ ਅਸੁਵਿਧਾ ਪਹੁੰਚਾਈ ਗਈ।ਇਸ ਆਪਰੇਸ਼ਨ ਦੌਰਾਨ ਬੱਸ ਸਟੈਡਾਂ 'ਤੇ 40 ਸ਼ੱਕੀ ਵਿਅਕਤੀਆਂ ਦੀ ਤਲਾਸ਼ੀ ਕੀਤੀ ਗਈ ਅਤੇ ਇਸ ਦੇ ਨਾਲ ਹੀ ਬੱਸ ਸਟੈਂਡਾਂ ਦੀ ਪਾਰਕਿੰਗ ਅਤੇ ਆਸ-ਪਾਸ ਖੜ੍ਹੇ ਵਾਹਨਾਂ ਦੀ ਵਾਹਨ ਐਪ ਦੀ ਸਹਾਇਤਾ ਨਾਲ ਜਾਂਚ ਕੀਤੀ ਗਈ। ਇਸ ਦੌਰਾਨ ਵਹੀਕਲਾਂ ਦੇ ਚਲਾਨ ਵੀ ਜਾਰੀ ਕੀਤੇ ਗਏ।

## ਸਰਹਿੰਦ ਦੇ ਵਾਰਡ 8 ਦੀ ਬਣ ਰਹੀ ਪਾਰਕ ਦਾ ਲਿਆ ਜਾਇਜ਼ਾ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਨਗਰ ਕੌਂਸਲ ਸਰਹਿੰਦ ਦੇ ਅਧੀਨ ਆਉਂਦੇ ਵਾਰਡ ਨੰਬਰ 8 ਵਿਖੇ ਨਵੀਂ ਬਣ ਰਹੀ ਪਾਰਕ ਦੇ ਕੰਮ ਦਾ ਜਾਇਜ਼ਾ ਲਿਆ। ਇਸ ਮੌਕੇ ਨਗਰ ਕੌਂਸਲ ਅਧਿਕਾਰੀਆਂ ਅਤੇ ਠੇਕੇਦਾਰਾਂ ਨੂੰ ਜਲਦ ਕੰਮ ਨੇਪਰੇ ਚਾੜਨ ਦੇ ਲਈ ਤਾੜਨਾ ਕੀਤੀ। ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ਹਿਰ ਦੇ ਸੁੰਦਰੀਕਰਨ ਦਾ ਕੰਮ ਜੰਗੀ ਪੱਧਰ ਉੱਤੇ ਜਾਰੀ ਹੈ, ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਦੇ ਵਿੱਚ ਪਾਰਕਾਂ ਬਣਾਈਆਂ ਜਾ ਰਹੀਆਂ ਹਨ ਤਾਂ ਜ਼ੋ ਬਜ਼ੁਰਗ ਅਤੇ ਬੱਚਿਆਂ ਨੂੰ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਨਾ ਹੋਵੇ। ਇਸੇ ਤਰਜ਼ ਤੇ ਸਰਹਿੰਦ ਦੇ ਵਾਰਡ ਨੰਬਰ 8 ਵਿਖੇ ਵੀ ਪਾਰਕ ਉਸਾਰੀ ਜਾ ਰਹੀ ਹੈ। ਇਸ ਪਾਰਕ ਦੇ ਵਿੱਚ ਸੈਰ ਦੇ ਲਈ ਟਰੈਕ ਬਣੇਗਾ, ਇਸ ਤੋਂ ਇਲਾਵਾ ਬੱਚਿਆਂ ਦੇ ਖੇਡਣ ਲਈ ਝੂਲੇ ਲੱਗਣਗੇ ਅਤੇ ਸੁੰਦਰ ਦ੍ਰਿਸ਼ ਬਣਾਉਣ ਦੇ ਲਈ ਫੁਆਰੇ ਵੀ ਲਗਾਏ ਜਾਣਗੇ। ਜਲਦ ਹੀ ਸ਼ਹਿਰ ਵਾਸੀਆਂ ਨੂੰ ਇੱਕ ਸੁੰਦਰ ਪਾਰਕ ਬਣਾ ਕੇ ਦਿੱਤੀ ਜਾਵੇਗੀ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਜਿੱਥੇ ਸਿੱਖਿਆ ਅਤੇ ਸਿਹਤ ਸਹੂਲਤਾਂ ਵੱਲ ਵਿਸ਼ੇਸ਼ ਧਿਆਨ ਦੇ ਰਹੀ ਹੈ, ਉੱਥੇ ਹੀ ਵਾਤਾਵਰਣ ਨੂੰ ਅਨੁਕੂਲ ਬਣਾਉਣ ਦੇ ਲਈ ਪੌਦੇ ਲਗਾ ਰਹੀ ਹੈ ਅਤੇ ਸੁੰਦਰ ਪਾਰਕਾਂ ਉਸਾਰੀਆਂ ਜਾ ਰਹੀਆਂ ਹਨ। ਪੱਤਰਕਾਰ ਦੇ ਸਵਾਲ ਦਾ ਜਵਾਬ ਦਿੰਦਿਆਂ ਉਹਨਾਂ ਕਿਹਾ ਕਿ ਪੰਜਾਬ ਦੇ ਕੋਲ ਇੱਕ ਬੂੰਦ ਵੀ ਵਾਧੂ ਪਾਣੀ ਨਹੀਂ ਹੈ, ਜਿਸ ਕਾਰਨ ਦੂਸਰੇ ਸੂਬਿਆਂ ਨੂੰ ਪਾਣੀ ਨਹੀਂ ਦਿੱਤਾ ਜਾ ਸਕਦਾ। ਉਹਨਾਂ ਕਿਹਾ ਕਿ ਦੂਸਰੇ ਸੂਬੇ ਪਹਿਲਾਂ ਹੀ ਪੰਜਾਬ ਦੇ ਨਾਲ ਧੱਕਾ ਕਰਦੇ ਆ ਰਹੇ ਹਨ, ਜਿਸ ਦਾ ਖਮਿਆਜਾ ਪੰਜਾਬ ਦੇ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਜੋ ਬਿੱਲ ਪੇਸ਼ ਕੀਤਾ ਗਿਆ ਹੈ ਉਹ ਪੰਜਾਬ ਦੇ ਹਿੱਤ ਵਿੱਚ ਹੋਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਜਿੰਦਰ ਸਿੰਘ ਗੋਲਾ, ਰਮੇਸ਼ ਕੁਮਾਰ ਸੋਨੂੰ, ਦਿਲਪ੍ਰੀਤ ਸਿੰਘ ਭੱਟੀ, ਮਨਦੀਪ ਪੋਲਾ, ਨਿੱਜੀ ਸਕੱਤਰ ਮਾਨਵ ਟਿਵਾਣਾ, ਨਗਰ ਕੌਂਸਲ ਦੇ ਐਮ ਈ ਨਰਿੰਦਰ ਗਰਗ, ਜੇਈ ਜਸਵੰਤ ਸਿੰਘ ਆਦਿ ਵੀ ਹਾਜ਼ਰ ਸਨ।

## ਰੀਅਲ ਅਸਟੇਟ ਰੈਗੂਲੇਟਰੀ ਅਥਾਰਟੀ ਦੇ ਪਲਾਟ ਹੋਲਡਰ ਡੀ ਸੀ ਨੂੰ ਮਿਲੇ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)** ਰੀਅਲ ਅਸਟੇਟ ਰੈਗੂਲੇਟਰ ਅਥਾਰਟੀ (ਰੇਰਾ) ਤੋਂ ਰਜਿਸਟਰਡ ਤੇ ਨਗਰ ਕੌਂਸਲ ਤੋਂ ਪਾਸ ਰੋਇਲ ਗ੍ਰੀਨ ਸਿਟੀ ਕਲੋਨੀ, ਨਜ਼ਦੀਕ ਮੋੜ ਚੌਕ ਦੇ ਪ੍ਰੋਮੋਟਰ/ਕਲੋਨਾਈਜ਼ਰਾਂ ਦੀਆਂ ਬੇਨਿਯਮੀਆਂ ਤੋਂ ਦੁਖੀ ਪਲਾਟ ਹੋਲਡਰਾਂ ਦੀ ਐਸੋਸੀਏਸ਼ਨ ਦਾ ਵਫ਼ਦ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੂੰ ਮਿਲਿਆ।ਉਨ੍ਹਾਂ ਰੋਇਲ ਗ੍ਰੀਨ ਸਿਟੀ ਕਲੋਨੀ ਦੇ ਪ੍ਰੋਮੋਟਰ/ਡਿਵੈਲਪਰ/ਪਾਰਟਨਰਾਂ ਦੁਆਰਾ ਪੰਜਾਬ ਅਪਾਰਟਮੈਂਟ ਤੇ ਪ੍ਰਾਪਰਟੀ (ਪਾਪਰਾ) ਐਕਟ, 1995 ਤੇ ਰੀਅਲ ਅਸਟੇਟ ਰੈਗੂਲੇਸ਼ਨ (ਰੇਰਾ) ਐਕਟ 2016 ਦੀ ਉਲੰਘਣਾ ਕਰਨ, ਗਲਤ ਤਰੀਕੇ ਨਾਲ ਕਲੋਨੀ ਤੋਂ ਬਾਹਰ ਇੱਕ ਆਮ ਗਲੀ ਨੂੰ ਕਲੋਨੀ ਵਿੱਚ ਦਿਖਾ ਕੇ ਕਲੋਨੀ ਪਾਸ ਕਰਾਉਣ ਤੇ ਹੋਰ ਬੇਨਿਯਮੀਆਂ ਕਰਨ ਸਬੰਧੀ ਜਾਣੂ ਕਰਵਾਇਆ ਗਿਆ।ਉਨ੍ਹਾਂ ਦੱਸਿਆ ਕਿ ਵਾਰ-ਵਾਰ ਮੰਗ ਕਰਨ 'ਤੇ ਵੀ ਕਲੋਨਾਈਜ਼ਰਾਂ ਦੁਆਰਾ ਪਲਾਟ ਹੋਲਡਰਾਂ ਨੂੰ ਪਲਾਟਾਂ ਨਾਲ ਸਬੰਧਤ ਕੋਈ ਵੀ ਦਸਤਾਵੇਜ਼ ਮੁਹੱਈਆ ਨਾ ਕਰਾ ਕੇ ਤੇ ਪਲਾਟ ਹੋਲਡਰਾਂ ਦੀ ਅਤਿ ਜ਼ਰੂਰੀ ਸਹਿਮਤੀ ਲਏ ਬਿਨਾਂ ਪਾਸ ਲੇਅ-ਆਊਟ ਪਲਾਨ (ਨਕਸ਼ੇ) 'ਚ ਤਬਦੀਲੀਆਂ ਕਰਕੇ ਕਿਸ ਤਰ੍ਹਾਂ ਸਰਕਾਰੀ ਕਾਨੂੰਨਾਂ ਦੀਆਂ ਧੱਜੀਆਂ ਉਡਾਈਆਂ ਗਈਆਂ ਹਨ। ਵਫ਼ਦ ਵੱਲੋਂ ਡੀ.ਸੀ. ਬਠਿੰਡਾ ਨੂੰ ਬੇਨਤੀ ਕੀਤੀ ਗਈ ਕਿ ਪੰਜਾਬ ਸਰਕਾਰ ਦੇ ਕਾਨੂੰਨਾਂ ਤੇ ਨਿਯਮਾਂ ਮੁਤਾਬਕ ਰੇਰਾ ਰਜਿਸਟਰਡ ਕਲੋਨੀ ਦੇ ਪ੍ਰੋਮੋਟਰ/ਡਿਵੈਲਪਰਾਂ/ਪਾਰਟਨਰਾਂ ਦੁਆਰਾ ਪਲਾਟ ਹੋਲਡਰਾਂ ਨੂੰ ਦਿੱਤੀਆਂ ਜਾਣ ਵਾਲੀਆਂ ਮੁੱਢਲੀਆਂ ਸਹੂਲਤਾਂ ਨਾ ਦੇਣ ਕਾਰਨ ਉਹ ਬਹੁਤ ਦੁਖੀ ਹਨ।ਕਲੋਨਾਈਜ਼ਰ ਸਰਕਾਰੀ ਨਿਯਮਾਂ ਮੁਤਾਬਕ ਬਣਦੀਆਂ ਮੁੱਢਲੀਆਂ ਸੁਵਿਧਾਵਾਂ ਦੇਣ ਦੀ ਗੱਲ ਤਾਂ ਦੂਰ, ਉਨ੍ਹਾਂ ਦੀ ਗੱਲਬਾਤ ਸੁਣਨ ਲਈ ਵੀ ਤਿਆਰ ਨਹੀਂ ਹਨ।ਸਬੰਧਤ ਮਹਿਕਮੇ ਦੇ ਕਾਨੂੰਨਾਂ ਮੁਤਾਬਕ ਪਲਾਟ ਹੋਲਡਰਾਂ ਲਈ ਕਲੋਨੀ ਦੀ ਸਾਈਟ 'ਤੇ ਕਲੋਨਾਈਜ਼ਰਾਂ ਵੱਲੋਂ ਕੋਈ ਵੀ ਦਫ਼ਤਰ ਜਾਂ ਸਟਾਫ਼ ਦਾ ਪ੍ਰਬੰਧ ਨਹੀਂ ਕੀਤਾ ਗਿਆ, ਜੋ ਅਤਿ ਜ਼ਰੂਰੀ ਹੈ।ਕਲੋਨਾਈਜ਼ਰਾਂ ਦੁਆਰਾ ਕਲੋਨੀ ਦੇ ਵਿਕਾਸ ਕਾਰਜਾਂ ਵਿੱਚ ਕੀਤੀਆਂ ਗਈਆਂ ਬੇਨਿਯਮੀਆਂ, ਕਲੋਨੀ ਦੇ ਪਲਾਟ ਹੋਲਡਰਾਂ ਤੇ ਉਨ੍ਹਾਂ ਦੇ ਪਰਵਾਰਾਂ ਨੂੰ ਲਗਾਤਾਰ ਪੇਸ਼ ਆ ਰਹੀਆਂ ਸਮੱਸਿਆਵਾਂ ਤੇ ਕਲੋਨੀ ਦੇ ਬਕਾਇਆ ਰਹਿੰਦੇ ਵਿਕਾਸ ਕਾਰਜਾਂ ਸਬੰਧੀ ਵੀ ਉਨ੍ਹਾਂ ਨੂੰ ਜਾਣੂ ਕਰਾਇਆ ਗਿਆ।

## ਵਿਧਾਇਕ ਲਖਬੀਰ ਸਿੰਘ ਰਾਏ ਨੇ 7 ਸਰਕਾਰੀ ਸਕੂਲਾਂ 'ਚ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਇੱਕ ਅਜਿਹੀ ਪਹਿਲ ਕਦਮੀ ਹੈ ਜਿਸ ਨਾਲ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਸੁਖਾਵਾਂ ਮਾਹੌਲ ਪ੍ਰਦਾਨ ਕੀਤਾ ਜਾ ਰਿਹਾ ਹੈ ਤਾਂ ਜੋ ਵਿਦਿਆਰਥੀ ਉੱਚ ਅਹੁਦੇ ਹਾਸਲ ਕਰਕੇ ਆਪਣੇ ਤੇ ਆਪਣੇ ਮਾਪਿਆਂ ਦੇ ਸੁਪਨੇ ਸਾਕਾਰ ਕਰ ਸਕਣ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਹਲਕੇ ਦੇ 7 ਸਰਕਾਰੀ ਸਕੂਲਾਂ ਵਿੱਚ 86.46 ਲੱਖ ਦੀ ਲਾਗਤ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ। ਵਿਧਾਇਕ ਰਾਏ ਨੇ ਕਿਹਾ ਕਿ ਕੋਈ ਸਮਾਂ ਸੀ ਜਦੋਂ ਸਕੂਲਾਂ ਦੇ ਛੋਟੇ ਛੋਟੇ ਕੰਮ ਕਰਵਾਉਣ ਲਈ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਲੀਡਰਾਂ ਦੀਆਂ ਮਿੰਨਤਾਂ ਕਰਨੀਆਂ ਪੈਂਦੀਆਂ ਸਨ ਅਤੇ ਕਈ ਵਾਰ ਅਧਿਆਪਕ ਆਪਸ ਵਿੱਚ ਪੈਸੇ ਇਕੱਠੇ ਕਰਕੇ ਕੰਮ ਕਰਵਾਉਣ ਨੂੰ ਮਜਬੂਰ ਹੁੰਦੇ ਸਨ, ਪ੍ਰੰਤੂ ਮਾਨ ਸਰਕਾਰ ਨੇ ਜਿਥੇ ਸਰਕਾਰੀ ਸਕੂਲਾਂ ਦੇ ਪਹਿਲ ਦੇ ਆਧਾਰ 'ਤੇ ਕੰਮ ਕਰਵਾਏ ਉਥੇ ਹੀ ਸਕੂਲਾਂ ਵਿੱਚ ਕੈਂਪਸ ਮੈਨੇਜਰ ਰੱਖ ਕੇ ਅਧਿਆਪਕਾਂ ਨੂੰ ਸਿਰਫ ਪੜ੍ਹਾਈ ਕਰਵਾਉਣ ਤੱਕ ਸੀਮਤ ਕੀਤਾ। ਉਨ੍ਹਾਂ ਕਿਹਾ ਕਿ ਸੂਬੇ ਨੂੰ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਬਣਾਉਣ ਲਈ ਸਰਕਾਰ ਨੇ ਜੋ ਕ੍ਰਾਂਤੀਕਾਰੀ ਫੈਸਲੇ ਕੀਤੇ ਹਨ ਸਿੱਖਿਆ ਕ੍ਰਾਂਤੀ ਮੁਹਿੰਮ ਉਨ੍ਹਾਂ ਦੀ ਮੂੰਹ ਬੋਲਦੀ ਤਸਵੀਰ ਹੈ।ਵਿਧਾਇਕ ਨੇ ਪਿੰਡਾਂ ਦੇ ਲੋਕਾਂ ਨੂੰ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਲੜੀ ਜਾ ਰਹੀ ਜੰਗ ਵਿੱਚ ਹਰੇਕ ਵਰਗ ਦੇ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਲਾਹਣਤ ਦਾ ਖਾਤਮਾ ਆਪਸ ਵਿੱਚ ਮਿਲ ਕੇ ਹੀ ਕੀਤਾ ਜਾ ਸਕਦਾ ਹੈ। ਉਹਨਾਂ ਕਿਹਾ ਕਿ 7 ਮਈ ਤੋਂ ਸ਼ੁਰੂ ਕੀਤੀ ਜਾ ਰਹੀ ਨਸ਼ਾ ਮੁਕਤੀ ਯਾਤਰਾ ਵਿੱਚ ਵੱਧ ਤੋਂ ਵੱਧ ਲੋਕਾਂ ਨੂੰ ਸ਼ਮੂਲੀਅਤ ਕਰਨੀ ਚਾਹੀਦੀ ਹੈ ਤਾਂ ਜੋ ਆਪਣੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਲਾਹਣਤ ਤੋਂ ਬਚਾ ਕੇ ਹੱਸਦੇ ਵੱਸਦੇ ਤੇ ਰੰਗਲੇ ਪੰਜਾਬ ਦੀ ਸਿਰਜਣਾ ਕੀਤੀ ਜਾ ਸਕੇ।ਵਿਧਾਇਕ ਨੇ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਮਾਨੂਪੁਰ ਵਿਖੇ 12.91 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਬਲ੍ਹਾੜਾ ਵਿਖੇ 3.30 ਲੱਖ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਲ੍ਹਾੜੀ ਕਲਾਂ ਵਿਖੇ 11.20 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਕੋਟਲਾ ਫਾਜਲ ਪੀਰਜੈਨ ਵਿਖੇ 10.01 ਲੱਖ, ਸਰਕਾਰੀ ਮਿਡਲ ਸਕੂਲ ਮਹੱਦੀਆਂ ਵਿਖੇ 5.00 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਮੀਰਪੁਰ ਵਿਖੇ 3.59 ਲੱਖ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟਲਾ ਬਜਵਾੜਾ ਵਿਖੇ 40.45 ਲੱਖ ਦੀ ਲਾਗਤ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।ਇਸ ਮੌਕੇ ਨਿੱਜੀ ਸਕੱਤਰ ਮਾਨਵ ਟਿਵਾਣਾ ਬਲਵੀਰ ਸਿੰਘ ਚੀਮਾ, ਗੁਰਪ੍ਰੀਤ ਸਿੰਘ ਭਿੰਡਰ, ਮਨਦੀਪ ਪੋਲਾ, ਰਮੇਸ਼ ਕੁਮਾਰ ਸੋਨੂੰ, ਨੌਰੰਗ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਪ ਵਲੰਟੀਅਰ ਹਾਜ਼ਰ ਸਨ।

## ਦੁਕਾਨ ਬੰਦ ਕਰਕੇ ਪਿੰਡ ਜਾ ਰਹੇ ਦੁਕਾਨਦਾਰਾਂ ਭਰਾਵਾਂ ਦੀ ਕੁੱਟਮਾਰ ਕਰਕੇ ਨਕਦੀ ਲੁੱਟੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)** ਦੋ ਦੁਕਾਨਦਾਰ ਭਰਾਵਾਂ ਮਨਜੀਤ ਸਿੰਘ ਤੇ ਭਗਵੰਤ ਸਿੰਘ ਵਾਸੀ ਬਾਹਮਣੀਆਂ, ਜੋ ਰਾਤ ਨੂੰ ਕਰਿਆਨੇ ਦੀ ਦੁਕਾਨ ਬੰਦ ਕਰਕੇ ਆਪਣੇ ਘਰ ਪਿੰਡ ਬਾਹਮਣੀਆਂ ਨੂੰ ਸਕੂਟਰ 'ਤੇ ਜਾ ਰਹੇ ਸਨ, ਨੂੰ ਰਸਤੇ ਵਿੱਚ ਪਿੰਡ ਨਿਹਾਲੂਵਾਲ ਮੋੜ ਕੋਲ ਕੁਝ ਲੁਟੇਰਿਆਂ ਨੇ ਰੋਕ ਕੇ ਕੁੱਟਮਾਰ ਕਰਨ ਉਪਰੰਤ ਨਕਦੀ ਵੀ ਲੁੱਟ ਲਈ। ਇਸ ਘਟਨਾ ਨੂੰ ਲੈ ਕੇ ਦੁਕਾਨਦਾਰ ਯੂਨੀਅਨ ਦੇ ਪ੍ਰਧਾਨ ਗਗਨਦੀਪ ਸਰਾਂ, ਆਗੂ ਅਰੁਣ ਕੁਮਾਰ ਬਾਂਸਲ ਦੀ ਅਗਵਾਈ ਹੇਠ ਇੱਕ ਵਫ਼ਦ ਨੇ ਐਸ ਐਚ ਓ ਜਗਜੀਤ ਸਿੰਘ ਨੂੰ ਮਿਲ ਕੇ ਸਥਿਤੀ ਤੋਂ ਜਾਣੂ ਕਰਾ ਕੇ ਇਨਸਾਫ਼ ਦੀ ਮੰਗ ਕੀਤੀ। ਥਾਣਾ ਮੁਖੀ ਜਗਜੀਤ ਸਿੰਘ ਨੇ ਭਰੋਸਾ ਦਿਵਾਇਆ ਕਿ ਪੁਲਿਸ ਵੱਲੋਂ ਜਲਦੀ ਹੀ ਲੁਟੇਰਾ ਗਿਰੋਹ ਨੂੰ ਗ੍ਰਿਫ਼ਤਾਰ ਕਰਕੇ ਪੀੜਤ ਦੁਕਾਨਦਾਰਾਂ ਨੂੰ ਰਾਹਤ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਪੁਲਸ ਆਪਣਾ ਕੰਮ ਪੂਰੀ ਮੁਸ਼ਤੈਦੀ ਨਾਲ ਕਰ ਰਹੀ ਹੈ।ਅਜਿਹੇ ਸਮਾਜ ਵਿਰੋਧੀ ਅਨਸਰਾਂ ਖ਼ਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ।ਅਮਨ ਸ਼ਾਂਤੀ ਭੰਗ ਕਰਨ ਵਾਲਿਆਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ।ਦੁਕਾਨਦਾਰ ਯੂਨੀਅਨ ਦੇ ਆਗੂਆਂ ਦਾ ਕਹਿਣਾ ਹੈ ਕਿ ਇਸ ਲੁੱਟ ਖੋਹ, ਕੁੱਟਮਾਰ ਦੀ ਘਟਨਾ ਨੇ ਸਥਾਨਕ ਦੁਕਾਨਦਾਰ ਭਾਈਚਾਰੇ 'ਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ, ਕਿਉਂਕਿ ਵੱਡੀ ਗਿਣਤੀ ਵਿੱਚ ਦੁਕਾਨਦਾਰ ਰੋਜ਼ ਆਪਣੇ ਕਾਰੋਬਾਰ ਬੰਦ ਕਰਕੇ ਰਾਤ ਨੂੰ ਆਪੋ ਆਪਣੇ ਪਿੰਡਾਂ ਨੂੰ ਜਾਂਦੇ ਹਨ।ਇਸ ਘਟਨਾ ਵਿੱਚ ਜ਼ਖਮੀ ਹੋਏ ਦੁਕਾਨਦਾਰ ਭਗਵੰਤ ਸਿੰਘ, ਮਨਜੀਤ ਸਿੰਘ ਸੀ ਐਚ ਸੀ ਵਿਖੇ ਜੇਰੇ ਇਲਾਜ ਹਨ।ਪਤਾ ਲੱਗਦਿਆਂ ਹੀ ਸਮੂਹ ਦੁਕਾਨਦਾਰ ਭਾਈਚਾਰੇ, ਵੱਖ-ਵੱਖ ਆਗੂਆਂ ਨੇ ਹਸਪਤਾਲ ਜਾ ਕੇ ਉਨ੍ਹਾਂ ਦਾ ਹਾਲ-ਚਾਲ ਪੁੱਛਿਆ ਤੇ ਆਪਣੇ ਵੱਲੋਂ ਹਰ ਸੰਭਵ ਸਹਿਯੋਗ ਦਾ ਵਿਸ਼ਵਾਸ ਦੁਆਇਆ।

## ਦੇਸ਼ ਭਗਤ ਗਲੋਬਲ ਸਕੂਲ 'ਚ ਇੱਕ ਦਿਨਾ ਭੰਗੜਾ ਵਰਕਸ਼ਾਪ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**- ਦੇਸ਼ ਭਗਤ ਗਲੋਬਲ ਸਕੂਲ, ਸ੍ਰੀ ਮੁਕਤਸਰ ਸਾਹਿਬ ਵੱਲੋਂ ਦੇਸ਼ ਭਗਤ ਗਰੁੱਪ, ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਅਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਅਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪ੍ਰਸਤੀ ਹੇਠ ਦੇਸ਼ ਭਗਤ ਗਲੋਬਲ ਸਕੂਲ ਦੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਦੀ ਯੋਗ ਅਗਵਾਈ ਹੇਠ ਸਕੂਲ ਵੱਲੋਂ ਇੱਕ ਰੋਜ਼ਾ ਭੰਗੜਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਬੱਚਿਆਂ ਨੂੰ ਭੰਗੜੇ ਬਾਰੇ ਜਾਣਕਾਰੀ ਦਿੱਤੀ ਅਤੇ ਭੰਗੜੇ ਦੇ ਮੁੱਢਲੇ ਸਟੈਪ ਸਿਖਾਏ ਗਏ। ਇਸ ਦੇ ਨਾਲ ਨਾਲ ਬੱਚਿਆਂ ਨੂੰ ਸਰੀਰਕ ਤੌਰ ਤੇ ਫਿੱਟ ਰਹਿਣ ਦਾ ਸੁਨੇਹਾ ਵੀ ਦਿੱਤਾ। ਇਸ ਮੌਕੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਕਿਹਾ ਕਿ ਆਧੁਨਿਕ ਦੌਰ ਵਿਚ ਆਪਣੇ ਆਪ ਨੂੰ ਸਰੀਰਕ ਤੰਦਰੁਸਤ ਰੱਖਣਾ ਇਹ ਸਾਡੀ ਮੁੱਢਲੀ ਲੋੜ ਹੈ। ਉਹਨਾਂ ਕਿਹਾ ਕਿ ਭੰਗੜੇ ਨਾਲ ਅਸੀਂ ਮਾਨਸਿਕ ਅਤੇ ਸਰੀਰਿਕ ਤੌਰ 'ਤੇ ਤੰਦਰੁਸਤ ਰਹਿੰਦੇ ਹਾਂ। ਅੱਜ ਦੀ ਵਿਅਸਤ ਜੀਵਨਸ਼ੈਲੀ ਦੇ ਕਾਰਨ, ਲੋਕਾਂ ਕੋਲ ਮਨੋਰੰਜਨ ਲਈ ਸਮਾਂ ਨਹੀਂ ਹੁੰਦਾ ਪਰ ਅਸੀਂ ਆਪਣੇ ਵਿਦਿਆਰਥੀਆਂ ਨੂੰ ਮਨੋਰੰਜਨ ਪ੍ਰਤੀ ਉਤਸ਼ਾਹਿਤ ਕਰ ਸਕਦੇ ਹਾਂ।ਇਸ ਵਰਕਸ਼ਾਪ ਵਿੱਚ ਸਕੂਲ ਦੇ ਨਾਲ ਨਾਲ ਬਹੁਤ ਸਾਰੇ ਵਿਦਿਆਰਥੀਆਂ ਨੇ ਭਾਗ ਲਿਆ । ਪ੍ਰਿੰਸੀਪਲ ਜਿੰਦਲ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨਾਲ ਵਿਦਿਆਰਥੀਆਂ ਦੀ ਕਲਾ ਤੇ ਆਤਮ ਵਿਸ਼ਵਾਸ ਵਿੱਚ ਵਾਧਾ ਹੁੰਦਾ ਹੈ।

## ਆਊਟਸੋਰਸ ਮੁਲਾਜ਼ਮਾਂ ਤੇ ਪੈਰਾ ਮੈਡੀਕਲ ਸਟਾਫ਼ ਦੀਆਂ ਮੁਸ਼ਕਲਾਂ ਦੇ ਹੱਲ ਲਈ ਮੰਗ ਪੱਤਰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)** ਸਿਵਲ ਹਸਪਤਾਲ 'ਚ ਸਿਹਤ ਵਿਭਾਗ ਦੇ ਆਊਟਸੋਰਸ ਮੁਲਾਜ਼ਮਾਂ ਤੇ ਪੈਰਾ ਮੈਡੀਕਲ ਸਟਾਫ਼ ਨੂੰ ਆ ਰਹੀਆਂ ਗੰਭੀਰ ਸਮੱਸਿਆਵਾਂ ਨੂੰ ਲੈ ਕੇ ਇੱਕ ਮੀਟਿੰਗ ਹੋਈ, ਜਿਸ ਵਿੱਚ ਉਨ੍ਹਾਂ ਮੁਸ਼ਕਲਾਂ ਨੂੰ ਜਲਦੀ ਹੱਲ ਕਰਨ ਲਈ ਇੱਕ ਮੰਗ ਪੱਤਰ ਐੱਸ.ਐੱਮ.ਓ ਦੇ ਦਫ਼ਤਰ ਵਿਖੇ ਡਾ. ਵਿਸ਼ਵ ਕੌਸ਼ਲ ਨੂੰ ਦਿੱਤਾ ਗਿਆ। ਉਨ੍ਹਾਂ ਦੁਆਰਾ ਇਨ੍ਹਾਂ ਆ ਰਹੀਆਂ ਮੁਸ਼ਕਲਾਂ ਦੀ ਵਿਚਾਰ ਚਰਚਾ ਐੱਸ.ਐੱਮ.ਓ ਨਾਲ ਕਰਕੇ ਜਲਦੀ ਹੱਲ ਕਰਨ ਦਾ ਭਰੋਸਾ ਦਿਵਾਇਆ ਗਿਆ। ਪੈਰਾ ਮੈਡੀਕਲ ਜਥੇਬੰਦੀ ਵੱਲੋਂ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਗਿਆ ਕਿ ਜੇ ਇਨ੍ਹਾਂ ਮੰਗਾਂ ਨੂੰ ਜਲਦ ਤੋਂ ਜਲਦ ਨਾ ਹੱਲ ਕੀਤਾ ਗਿਆ ਤਾਂ ਜਥੇਬੰਦੀ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ ਤੇ ਇਸਦੀ ਨਿਰੋਲ ਜ਼ਿੰਮੇਵਾਰੀ ਐੱਸ.ਐੱਮ.ਓ ਦੀ ਹੋਵੇਗੀ। ਮੀਟਿੰਗ ਵਿੱਚ ਗਗਨਦੀਪ ਸਿੰਘ ਭੁੱਲਰ ਸੂਬਾ ਪ੍ਰਧਾਨ ਪੰਜਾਬ ਸੁਬਾਰਡੀਨੇਟ ਸਰਵਿਸਜ ਫੈਡਰੇਸਨ ਵਿਗਿਆਨਿਕ, ਗੁਰਜਿੰਦਰ ਸਿੰਘ ਔਲਖ ਜ਼ਿਲ੍ਹਾ ਪ੍ਰਧਾਨ ਬਠਿੰਡਾ, ਅਮਨਦੀਪ ਕੁਮਾਰ ਬਠਿੰਡਾ, ਗੁਰਪ੍ਰੀਤ ਸਿੰਘ ਬਠਿੰਡਾ, ਜਸਵਿੰਦਰ ਸਿੰਘ, ਨਰਪਿੰਦਰ ਸਿੰਘ ਗਿੱਲ ਕਲਾਂ, ਵਿਨੋਦ ਕੁਮਾਰ ਅਤੇ ਸਿਵਲ ਹਸਪਤਾਲ ਦਾ ਸਮੂਹ ਸਟਾਫ ਵਿਸ਼ੇਸ਼ ਤੌਰ 'ਤੇ ਹਾਜ਼ਰ ਰਿਹਾ।

## ਭਗਵੰਤ ਮਾਨ ਦੇ ਗੈਰ-ਜਮਹੂਰੀ ਬਿਆਨ ਦੀ ਭਾਈ ਲਾਲੋ ਪੰਜਾਬੀ ਮੰਚ ਵੱਲੋਂ ਨਿਖੇਧੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)** ਭਾਈ ਲਾਲੋ ਪੰਜਾਬੀ ਮੰਚ ਦੇ ਕਨਵੀਨਰ ਹਰਜੀਤ ਸਿੰਘ ਖ਼ਿਆਲੀ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਦੀਆਂ ਸਮੂਹ ਜਨਤਕ-ਜਮਹੂਰੀ ਜਥੇਬੰਦੀਆਂ ਨੂੰ ਧਰਨੇ ਲਾਉਣ ਵਿਰੁੱਧ ਦਿੱਤੀ ਧਮਕੀ ਦੀ ਜ਼ੋਰਦਾਰ ਨਿਖੇਧੀ ਕਰਦਿਆ ਕਿਹਾ ਹੈ ਕਿ ਧਮਕੀਆਂ-ਜਬਰ-ਜ਼ੁਲਮ ਨਾਲ਼ ਹੱਕੀ ਲੋਕ ਲਹਿਰਾਂ ਨੂੰ ਦਬਾਇਆ ਨਹੀਂ ਜਾ ਸਕਦਾ।ਆਗੂ ਖ਼ਿਆਲੀ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਆਪਣੀ ਤਿੰਨ ਸਾਲ ਦੀ ਕਾਰਗੁਜ਼ਾਰੀ ਵਿੱਚ ਆਪਣੇ ਚੋਣ ਵਾਅਦੇ ਪੂਰੇ ਕਰਨ ਵਿੱਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ, ਜਿਸ ਕਰਕੇ ਇਹ ਲੋਕਾਂ ਦੀਆਂ ਨਜ਼ਰਾਂ 'ਚ ਦਿਨੋ-ਦਿਨ ਡਿੱਗਦੀ ਜਾ ਰਹੀ ਹੈ।ਲੋਕਾਂ ਦੇ ਵਧਦੇ ਗੁੱਸੇ ਦਾ ਸੇਕ ਥਾਂ-ਥਾਂ ਲੱਗਦੇ ਧਰਨਿਆਂ ਤੋਂ ਨਜ਼ਰ ਆ ਰਿਹਾ ਹੈ, ਪਰ ਸਰਕਾਰ ਜਮਹੂਰੀ ਤਰੀਕੇ ਨਾਲ਼ ਲੋਕਾਂ ਦੀਆਂ ਸੁਣਨ ਦੀ ਥਾਂ ਉਲਟਾ ਹੁਣ ਰੋਸ ਜ਼ਾਹਰ ਕਰਨ ਦੇ ਹੱਕ ਤੋਂ ਵੀ ਵਾਂਝੇ ਕਰਨਾ ਚਾਹੁੰਦੀ ਹੈ। ਖ਼ਿਆਲੀ ਨੇ ਕਿਹਾ ਕਿ ਰੋਸ ਮੁਜ਼ਾਹਰਾ, ਧਰਨਾ ਆਦਿ ਲਾਉਣਾ ਕਿਸੇ ਵੀ ਇਨਸਾਨ ਦਾ ਸ਼ੌਕ ਨਹੀਂ ਹੁੰਦਾ ਸਗੋਂ ਮਜ਼ਬੂਰੀ ਹੁੰਦੀ ਹੈ।ਵਿਰੋਧੀ ਵਿਚਾਰ ਰੱਖਣਾ ਤੇ ਹੱਕਾਂ ਲਈ ਰੋਸ ਜ਼ਾਹਰ ਕਰਨਾ ਲੋਕਾਂ ਦਾ ਬੁਨਿਆਦੀ ਹੱਕ ਹੈ।ਖ਼ੁਦ ਭਗਵੰਤ ਮਾਨ ਸਰਕਾਰ ਵੀ ਸਰਕਾਰਾਂ ਖਿਲਾਫ਼ ਲੋਕਾਂ ਦੇ ਗੁੱਸੇ ਤੇ ਧਰਨੇ ਮੁਜ਼ਾਹਰਿਆਂ ਦਾ ਫ਼ਾਇਦਾ ਉਠਾਉਂਦਿਆਂ ਬਣੀ ਸੀ, ਪਰ ਹੁਣ ਅਸਲੀ ਰੰਗ ਵਿਖਾਉਂਦਿਆਂ ਭਗਵੰਤ ਮਾਨ ਸਰਕਾਰ ਜਬਰੀ ਲੋਕ ਅਵਾਜ਼ ਦੀ ਸੰਘੀ ਘੁੱਟਣਾ ਚਾਹੁੰਦੀ ਹੈ।ਸਪੱਸ਼ਟ ਹੈ ਕਿ ਭਗਵੰਤ ਮਾਨ ਸਰਕਾਰ ਲੋਕ ਰੋਹ ਤੋਂ ਬੁਰੀ ਤਰ੍ਹਾਂ ਘਬਰਾਈ ਹੋਈ ਹੈ।ਅਸਲ ਵਿੱਚ ਭਗਵੰਤ ਮਾਨ ਸਰਕਾਰ ਇੱਕ ਤਾਂ ਦੇਸੀ-ਵਿਦੇਸ਼ੀ ਸਰਮਾਏਦਾਰਾਂ ਨੂੰ ਯਕੀਨ ਦਵਾਉਣਾ ਚਾਹੁੰਦੀ ਹੈ ਕਿ ਉਹ ਇਹਨਾਂ ਲੁਟੇਰਿਆਂ ਦੇ ਰਾਹ ਵਿੱਚ ਕਿਸੇ ਕਿਸਮ ਦਾ ਅੜਿੱਕਾ ਨਹੀਂ ਆਉਣ ਦੇਵੇਗੀ ਤੇ ਉਨ੍ਹਾਂ ਦੇ ਪੰਜਾਬ ਵਿਚਲੇ ਸਰਮਾਏ ਦੀ ਪੂਰੀ-ਪੂਰੀ ਹਿਫ਼ਾਜ਼ਤ ਕਰੇਗੀ। ਉਨ੍ਹਾਂ ਕਿਹਾ ਕਿ ਅਜਿਹਾ ਫਰਮਾਨ ਜਾਰੀ ਕਰਨ ਵਾਲ਼ੀ ਭਗਵੰਤ ਮਾਨ ਸਰਕਾਰ ਕੋਈ ਪਹਿਲੀ ਨਹੀਂ ਹੈ।ਧਰਨਾ ਲਾਉਣ ਵਾਲਿਆਂ ਨੂੰ ਅੰਦੋਲਨਜੀਵੀ ਕਹਿ ਕੇ ਕੇਂਦਰ ਸਰਕਾਰ ਵੀ ਨਿੰਦਦੀ ਰਹੀ ਹੈ, ਪਰ ਜਾਬਰ ਕਨੂੰਨਾਂ-ਧਮਕੀਆਂ ਨਾਲ਼ ਲੋਕ ਡਰੇ ਨਹੀਂ, ਸਗੋਂ ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਲੋਕ ਵਿਰੋਧੀ ਨਾਗਰਿਕਤਾ ਸੋਧ ਕਨੂੰਨ ਤੇ ਖੇਤੀ ਕਨੂੰਨਾਂ ਖਿਲਾਫ ਮਿਸਾਲੀ ਸੰਘਰਸ਼ ਲੜੇ।ਸਾਬਕਾ ਅਕਾਲੀ-ਭਾਜਪਾ ਸਰਕਾਰ ਨੇ ਜਨਤਕ ਤੇ ਨਿੱਜੀ ਜਾਇਦਾਦ ਨੁਕਸਾਨ ਰੋਕਥਾਮ ਦੇ ਨਾਂਅ ਉੱਤੇ ਹੜਤਾਲਾਂ, ਧਰਨਿਆਂ, ਰੋਸ ਮੁਜ਼ਾਹਰਿਆਂ ਨੂੰ ਕੁਚਲਣ ਲਈ ਜਾਬਰ ਕਨੂੰਨ ਲਿਆਂਦਾ, ਜੋ ਸਾਬਕਾ ਕੈਪਟਨ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕੀਤਾ ਸੀ।ਇਸ ਕਨੂੰਨ ਦਾ ਜ਼ੋਰਦਾਰ ਜਨਤਕ ਵਿਰੋਧ ਹੋਣ ਕਾਰਨ ਕੋਈ ਵੀ ਸਰਕਾਰ ਇਸਦੀ ਵਰਤੋਂ ਨਹੀਂ ਕਰ ਸਕੀ ਸੀ।ਭਗਵੰਤ ਮਾਨ ਸਰਕਾਰ ਨੇ ਇਸ ਜਾਬਰ ਕਨੂੰਨ ਨੂੰ ਰੱਦ ਕਰਨਾ ਤਾਂ ਦੂਰ, ਸਗੋਂ ਹੁਣ ਇਸਦੀ ਵਰਤੋਂ ਰਾਹੀਂ ਜਬਰ ਦੀ ਰਾਹ ਤੁਰਨ ਦੀਆਂ ਧਮਕੀਆਂ ਦੇ ਰਹੀ ਹੈ।ਲੋਕ ਨਾ ਪਹਿਲਾਂ ਕਦੇ ਡਰੇ ਤੇ ਨਾ ਹੁਣ ਡਰਨਗੇ।

## ਪਿੰਡ ਭਾਰੂ ਦੇ ਸਰਕਾਰੀ ਹਾਈ ਸਕੂਲ ਵਿਖੇ ਕਾਨੂੰਨੀ ਜਾਗਰੂਕਤਾ ਸੰਬੰਧੀ ਸੈਮੀਨਾਰ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**- ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ.ਏ.ਐੱਸ. ਨਗਰ (ਮੋਹਾਲੀ) ਦੀਆਂ ਹਦਾਇਤਾਂ ਅਨੁਸਾਰ ਰਾਜ ਕੁਮਾਰ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ -ਸਾਹਿਤ- ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਮੁਕਤਸਰ ਸਾਹਿਬ ਦੀ ਰਹਿਨੁਮਾਈ ਹੇਠ ਅੱਜ ਹਿਮਾਂਸ਼ੂ ਅਰੋੜਾ ਚੀਫ ਜੂਡੀਸ਼ੀਅਲ ਮੈਜਿਸਟ੍ਰੇਟ/ਸਕੱਤਰ-ਸਾਹਿਤ- ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਗਿੱਦੜਬਾਹਾ ਦੇ ਪਿੰਡ ਭਾਰੂ ਦੇ ਸਰਕਾਰੀ ਹਾਈ ਸਕੂਲ ਵਿਖੇ ਕਾਨੂੰਨੀ ਜਾਗਰੂਕਤਾ ਸਬੰਧੀ ਸੈਮੀਨਾਰ ਲਗਾਇਆ ਗਿਆ।ਇਸ ਦੌਰਾਨ ਸਹਿਮਾਂਸ਼ੂ ਅਰੋੜਾ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਐਸ.ਸੀ/ਐਸ.ਟੀ. ਜਾਤੀ ਨਾਲ ਸਬੰਧਤ ਵਿਅਕਤੀ, ਬੱਚੇ, ਬਜ਼ੁਰਗ, ਔਰਤਾਂ, ਅਪੰਗ ਵਿਅਕਤੀ, ਬੇਗਾਰ ਦਾ ਮਾਰਿਆ, ਜੇਲ੍ਹ ਵਿੱਚ ਬੰਦ ਕੈਦੀ, ਉਦਯੋਗਿਕ ਕਾਮੇ, ਮਾਨਸਿਕ ਰੋਗੀ ਅਤੇ ਉਹ ਵਿਅਕਤੀ ਜਿਨ੍ਹਾਂ ਦੀ ਆਮਦਨ ਸਾਲਾਨਾ ਤਿੰਨ ਲੱਖ ਰੁਪਏ ਤੋਂ ਘੱਟ ਹੈ, ਉਹ ਮੁਫਤ ਕਾਨੂੰਨੀ ਸਹਾਇਤਾ ਪ੍ਰਾਪਤ ਕਰ ਸਕਦੇ ਹਨ ਅਤੇ ਵਕੀਲ ਦੀਆਂ ਸੇਵਾਵਾਂ ਮੁਫਤ ਲੈ ਸਕਦੇ ਹਨ। ਇਸ ਮੌਕੇ ਉਨ੍ਹਾਂ ਨੇ ਬੱਚਿਆ ਨੂੰ ਦੱਸਿਆ ਕਿ ਲੋਕ ਅਦਾਲਤ ਵਿੱਚ ਝਗੜਿਆ ਦਾ ਆਪਸੀ ਰਜ਼ਾਮੰਦੀ ਨਾਲ ਨਿਪਟਾਰਾ ਹੋ ਸਕਦਾ ਹੈ ਅਤੇ ਇਸ ਦਾ ਫੈਸਲਾ ਅੰਤਿਮ ਹੁੰਦਾ ਹੈ। ਉਹਨਾਂ ਦੱਸਿਆ ਕਿ ਲੋਕ ਅਦਾਲਤ ਵਿੱਚ ਝਗੜੇ ਸਦਾ ਲਈ ਖ਼ਤਮ ਕਰਕੇ ਪਾਰਟੀਆਂ ਦਾ ਮਨ-ਮੁਟਾਵ ਨਹੀਂ ਰਹਿੰਦਾ ਅਤੇ ਆਪਸੀ ਪਿਆਰ ਅਤੇ ਭਾਈਚਾਰਾ ਕਾਇਮ ਰਹਿੰਦਾ ਹੈ। ਇਸ ਸਭ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਨੇ ਬੱਚਿਆਂ ਨੂੰ ਲੋਕ ਅਦਾਲਤ ਦੇ ਲਾਭ ਆਪਣੇ ਪਰਿਵਾਰਿਕ ਮੈਂਬਰਾਂ ਅਤੇ ਪਿੰਡ ਵਾਸੀਆਂ ਨਾਲ ਸਾਂਝੇ ਕਰਨ ਅਤੇ ਉਹਨਾਂ ਨੂੰ ਲੋਕ ਅਦਾਲਤ ਰਾਹੀ ਆਪਸੀ ਝਗੜੇ ਸੁਲਝਾਉਣ ਲਈ ਪ੍ਰੇਰਿਤ ਕਰਨ ਲਈ ਕਿਹਾ। ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ 10 ਮਈ ਨੂੰ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਜੇਕਰ ਕਿਸੇ ਧਿਰ ਨੇ ਆਪਣਾ ਕੇਸ ਦਾ ਨਿਪਟਾਰਾ ਨੈਸ਼ਨਲ ਲੋਕ ਅਦਾਲਤ ਵਿੱਚ ਕਰਵਾਉਣਾ ਹੋਵੇ ਤਾਂ ਉਹ ਸਬੰਧਤ ਅਦਾਲਤ ਵਿੱਚ ਜਾਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਫ਼ਤਰ ਵਿੱਚ ਆਪਣੀ ਦਰਖਾਸਤ ਦੇ ਕੇ ਆਪਣਾ ਕੇਸ ਨੈਸ਼ਨਲ ਲੋਕ ਅਦਾਲਤ ਵਿੱਚ ਲਗਵਾ ਸਕਦੇ ਹਨ। ਇਸ ਤੋਂ ਇਲਾਵਾ ਵਧੇਰੇ ਜਾਣਕਾਰੀ ਲਈ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਟੋਲ ਫ੍ਰੀ ਹੈਲਪਲਾਈਨ ਨੰਬਰ 15100 'ਤੇ ਜਾਂ ਸਿੱਧੇ ਤੌਰ 'ਤੇ ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਗਿੱਦੜਬਾਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਸਤਬੀਰ ਸਿੰਘ ਔਲਖ, ਸਰਪੰਚ ਐਡਵੋਕੇਟ ਰਾਜਿੰਦਰ ਕੌਰ ਕੰਗ, ਗਿੱਦੜਬਾਹਾ ਫਰੰਟ ਆਫਿਸ ਦੀ ਇੰਚਾਰਜ ਮੈਡਮ ਵੀਰਪਾਲ ਕੌਰ ਤੋਂ ਇਲਾਵਾ ਸਕੂਲ ਦਾ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਹਾਜ਼ਰ ਸਨ।

## ਲੋਕਾਂ ਲਈ ਨਗਰ ਕੌਂਸਲ ਨੇ ਖੋਲ੍ਹੇ ਨਵੇਂ ਬਾਥਰੂਮ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਸ਼ਹਿਰ ਨਿਵਾਸੀਆਂ ਤੇ ਆਸ-ਪਾਸ ਦੇ ਪਿੰਡਾਂ ਤੋਂ ਆਉਣ ਵਾਲੇ ਯਾਤਰੀਆਂ ਦੀ ਸਹੂਲਤ ਨੂੰ ਮੁੱਖ ਰੱਖਦੇ ਨਗਰ ਕੌਂਸਲ ਵੱਲੋਂ ਜਨਰਲ ਬੱਸ ਸਟੈਂਡ ਨੇੜੇ ਨਵੇਂ ਅਧੁਨਿਕ ਬਾਥਰੂਮਾਂ ਦਾ ਨਿਰਮਾਣ ਕਰਾਇਆ ਗਿਆ ਹੈ, ਜੋ ਲੋਕਾਂ ਲਈ ਖੋਲ੍ਹ ਦਿੱਤੇ ਗਏ ਹਨ। ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ ਨੇ ਦੱਸਿਆ ਕਿ ਬੱਸ ਸਟੈਂਡ ਵਿੱਚ ਆਉਣ ਵਾਲੇ ਯਾਤਰੀਆਂ ਨੂੰ ਬਾਥਰੂਮ ਆਦਿ ਲਈ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ, ਜਿਸ ਦੇ ਮੱਦੇਨਜ਼ਰ ਨਵੇਂ ਬਣਾਏ ਬਾਥਰੂਮ ਲੋਕਾਂ ਦੀ ਸਹੂਲਤ ਲਈ ਖੋਲ੍ਹ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਬੱਸ ਚਾਲਕਾਂ ਨੇ ਬੱਸ ਸਟੈਂਡ ਦੀ ਖਸਤਾ ਹਾਲਤ ਇਮਾਰਤ ਬਾਰੇ ਵੀ ਨਗਰ ਕੌਂਸਲ ਨੂੰ ਜਾਣੂ ਕਰਾਇਆ, ਜਿਸ ਸਬੰਧੀ ਭਲਕੇ ਉੱਥੇ ਇੱਕ ਆਰਜ਼ੀ ਕੰਧ ਕੀਤੀ ਜਾਵੇਗੀ, ਜਿਸ ਨਾਲ ਇਮਾਰਤ ਨੂੰ ਹੋਰ ਮਜ਼ਬੂਤੀ ਮਿਲੇਗੀ। ਉਨ੍ਹਾਂ ਕਿਹਾ ਬੱਸਾਂ ਜਿਸ ਥੜੇ ਤੋਂ ਹੇਠਾਂ ਉੱਤਰਦਿਆਂ ਹਨ ਉਸ ਦੀ ਮੁਰੰਮਤ ਕਰਾਈ ਜਾਵੇਗੀ ਤਾਂ ਜੁ ਉਨ੍ਹਾਂ ਨੂੰ ਕੋਈ ਦਿੱਕਤ ਨਾ ਆਵੇ।

## ਮੈਕਰੋ ਗਲੋਬਲ ਨੇ ਇੱਕ ਹੋਰ ਸੁਪਰ ਵੀਜ਼ਾ ਲਵਾਇਆ



**ਜਗਰਾਉਂ (ਸੰਜੀਵ ਅਰੋੜਾ)** ਮੈਕਰੋ ਗਲੋਬਲ ਦੇ ਐਮ. ਡੀ. ਗੁਰਮਿਲਾਪ ਸਿੰਘ ਡੱਲਾ ਨਦੱਸਿਆ ਕਿ ਸੰਸਥਾ ਦੇ ਤਜਰਬੇਕਾਰ ਤੇ ਮਿਹਨਤੀ ਸਟਾਫ਼ ਵੱਲੋਂ ਦਿੱਤੀਆਂ ਜਾ ਰਹੀਆਂ ਯੋਗ ਸੇਵਾਵਾਂ ਕਰਕੇ ਸੰਸਥਾ ਦੇ ਵਿਦਿਆਰਥੀ ਆਈਲੈਟਸ ਵਿੱਚ ਵਧੀਆ ਸਕੋਰ ਪ੍ਰਾਪਤ ਕਰ ਰਹੇ ਹਨ ਤੇ ਇਮੀਗ੍ਰੇਸ਼ਨ ਦੇ ਪਾਰਦਰਸ਼ੀ ਢੰਗ ਨਾਲ ਕੀਤੇ ਜਾ ਰਹੇ ਕੰਮ ਕਰਕੇ ਵੱਡੀ ਗਿਣਤੀ ਵਿੱਚ ਲਗਾਤਾਰ ਕੈਨੇਡਾ, ਆਸਟ੍ਰੇਲੀਆ ਜਾਣ ਵਾਲੇ ਚਾਹਵਾਨ ਲੋਕਾਂ ਦੇ ਸੁਪਰ ਵੀਜ਼ੇ ਲੱਗ ਰਹੇ ਹਨ, ਜਿਨ੍ਹਾਂ 'ਚੋਂ ਵਿਨੋਦ ਕੁਮਾਰ ਸਪੁੱਤਰ ਤਰਸੇਮ ਲਾਲ ਵਾਸੀ ਜਗਰਾਉਂ ਤਹਿਸੀਲ ਲੁਧਿਆਣਾ ਦਾ ਸੁਪਰ ਵੀਜ਼ਾ ਵੀ ਮੈਕਰੋ ਗਲੋਬਲ ਦੀ ਜਗਰਾਉਂ ਬ੍ਰਾਂਚ ਨੇ ਲਵਾ ਕੇ ਦਿੱਤਾ ਹੈ। ਗੁਰਮਿਲਾਪ ਸਿੰਘ ਡੱਲਾ ਨੇ ਵਿਨੋਦ ਕੁਮਾਰ ਤੇ ਉਨ੍ਹਾਂ ਦੇ ਪਰਵਾਰ ਨੂੰ ਵਧਾਈ ਦਿੱਤੀ।

## ਨਿਰਵਿਘਨ ਬਿਜਲੀ ਸਪਲਾਈ ਲਈ 64 ਮੋਬਾਇਲ ਟਰਾਂਸਫਾਰਮਰ ਵੈਨਾਂ ਮੁਹੱਈਆ ਕਰਾਈਆਂ ਜਾਣਗੀਆਂ : ਈ ਟੀ ਓ



**ਬਠਿੰਡਾ (ਪਰਵਿੰਦਰਜੀਤ ਸਿੰਘ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਜਿੱਥੇ ਪੰਜਾਬ ਦੇ ਬਿਜਲੀ ਖਪਤਕਾਰਾਂ ਲਈ ਬਿਜਲੀ ਸਪਲਾਈ ਮੁਹੱਈਆ ਕਰਾਉਣ ਲਈਪੂਰੀ ਤਰ੍ਹਾਂ ਵਚਨਬੱਧ ਹੈ, ਉੱਥੇ ਹੀ ਸੂਬਾ ਸਰਕਾਰ ਵੱਲੋਂ ਝੋਨੇ ਅਤੇ ਗਰਮੀ ਦੇ ਸੀਜ਼ਨ ਨੂੰ ਮੁੱਖ ਰੱਖਦਿਆਂ ਬਠਿੰਡਾ ਜ਼ੋਨ ਦੇ ਬਿਜਲੀ ਖਪਤਕਾਰਾਂ ਨੂੰ 200 ਕੇ.ਵੀ ਦੀਆਂ 64 ਮੋਬਾਇਲ ਟਰਾਂਸਫਾਰਮਰ ਵੈਨਾਂ ਮੁਹੱਈਆ ਕਰਾਈਆਂ ਜਾਣਗੀਆਂ ਤਾਂ ਜੁ ਉਨ੍ਹਾਂ ਨੂੰ ਬਿਜਲੀ ਸਪਲਾਈ ਸਬੰਧੀ ਕਿਸੇ ਤਰ੍ਹਾਂ ਦੀ ਸਮੱਸਿਆ ਦਰਪੇਸ਼ ਨਾ ਆਵੇ।ਇਹ ਜਾਣਕਾਰੀ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਬਠਿੰਡਾ ਜ਼ੋਨ ਦੇ 7 ਜ਼ਿਲ੍ਹਿਆਂ ਬਠਿੰਡਾ, ਮਾਨਸਾ, ਮੋਗਾ, ਸ਼੍ਰੀ ਮੁਕਤਸਰ ਸਾਹਿਬ, ਫ਼ਰੀਦਕੋਟ, ਫ਼ਿਰੋਜ਼ਪੁਰ ਤੇ ਫ਼ਾਜ਼ਿਲਕਾ ਨਾਲਸਬੰਧਤ ਪੀ.ਐਸ.ਪੀ.ਸੀ.ਐਲ ਦੇ ਉੱਚ ਅਧਿਕਾਰੀਆਂ ਨਾਲ ਸਥਾਨਕ ਲੇਕ ਵਿਊ ਗੈਸਟ ਹਾਊਸ ਵਿਖੇ ਇੱਕ ਵਿਸ਼ੇਸ਼ ਮੀਟਿੰਗ ਦੌਰਾਨ ਸਾਂਝੀ ਕੀਤੀ।ਇਸ ਉਪਰੰਤ ਉਨ੍ਹਾਂ ਵੱਲੋਂ ਤਲਵੰਡੀ ਸਾਬੋ ਤੇ ਲਹਿਰਾ ਮੁਹੱਬਤ ਥਰਮਲ ਪਲਾਟਾਂ ਦਾ ਦੌਰਾ ਕਰਕੇ ਨਿਰੀਖਣ ਵੀ ਕੀਤਾ ਗਿਆ।ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਇਕ ਸਰਦੂਲਗੜ੍ਹ ਗੁਰਪ੍ਰੀਤ ਸਿੰਘ ਬਣਾਂਵਾਲੀ ਤੇ ਵਿਧਾਇਕ ਭੁੱਚੋ ਮਾਸਟਰ ਜਗਸੀਰ ਸਿੰਘ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਬਠਿੰਡਾ ਜ਼ੋਨ ਨਾਲ ਸਬੰਧਤ ਖਪਤਕਾਰਾਂ ਨੂੰ ਤੋਹਫ਼ਾ ਦਿੰਦਿਆਂ ਦੱਸਿਆ ਕਿ ਮੁਹੱਈਆ ਕਰਾਈਆਂ ਜਾਣ ਵਾਲੀਆਂ 64 ਮੋਬਾਈਲ ਟਰਾਂਸਫਾਰਮਰ ਵੈਨਾਂ ਦਾ ਮੁੱਖ ਮੰਤਵ ਹੈ ਕਿ ਜਿੱਥੇ ਕਿਤੇ ਵੀ ਟਰਾਂਸਫਰਮਰ ਦੇ ਸੜਨ ਜਾਂ ਹੋਰ ਤਕਨੀਕੀ ਕਾਰਨ ਕਰਕੇ ਸਪਲਾਈਚ ਰੁਕਾਵਟ ਆਉਂਦੀ ਹੈ, ਉਥੇ ਤੁਰੰਤ ਇਹ ਮੋਬਾਈਲ ਵੈਨਾਂ ਰਾਹੀਂ ਕੁਝ ਕੁ ਮਿੰਟਾਂ ਵਿੱਚ ਬਿਜਲੀ ਦੀ ਸਪਲਾਈ ਚਾਲੂ ਕਰ ਦਿੱਤੀ ਜਾਵੇਗੀ।

## ...ਸਫ਼ਾ 1 ਦੇ ਬਾਕੀ

### ਕਾਫੀ ਲੰਮਾ ਹੈ ਭਾਰਤ ਤੇ ਪਾਕਿਸਤਾਨ ...

ਖੇਤਰ ਵਿੱਚ ਘੁਸਪੈਠ ਕਰ ਗਏ। ਗੁਪਤ ਕਾਰਵਾਈ, ਜਿਸ ਨੂੰ 'ਅਪ੍ਰੇਸ਼ਨ ਜਿਬਰਾਲਟਰ' ਵਜੋਂ ਜਾਣਿਆ ਜਾਂਦਾ ਹੈ, ਦਾ ਮੰਤਵ ਖੇਤਰ ਨੂੰ ਅਸਥਿਰ ਕਰਨਾ ਅਤੇ ਸਥਾਨਕ ਵਿਦਰੋਹਾਂ ਨੂੰ ਭੜਕਾਉਣਾ ਸੀ। ਭਾਰਤ ਨੇ ਜਵਾਬੀ ਹਮਲਾ ਸ਼ੁਰੂ ਕੀਤਾ, ਜੋ ਕੌਮਾਂਤਰੀ ਸਰਹੱਦ 'ਤੇ ਪੂਰੀ ਵੱਡੀ ਲੜਾਈ ਵਿੱਚ ਬਦਲ ਗਿਆ। ਇਹ ਜੰਗ 23 ਸਤੰਬਰ, 1965 ਤੱਕ ਜਾਰੀ ਰਹੀ, ਜਦੋਂ ਦੋਵੇਂ ਧਿਰਾਂ ਸੋਵੀਅਤ ਯੂਨੀਅਨ ਅਤੇ ਅਮਰੀਕਾ ਦੀ ਵਿਚੋਲਗੀ ਨਾਲ ਜੰਗਬੰਦੀ ਲਈ ਸਹਿਮਤ ਹੋ ਗਈਆਂ।

1971 ਦੀ ਭਾਰਤ-ਪਾਕਿਸਤਾਨ ਜੰਗ ਪਾਕਿਸਤਾਨੀ ਫੌਜ ਵੱਲੋਂ ਪੂਰਬੀ ਪਾਕਿਸਤਾਨ (ਹੁਣ ਬੰਗਲਾਦੇਸ਼) 'ਤੇ ਕਾਰਵਾਈ ਅਤੇ ਆਜ਼ਾਦੀ ਦੀ ਮੰਗ ਕਾਰਨ ਸ਼ੁਰੂ ਹੋਈ ਸੀ। ਭਾਰਤ ਬੰਗਲਾਦੇਸ਼ੀ ਆਜ਼ਾਦੀ ਅੰਦੋਲਨ ਦੇ ਸਮਰਥਨ ਵਿੱਚ ਜੰਗ ਵਿੱਚ ਸ਼ਾਮਲ ਹੋਇਆ ਅਤੇ ਪੂਰਬੀ ਅਤੇ ਪੱਛਮੀ ਦੋਵਾਂ ਮੋਰਚਿਆਂ 'ਤੇ ਤਿੱਖੀ ਲੜਾਈ ਤੋਂ ਬਾਅਦ ਪਾਕਿਸਤਾਨ ਦੀਆਂ ਫੌਜਾਂ ਨੇ 16 ਦਸੰਬਰ, 1971 ਨੂੰ ਆਤਮ-ਸਮਰਪਣ ਕਰ ਦਿੱਤਾ। ਇਸ ਜੰਗ ਨੇ ਬੰਗਲਾਦੇਸ਼ ਨੂੰ ਇੱਕ ਸੁਤੰਤਰ ਰਾਸ਼ਟਰ ਵਜੋਂ ਸਿਰਜਿਆ।

1999 ਦੀ ਕਾਰਗਿਲ ਜੰਗ ਭਾਰਤ ਅਤੇ ਪਾਕਿਸਤਾਨ ਵਿਚਕਾਰ ਵੱਡਾ ਟਕਰਾਅ ਸੀ, ਜੋ ਮਈ ਤੋਂ ਜੁਲਾਈ ਤੱਕ ਪਾਕਿਸਤਾਨੀ ਫੌਜਾਂ ਅਤੇ ਅੱਤਵਾਦੀਆਂ ਵੱਲੋਂ ਜੰਮੂ ਅਤੇ ਕਸ਼ਮੀਰ ਦੇ ਕਾਰਗਿਲ ਸੈਕਟਰ ਵਿੱਚ ਚੋਟੀਆਂ 'ਤੇ ਕਬਜ਼ਾ ਕੀਤੇ ਜਾਣ ਕਰਕੇ ਸ਼ੁਰੂ ਹੋਇਆ ਸੀ। ਭਾਰਤ ਨੇ ਹਵਾਈ ਸੈਨਾ ਸਬੰਧਤ ਖੇਤਰ ਨੂੰ ਮੁੜ ਪ੍ਰਾਪਤ ਕਰਨ ਲਈ 'ਅਪ੍ਰੇਸ਼ਨ ਵਿਜੇ' ਸ਼ੁਰੂ ਕੀਤਾ। ਇਹ ਜੰਗ 26 ਜੁਲਾਈ ਨੂੰ ਭਾਰਤ ਦੇ ਕੰਟਰੋਲ ਮੁੜ ਹਾਸਲ ਕਰਨ ਨਾਲ ਖਤਮ ਹੋਈ। ਇਸ ਦਿਨ ਨੂੰ ਹੁਣ 'ਕਾਰਗਿਲ ਵਿਜੈ ਦਿਵਸ' ਵਜੋਂ ਮਨਾਇਆ ਜਾਂਦਾ ਹੈ।

18 ਸਤੰਬਰ, 2016 ਨੂੰ ਜੰਮੂ-ਕਸ਼ਮੀਰ ਦੇ ਉੜੀ ਵਿੱਚ ਭਾਰਤੀ ਫੌਜ ਦੇ ਅੱਡੇ 'ਤੇ ਅੱਤਵਾਦੀ ਹਮਲੇ, ਜਿਸ ਵਿੱਚ 19 ਫੌਜੀ ਮਾਰੇ ਗਏ ਸਨ, ਮਗਰੋਂ ਭਾਰਤ ਨੇ 28-29 ਸਤੰਬਰ ਨੂੰ ਕੰਟਰੋਲ ਰੇਖਾ ਦੇ ਪਾਰ ਇੱਕ ਸਰਜੀਕਲ ਸਟਰਾਈਕ ਕੀਤੀ। ਭਾਰਤੀ ਫੌਜ ਨੇ ਮਕਬੂਜ਼ਾ ਕਸ਼ਮੀਰ ਵਿੱਚ ਕਈ ਅੱਤਵਾਦੀ ਲਾਂਚ ਪੈਡਾਂ ਨੂੰ ਨਿਸ਼ਾਨਾ ਬਣਾਇਆ, ਜਿਸ ਵਿੱਚ ਘੁਸਪੈਠ ਦੀ ਤਿਆਰੀ ਕਰ ਰਹੇ ਅਤਿਵਾਦੀਆਂ ਦਾ ਕਾਫ਼ੀ ਜਾਨੀ ਮਾਲੀ ਨੁਕਸਾਨ ਹੋਣ ਦਾ ਦਾਅਵਾ ਕੀਤਾ ਗਿਆ।

26 ਫਰਵਰੀ, 2019 ਨੂੰ ਭਾਰਤੀ ਹਵਾਈ ਫੌਜ ਨੇ ਪੁਲਵਾਮਾ ਅੱਤਵਾਦੀ ਹਮਲੇ, ਜਿਸ ਵਿੱਚ ਸੀ ਆਰ ਪੀ ਐੱਫ ਦੇ 40 ਜਵਾਨ ਮਾਰੇ ਗਏ ਸਨ, ਦੇ ਜਵਾਬ ਵਿੱਚ ਪਾਕਿਸਤਾਨ ਦੇ ਬਾਲਾਕੋਟ ਵਿੱਚ ਜੈਸ਼-ਏ-ਮੁਹੰਮਦ ਦੇ ਅੱਤਵਾਦੀ ਸਿਖਲਾਈ ਕੈਂਪ 'ਤੇ ਹਵਾਈ ਹਮਲੇ ਕੀਤੇ ਗਏ। ਲੜਾਕੂ ਜਹਾਜ਼ਾਂ ਦੀ ਵਰਤੋਂ ਕਰਦੇ ਹੋਏ ਭਾਰਤ ਨੇ ਪਾਕਿਸਤਾਨੀ ਖੇਤਰ ਦੇ ਅੰਦਰ ਕੈਂਪ ਨੂੰ ਨਿਸ਼ਾਨਾ ਬਣਾਇਆ, ਜੋ 1971 ਦੀ ਜੰਗ ਤੋਂ ਬਾਅਦ ਪਹਿਲਾ ਅਜਿਹਾ ਹਵਾਈ ਹਮਲਾ ਸੀ।

### ਬਠਿੰਡਾ ਦੇ ਪਿੰਡ 'ਚ ਜਹਾਜ਼ ਡਿੱਗਾ...

ਹੋਈ ਹੈ, ਜੋ ਕਿ ਹਰਿਆਣਾ ਦੇ ਚਰਖੀ ਦਾਦਰੀ ਦਾ ਰਹਿਣ ਵਾਲਾ ਖੇਤ ਮਜ਼ਦੂਰ ਸੀ। ਚਸ਼ਮਦੀਦਾਂ ਅਨੁਸਾਰ ਕਈ ਖੇਤ ਮਜ਼ਦੂਰ ਮੰਗਲਵਾਰ ਦੇਰ ਰਾਤ ਸਥਾਨਕ ਅਨਾਜ ਮੰਡੀ ਵਿੱਚ ਸਨ ਜਦੋਂ ਉਨ੍ਹਾਂ ਨੇ ਇੱਕ ਜਹਾਜ਼ ਨੂੰ ਅਸਾਧਾਰਨ ਤੌਰ 'ਤੇ ਹੇਠਾਂ ਆਉਂਦੇ ਦੇਖਿਆ ਅਤੇ ਕੁਝ ਪਲਾਂ ਬਾਅਦ ਇਹ ਖੇਤਾਂ ਵਿੱਚ ਹਾਦਸਾਗ੍ਰਸਤ ਹੋ ਗਿਆ। ਜਹਾਜ਼ ਡਿੱਗਣ ਤੋਂ ਬਾਅਦ ਜਿਵੇਂ ਹੀ ਕੁਝ ਲੋਕ ਅੱਗ ਦੇ ਮਲਬੇ ਕੋਲ ਪਹੁੰਚੇ ਤਾਂ ਇੱਕ ਧਮਾਕਾ ਹੋਇਆ, ਜਿਸ ਵਿੱਚ ਗੋਵਿੰਦ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ 9 ਹੋਰ ਜ਼ਖਮੀ ਹੋ ਗਏ।

### ਪਾਕਿਸਤਾਨ 'ਤੇ ...

ਮੌਤ ਅਤੇ ਜ਼ਖ਼ਮੀ ਹੋਣ ਦੀ ਖਬਰ ਹੈ। 1971 ਦੀ ਜੰਗ ਤੋਂ ਬਾਅਦ ਭਾਵ 54 ਸਾਲ ਵਿੱਚ ਪਾਕਿਸਤਾਨੀ ਪੰਜਾਬ ਉੱਤੇ ਪਹਿਲਾ ਫੌਜੀ ਹਮਲਾ ਹੈ। ਇਸ ਤੋਂ ਪਹਿਲਾਂ ਹੋਏ ਹਮਲਿਆਂ ਜਾਂ ਝੜਪਾਂ, ਜਿਨ੍ਹਾਂ ਵਿੱਚ ਕਾਰਗਿਲ ਜੰਗ ਵੀ ਸ਼ਾਮਲ ਹੈ, ਦੌਰਾਨ ਪੰਜਾਬ ਦੇ ਪਾਕਿਸਤਾਨੀ ਪਾਸੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ। ਪਾਕਿਸਤਾਨੀ ਫੌਜ ਤੇ ਮੁਲਕ ਦਾ ਹਾਕਮ ਵਰਗ ਮੁੱਖ ਤੌਰ 'ਤੇ ਲਹਿੰਦੇ ਪੰਜਾਬ ਤੋਂ ਹੈ।

## ਧਰਨੇ ਮੁਜ਼ਾਹਰੇ ਦੇ ਜਮਹੂਰੀ ਹੱਕ ਖੋਹਣ ਵਾਲੇ ਤਾਨਾਸ਼ਾਹੀ ਫੁਰਮਾਨ ਦੀ ਨਿੰਦਾ



**ਜਲਾਲਾਬਾਦ (ਜੀਤ ਕੁਮਾਰ)** ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ (ਰਜਿ.ਨੰ.31) ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਹੱਕਾਂ ਲਈ ਸੰਘਰਸ਼ਸ਼ੀਲ ਪੰਜਾਬ ਦੇ ਲੋਕਾਂ ਨੂੰ ਸੰਘਰਸ਼ ਕਰਨ ਖਿਲਾਫ਼ ਦਿੱਤੀ ਚੇਤਾਵਨੀ ਦੀ ਸਖਤ ਸ਼ਬਦਾਂ 'ਚ ਨਿੰਦਾ ਕਰਦਿਆਂ ਇਸ ਨੂੰ ਗੈਰ-ਜਮਹੂਰੀ ਅਤੇ ਤਾਨਾਸ਼ਾਹ ਫੁਰਮਾਨ ਕਰਾਰ ਦਿੱਤਾ ਹੈ। ਪ੍ਰੈਸ ਬਿਆਨ ਜਾਰੀ ਕਰਦਿਆਂ ਯੂਨੀਅਨ ਦੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਰਨਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ, ਸੂਬਾ ਸੀਨੀਅਰ ਮੀਤ ਪ੍ਰਧਾਨ ਹਾਕਮ ਸਿੰਘ ਧਨੇਠਾ, ਸੂਬਾ ਪ੍ਰੈਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ, ਜੁਆਇੰਟ ਪ੍ਰੈਸ ਸਕੱਤਰ ਜਸਵੀਰ ਸਿੰਘ ਸੀਰਾ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੰਘਰਸ਼ ਕਰਨ ਦੇ ਲੋਕਾਂ ਦੇ ਜਮਹੂਰੀ ਹੱਕ ਨੂੰ ਕੁਚਲਣ ਦਾ ਐਲਾਨ ਕੀਤਾ ਗਿਆ ਹੈ ਤੇ ਧਰਨਿਆਂ, ਮੁਜ਼ਾਹਰਿਆਂ, ਹੜਤਾਲਾਂ ਵਰਗੀਆਂ ਸਧਾਰਨ ਪ੍ਰਵਾਨਤ ਸੰਘਰਸ਼ ਸ਼ਕਲਾਂ ਨੂੰ ਵੀ ਗ਼ੈਰ-ਕਾਨੂੰਨੀ ਕਰਾਰ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਮੁੱਖ ਮੰਤਰੀ ਦੇ ਬਿਆਨ 'ਤੇ ਲਗਭਗ ਪਿਛਲੇ ਦੋ ਮਹੀਨਿਆਂ ਦੇ ਸੰਘਰਸ਼ਾਂ ਪ੍ਰਤੀ ਅਖਤਿਆਰ ਰਵੱਈਆ ਦੱਸਦਾ ਹੈ ਕਿ ਸੂਬੇ ਦੀ 'ਆਪ' ਸਰਕਾਰ ਪੂਰੀ ਤਰ੍ਹਾਂ ਲੋਕਾਂ ਦੇ ਸੰਘਰਸ਼ ਕਰਨ ਦੇ ਜਮਹੂਰੀ ਹੱਕ ਨੂੰ ਕੁਚਲਣ 'ਤੇ ਆ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਵੱਲੋਂ ਆਪਣੇ ਹੱਕਾਂ ਲਈ ਧਰਨਿਆਂ-ਮੁਜ਼ਾਹਰਿਆਂ ਦੇ ਰਾਹ ਪੈਣ ਦਾ ਜ਼ੋਰ ਫੜ ਰਿਹਾ ਰੁਝਾਨ ਇਸ ਗੱਲ ਦਾ ਸਬੂਤ ਹੈ ਕਿ ਪੰਜਾਬ ਸਰਕਾਰ, ਸਮਾਜ ਦੇ ਵੱਖ ਵੱਖ ਮਿਹਨਤਕਸ਼ ਵਰਗਾਂ ਦੇ ਹੱਕੀ ਮਸਲੇ ਹੱਲ ਕਰਨ ਵਿੱਚ ਨਾਕਾਮ ਹੈ ਤੇ ਇਸਦੀ ਪਹੁੰਚ ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਦੀ ਥਾਂ ਲੋਕਾਂ ਦੀ ਆਵਾਜ਼ ਨੂੰ ਦਬਾਉਣ ਦੀ ਹੈ। ਪੰਜਾਬ ਦੀ 'ਆਪ' ਸਰਕਾਰ ਕਾਰਪੋਰੇਟ ਘਰਾਣਿਆਂ ਦੀ ਸੇਵਾ ਵਾਲੇ ਅਖੌਤੀ ਵਿਕਾਸ ਮਾਡਲ ਨੂੰ ਲਾਗੂ ਕਰਨ 'ਤੇ ਤੁਲੀ ਹੋਈ ਹੈ। ਲੋਕਾਂ ਦੀ ਰੋਜ਼ੀ ਰੋਟੀ ਤੇ ਰੁਜ਼ਗਾਰ ਦੇ ਮਸਲੇ ਦਿਨੋਂ ਦਿਨ ਗੰਭੀਰ ਹੋ ਰਹੇ ਹਨ ਅਤੇ ਸਰਕਾਰ ਇਹਨਾਂ ਦਾ ਹੱਲ ਕਰਨ ਦੀ ਥਾਂ ਜ਼ਬਰ ਕਰਨ ਤੇ ਤੁਰੀ ਹੋਈ ਹੈ। ਆਗੂਆਂ ਨੇ ਮੰਗ ਕੀਤੀ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਆਪਣਾ ਇਹ ਜਾਬਰ ਰਵੱਈਆ ਤਬਦੀਲ ਕਰੇ। ਸੰਘਰਸ਼ਸ਼ੀਲ ਲੋਕਾਂ ਦੀ ਆਵਾਜ਼ ਵੱਲ ਕੰਨ ਧਰੇ। ਸਾਰੇ ਮਿਹਨਤਕਸ਼ ਵਰਗਾਂ ਦੇ ਲੋਕਾਂ ਦੇ ਹੱਕੀ ਮਸਲੇ ਹੱਲ ਕੀਤਾ ਜਾਵੇ। ਵਾਟਰ ਸਪਲਾਈ ਸਕੀਮਾਂ ਦਾ ਨਿੱਜੀਕਰਨ/ਪੰਚਾਇਤੀਕਰਨ ਅਤੇ ਸਕਾਡਾ ਸਿਸਟਮ ਲਾਉਣ ਵਾਲੀਆਂ ਲੋਕ ਤੇ ਸਾਲਾਂਬੱਧੀ ਅਰਸੇ ਤੋਂ ਕੰਮ ਕਰਦੇ ਠੇਕਾ ਮੁਲਾਜ਼ਮ ਵਿਰੋਧੀ ਨੀਤੀਆਂ ਨੂੰ ਰੱਦ ਕਰਕੇ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਸਹੂਲਤ ਦਾ ਖੁਦ ਸਰਕਾਰ ਵੱਲੋਂ ਪ੍ਰਬੰਧ ਕੀਤਾ ਜਾਵੇ। ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ 'ਚ ਪਿਛਲੇ 15-20 ਸਾਲਾਂ ਤੋਂ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਅਤੇ ਆਊਟਸੋਰਸ ਠੇਕਾ ਅਧਾਰਤ ਮੁਲਾਜ਼ਮਾਂ ਦਾ ਪੱਕਾ ਰੁਜ਼ਗਾਰ ਕਰਨ ਦਾ ਫ਼ੈਸਲਾ ਕੀਤਾ ਜਾਵੇ। ਨਹੀਂ ਤਾਂ ਉਪਰੋਕਤ ਯੂਨੀਅਨ ਸੰਘਰਸ਼ ਕਰਨ ਦੇ ਜਮਹੂਰੀ ਹੱਕ ਨੂੰ ਪੁਗਾਉਣ ਲਈ ਦ੍ਰਿੜ੍ਹ ਹੈ ਤੇ ਹਰ ਹਾਲ ਇਸ ਹੱਕ ਦੀ ਰਾਖੀ ਲਈ ਡਟੇਗੀ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : ਚੰਦ ਸਿੰਘ ਉਰਫ਼ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਪੰਧੇਰ-ਬੱਬੇਹਾਲੀ ਦੇ ਖੇਤਾਂ 'ਚ ਹੋਏ ਧਮਾਕੇ ਨਾਲ ਸਥਾਨਕ ਲੋਕਾਂ 'ਚ ਦਹਿਸ਼ਤ ਵਾਲਾ ਮਾਹੌਲ

**ਗੁਰਦਾਸਪੁਰ, (ਜਨਕ ਮਹਾਜਨ)**

ਭਾਰਤ-ਪਾਕਿਸਤਾਨ ਦੇ ਆਪਸੀ ਚੱਲ ਰਹੇ ਤਣਾਅ ਕਾਰਨ ਬੀਤੀ ਰਾਤ 1 ਵਜੇ ਦੇ ਕਰੀਬ ਤਿੱਬੜੀ ਛਾਉਣੀ ਗੁਰਦਾਸਪੁਰ ਨਾਲ ਪੈਂਦੇ ਪਿੰਡ ਪੰਧੇਰ-ਬੱਬੇਹਾਲੀ ਵਿਚਕਾਰ ਖੇਤਾਂ ਵਿੱਚ ਇੱਕ ਵੱਡਾ ਧਮਾਕਾ ਹੋਇਆ ਅਤੇ ਲਾਗਲੇ ਪਿੰਡਾਂ ਦੇ ਲੋਕ ਵੱਡਾ ਧਮਾਕਾ ਵੇਖ ਕੇ ਦਹਿਸ਼ਤ ਦੇ ਆਲਮ ਵਿੱਚ ਡੁੱਬੇ ਹੋਏ ਹਨ। ਪਿੰਡ ਪੰਧੇਰ ਦੇ ਵਾਸੀ ਦੀਵਾਨ ਸਿੰਘ ਪੁੱਤਰ ਰਘਵੀਰ ਸਿੰਘ ਅਤੇ ਹੋਰ ਪਿੰਡ ਵਾਸੀਆਂ ਨੇ ਦੱਸਿਆ ਕਿ ਕਾਫੀ ਉਚਾਈ ਵਿੱਚ ਜਹਾਜ਼ ਅਸਮਾਨ 'ਤੇ ਚੱਲ ਰਿਹਾ ਸੀ ਅਤੇ ਖਦਸ਼ਾ ਪਾਇਆ ਜਾ ਰਿਹਾ ਹੈ ਕਿ ਉਸ ਰਾਹੀਂ ਖੇਤਾਂ ਵਿੱਚ ਕੋਈ ਚੀਜ਼ ਡਿੱਗਣ ਕਾਰਨ ਲੋਕਾਂ ਦਾ ਜਾਨੀ ਮਾਲੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ ਪਰ ਖੇਤਾਂ ਵਿਚ ਡਿਗੇ ਲੋਹੇ ਦੇ ਕਾਫੀ ਪੁਰਜ਼ੇ ਦੂਰ ਤੱਕ ਡਿੱਗੇ। ਲੋਕਾਂ ਦਾ ਕਹਿਣਾ ਸੀ ਕਿ ਇਹ ਜਹਾਜ਼ ਰਾਹੀਂ ਕੋਈ ਚੀਜ਼ ਹੇਠਾਂ ਡਿੱਗੀ ਹੈ ਜਦੋਂ ਕਿ ਇੱਥੋਂ ਤਿੱਬੜੀ ਛਾਉਣੀ ਸਿਰਫ ਦੋ ਕਿਲੋਮੀਟਰ 'ਤੇ ਹੀ ਪੈਂਦੀ ਹੈ ਅਤੇ ਧਮਾਕੇ ਤੋਂ ਬਾਅਦ ਆਰਮੀ ਤਿੱਬੜੀ ਵੱਲੋਂ ਆਪਣੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਜ਼ੋਰਦਾਰ ਹੋਏ ਧਮਾਕੇ ਨਾਲ ਕਈ ਘਰਾਂ ਦੀਆਂ ਖਿੜਕੀਆਂ ਦੇ ਸ਼ੀਸ਼ੇ ਵੀ ਟੁੱਟ ਗਏ ਹਨ। ਲੋਕਾਂ ਨੇ ਦੱਸਿਆ ਕਿ ਤਿੱਬੜੀ ਛਾਉਣੀ ਵੱਲੋਂ ਬਲੈਕ ਆਊਟ ਕਰ ਦਿੱਤਾ ਗਿਆ। ਪੱਤਰਕਾਰ ਨੇ ਉਕਤ ਜਗ੍ਹਾ ਦਾ ਦੌਰਾ ਕੀਤਾ ਤਾਂ ਇਲਾਕੇ ਦੇ ਪਿੰਡਾਂ ਦੇ ਲੋਕਾਂ ਤੇ ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਅਦਿੱਤਿਆ ਤੇ ਆਰਮੀ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਡਿੱਗੇ ਹੋਏ ਲੋਹੇ ਦੇ ਪੁਰਜ਼ੇ ਵਗੈਰਾ ਦੀ ਜਾਂਚ ਪੜਤਾਲ ਕਰ ਸ਼ੁਰੂ ਕਰ ਦਿੱਤੀ ਹੈ। ਆਰਮੀ ਦੇ ਅਧਿਕਾਰੀਆਂ ਵੱਲੋਂ ਇਸ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਸੀ ਅਤੇ ਕੁੱਤਿਆਂ ਦੇ ਸਕੁਐਡ ਵੀ ਮੌਜੂਦ ਸੀ। ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਪੁਲਿਸ ਮੁਖੀ ਗੁਰਦਾਸਪੁਰ ਅਦਿੱਤਿਆ ਨੇ ਦੱਸਿਆ ਕਿ ਗੁਰਦਾਸਪੁਰ ਦੀ ਜਨਤਾ ਨੂੰ ਘਬਰਾਉਣ ਦੀ ਬਿਲਕੁਲ ਵੀ ਲੋੜ ਨਹੀਂ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਪੁਖਤਾ ਪ੍ਰਬੰਧ ਕੀਤੇ ਗਏ ਹਨ ਪਰ ਉਨ੍ਹਾਂ ਲੋਹੇ ਦੇ ਡਿੱਗੇ ਹੋਏ ਟੁਕੜਿਆਂ ਬਾਰੇ ਕੋਈ ਵੀ ਗੱਲ ਸਪਸ਼ਟ ਨਹੀਂ ਕੀਤੀ। ਉਨ੍ਹਾਂ ਕਿਹਾ ਆਰਮੀ ਦੀ ਜਾਂਚ ਤੋਂ ਬਾਅਦ ਹੀ ਇਹ ਸਪਸ਼ਟ ਕੀਤਾ ਜਾਵੇਗਾ ਕਿ ਇਹ ਕਿਸ ਚੀਜ਼ ਦੇ ਟੁਕੜੇ ਡਿੱਗੇ ਪਏ ਹਨ। ਪੁਲਸ ਪ੍ਰਸ਼ਾਸਨ ਵੱਲੋਂ ਡਿੱਗੀ ਲੋਹੇ ਨੁਮਾ ਚੀਜ਼ ਨਜ਼ਦੀਕ ਵੱਡੇ ਪੱਧਰ 'ਤੇ ਪੁਲਸ ਤੈਨਾਤ ਕੀਤੀ ਗਈ ਹੈ ਅਤੇ ਜਾਂਚ ਵੀ ਚੱਲ ਰਹੀ ਸੀ। ਐੱਸ.ਐੱਸ.ਪੀ. ਨਾਲ ਆਰਮੀ ਦੇ ਅਧਿਕਾਰੀ, ਐੱਸ.ਪੀ. ਹੈੱਡਕੁਆਰਟਰ, ਡੀ. ਐੱਸ. ਪੀ. ਤੋਂ ਇਲਾਵਾ ਐੱਸ. ਐੱਚ. ਓ. ਤੇ ਵੱਡੀ ਗਿਣਤੀ ਵਿੱਚ ਪੁਲਿਸ ਮੁਲਾਜ਼ਮ ਹਾਜ਼ਰ ਸਨ।



# ਮਾਨ ਸਰਕਾਰ ਨੇ ਨਹਿਰਾਂ ਦਾ ਪਾਣੀ ਖੇਤਾਂ ਦੀਆਂ ਟੇਲਾਂ ਤੱਕ ਪਹੁੰਚਾਇਆ : ਸ਼ੈਰੀ ਕਲਸੀ

**ਬਟਾਲਾ, (ਡਾ. ਮਲਵਿੰਦਰ ਸਿੰਘ)**-ਬਟਾਲਾ ਦੇ ਨੌਜਵਾਨ ਵਿਧਾਇਕ ਅਤੇ ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ, ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਬੀਬੀਐੱਮਬੀ ਵੱਲੋਂ ਵਾਧੂ ਪਾਣੀ ਛੱਡਣ ਦੇ ਮੁੱਦੇ 'ਤੇ ਪੰਜਾਬ ਸਰਕਾਰ ਵੱਲੋਂ ਬੁਲਾਏ ਵਿਸ਼ੇਸ਼ ਸੈਸ਼ਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਕੇਵਲ ਇਕ ਪ੍ਰਸ਼ਾਸਨਿਕ ਫੈਸਲਾ ਨਹੀਂ, ਸਗੋਂ ਪੰਜਾਬ ਦੇ ਪਾਣੀ ਅਧਿਕਾਰ ਅਤੇ ਕਿਸਾਨਾਂ ਦੇ ਹੱਕ ਲਈ ਇੱਕ ਇਤਿਹਾਸਕ ਕਦਮ ਹੈ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਭਾਰਤ ਦੀ ਆਜ਼ਾਦੀ ਤੋਂ ਬਾਅਦ ਪੰਜਾਬ ਨਾਲ ਹਮੇਸ਼ਾ ਪਾਣੀ ਦੇ ਬਟਵਾਰੇ ਵਿੱਚ ਬੇਇਨਸਾਫ਼ੀ ਹੋਈ ਹੈ।ਨਾਜਾਇਜ਼ ਸੰਧੀਆਂ ਅਤੇ ਕਾਨੂੰਨਾਂ ਰਾਹੀਂ ਪੰਜਾਬ ਦੇ ਹੱਕਾਂ ਦੀ ਲੁੱਟ ਕੀਤੀ ਗਈ। ਉਨ੍ਹਾਂ ਕਿਹਾ ਕਿ ਇਹ ਨਾ ਸਿਰਫ ਕੇਂਦਰ ਸਰਕਾਰ ਦੀ ਭੂਮਿਕਾ ਰਹੀ, ਸਗੋਂ ਉਸ ਸਮੇਂ ਦੀਆਂ ਪੰਜਾਬ ਸਰਕਾਰਾਂ ਦੀ ਵੀ ਇਸ ਵਿੱਚ ਭਾਗੀਦਾਰੀ ਸੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰਿਆਣਾ ਨੂੰ ਆਪਣੇ ਹਿੱਸੇ ਵਿੱਚੋਂ ਇੱਕ ਵੀ ਬੂੰਦ ਵਾਧੂ ਪਾਣੀ ਨਹੀਂ ਦੇਵੇਗੀ।ਇਸ ਵੇਲੇ ਮਾਨਵਤਾ ਦੇ ਆਧਾਰ 'ਤੇ ਪੀਣ ਵਾਲੇ ਪਾਣੀ ਵਜੋਂ ਸਿਰਫ 4000 ਕਿਊਸਿਕ ਪਾਣੀ ਦਿੱਤਾ ਜਾ ਰਿਹਾ ਹੈ, ਜੋ ਜਾਰੀ ਰਹੇਗਾ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਵਲੋਂ ਮੋਘਿਆਂ ਦੀ ਮੁਰੰਮਤ ਹੋ ਰਹੀ ਹੈ ਤੇ ਨਹਿਰਾਂ ਦਾ ਪਾਣੀ ਖੇਤਾਂ ਦੀਆਂ ਟੇਲਾਂ ਤੱਕ ਪਹੁੰਚਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਦੇ ਮੰਤਵ ਨਾਲ ਨਹਿਰੀ ਪਾਣੀ ਨੂੰ ਖੇਤਾਂ ਤੱਕ ਪਹੁੰਚਾਉਣ ਲਈ ਸਰਕਾਰ ਦ੍ਰਿੜ ਸੰਕਲਪ ਹੈ ਅਤੇ ਸਰਕਾਰ ਦੇ ਯਤਨ ਜਾਰੀ ਹਨ।

# 'ਮਾਣ-ਭੱਤਾ ਵਰਕਰਜ਼ ਸਾਂਝੇ ਮੋਰਚੇ' ਵੱਲੋਂ ਅੰਮ੍ਰਿਤਸਰ ਵਿਖੇ ਜ਼ਿਲ੍ਹਾ ਪੱਧਰੀ ਰੈਲੀ 10 ਨੂੰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਡੈਮੋਕ੍ਰੈਟਿਕ ਆਸ਼ਾ ਵਰਕਰਜ਼ ਫੈਸਿਲੀਟੇਟਰ ਯੂਨੀਅਨ ਅਤੇ ਮਿਡ-ਡੇ-ਮੀਲ ਵਰਕਰਜ਼ ਯੂਨੀਅਨ ਵੱਲੋਂ ਸਾਂਝੇ ਤੌਰ 'ਤੇ ਮਾਣ ਭੱਤਾ ਵਰਕਰਜ਼ ਸਾਂਝੇ ਮੋਰਚੇ ਦੇ ਬੈਨਰ ਹੇਠ 10 ਮਈ ਨੂੰ ਸਵੇਰੇ 10 ਵਜੇ ਨਹਿਰੀ ਦਫ਼ਤਰ ਅੰਮ੍ਰਿਤਸਰ ਅੰਮ੍ਰਿਤਸਰ ਵਿਖੇ ਜ਼ਿਲ੍ਹਾ ਪੱਧਰੀ ਰੈਲੀ ਕਰਨ ਦਾ ਫੈਸਲਾ ਕੀਤਾ ਗਿਆ ਹੈ।ਇਸ ਜ਼ਿਲ੍ਹਾ ਕਮੇਟੀ ਦੀ ਸਾਂਝੀ ਮੀਟਿੰਗ ਕੀਤੀ ਗਈ ਜਿਸ ਵਿੱਚ ਦੋਵਾਂ ਜਥੇਬੰਦੀਆਂ ਵੱਲੋਂ ਪਰਮਜੀਤ ਕੌਰ ਮਾਨ, ਮਮਤਾ ਸ਼ਰਮਾ, ਸਰਬਜੀਤ ਕੌਰ ਛੱਜਲਵੱਡੀ ਅਤੇ ਹਰਜਿੰਦਰ ਕੌਰ ਗਹਿਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਆਪਣੀ ਸਰਕਾਰ ਦੇ ਤਿੰਨ ਸਾਲ ਲੰਬੇ ਅਰਸੇ ਦੌਰਾਨ ਵੀ ਮਾਣ-ਭੱਤਾ ਵਰਕਰਾਂ ਦੀ ਤਨਖਾਹ ਦੁਗਣੀ ਕਰਨ ਦੀ ਦਿੱਤੀ ਗਰੰਟੀ ਨੂੰ ਲਾਗੂ ਨਹੀਂ ਕੀਤਾ ਗਿਆ।ਉਨ੍ਹਾਂ ਨੇ ਕਿਹਾ ਕਿ ਸੰਵਿਧਾਨ ਅਨੁਸਾਰ ਦੇਸ਼ ਅੰਦਰ ਕੰਮ ਕਰਨ ਵਾਲੇ ਹਰੇਕ ਵਰਕਰ ਨੂੰ ਬਿਨਾ ਕਿਸੇ ਭੇਦ ਭਾਵ ਦੇ ਘੱਟੋ ਘੱਟ ਉਜਰਤਾਂ ਦੇਣਾ ਹਰੇਕ ਜ਼ਮਹੂਰੀ ਸਰਕਾਰ ਦੀ ਮੁਢਲੀ ਜ਼ਿੰਮੇਵਾਰੀ ਹੁੰਦੀ ਹੈ ਪ੍ਰੰਤੂ ਪੰਜਾਬ ਦੀਆਂ ਸਭ ਸਰਕਾਰਾਂ ਵੱਲੋਂ ਮਿਡ ਡੇ ਮੀਲ ਵਰਕਰਾਂ ਅਤੇ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਨੂੰ ਇਸ ਮੌਲਿਕ ਅਧਿਕਾਰ ਤੋਂ ਵਾਂਝਾ ਰੱਖ ਕੇ ਉਨ੍ਹਾਂ ਦਾ ਸ਼ੋਸ਼ਣ ਕੀਤਾ ਜਾਂਦਾ ਰਿਹਾ ਹੈ ਜੋ ਕਿ ਇਨਕਲਾਬ ਦੇ ਨਾਅਰੇ ਲਗਾ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਵੀ ਬਾਦਸਤੂਰ ਜਾਰੀ ਹੈ। ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੂੰ ਪ੍ਰਤੀ ਮਹੀਨਾ ਉੱਕਾ-ਪੁੱਕਾ ਢਾਈ ਹਜ਼ਾਰ ਰੁਪਏ ਅਤੇ ਮਿਡ ਡੇ ਮੀਲ ਵਰਕਰਾਂ ਨੂੰ ਤਿੰਨ ਹਜ਼ਾਰ ਰੁਪਏ ਦਿੱਤੇ ਜਾ ਰਹੇ ਹਨ, ਜਿਸ ਵਿੱਚ ਪਿਛਲੇ ਤਿੰਨ ਸਾਲ ਤੋਂ ਇੱਕੇ-ਦੁੱਕੇ ਦਾ ਵੀ ਵਾਧਾ ਨਹੀਂ ਕੀਤਾ ਗਿਆ ਜਦਕਿ ਇਸ ਸਮੇਂ ਦੌਰਾਨ ਮਹਿੰਗਾਈ ਛੜੱਪੇ ਮਾਰ ਕੇ ਵਧੀ ਹੈ।ਉਕਤ ਆਗੂਆਂ ਨੇ ਕਿਹਾ ਕਿ ਮਾਣ ਭੱਤਾ ਵਰਕਰਾਂ ਦੀ ਤਨਖਾਹ ਘੱਟੋ-ਘੱਟ ਤਨਖਾਹ ਦਰਜਾ ਚਾਰ ਮੁਲਾਜ਼ਮਾਂ ਦੇ ਬਰਾਬਰ ਕਰਵਾਉਣ ਅਤੇ ਹੋਰ ਮੰਗਾਂ ਮੰਨਵਾਉਣ ਲਈ ਮਾਣ ਭੱਤਾ ਵਰਕਰਜ਼ ਸਾਂਝੇ ਮੋਰਚੇ ਵੱਲੋਂ ਮਈ ਮਹੀਨੇ ਵਿੱਚ ਜ਼ਿਲ੍ਹਾ ਪੱਧਰੀ ਰੈਲੀਆਂ ਕਰਨ ਦਾ ਫੈਸਲਾ ਕੀਤਾ ਗਿਆ ਸੀ ਜਿਸ ਅਨੁਸਾਰ 10 ਮਈ ਦਿਨ ਸ਼ਨੀਵਾਰ ਨੂੰ ਨਹਿਰੀ ਦਫ਼ਤਰ ਅੰਮ੍ਰਿਤਸਰ ਵਿਖੇ ਮਾਣ ਭੱਤਾ ਵਰਕਰਾਂ ਵੱਲੋਂ ਜ਼ਿਲ੍ਹਾ ਪੱਧਰੀ ਰੈਲੀ ਕਰਨ ਉਪਰੰਤ ਅੰਮ੍ਰਿਤਸਰ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਘਰ ਵੱਲ ਮਾਰਚ ਕਰਕੇ ਆਮ ਆਦਮੀ ਪਾਰਟੀ ਵੱਲੋਂ ਕੀਤੇ ਗਏ ਚੋਣ ਵਾਅਦਿਆਂ ਬਾਰੇ ਬਾਰੇ ਯਾਦ ਪੱਤਰ ਦਿੱਤਾ ਜਾਵੇਗਾ।ਮੀਟਿੰਗ ਵਿੱਚ ਗੁਰਵੰਤ ਕੌਰ ਲੋਪੋਕੇ, ਕੰਵਲਜੀਤ ਕੌਰ ਲਸ਼ਕਰੀ ਨੰਗਲ, ਮਨਜੀਤ ਕੌਰ ਢਪੱਈਆਂ, ਹਰਜੀਤ ਕੌਰ ਛੇਹਰਟਾ, ਕੁਲਬੀਰ ਕੌਰ ਰਮਦਾਸ, ਪ੍ਰੇਮ ਲਤਾ ਅੰਮ੍ਰਿਤਸਰ, ਕੁਲਵੰਤ ਕੌਰ ਤਰਸਿੱਕਾ, ਖੁਸ਼ਬੂ ਗੋਪਾਲ ਨਗਰ, ਲਖਵਿੰਦਰ ਕੌਰ ਚੀਚਾ, ਪਰਮਜੀਤ ਕੌਰ ਲਹਿਰਕਾ, ਨਿਰਮਲ ਕੌਰ ਬੱਚੀਵਿੰਡ, ਜਸਵਿੰਦਰ ਕੌਰ ਮਹਿਤਾ, ਬਲਜਿੰਦਰ ਕੌਰ ਵੇਰਕਾ ਅਤੇ ਹਰਪ੍ਰੀਤ ਕੌਰ ਬਾਬਾ ਬਕਾਲਾ ਆਦਿ ਵੀ ਹਾਜ਼ਰ ਸਨ।

# ਰੇਲ ਗੱਡੀ ਹੇਠਾਂ ਆ ਕੇ ਅਣਪਛਾਤੇ ਵਿਅਕਤੀ ਦੀ ਮੌਤ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਐਤਵਾਰ ਨੂੰ ਰੇਲ ਗੱਡੀ ਹੇਠ ਆਉਣ ਕਰਕੇ ਇਕ ਵਿਅਕਤੀ ਦੀ ਮੌਤ ਹੋ ਗਈ ਸੀ, ਜਿਸ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ।ਥਾਣਾ ਜੀ ਆਰ ਪੀ ਅੰਮ੍ਰਿਤਸਰ ਦੇ ਏਐੱਸਆਈ ਬਿੱਕਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਐਤਵਾਰ ਨੂੰ ਤਾਰਾ ਵਾਲਾ ਪੁਲ ਨੇੜੇ ਇਕ ਵਿਅਕਤੀ ਦੀ ਰੇਲ ਗੱਡੀ ਹੇਠਾਂ ਆਉਣ ਕਰਕੇ ਮੌਤ ਹੋ ਗਈ ਸੀ, ਜਿਸ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦੀ ਉਮਰ 25-30 ਸਾਲ ਦੇ ਕਰੀਬ ਹੈ ਤੇ ਉਸ ਦੀ ਸੱਜੀ ਬਾਂਹ 'ਤੇ ਪੰਜਾਬੀ 'ਚ ਬੇਬੇ-ਬਾਪੂ ਲਿਖਿਆ ਹੋਇਆ ਹੈ।ਲਾਸ਼ ਥਾਣਾ ਜੀ ਆਰ ਪੀ ਵਿਚ 72 ਘੰਟੇ ਲਈ ਰੱਖੀ ਗਈ ਹੈ।ਉਨ੍ਹਾਂ ਦੱਸਿਆ ਕਿ ਮ੍ਰਿਤਕ ਦੀ ਪਛਾਣ ਲਈ ਮੋਬਾਈਲ ਫੋਨ ਨੰਬਰ 98142-40378 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਬਾਸਰਕੇ ਗਿੱਲਾਂ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਦਿਹਾੜਾ 11 ਨੂੰ : ਬਾਬਾ ਭੋਲਾ ਸਿੰਘ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**

ਤੀਸਰੇ ਗੁਰੂ ਅਮਰਦਾਸ ਜੀ ਮਹਾਰਾਜ ਦਾ ਪ੍ਰਕਾਸ਼ ਦਿਹਾੜਾ 11 ਮਈ ਐਤਵਾਰ ਨੂੰ ਗੁਰਦੁਆਰਾ ਜਨਮ ਅਸਥਾਨ ਬਾਸਰਕੇ ਗਿੱਲਾਂ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਸੰਪਰਦਾਇ ਕਾਰਸੇਵਾ ਸੰਤ ਬਾਬਾ ਖੜਕ ਸਿੰਘ, ਸੰਤ ਬਾਬਾ ਦਰਸ਼ਨ ਸਿੰਘ ਵੱਲੋਂ ਬਾਬਾ ਸੰਤੋਖ ਸਿੰਘ ਬੀੜ ਸਾਹਿਬ ਵਾਲਿਆਂ ਦੀ ਅਗਵਾਈ ਹੇਠ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਮਨਾਇਆ ਜਾਵੇਗਾ। ਜਾਣਕਾਰੀ ਦਿੰਦਿਆਂ ਜਥੇਦਾਰ ਬਾਬਾ ਭੋਲਾ ਸਿੰਘ ਬੀੜ ਸਾਹਿਬ ਵਾਲਿਆਂ ਨੇ ਦੱਸਿਆ ਕਿ ਸ੍ਰੀ ਅਮਰਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਣ ਲਈ ਪਿੰਡ ਬਾਸਰਕੇ ਗਿੱਲਾਂ ਗੁਰਦੁਆਰਾ ਜਨਮ ਅਸਥਾਨ ਵਿਖੇ ਮੇਲਾ ਮਨਾਉਣ ਸਬੰਧੀ ਮੀਟਿੰਗ ਵਿੱਚ ਵਿਚਾਰਾਂ ਹੋਈਆਂ ਜਿਸ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆ ਹਨ 11 ਮਈ ਨੂੰ ਸਵੇਰੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਗੁਰਬਾਣੀ ਦੇ ਕੀਰਤਨ ਹੋਣਗੇ।ਉਪਰੰਤ ਧਾਰਮਿਕ ਦੀਵਾਨ ਸੱਜਣਗੇ, ਜਿੱਥੇ ਗੁਰੂ ਘਰ ਦੇ ਪ੍ਰਸਿੱਧ ਰਾਗੀ, ਢਾਡੀ ਸੰਗਤਾਂ ਨੂੰ ਗੁਰੂ ਜਸ ਨਾਲ ਨਿਹਾਲ ਕਰਨਗੇ।ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਵੱਧ-ਚੜ੍ਹ ਕੇ ਪਹੁੰਚਣ। ਇਸ ਸਮੇਂ ਜਥੇਦਾਰ ਬਾਬਾ ਭੋਲਾ ਸਿੰਘ, ਬਹਾਲ ਸਿੰਘ, ਸਰਪੰਚ ਸਕੱਤਰ ਸਿੰਘ ਬਾਸਰਕੇ ਗਿੱਲਾਂ, ਸਾਬਕਾ ਸਰਪੰਚ ਹੀਰਾ ਸਿੰਘ, ਦਲਬੀਰ ਸਿੰਘ ਸਰਪੰਚ, ਬਾਬਾ ਨੱਥਾ ਸਿੰਘ, ਸਤਵਿੰਦਰ ਸਿੰਘ, ਕਾਬਲ ਸਿੰਘ ਨੰਬਰਦਾਰ, ਸੰਤੋਖ ਸਿੰਘ, ਦਵਿੰਦਰ ਸਿੰਘ, ਜੱਗਾ ਸਿੰਘ, ਉਂਕਾਰ ਸਿੰਘ ਮੈਂਬਰ ਪੰਚਾਇਤ, ਝਿਰਮਲ ਸਿੰਘ, ਦਲਬੀਰ ਸਿੰਘ ਸਰਪੰਚ, ਕੁੰਨਣ ਸਿੰਘ, ਮੁਖ਼ਤਾਰ ਸਿੰਘ, ਅਮਰੀਕ ਸਿੰਘ, ਭਾਈ ਕਸ਼ਮੀਰ ਸਿੰਘ ਬਘਿਆੜੀ, ਰਜਵੰਤ ਸਿੰਘ ਜੱਜ ਕਸੇਲ, ਗੁਰਨਾਮ ਸਿੰਘ ਚੜ੍ਹਦੀ ਕਲਾ, ਭੁਪਿੰਦਰ ਸਿੰਘ, ਰਛਪਾਲ ਸਿੰਘ ਗੁੰਥੀ ਬਾਸਰਕੇ ਗਿੱਲਾਂ, ਕਸ਼ਮੀਰ ਸਿੰਘ, ਪ੍ਰਤਾਪ ਸਿੰਘ, ਫੌਜੀ ਤਲਵਿੰਦਰ ਸਿੰਘ, ਬਾਬਾ ਮਹਿੰਗਾ ਸਿੰਘ, ਸੰਤੋਖ ਸਿੰਘ, ਬਲਵਿੰਦਰ ਸਿੰਘ ਬਾਊ ਐਮਾ ਆਦਿ ਸੰਗਤਾਂ ਹਾਜ਼ਰ ਸਨ।

# ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗੁਰਦਾਸਪੁਰ ਵਿਖੇ ਕੰਟਰੋਲ ਰੂਮ ਸਥਾਪਤ

**ਧਾਰੀਵਾਲ (ਗੁਰਦਾਸਪੁਰ), (ਮਨਦੀਪ ਸਿੰਘ ਵਿੱਕੀ/ਜਨਕ ਮਹਾਜਨ)**-ਭਾਰਤ-ਪਾਕਿਸਤਾਨ ਸਰਹੱਦ ਉੱਪਰ ਸੰਵੇਦਨਸ਼ੀਲ ਮਾਹੌਲ ਹੋਣ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਆਈਸੀਸੀ ਵਿਖੇ ਵਿਸ਼ੇਸ਼ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਇਸ ਕੰਟਰੋਲ ਰੂਮ ਦਾ ਨੰਬਰ 01874-266376 ਹੈ ਅਤੇ ਇਹ ਕੰਟਰੋਲ ਰੂਮ ਰਾਊਂਡ ਦੀ ਕਲਾਕ ਚੱਲੇਗਾ।ਉਨ੍ਹਾਂ ਕਿਹਾ ਕਿ ਕੰਟਰੋਲ ਰੂਮ ਵਿੱਚ ਰਾਊਂਡ ਦੀ ਕਲਾਕ ਕਰਮਚਾਰੀਆਂ ਦੀ ਨਿਯੁਕਤੀ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀ ਲੋੜ ਪੈਣ 'ਤੇ ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਦੇ ਨੰਬਰ 01874-266376 ਉੱਪਰ ਸੰਪਰਕ ਕਰ ਸਕਦੇ ਹਨ।

# ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਦਾ ਵਿਸ਼ੇਸ਼ ਸਨਮਾਨ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਸ. ਹ. ਸ. ਕਾਹਲਵਾਂ ਦੇ ਸਕੂਲ ਮੁਖੀ ਅਤੇ ਸਟਾਫ ਵੱਲੋਂ ਸਕੂਲ ਵਿਖੇ ਨਵੇਂ ਹੈੱਡਮਾਸਟਰ ਜਸਪਾਲ ਸਿੰਘ ਦੇ ਜੁਆਇਨ ਕਰਨ ਉਪਰੰਤ ਸ. ਹ. ਸ. ਕਾਹਲਵਾਂ ਵਿਖੇ ਬਤੌਰ ਡੀ. ਡੀ. ਓ. ਸੇਵਾਵਾਂ ਨਿਭਾ ਰਹੇ ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਦਾ ਇੱਕ ਪ੍ਰਭਾਵਸ਼ਾਲੀ ਪ੍ਰੋਗਰਾਮ ਦੌਰਾਨ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਸਮੂਹ ਸਟਾਫ ਵੱਲੋਂ ਪ੍ਰਿੰਸੀਪਲ ਡਾ. ਕੌਸ਼ਲ ਦੀ ਸਕੂਲ ਵਿੱਚ ਮਿਹਨਤ ਅਤੇ ਇਮਾਨਦਾਰੀ ਨਾਲ ਕੀਤੇ ਕੰਮਾਂ ਦੀ ਰੱਜ ਕੇ ਤਰੀਫ਼ ਕੀਤੀ ਗਈ।ਵੱਖ-ਵੱਖ ਬੁਲਾਰਿਆਂ ਨੇ ਅਪਣੇ ਸੰਬੋਧਨ ਦੌਰਾਨ ਬੋਲਦਿਆਂ ਕਿਹਾ ਕਿ ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਇੱਕ ਬਹੁਪੱਖੀ ਸ਼ਖਸ਼ੀਅਤ ਦੇ ਮਾਲਕ ਹਨ।ਜਿੱਥੇ ਉਹ ਇੱਕ ਵਧੀਆ ਐਡਮਿਨਸਟਰੇਟਰ ਹਨ ਉੱਥੇ ਇੱਕ ਮਿਆਰੀ ਲੇਖਕਾ ਵੀ ਹਨ। ਇਸ ਮੌਕੇ ਆਰਟ ਐਂਡ ਕਰਾਫਟ ਅਧਿਆਪਕ ਗੁਰਟੇਕ ਸਿੰਘ, ਜਸਬੀਰ ਕੌਰ, ਹਰਜੀਤ ਕੌਰ, ਮੋਨਿਕਾ, ਗੁਰਮੀਨ ਕੌਰ, ਗੁਰਪ੍ਰੀਤ ਸਿੰਘ, ਰਮੇਸ਼ ਲਾਲ, ਡਿੰਪਲ, ਪਵਨਦੀਪ ਕੌਰ, ਗੁਰਮੀਤ ਕੌਰ, ਗੁਰਪ੍ਰੀਤ ਕੌਰ ਅਤੇ ਰਣਜੀਤ ਕੌਰ ਆਦਿ ਹਾਜ਼ਰ ਸਨ।

# ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ 'ਨੋ ਫਲਾਇੰਗ ਜ਼ੋਨ' ਐਲਾਨ

**ਮੋਹਾਲੀ, (ਗੁਰਜੀਤ ਬਿੱਲਾ)**-ਦੇਸ਼ ਵਿੱਚ ਯੁੱਧ ਵਰਗੇ ਹਾਲਾਤ ਹੋਣ ਕਾਰਨ ਅਪਾਤਕਾਲੀਨ ਸਥਿਤੀ ਬਣੀ ਹੋਈ ਹੈ। ਇਸ ਸਥਿਤੀ ਨੂੰ ਮੁੱਖ ਰੱਖਦੇ ਹੋਏ ਦੇਸ਼ ਦੇ ਐਮਿਊਨੇਸ਼ਨ ਡਿਪੂਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਣੀ ਲਾਜ਼ਮੀ ਹੈ। ਇਸ ਲਈ ਜ਼ਿਲ੍ਹਾ ਐਸ.ਏ.ਐਸ. ਨਗਰ ਅੰਦਰ ਬਣੇ ਐਮਿਊਨੇਸ਼ਨ ਡਿਪੂ ਦੱਪਰ, ਤਹਿਸੀਲ ਅਤੇ ਸਬ-ਡਵੀਜਨ ਡੇਰਾਬੱਸੀ, ਐਸ.ਏ.ਐਸ. ਨਗਰ, ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਨੋ ਫਲਾਈ ਜੋਨ/ਨੋ ਡਰੋਨ ਜੋਨ ਸਬੰਧੀ ਹੁਕਮ ਜਾਰੀ ਕੀਤੇ ਗਏ ਹਨ।ਜ਼ਿਲ੍ਹਾ ਮੈਜਿਸਟ੍ਰੇਟ-ਕਮ-ਡਿਪਟੀ ਕਮਿਸ਼ਨਰ ਸ੍ਰੀਮਤੀ ਕੋਮਲ ਮਿੱਤਲ ਨੇ 'ਦ ਭਾਰਤੀਯ ਨਾਗਰਿਕ ਸੁਰੱਖਿਆ ਸੰਹਿਤਾ, 2023 (46 ਆਫ 2023) ਦੇ ਚੈਪਟਰ 11, ਅਧੀਨ ਧਾਰਾ 163, ਅਧੀਨ ਪ੍ਰਾਪਤ ਹੋਈਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਐਮਿਊਨੇਸ਼ਨ ਡਿਪੂ ਦੱਪਰ, ਤਹਿਸੀਲ ਅਤੇ ਸਬ-ਡਵੀਜਨ ਡੇਰਾਬੱਸੀ, ਐਸ.ਏ.ਐਸ. ਨਗਰ, ਦੇ ਇੱਕ ਕਿਲੋਮੀਟਰ ਦੇ ਅਰਧ ਵਿਆਸੀ ਘੇਰੇ ਨੂੰ ਨੋ-ਡਰੋਨ ਅਤੇ ਨੋ ਫਲਾਈ ਜ਼ੋਨ ਘੋਸ਼ਿਤ ਕਰਦਿਆਂ ਕਿਸੇ ਵੀ ਕਿਸਮ ਦੇ ਫਲਾਇੰਗ ਆਬਜੈਕਟ ਨੂੰ ਉਡਾਉਣ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਹੈ।ਇਹ ਹੁਕਮ ਐਮਿਊਨੇਸ਼ਨ ਡਿਪੂ ਦੱਪਰ, ਤਹਿਸੀਲ ਅਤੇ ਸਬ-ਡਵੀਜਨ ਡੇਰਾਬੱਸੀ, ਐਸ.ਏ.ਐਸ. ਨਗਰ,ਵਿੱਚ 7 ਮਈ 2025 ਤੋਂ ਅਗਲੇ ਹੁਕਮਾਂ ਤੱਕ ਲਾਗੂ ਰਹਿਣਗੇ।

# ਲੋਕ ਸੰਪਰਕ ਵਿਭਾਗ ਦੇ ਸੀਨੀਅਰ ਸਹਾਇਕ ਅਜਮੇਰ ਸਿੰਘ ਦੀ ਸੇਵਾ-ਮੁਕਤੀ 'ਤੇ ਵਿਦਾਇਗੀ ਪਾਰਟੀ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਸੂਚਨਾ ਅਤੇ ਲੋਕ ਸੰਪਰਕ ਵਿਭਾਗ ਪੰਜਾਬ ਵਿੱਚ 26 ਸਾਲ 4 ਮਹੀਨੇ 12 ਦਿਨ ਸੇਵਾਵਾਂ ਨਿਭਾ ਕੇ ਮੁੱਖ ਦਫਤਰ ਚੰਡੀਗੜ੍ਹ ਤੋਂ ਸੇਵਾ ਮੁਕਤ ਹੋਏ ਸੀਨੀਅਰ ਸਹਾਇਕ ਅਜਮੇਰ ਸਿੰਘ ਔਲਖ ਵਾਸੀ ਪਿੰਡ ਸਹਾਰੀ ਦਾ ਵਿਦਾਇਗੀ ਪਾਰਟੀ ਸਮਾਗਮ ਸਥਾਨਕ ਇਤਿਹਾਸਕ ਗੁਰਦੁਆਰਾ ਬੁਰਜ ਸਾਹਿਬ ਧਾਰੀਵਾਲ ਵਿਖੇ ਕੋਲ ਇਕ ਰਿਜ਼ੋਰਟ ਵਿੱਚ ਹੋਇਆ। ਇਸ ਮੌਕੇ ਡੀਪੀਆਰਓ ਬਟਾਲਾ ਹਰਜਿੰਦਰ ਸਿੰਘ ਕਲਸੀ, ਡੀਪੀਆਰਓ ਗੁਰਦਾਸਪੁਰ ਇੰਦਰਜੀਤ ਸਿੰਘ ਬਾਜਵਾ ਆਦਿ ਬੁਲਾਰਿਆਂ ਨੇ ਕਿਹਾ ਅਜਮੇਰ ਸਿੰਘ ਔਲਖ ਵਿਭਾਗ ਵਿੱਚ ਆਪਣੀ ਡਿਊਟੀ ਪੂਰੀ ਇਮਾਨਦਾਰੀ ਤੇ ਲਗਨ ਨਾਲ ਨਿਭਾ ਕੇ ਬੇਦਾਗ ਸੇਵਾ ਮੁਕਤ ਹੋਏ ਹਨ। ਇਸ ਤੋਂ ਪਹਿਲਾਂ ਗੁਰਦੁਆਰਾ ਬੁਰਜ ਸਾਹਿਬ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਇਆ ਅਤੇ ਭੋਗ ਉਪਰੰਤ ਹਜ਼ੂਰੀ ਰਾਗੀ ਜਥਾ ਭਾਈ ਤਲਵਿੰਦਰ ਸਿੰਘ ਤੇ ਸਾਥੀਆਂ ਨੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ, ਕਥਾਵਾਚਕ ਭਾਈ ਜਸਵਿੰਦਰ ਸਿੰਘ ਕਲੇਰ ਗੁਰਬਾਣੀ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਵਿਦਾਇਗੀ ਪਾਰਟੀ ਸਮਾਗਮ 'ਚ ਡੀਪੀਆਰਓ ਬਟਾਲਾ ਹਰਜਿੰਦਰ ਸਿੰਘ ਕਲਸੀ, ਡੀਪੀਆਰਓ ਗੁਰਦਾਸਪੁਰ ਇੰਦਰਜੀਤ ਸਿੰਘ ਬਾਜਵਾ ਤੋਂ ਇਲਾਵਾ ਸਾਬਕਾ ਡੀਪੀਆਰਓ ਪਾਲ ਸਿੰਘ, ਸਾਬਕਾ ਡੀਪੀਆਰਓ ਸਵਿੰਦਰ ਸਿੰਘ ਭਾਗੋਵਾਲੀਆ, ਬਲਬੀਰ ਸਿੰਘ ਸੀਨੀਅਰ ਸਹਾਇਕ ਗੁਰਦਾਸਪੁਰ, ਹਰਦੀਪ ਸਿੰਘ ਗੁਰਦਾਸਪੁਰ, ਬਲਰਾਜ ਸਿੰਘ ਭਿਖਾਰੀ ਹਾਰਨੀ, ਸੀਨੀਅਰ ਸਹਾਇਕ ਤਰਲੋਕ ਸਿੰਘ ਅਰਜਨਪੁਰਾ, ਸੇਵਾ ਮੁਕਤ ਅਕਾਊਂਟੈਂਟ ਦਰਸ਼ਨਪਾਲ, ਸੇਵਾ ਮੁਕਤ ਸਿਨੇਮਾ ਆਪਰੇਟਰ ਸੋਹਣ ਸਿੰਘ, ਰੋਸ਼ਨ ਲਾਲ, ਸੁਖਪਾਲ ਸਿੰਘ ਸੇਖਵਾਂ, ਡਾਟਾ ਅਪਰੇਟਰ ਲਵਪ੍ਰੀਤ ਸਿੰਘ ਦੋਰਾਂਗਲਾ ਆਦਿ ਸਮੇਤ ਲੋਕ ਸੰਪਰਕ ਵਿਭਾਗ ਦੇ ਮੌਜੂਦਾ ਅਤੇ ਸੇਵਾ ਮੁਕਤ ਕਰਮਚਾਰੀਆਂ ਤੋਂ ਇਲਾਵਾ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ, ਸਰਪੰਚ ਗੁਰਸਰਨ ਸਿੰਘ ਔਲਖ ਸਹਾਰੀ, ਸਾਬਕਾ ਸਰਪੰਚ ਕੁਲਦੀਪ ਸਿੰਘ ਘੁੰਮਣ, ਸਾਬਕਾ ਸਰਪੰਚ ਬਲਜੀਤ ਸਿੰਘ, ਸਾਬਕਾ ਸਰਪੰਚ ਗੁਰਨਿੰਦਰ ਸਿੰਘ, ਮਾਸਟਰ ਨਿਰਮਲ ਸਿੰਘ ਘੁੰਮਣ,ਕੁਲਜੀਤ ਸਿੰਘ ਘੁੰਮਣ, ਹਰਜਿੰਦਰ ਸਿੰਘ ਮਾਹਲ, ਮੁਖਤਾਰ ਸਿੰਘ ਮਾਹਲ, ਗੁਰਦੇਵ ਸਿੰਘ ਮਗਰਾਲਾ, ਸਰਬਜੀਤ ਸਿੰਘ ਗੁਰਦਾਸਨੰਗਲ, ਰਣਵੀਰ ਸਿੰਘ ਸਤਕੋਹਾ, ਮੰਗਲ ਸਿੰਘ ਮੁਸਤਰਾਪੁਰ, ਉਨ੍ਹਾਂ ਧਰਮਪਤਨੀ ਗੁਰਜੀਤ ਕੌਰ, ਬੇਟੀ ਸਾਜਨਪ੍ਰੀਤ ਕੌਰ, ਤਿੰਨੇ ਭਰਾ ਸੰਤੋਖ ਸਿੰਘ, ਗੁਰਨਾਮ ਸਿੰਘ, ਜਗਤਾਰ ਸਿੰਘ, ਚਰਨਜੀਤ ਕੌਰ, ਰਣਜੀਤ ਕੌਰ, ਦਰਸ਼ਨ ਕੌਰ ਆਦਿ ਸਮੇਤ ਹੋਰ ਵੀ ਸਖਸ਼ੀਅਤਾਂ ਸਾਮਲ ਹੋਈਆਂ। ਇਸ ਮੌਕੇ ਗੁਰਮਤਿ ਸਮਾਗਮ ਕਮੇਟੀ ਸਹਾਰੀ ਵੱਲੋਂ ਸੇਵਾ ਮੁਕਤ ਸੀਨੀਅਰ ਸਹਾਇਕ ਅਜਮੇਰ ਸਿੰਘ ਔਲਖ ਨੂੰ ਕਿਰਪਾਨ, ਲੋਈ ਅਤੇ ਸਿਰਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ ਅਤੇ ਵਿਭਾਗੀ ਅਧਿਕਾਰੀਆਂ ਤੇ ਸਟਾਫ ਮੈਂਬਰਾਂ ਨੇ ਯਾਦਗਾਰੀ ਤੋਹਫੇ ਭੇਟ ਕੀਤੇ। ਇਸ ਮੌਕੇ ਅਜਮੇਰ ਸਿੰਘ ਔਲਖ ਨੇ ਸਾਰਿਆਂ ਦਾ ਧੰਨਵਾਦ ਕੀਤਾ।



# ਇੰਟਰ ਸਕੂਲ ਰੋਲਰ ਸਕੇਟਿੰਗ ਚੈਂਪੀਅਨਸ਼ਿਪ ਭਲਕੇ: ਹਰਵਿੰਦਰ, ਭੁਪਿੰਦਰ

**ਪਠਾਨਕੋਟ, (ਦਵਿੰਦਰ ਸਿੰਘ)**

ਜ਼ਿਲ੍ਹਾ ਰੋਲਰ ਸਕੇਟਿੰਗ ਐਸੋਸ਼ੀਏਸ਼ਨ ਪਠਾਨਕੋਟ ਵੱਲੋਂ ਇੱਕ ਮੀਟਿੰਗ ਦਾ ਆਯੋਜਨ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿਆਲ ਅਤੇ ਜ਼ਿਲ੍ਹਾ ਕੋਚ ਭੁਪਿੰਦਰ ਸਿੰਘ ਦੀ ਪ੍ਰਧਾਨਗੀ ਵਿੱਚ ਕੀਤਾ ਗਿਆ ਜਿਸ ਵਿੱਚ ਐਸੋਸ਼ੀਏਸ਼ਨ ਦੇ ਮੈਂਬਰਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿਆਲ ਅਤੇ ਜ਼ਿਲ੍ਹਾ ਕੋਚ ਭੁਪਿੰਦਰ ਸਿੰਘ ਨੇ ਦੱਸਿਆ ਕਿ ਐਸੋਸੀਏਸ਼ਨ ਵੱਲੋਂ ਇਸ ਵਾਰ 9 ਮਈ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਮਿਸ਼ਨ ਰੋਡ, ਪਠਾਨਕੋਟ ਵਿੱਚ ਇੰਟਰ ਸਕੂਲ ਰੋਲਰ ਸਕੇਟਿੰਗ ਚੈਂਪੀਅਨਸ਼ਿਪ-2025 ਦਾ ਆਯੋਜਨ ਕੀਤਾ ਜਾਵੇਗਾ, ਜਿਸ ਵਿੱਚ ਜ਼ਿਲ੍ਹਾ ਪਠਾਨਕੋਟ ਅਤੇ ਜ਼ਿਲ੍ਹਾ ਗੁਰਦਾਸਪੁਰ ਦੇ 20 ਸਕੂਲਾਂ ਦੇ ਲਗਭਗ 400 ਖਿਡਾਰੀ ਹਿੱਸਾ ਲੈਣਗੇ।ਉਨ੍ਹਾਂ ਕਿਹਾ ਕਿ ਇਸ ਚੈਂਪੀਅਨਸ਼ਿਪ ਨੂੰ ਵੱਖ-ਵੱਖ ਕੈਟੇਗਰੀਆਂ ਵਿੱਚ ਵੰਡਿਆ ਜਾਵੇਗਾ, ਜਿਸ ਵਿੱਚ ਖਿਡਾਰੀ ਆਪਣੇ-ਆਪਣੇ ਵਰਗ ਵਿੱਚ ਆਪਣੀ ਪ੍ਰਤਿਭਾ ਨੂੰ ਪ੍ਰਦਰਸ਼ਿਤ ਕਰਨਗੇ। ਉਨ੍ਹਾਂ ਕਿਹਾ ਕਿ ਚੈਂਪੀਅਨਸ਼ਿਪ ਜਿੱਤਣ ਵਾਲੇ ਖਿਡਾਰੀ ਨੂੰ ਮੈਡਲ ਅਤੇ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਦਾ ਮੁੱਖ ਉਦੇਸ਼ ਬੱਚਿਆਂ ਨੂੰ ਸਿੱਖਿਆ ਦੇ ਤਣਾਅ ਤੋਂ ਰਾਹਤ ਦਿਵਾਉਂਦੇ ਹੋਏ ਉਨ੍ਹਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨਾ ਹੈ ਤਾਂ ਜੋ ਉਹ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਰਹਿ ਸਕਣ। ਇਸ ਦੌਰਾਨ ਸਕੂਲ ਦੇ ਪ੍ਰਿੰਸੀਪਲ ਰਚਨਾ ਅਹੂਜਾ ਨੇ ਕਿਹਾ ਕਿ ਐਸੋਸੀਏਸ਼ਨ ਦੁਆਰਾ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਨ ਲਈ ਕੀਤਾ ਜਾ ਰਿਹਾ ਯਤਨ ਕਾਫ਼ੀ ਸ਼ਲਾਘਾਯੋਗ ਹੈ।ਉਨ੍ਹਾਂ ਨੇ ਕਿਹਾ ਕਿ ਬੱਚਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਸਰੀਰਕ ਤੌਰ ਤੇ ਤੰਦਰੁਸਤ ਰਹਿਣ ਲਈ ਜ਼ਿਆਦਾ ਤੋਂ ਜ਼ਿਆਦਾ ਖੇਡਾਂ ਵਿੱਚ ਹਿੱਸਾ ਲੈਣ ਅਤੇ ਹਮੇਸ਼ਾ ਸਮਾਜ ਵਿੱਚ ਫੈਲੀਆਂ ਨਸ਼ਿਆਂ ਜਿਹੀਆਂ ਬੁਰਾਈਆਂ ਤੋਂ ਦੂਰ ਰਹਿਣ ਤਾਂ ਜੋ ਉਹ ਖੇਡਾਂ ਅਤੇ ਸਿੱਖਿਆ ਰਾਹੀਂ ਆਪਣੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕਰ ਸਕਣ।ਉਨ੍ਹਾਂ ਕਿਹਾ ਕਿ ਇਸ ਚੈਂਪੀਅਨਸ਼ਿਪ ਵਿੱਚ ਜਿੱਤਣ ਵਾਲੇ ਖਿਡਾਰੀ ਅਕਤੂਬਰ ਮਹੀਨੇ ਵਿੱਚ ਹੋਣ ਵਾਲੀ ਜ਼ਿਲ੍ਹਾ ਪ੍ਰਤੀਯੋਗਤਾ ਵਿੱਚ ਹਿੱਸਾ ਲੈਣਗੇ।ਇਸ ਮੌਕੇ ਤੇ ਰੋਹਿਤ, ਵਰਿੰਦਰ ਭਨੋਟ, ਵਿਨੇ ਆਦਿ ਮੌਜੂਦ ਸਨ।



# 'ਯੁੱਧ ਨਸ਼ਿਆਂ ਵਿਰੁੱਧ' ਵਿੱਢੀ ਮੁਹਿੰਮ ਦੀ ਕਾਮਯਾਬੀ ਲਈ ਲੋਕ ਪੁਲਸ ਦਾ ਸਹਿਯੋਗ ਦੇਣ : ਤਲਬੀਰ ਗਿੱਲ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਪੰਜਾਬ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਯੁੱਧ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਦੀ ਸ਼ਲਾਘਾ ਕਰਦਿਆਂ ਇਸ ਮੁਹਿੰਮ ਨੂੰ ਕਾਮਯਾਬ ਕਰਨ ਲਈ ਪੰਜਾਬ ਪੁਲਸ ਦਾ ਲੋਕ ਸਹਿਯੋਗ ਦੇਣ।ਉਕਤ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਦੇ ਸੀਨੀਅਰ ਨੇਤਾ ਤਲਬੀਰ ਸਿੰਘ ਗਿੱਲ ਨੇ ਅਰਜਨ ਮਾਗਾ ਵਿਖੇ ਗੱਲਬਾਤ ਕਰਦਿਆਂ ਕੀਤਾ। ਗਿੱਲ ਨੇ ਕਿਹਾ ਕਿ ਪਿਛਲੇ ਦਿਨਾਂ ਤੋਂ ਨਸ਼ਾ ਤਸਕਰਾਂ ਵਲੋਂ ਨਸ਼ਿਆਂ ਦੀ ਕੀਤੀ ਜਾਂਦੀ ਸਪਲਾਈ ਦੀ ਚੈਨ ਟੁੱਟੀ ਦਿਨੋ ਦਿਨ ਟੁੱਟਦੀ ਦਿਖਾਈ ਦੇ ਰਹੀ ਹੈ ਤੇ ਨਸ਼ਾ ਤਕਸਰ ਆਪਣੇ ਬਚਾਅ ਲਈ ਕਈ ਹੀਲੇ ਵਰਤ ਰਹੇ ਹਨ।ਉਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ, ਰਾਜਨੀਤਿਕ ਨੇਤਾਵਾਂ ਨੂੰ ਅਪੀਲ ਕੀਤੀ ਕਿ ਉਹ ਵੀ ਨਸ਼ਾ ਤਸਕਰਾਂ ਦੇ ਬਚਾਅ ਲਈ ਕੋਈ ਸਿਫਾਰਸ਼ ਨਾ ਕਰਨ ਤਾਂ ਕਿ ਪੰਜਾਬ ਵਿਚੋਂ ਨਸ਼ਿਆਂ ਦਾ ਪੂਰੀ ਤਰ੍ਹਾਂ ਸਫਾਇਆ ਹੋ ਸਕੇ।ਉਨ੍ਹਾਂ ਨੇ ਪੁਲਸ ਪ੍ਰਸ਼ਾਸਨ ਨੂੰ ਅਪੀਲ ਕਰਦਿਆਂ ਕਿਹਾ ਕਿ ਨਸ਼ਾ ਤਕਸਰਾ ਨੂੰ ਕਿਸੇ ਕੀਮਤ ਤੇ ਬਖਸ਼ਿਆ ਨਾ ਜਾਵੇ ਤਾਂ ਕਿ ਨਸ਼ਿਆਂ ਵਿਚ ਗਲਤਾਨ ਹੋ ਰਹੀ ਜਵਾਨੀ ਨੂੰ ਬਚਾਇਆ ਜਾ ਸਕੇ।ਇਸ ਮੌਕੇ ਰਨਦੇਸ਼ ਸਿੰਘ ਸਾਬਕਾ ਸਰਪੰਚ, ਨਿਸ਼ਾਨ ਸਿੰਘ, ਡਾ. ਕਾਲਾ, ਸਰਪੰਚ ਕੁਲਵਿੰਦਰ ਸਿੰਘ ਮਿੱਠਾ ਚੰਨਣਕੇ, ਜਸਬੀਰ ਸਿੰਘ, ਗੁਰਨਾਮ ਸਿੰਘ, ਸੰਦੀਪ ਸਿੰਘ, ਗੁਰਦੇਵ ਸਿੰਘ, ਮੱਸਾ ਸਿੰਘ ਤੇ ਹੋਰ ਆਗੂ ਤੇ ਵਰਕਰ ਹਾਜ਼ਰ ਸਨ।

# ਦਾਨਾ ਮੰਡੀਆਂ 'ਚ ਕਣਕ ਦੀ ਚੁੱਕਾਈ ਤੇਜ਼ੀ ਨਾਲ ਜਾਰੀ

**ਬਟਾਲਾ, (ਡਾ. ਮਲਵਿੰਦਰ ਸਿੰਘ)**- ਸੁਖਜਿੰਦਰ ਸਿੰਘ ਡੀਐੱਫਐੱਸਸੀ ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹੇ ਦੀਆਂ ਦਾਣਾ ਮੰਡੀਆਂ ਵਿੱਚ ਕਣਕ ਦੀ ਖਰੀਦ, ਚੁਕਾਈ ਤੇ ਅਦਾਇਗੀ ਨਿਰਵਿਘਨ ਜਾਰੀ ਹੈ।ਉਨ੍ਹਾਂ ਦੱਸਿਆ ਕਿ ਮੰਡੀਆਂ ਵਿਚੋਂ 60 ਫੀਸਦੀ ਫਸਲ ਦੀ ਚੁੱਕਾਈ ਕੀਤੀ ਜਾ ਚੁੱਕੀ ਹੈ ਅਤੇ ਚੁਕਾਈ ਵਿੱਚ ਹੋਰ ਤੇਜ਼ੀ ਲਿਆਂਦੀ ਗਈ ਹੈ ਤਾਂ ਜੋ ਖਰੀਦ ਕੀਤੀ ਫਸਲ ਦੀ ਚੁਕਾਈ ਨਾਲੋ-ਨਾਲ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ 1333.39 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ।ਉਨ੍ਹਾਂ ਦੱਸਿਆ ਕਿ 5 ਮਈ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 5 ਲੱਖ 59 ਹਜ਼ਾਰ 380 ਮੀਟਰਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ।ਪਨਗ੍ਰੇਨ ਵੱਲੋਂ 145763 ਮੀਟਰਕ ਟਨ, ਮਾਰਕਫੈੱਡ ਵੱਲੋਂ 148142 ਮੀਟਰਕ ਟਨ, ਪਨਸਪ ਵੱਲੋਂ 129600 ਮੀਟਰਕ ਟਨ, ਵੇਅਰਹਾਊਸ ਵੱਲੋਂ 83436 ਮੀਟਰਕ ਟਨ, ਐੱਫਸੀਆਈ ਵੱਲੋਂ 22839 ਮੀਟਰਕ ਟਨ ਅਤੇ ਵਪਾਰੀਆਂ ਵਲੋਂ 29600 ਮੀਟਰਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਕਣਕ ਦੀ ਖਰੀਦ ਲਈ 92 ਮੰਡੀਆਂ ਬਣਾਈਆਂ ਗਈਆਂ ਹਨ ਅਤੇ ਦੋ ਆਰਜ਼ੀ ਖਰੀਦ ਕੇਂਦਰ ਸਥਾਪਿਤ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਕਰੀਬ 6.68 ਲੱਖ ਮੀਟਰਕ ਟਨ ਕਣਕ ਆਉਣ ਦੀ ਸੰਭਾਵਨਾ ਹੈ।



# ਨੈਸ਼ਨਲ ਲੋਕ ਅਦਾਲਤ 10 ਨੂੰ

**ਗੁਰਦਾਸਪੁਰ, (ਦਿਨੇਸ਼ ਕੁਮਾਰ)**

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਮਾਨਯੋਗ ਜਸਟਿਸ ਦੀਪਕ ਸਿੱਬਲ, ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਦੀਆਂ ਹਦਾਇਤਾਂ ਮੁਤਾਬਕ ਅਤੇ ਦਿਲਬਾਗ ਸਿੰਘ ਜੌਹਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੀ ਰਹਿਨੁਮਾਈ ਹੇਠ ਹਰਪ੍ਰੀਤ ਸਿੰਘ, ਮਾਨਯੋਗ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੁਆਰਾ ਸੈਸ਼ਨਜ਼ ਡਵੀਜ਼ਨ, ਗੁਰਦਾਸਪੁਰ ਅਧੀਨ ਸਮੂਹ ਨਿਆਇਕ ਅਦਾਲਤਾਂ ਗੁਰਦਾਸਪੁਰ ਅਤੇ ਸਬ-ਡਵੀਜ਼ਨ, ਬਟਾਲਾ ਵੱਲੋਂ ਕੇਸਾਂ ਦੇ ਨਿਪਟਾਰੇ ਲਈ ਮਿਤੀ 10 ਮਈ 2025 ਨੂੰ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਸ ਨੈਸ਼ਨਲ ਲੋਕ ਅਦਾਲਤ ਵਿੱਚ ਫ਼ੌਜਦਾਰੀ, ਚੈੱਕ ਬਾਊਂਸ, ਬੈਂਕਾਂ ਦੇ ਕੇਸ, ਐਕਸੀਡੈਂਟ ਕਲੇਮ ਕੇਸ ਅਤੇ ਪਰਿਵਾਰਿਕ ਝਗੜੇ ਆਦਿ ਕਿਸਮਾਂ ਦੇ ਕੇਸ ਲਗਾਏ ਜਾਣਗੇ। ਇਸ ਤੋਂ ਇਲਾਵਾ ਪ੍ਰੀ-ਲਿਟੀਗੇਟਿਵ ਕੇਸ ਜਿਵੇਂ ਕਿ ਬੈਂਕ ਰਿਕਵਰੀ ਕੇਸ, ਜਲ ਸਪਲਾਈ, ਲੇਬਰ ਆਦਿ ਕੇਸ ਵੀ ਲਗਾਏ ਜਾਣਗੇ।ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦਿਲਬਾਗ ਸਿੰਘ ਜੌਹਲ, ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਨੇ ਦੱਸਿਆ ਕਿ ਲੋਕ ਅਦਾਲਤ ਦਾ ਮੁੱਖ ਮਨੋਰਥ ਦੋਵੇਂ ਧਿਰਾਂ ਦੀ ਆਪਸੀ ਰਜਾਮੰਦੀ ਨਾਲ ਝਗੜਿਆਂ ਦਾ ਨਿਪਟਾਰਾ ਕਰਵਾਉਣਾ ਹੈ ਤਾਂ ਜੋ ਧਿਰਾਂ ਦੇ ਕੀਮਤੀ ਸਮੇਂ ਅਤੇ ਧੰਨ ਦੀ ਬੱਚਤ ਹੋ ਸਕੇ ਅਤੇ ਆਪਸੀ ਦੁਸ਼ਮਣੀ ਘਟਾਈ ਜਾ ਸਕੇ।ਲੋਕ ਅਦਾਲਤਾਂ ਰਾਹੀਂ ਫੈਸਲੇ ਹੋਏ ਕੇਸਾਂ ਦੇ ਲਾਭਾਂ ਤੇ ਚਾਨਣਾ ਪਾਉਂਦੇ ਹੋਏ ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਰਾਹੀਂ ਫੈਸਲਾ ਹੋਏ ਕੇਸ ਦੀ ਅੱਗੇ ਕੋਈ ਅਪੀਲ ਨਹੀਂ ਹੋ ਸਕਦੀ ਕਿਉਂਕਿ ਲੋਕ ਅਦਾਲਤ ਵਿੱਚ ਫੈਸਲਾ ਧਿਰਾਂ ਦੀ ਆਪਸੀ ਸਹਿਮਤੀ ਰਾਹੀਂ ਕਰਵਾਇਆ ਜਾਂਦਾ ਹੈ।ਇਸ ਨਾਲ ਝਗੜਾ ਹਮੇਸ਼ਾ ਲਈ ਖਤਮ ਹੋ ਜਾਂਦਾ ਹੈ।ਉਨ੍ਹਾਂ ਇਹ ਵੀ ਦੱਸਿਆ ਕਿ ਲੋਕ ਅਦਾਲਤ ਰਾਹੀਂ ਫੈਸਲਾ ਹੋਏ ਕੇਸਾਂ ਵਿੱਚ ਲਗਾਈ ਗਈ, ਕੋਰਟ ਫੀਸ ਵੀ ਵਾਪਸ ਕੀਤੀ ਜਾਂਦੀ ਹੈ।

# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਪਲੇਸਮੈਂਟ ਕੈਂਪ ਅੱਜ

**ਚੰਡੀਗੜ੍ਹ,(ਗੁਰਜੀਤ ਬਿੱਲਾ)**

ਪੰਜਾਬ ਸਰਕਾਰ ਦੇ ਮਿਸ਼ਨ ਘਰ ਘਰ ਰੋਜ਼ਗਾਰ ਤਹਿਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਐਸ.ਏ.ਐਸ ਨਗਰ ਵੱਲੋਂ 8 ਮਈ ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਤੀਸਰੀ ਮੰਜ਼ਿਲ, ਕਮਰਾ ਨੰ: 461, ਸੈਕਟਰ-76 ਵਿਖੇ ਕੀਤਾ ਜਾ ਰਿਹਾ ਹੈ। ਜਿਸ ਦਾ ਸਮਾਂ ਸਵੇਰੇ 10:00 ਵਜੇ ਤੋਂ ਸ਼ਾਮ 1 ਵਜੇ ਤੱਕ ਹੋਵੇਗਾ।ਡੀ.ਬੀ.ਈ.ਈ. ਐਸ.ਏ.ਐਸ ਨਗਰ ਦੇ ਡਿਪਟੀ ਡਾਇਰੈਕਟਰ, ਹਰਪ੍ਰੀਤ ਸਿੰਘ ਮਾਨਸ਼ਾਹੀਆਂ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਜਿਸ ਵਿੱਚ 8 ਮਈ ਨੂੰ ਪਲੇਸਮੈਂਟ ਕੈਂਪ ਆਯੋਜਨ ਕੀਤਾ ਜਾਣਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਕੈਂਪ ਵਿੱਚ ਐਜੂਸਕਿਲ ਪ੍ਰਾਈਵੇਟ ਲਿਮਟਿਡ, ਐਸਬੀਆਈ ਕ੍ਰੈਡਿਟ ਕਾਰਡ (ਜ਼ੀਰਕਪੁਰ ਲਈ), ਆਈ-ਪ੍ਰੋਸੈਸ (ਆਈਸੀਆਈਸੀਆਈ), ਏਰੀਅਲ ਟੈਲੀਕਾਮ ਸੇਵਾਵਾਂ ਅਤੇ ਡੀ-ਮਾਰਟ ਗਾਹਕ ਸੇਵਾ ਐਸੋਸੀਏਟ ਡਿਜੀਟਲ, ਬ੍ਰਾਂਚ ਰਿਲੇਸ਼ਨਸ਼ਿਪ ਐਗਜ਼ੀਕਿਊਟਿਵ, ਸੇਲਜ਼ ਐਗਜ਼ੀਕਿਊਟਿਵ, ਗਾਹਕ ਦੇਖਭਾਲ ਐਗਜ਼ੀਕਿਊਟਿਵ/ਡਾਟਾ ਐਂਟਰੀ ਆਪਰੇਟਰ ਦੀਆਂ ਆਸਾਮੀਆਂ ਲਈ ਭਰਤੀ ਕੀਤੀ ਜਾਵੇਗੀ। ਭਰਤੀ ਕੀਤੇ ਗਏ ਪ੍ਰਾਰਥੀਆਂ ਦੀ ਤਨਖਾਹ ਕੰਪਨੀ ਅਨੁਸਾਰ (11000/- ਤੋਂ 25000/-) ਹੋਵੇਗੀ ਅਤੇ ਕੰਮ ਕਰਨ ਦਾ ਸਥਾਨ ਜ਼ਿਲ੍ਹਾ ਐਸ.ਏ.ਐਸ ਨਗਰ ਹੋਵੇਗਾ।ਉਨ੍ਹਾਂ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਲੜਕੇ ਅਤੇ ਲੜਕੀਆਂ ਭਾਗ ਲੈ ਸਕਦੇ ਹਨ। ਪ੍ਰਾਰਥੀਆਂ ਦੀ ਉਮਰ 18 ਤੋਂ 30 ਸਾਲ ਤੱਕ ਹੋਵੇਗੀ ਅਤੇ ਯੋਗਤਾ 10ਵੀਂ, 12ਵੀ ਅਤੇ ਗਰੈਜੂਏਸ਼ਨ ਪਾਸ ਲੋੜੀਂਦੀ ਹੈ। ਪ੍ਰਾਰਥੀ ਆਪਣੀ ਯੋਗਤਾ ਦੇ ਅਸਲ ਸਰਟੀਫਿਕੇਟ, ਆਧਾਰ ਕਾਰਡ ਅਤੇ ਪੈਨਕਾਰਡ ਨਾਲ ਲੈ ਕੇ ਆਉਣ ਤਾਂ ਕਿ ਪ੍ਰਾਰਥੀਆ ਦੀ ਮੌਕੇ 'ਤੇ ਹੀ ਰਜਿਸਟ੍ਰੇਸ਼ਨ ਕਰਵਾਈ ਜਾ ਸਕੇ। ਇਸ ਤੋਂ ਇਲਾਵਾ ਪ੍ਰਾਰਥੀ ਰੀਜਿਊਮ ਸਮੇਤ ਫਾਰਮਲ ਡਰੈੱਸ ਵਿੱਚ ਸਮੇਂ ਸਿਰ ਆਉਣ ਦੀ ਖੇਚਲ ਕਰਨ।

# ਨਕਲੀ ਦੁੱਧ ਵਿਕ੍ਰੇਤਾਵਾਂ ਵਿਰੁੱਧ ਕਾਨੂੰਨੀ ਕਾਰਵਾਈ ਦੀ ਮੰਗ

**ਵੇਰਕਾ (ਰਾਣਾ)**-ਰਾਜ ਅੰਦਰ ਨਕਲੀ ਦੁੱਧ ਅਤੇ ਨਕਲੀ ਦੁੱਧ ਤੋਂ ਬਣਨ ਵਾਲੀਆਂ ਵਸਤੂਆਂ ਬਾਜ਼ਾਰਾਂ 'ਚ ਆਮ ਹੀ ਵਿਕਣ ਲੱਗੀਆਂ ਹਨ। ਲੋਕ ਭਾਰੀ ਭੈਅਭੀਤ ਅਤੇ ਪ੍ਰੇਸ਼ਾਨ ਹੋਏ ਨਜ਼ਰ ਆ ਰਹੇ ਹਨ। ਦੇਖਣ 'ਚ ਆਇਆ ਕਿ ਰਾਜ ਭਰ ਵਿੱਚ ਦੁੱਧ, ਦਹੀਂ, ਪਨੀਰ, ਮੱਖਣ, ਘਿਓ ਅਤੇ ਖੋਏ ਨਾਲ ਬਣਨ ਵਾਲੀਆਂ ਮਠਿਆਈਆਂ ਦੀ ਬਾਜ਼ਾਰ 'ਚ ਭਾਰੀ ਮੰਗ ਹੁੰਦੀ ਹੈ ਪ੍ਰੰਤੂ ਉਸਦੇ ਉਲਟ ਓਨੀ ਦੁੱਧ ਦੀ ਪੈਦਾਵਾਰ ਨਹੀਂ ਹੁੰਦੀ ਹੈ।ਫਿਰ ਸੋਚਣ ਤੇ ਵਿਚਾਰਨ ਵਾਲੀ ਗੱਲ ਇਹ ਵੀ ਹੈ ਕਿ ਜਦੋਂ ਦੁੱਧ ਦੀ ਪੈਦਾਵਾਰ ਘੱਟ ਤੇ ਖਪਤ ਵਧੇਰੇ ਹੁੰਦੀ ਹੈ ਤਾਂ ਫਿਰ ਦੁੱਧ ਦੀ ਭਾਰੀ ਮੰਗ ਕਿੱਥੋਂ ਤੇ ਕਿਵੇਂ ਪੂਰੀ ਕੀਤੀ ਜਾਂਦੀ ਹੈ।ਭਾਵ ਦੁੱਧ ਤੋਂ ਬਣਨ ਵਾਲੇ ਅਨੇਕਾਂ ਪੌਸ਼ਟਿਕ ਖਾਧ ਪਦਾਰਥ ਵੀ ਏਨੇ ਫਿਰ ਕਾਹਦੇ ਨਾਲ ਬਣਾਏ ਜਾਂਦੇ ਹਨ।ਇਸ ਦੌਰਾਨ ਦੁੱਧ ਖਪਤਕਾਰਾਂ ਦੀ ਮੰਗ ਅਨੁਸਾਰ ਡੇਅਰੀ ਵਾਲੇ ਜਾਂ ਦੁੱਧ ਵਿਕ੍ਰੇਤਾਵਾਂ ਪਾਸ ਇੰਨਾ ਦੁੱਧ ਵੰਡਣ/ਦੇਣ ਵਾਸਤੇ ਕਿੱਥੋਂ ਆਉਂਦਾ ਹੈ। ਇਸ ਦੌਰਾਨ ਡੇਅਰੀ ਵਿਕਾਸ ਵਿਭਾਗ ਪੰਜਾਬ ਦੀ ਕਾਰਗੁਜ਼ਾਰੀ ਅਤੇ ਪਾਰਦਰਸ਼ਤਾ ਉਪਰ ਵੀ ਸਵਾਲ ਉੱਠਣੇ ਸੁਭਾਵਿਕ ਹਨ ਕਿ ਨਕਲੀ ਦੁੱਧ ਵਿਕਣ ਦਾ ਗੋਰਖ ਧੰਦਾ ਪੂਰੇ ਜ਼ੋਰਾਂ 'ਤੇ ਬੇਖੌਫ ਚੱਲ ਰਿਹਾ ਹੈ ਪਰ ਸੰਬੰਧਤ ਵਿਭਾਗ ਇਨ੍ਹਾਂ ਨਕਲੀ ਦੁੱਧ ਵੇਚਣ ਵਾਲਿਆਂ ਖਿਲਾਫ ਸਖ਼ਤ ਲੋੜੀਂਦੀ ਕਾਰਵਾਈ ਕਰਨ ਦੀ ਬਜਾਏ ਮੂਕ-ਦਰਸ਼ਕ ਬਣਿਆ ਹੋਇਆ ਹੈ।ਨਕਲੀ ਦੁੱਧ ਪੀਣ ਅਤੇ ਦੁੱਧ ਤੋਂ ਬਣਨ ਵਾਲੇ ਖਾਧ ਪਦਾਰਥਾਂ ਦੇ ਸੇਵਨ ਨਾਲ ਲੋਕ ਕਈ ਭਿਆਨਕ ਬਿਮਾਰੀਆਂ ਦੀ ਲਪੇਟ ਵਿੱਚ ਆ ਰਹੇ ਹਨ।ਅਰਥਾਤ ਅਣਆਈ ਮੌਤ ਮਰਨ ਵਾਸਤੇ ਮਜਬੂਰ ਤੇ ਬੇਵੱਸ ਹਨ, ਪਰ ਚੰਦ ਪੈਸਿਆਂ ਦੀ ਖਾਤਰ ਕਈ ਕੀਮਤੀ ਮਨੁੱਖੀ ਜਾਨਾਂ ਦੀ ਕੋਈ ਪ੍ਰਵਾਹ ਨਾ ਕਰਨ ਵਾਲੇ ਭੁੱਖੜਾਂ ਨੂੰ ਕਿਸੇ ਸਾਸ਼ਨ-ਪ੍ਰਸ਼ਾਸਨ ਦਾ ਭੋਰਾ ਖੌਫ ਨਹੀਂ ਹੈ।ਇਸ ਸੰਬੰਧ ਵਿੱਚ ਕਈ ਸੱਭਿਅਕ ਤੇ ਸਮਾਜ ਲਈ ਫਿਕਰਮੰਦ ਲੋਕਾਂ ਨੇ ਪੰਜਾਬ ਸਰਕਾਰ ਪਾਸੋਂ ਨਕਲੀ ਦੁੱਧ ਦੀ ਪੈਦਾਵਾਰ ਤੁਰੰਤ ਰੋਕਣ ਅਤੇ ਵੇਚਣ ਵਾਲਿਆਂ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕਰਨ ਦੀ ਗੁਹਾਰ ਲਗਾਈ ਹੈ।

# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਵੁਸ਼ੂ ਮੁਕਾਬਲਿਆਂ 'ਚ ਜਿੱਤੇ 26 ਤਮਗੇ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਦੇ ਵਿਦਿਆਰਥੀਆਂ ਨੇ ਡਾਇਰੈਕਟਰ ਸਰਦਾਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਲਾਨਾ ਜ਼ਿਲਾ ਗੁਰਦਾਸਪੁਰ ਵੁਸ਼ੂ ਸਬ ਜੂਨੀਅਰ ਯੂਥ ਐਂਡ ਸੀਨੀਅਰ ਚੈਂਪੀਅਨਸ਼ਿਪ ਵਿੱਚ ਭਾਗ ਲਿਆ ਅਤੇ ਸਭ ਵਿਦਿਆਰਥੀਆਂ ਵੱਲੋਂ ਵਧੀਆ ਕਾਰਗੁਜ਼ਾਰੀ ਕਰਦੇ ਹੋਏ ਸੋਨੇ ਅਤੇ ਚਾਂਦੀ ਦੇ ਤਮਗੇ ਜਿੱਤੇ। ਇਹ ਮੁਕਾਬਲੇ ਸਿੱਧੂ ਜਿਮ ਅਤੇ ਮਾਰਸ਼ਲ ਆਰਟ ਸਪੋਰਟਸ ਅਕੈਡਮੀ ਅੱਡਾ ਸ਼ਾਹਬਾਦ ਕਾਦੀਆਂ ਰੋਡ ਬਟਾਲਾ ਵੱਲੋਂ ਕਰਵਾਏ ਗਏ ਜਿਸ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਪੁਰਜ਼ੋਰ ਮਿਹਨਤ ਕਰਦੇ ਹੋਏ 19 ਸੋਨ ਤਮਗੇ 4 ਚਾਂਦੀ ਦੇ ਤਮਗੇ ਅਤੇ 3 ਕਾਂਸੇ ਦੇ ਤਮਗੇ ਹਾਸਲ ਕੀਤੇ।ਇਨ੍ਹਾਂ ਵਿਦਿਆਰਥੀਆਂ ਵਿੱਚ ਜੋਹਨ ਮਸੀਹ ਸਪੁੱਤਰ ਹੈਪੀ ਮਸੀਹ ਪਿੰਡ ਨਵਾਂ ਪਿੰਡ ਸਰਦਾਰਾਂ, ਰਿਸ਼ਵ ਸਪੁੱਤਰ ਸੁਧਾਮਾ ਬਿਧੀਪੁਰ, ਏਕਮਜੋਤ ਸਿੰਘ ਸਪੁੱਤਰ ਮੇਜਰ ਸਿੰਘ ਧਾਰੀਵਾਲ, ਸਿਰਾਜਦੀਪ ਸਿੰਘ ਸਪੁੱਤਰ ਅਮਰੀਕ ਸਿੰਘ ਜਫਰਵਾਲ, ਦਮਨਪ੍ਰੀਤ ਕੌਰ ਸਪੁੱਤਰੀ ਸਰਦਾਰ ਜਸਵਿੰਦਰ ਸਿੰਘ ਅਠਵਾਲ, ਅਵਨੀਤ ਕੌਰ ਸਪੁੱਤਰੀ ਸਰਦਾਰ ਜਸਬੀਰ ਸਿੰਘ ਬਿਦੀਪੁਰ, ਸਮਾਈਲਪ੍ਰੀਤ ਕੌਰ ਸਪੁੱਤਰੀ ਨਿਰਮਲ ਸਿੰਘ ਲੇਹਲ, ਕਰਨਦੀਪ ਕੌਰ ਸਪੁੱਤਰੀ ਸੁਖਵਿੰਦਰ ਸਿੰਘ ਧਾਰੀਵਾਲ, ਤਕਸ਼ਿਲ ਬੇਦੀ ਸਪੁੱਤਰ ਸੰਜੀਵ ਬੇਦੀ ਧਾਰੀਵਾਲ, ਅਰਮਾਨਦੀਪ ਸਿੰਘ ਸਪੁੱਤਰ ਸਰਦਾਰ ਜਸਵਿੰਦਰ ਸਿੰਘ ਅਠਵਾਲ, ਵਰਿੰਦਰਦੀਪ ਸਿੰਘ ਸਪੁੱਤਰ ਸਰਦਾਰ ਕੇਵਲਦੀਪ ਸਿੰਘ ਅਹਿਮਦਾਬਾਦ ,ਗੁਰਵੰਸ਼ ਸਿੰਘ ਸਪੁੱਤਰ ਸਰਦਾਰ ਭਗਵੰਤ ਸਿੰਘ ਭੁੰਬਲੀ, ਹਿਤਾਸ਼ ਪੁੱਤਰ ਸ਼੍ਰੀ ਅਮਨਦੀਪ ਧਾਰੀਵਾਲ, ਇਸ਼ਮੀਤ ਕੌਰ ਸਪੁੱਤਰੀ ਮਨਜੀਤ ਸਿੰਘ ਛੀਨਾ, ਨਵਕੀਰਤ ਸਿੰਘ ਸਪੁੱਤਰ ਜਸਵੰਤ ਸਿੰਘ ਜਫਰਵਾਲ, ਗੁਰਕੀਰਤ ਸਿੰਘ ਪੁੱਤਰ ਹਰਨੇਕ ਸਿੰਘ ਮੱਲੀਆਂ ਫਕੀਰਾਂ, ਆਰੁਸ਼ਦੀਪ ਸਿੰਘ ਸਪੁੱਤਰ ਹਲਵਿੰਦਰ ਸਿੰਘ ਧਾਰੀਵਾਲ, ਅਰਮਾਨਦੀਪ ਸਿੰਘ ਸਪੁੱਤਰ ਮੰਗਲ ਸਿੰਘ, ਸੁਖਮਨਪ੍ਰੀਤ ਸਿੰਘ ਸਪੁੱਤਰ ਹਰਜਿੰਦਰ ਸਿੰਘ ਦੁਆਰਾ ਵਧੀਆ ਕਾਰਗੁਜ਼ਾਰੀ ਕਰਦੇ ਹੋਏ ਸੋਨੇ ਦੇ ਤਗਮੇ ਹਾਸਿਲ ਕੀਤੇ, ਅਗਮਜੋਤ ਸਿੰਘ ਸਪੁੱਤਰ ਅਮਰੀਕ ਸਿੰਘ ਪਿੰਡ ਮੱਲ੍ਹੀਆਂ, ਅਬੀਜੋਤ ਸਿੰਘ ਸਪੁੱਤਰ ਸਤਿੰਦਰਪਾਲ ਸਿੰਘ ਧਾਰੀਵਾਲ ਤੇ ਜਸਬੀਰ ਸਿੰਘ ਸਪੁੱਤਰ ਗੁਰਪ੍ਰੀਤ ਸਿੰਘ, ਗੁਰਵਿੰਦਰ ਸਿੰਘ ਸਪੁੱਤਰ ਖਜਾਨ ਸਿੰਘ ਦੁਆਰਾ ਚਾਂਦੀ ਦੇ ਤਗਮੇ ਅਤੇ ਯੋਧਵੀਰ ਸਿੰਘ ਸਪੁੱਤਰ ਜਤਿੰਦਰ ਸਿੰਘ ਪਿੰਡ ਚੌਧਰਪੁਰ, ਮਾਣਕ ਭਗਤ ਸਪੁੱਤਰ ਰਾਜਨ ਪਾਲ ਪਿੰਡ ਫਤਿਹ ਨੰਗਲ, ਵੰਸ਼ਦੀਪ ਸਿੰਘ ਸਪੁੱਤਰ ਸਰਦਾਰ ਲਖਵਿੰਦਰ ਸਿੰਘ ਪਿੰਡ ਕਲੇਰ ਕਲਾਂ ਵੱਲੋਂ ਤੀਸਰਾ ਸਥਾਨ ਹਾਸਲ ਕਰ ਕਾਂਸੇ ਦੇ ਤਗਮੇ ਪ੍ਰਾਪਤ ਕੀਤੇ ਗਏ।ਇਨ੍ਹਾਂ ਮੁਕਾਬਲਿਆਂ ਵਿੱਚ ਇਲਾਕੇ ਦੇ ਨਾਮਵਰ ਸਕੂਲਾਂ ਨੇ ਭਾਗ ਲਿਆ ਜਿੰਨ੍ਹਾ ਵਿੱਚੋਂ ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਨੇ ਪੁਰਜ਼ੋਰ ਮਿਹਨਤ ਨਾਲ ਪਹਿਲਾ ਸਥਾਨ ਹਾਸਿਲ ਕੀਤਾ ਅਤੇ ਸਕੂਲ ਨੂੰ ਪਹਿਲੇ ਇਨਾਮ ਨਾਲ ਸਨਮਾਨਿਤ ਕੀਤਾ ਗਿਆ।ਸਕੂਲ ਦੇ ਵੁਸ਼ੂ ਕੋਚ ਮੈਡਮ ਪੂਜਾ,ਵੁਸ਼ੂ ਟਰੇਨਰ ਮੈਡਮ ਬਲਜੀਤ ਕੌਰ, ਐਸਕੋਰਟਿੰਗਗ ਅਧਿਆਪਕ ਮੈਡਮ ਰੇਨੂ ਬਾਲਾ ਨੂੰ ਅਵਾਰਡ ਆਫ ਆਨਰ ਨਾਲ ਸਨਮਾਨਿਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਕਿਰਨ ਕੇਸ ਕੇਸਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੁਕਾਬਲੇ ਵਿੱਚ ਮੈਡਲ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਰਾਜ ਪੱਧਰੀ ਮੁਕਾਬਲਿਆਂ ਲਈ ਚੋਣ ਹੋ ਚੁੱਕੀ ਹੈ।ਇਨ੍ਹਾਂ ਵਿਦਿਆਰਥੀ ਦੇ ਰਾਜ ਪੱਧਰੀ ਵੁਸ਼ੂ ਮੁਕਾਬਲੇ ਬਠਿੰਡਾ ਵਿਖੇ ਹੋਣਗੇ। ਪ੍ਰਿੰਸੀਪਲ ਕਿਰਨ ਕੇਸਰ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਇਸ ਪ੍ਰਾਪਤੀ ਤੇ ਮੁਬਾਰਕਾਂ ਦਿੱਤੀਆਂ ਅਤੇ ਅਗਲੇ ਵਿਸ਼ੂ ਮੁਕਾਬਲਿਆਂ ਲਈ ਸ਼ੁਭ ਕਾਮਨਾਵਾਂ ਦਿੱਤੀਆਂ।ਸਕੂਲ ਦੇ ਡਾਇਰੈਕਟਰ ਸਰਦਾਰ ਅਮਰਜੀਤ ਸਿੰਘ ਚਾਹਲ ਜੀ ਦੁਆਰਾ ਵਿਦਿਆਰਥੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਬਹੁਤ ਬਹੁਤ-ਬਹੁਤ ਵਧਾਈ ਦਿੱਤੀ ਗਈ।ਉਨ੍ਹਾਂ ਨੇ ਕਿਹਾ ਕਿ ਮੈਂ ਪਰਮਾਤਮਾ ਅੱਗੇ ਅਰਦਾਸ ਕਰਦਾ ਹੈ ਕਿ ਵਿਦਿਆਰਥੀ ਇਸੇ ਤਰ੍ਹਾਂ ਹਰ ਖੇਤਰ ਵਿੱਚ ਅੱਗੇ ਵਧਣ ਅਤੇ ਆਪਣੇ ਮਾਤਾ ਪਿਤਾ ਅਤੇ ਸਕੂਲ ਦਾ ਨਾਮ ਰੌਸ਼ਨ ਕਰਨ ।ਉਨ੍ਹਾਂ ਨੇ ਕਿਹਾ ਖੇਡਾਂ ਸਾਡੇ ਮਾਨਸਿਕ ਅਤੇ ਸਰੀਰਕ ਵਿਕਾਸ ਦਾ ਅਨਿੱਖੜਵਾਂ ਅੰਗ ਹਨ ।ਹਰੇਕ ਵਿਦਿਆਰਥੀ ਨੂੰ ਖੇਡਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ।ਵਿਦਿਆਰਥੀਆਂ ਦੀ ਇਸ ਵੱਡੀ ਪ੍ਰਾਪਤੀ ਤੇ ਸਕੂਲ ਵਿੱਚ ਬਹੁਤ ਹੀ ਖੁਸ਼ਨੁਮਾ ਮਾਹੌਲ ਦੇਖਣ ਨੂੰ ਮਿਲਿਆ।



# ਸ਼ਹਿਰਾਂ ਤੇ ਕਸਬਿਆਂ 'ਚ ਬਿਹਤਰ ਹੋਵੇਗਾ ਇੰਟਰ-ਏਜੰਸੀ ਤਾਲਮੇਲ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**

ਹਰਿਆਣਾ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸੂਬੇ ਦੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਠੋਸ ਵੇਸਟ ਪ੍ਰਬੰਧਨ, ਬਰਸਾਤੀ ਪਾਣੀ ਦੀ ਨਿਕਾਸੀ, ਪੀਣ ਦੇ ਪਾਣੀ ਅਤੇ ਸੀਵਰੇਜ ਵਰਗੇ ਇੰਟਰ-ਏਜੰਸੀ ਤਾਲਮੇਲ ਨਾਲ ਜੁੜੇ ਮੁੱਦਿਆਂ ਦੇ ਹੱਲ ਵੀ, ਜ਼ਿਲ੍ਹਾ ਗੁਰੂਗ੍ਰਾਮ, ਫਰੀਦਾਬਾਦ, ਸੋਨੀਪਤ, ਪੰਚਕੂਲਾ ਅਤੇ ਹਿਸਾਰ ਦੇ ਡਿਪਟੀ ਕਮਿਸ਼ਨਰਾਂ ਨੂੰ ਛੱਡ ਕੇ, ਸਾਰੇ ਡਿਪਟੀ ਕਮਿਸ਼ਨਰ ਸਬੰਧਿਤ ਵਿਭਾਗਾਂ ਅਤੇ ਅਧਿਕਾਰੀਆਂ ਦੀ ਮਹੀਨਾ ਤਾਲਮੇਲ ਮੀਟਿੰਗਾਂ ਲਈ ਏਜੰਡਾ ਤਿਆਰ ਕਰਨਗੇ। ਸਬੰਧਿਤ ਡਿਪਟੀ ਕਮਿਸ਼ਨਰਾਂ ਵੱਲੋਂ ਅਜਿਹੀ ਮੀਟਿੰਗਾਂ ਦਾ ਏਜੰਡਾ ਅਤੇ ਮਿਨਟਸ ਡੀਐਮਸੀ ਦੇ ਸਲਾਹ-ਮਸ਼ਵਰੇ ਨਾਲ ਤਿਆਰ ਕੀਤਾ ਜਾਵੇਗਾ ਅਤੇ ਜ਼ਿਲ੍ਹੇ ਦੇ ਪ੍ਰਭਾਰੀ ਪ੍ਰਸਾਸ਼ਨਿਕ ਸਕੱਤਰ ਦੇ ਦੌਰੇ ਸਮੇਂ ਉਨ੍ਹਾਂ ਦੇ ਸਾਹਮਣੇ ਰੱਖਿਆ ਜਾਵੇਗਾ।ਸਰਕਾਰ ਨੇ ਇਹ ਵੀ ਨਿਰਦੇਸ਼ ਦਿੱਤੇ ਹਨ ਕਿ ਮਹਾਨਗਰ ਵਿਕਾਸ ਅਥਾਰਿਟੀਆਂ (ਗੁਰੂਗ੍ਰਾਮ ਮਹਾਨਗਰ ਵਿਕਾਸ ਅਥਾਰਿਟੀ, ਫਰੀਦਾਬਾਦ ਮਹਾਨਗਰ ਵਿਕਾਸ ਅਥਾਰਿਟੀ, ਸੋਨੀਪਤ ਮਹਾਨਗਰ ਵਿਕਾਸ ਅਥਾਰਿਟੀ, ਪੰਚਕੂਲਾ ਮਹਾਨਗਰ ਵਿਕਾਸ ਅਥਾਰਿਟੀ ਅਤੇ ਹਿਸਾਰ ਮਹਾਨਗਰ ਵਿਕਾਸ ਅਥਾਰਿਟੀ) ਵਾਲੇ ਸ਼ਹਿਰਾਂ ਵਿੱਚ ਸਾਰੇ ਸਬੰਧਿਤ ਵਿਭਾਗਾਂ ਅਤੇ ਅਧਿਕਾਰੀਆਂ ਦੀ ਰੈਗੂਲਰ ਮਹੀਨਾ ਤਾਲਮੇਲ ਮੀਟਿੰਗ ਹੋਵੇਗੀ।ਜੀਐਮਡੀਏ, ਐਫਐਮਡੀਏ ਅਤੇ ਐਮਐਮਡੀਏ ਦੀ ਅਜਿਹੀ ਮਹੀਨਾ ਮੀਟਿੰਗਾਂ ਪ੍ਰਧਾਨ ਸਲਾਹਕਾਰ, ਸ਼ਹਿਰੀ ਵਿਕਾਸ ਦੀ ਅਗਵਾਈ ਹੇਠ ਹੋਵੇਗੀ। ਪੀਐਮਡੀਏ ਦੀ ਮਹੀਨਾ ਮੀਟਿੰਗਾਂ ਟਾਊਨ ਐਂਡ ਕੰਟਰੀ ਪਲਾਨਿੰਗ ਵਿਭਾਗ ਦੇ ਵਧੀਕ ਮੁੱਖ ਸਕੱਤਰ ਦੀ ਅਗਵਾਈ ਹੇਠ ਜਦੋਂ ਕਿ ਐਚਐਮਡੀਏ ਦੀ ਮਹੀਨਾ ਮੀਟਿੰਗਾਂ ਪ੍ਰਭਾਰੀ ਪ੍ਰਸਾਸ਼ਨਿਕ ਸਕੱਤਰ, ਹਿਸਾਰ ਦੀ ਅਗਵਾਈ ਹੇਠ ਪ੍ਰਬੰਧਿਤ ਕੀਤੀ ਜਾਵੇਗੀ।ਮੀਟਿੰਗਾਂ ਦਾ ਏਜੰਡਾ ਅਤੇ ਮਿਨਟਸ ਸਬੰਧਿਤ ਮਹਾਨਗਰ ਵਿਕਾਸ ਅਥਾਰਿਟੀਆਂ ਦੇ ਮੁੱਖ ਕਾਰਜਕਾਰੀ ਅਧਿਕਾਰੀਆਂ ਵੱਲੋਂ ਤਿਆਰ ਕੀਤਾ ਜਾਵੇਗਾ ਅਤੇ ਮਹਾਨਗਰ ਵਿਕਾਸ ਅਥਾਰਿਟੀ ਦੀ ਮੀਟਿੰਗ ਵਿੱਚ ਰੱਖਿਆ ਜਾਵੇਗਾ।ਸਰਕਾਰ ਨੇ ਇਹ ਫੈਸਲਾ 17 ਮਾਰਚ ਨੂੰ ਜਾਰੀ ਨਿਰਦੇਸ਼ਾਂ ਦੀ ਨਿਰੰਤਰਤਾ ਵਿੱਚ ਲਿਆ ਹੈ। ਉਨ੍ਹਾਂ ਨਿਰਦੇਸ਼ਾਂ ਵਿੱਚ ਕਿਹਾ ਗਿਆ ਸੀ ਕਿ ਸੂਬੇ ਦੇ ਕਸਬਿਆਂ ਅਤੇ ਸ਼ਹਿਰਾਂ ਵਿੱਚ ਏਜੰਸੀਆਂ ਦੀ ਬਹੁਲਤਾ ਅਤੇ ਤਾਲਮੇਲ ਸਬੰਧੀ ਮੁੱਦਿਆਂ 'ਤੇ ਵਿਚਾਰ ਕਰਦੇ ਹੋਏ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜ਼ਿਲ੍ਹਾ ਪ੍ਰਸਾਸ਼ਨ , ਨਗਰ ਨਿਗਮ, ਮਹਾਨਗਰ ਵਿਕਾਸ ਅਥਾਰਿਟੀ ਅਤੇ ਸ਼ਹਿਰੀ ਵਿਕਾਸ ਅਥਾਰਿਟੀ ਵਿੱਚੋਂ ਕਿਸੇ ਇੱਕ ਵਿੱਚ ਤੈਨਾਤ ਸੱਭ ਤੋਂ ਸੀਨੀਅਰ ਅਧਿਕਾਰੀ ਸਮੂਚਾ ਤਾਲਮੇਲ ਅਧਿਕਾਰੀ ਹੋਵੇਗਾ। ਇਹ ਠੋਸ ਵੇਸਟ ਪ੍ਰਬੰਧਨ, ਬਰਸਾਤੀ ਪਾਣੀ ਦੀ ਨਿਕਾਸੀ, ਪੀਣ ਦੇ ਪਾਣੀ ਅਤੇ ਸੀਵਰੇਜ ਵਰਗੇ ਇੰਟਰ-ਏਜੰਸੀ ਤਾਲਮੇਲ ਨਾਲ ਜੁੜੇ ਮੁੱਦਿਆਂ ਲਈ ਉਸ ਸ਼ਹਿਰ ਵਿੱਚ ਤੈਨਾਤ ਵੱਖ-ਵੱਖ ਏਜੰਸੀਆਂ ਦੇ ਅਧਿਕਾਰੀਆਂ ਦੀ ਸਮੀਖਿਆ ਮੀਟਿੰਗਾਂ ਦੀ ਅਗਵਾਈ ਵੀ ਕਰੇਗਾ।

ਨਵਾਂ ਜ਼ਮਾਨਾ
ਵੀਰਵਾਰ, 8 ਮਈ 2025

# ਸਰਕਾਰੀ ਸੰਦ ਬਣ ਕੇ ਰਹਿ ਗਈ ਈ ਡੀ

*ਸਰਕਾਰ ਦੇ ਸੰਦ ਵਜੋਂ ਕੰਮ ਕਰ ਰਹੀ ਈ ਡੀ ਅਦਾਲਤਾਂ ਤੋਂ ਕਈ ਵਾਰ ਝਾੜ-ਝੰਬ ਕਰਾਉਣ ਦੇ ਬਾਵਜੂਦ ਬਾਜ਼ ਨਹੀਂ ਆ ਰਹੀ। ਹਾਲ ਹੀ ਵਿੱਚ ਸੁਪਰੀਮ ਕੋਰਟ ਨੇ ਫਿਰ ਉਸ ਦੀ ਜਾਂਚ ਪ੍ਰਕਿਰਿਆ 'ਤੇ ਗੰਭੀਰ ਸਵਾਲ ਉਠਾਏ ਹਨ। ਕੋਰਟ ਨੇ ਇੱਥੋਂ ਤੱਕ ਕਿਹਾ ਕਿ ਈ ਡੀ ਬਿਨਾਂ ਠੋਸ ਸਬੂਤ ਦੇ ਲੋਕਾਂ 'ਤੇ ਦੋਸ਼ ਲਾਉਣ ਦੀ ਆਦਤ ਨੂੰ ਤੁਰੰਤ ਬੰਦ ਕਰੇ। ਆਪੋਜ਼ੀਸ਼ਨ ਪਾਰਟੀਆਂ ਕਾਫੀ ਚਿਰ ਤੋਂ ਕਹਿ ਰਹੀਆਂ ਹਨ ਕਿ ਮੋਦੀ ਸਰਕਾਰ ਈ ਡੀ ਵਰਗੀਆਂ ਕੇਂਦਰੀ ਏਜੰਸੀਆਂ ਨੂੰ ਸਿਆਸੀ ਵਿਰੋਧੀਆਂ ਨੂੰ ਚੁੱਪ ਕਰਾਉਣ ਲਈ ਵਰਤ ਰਹੀ ਹੈ। ਸੁਪਰੀਮ ਕੋਰਟ ਨੇ ਮਨੀ ਲਾਂਡਰਿੰਗ ਮਾਮਲਿਆਂ ਵਿੱਚ ਈ ਡੀ ਦੀ ਜਾਂਚ ਨੂੰ ਗੈਰ-ਪਾਰਦਰਸ਼ੀ ਕਰਾਰ ਦਿੱਤਾ। ਕੋਰਟ ਨੇ ਸਾਫ ਕਿਹਾ ਕਿ ਬਿਨਾਂ ਸਬੂਤ ਦੇ ਦੋਸ਼ ਲਾਉਣਾ ਨਾ ਸਿਰਫ ਗੈਰਕਾਨੂੰਨੀ ਹੈ, ਸਗੋਂ ਇਹ ਕਾਨੂੰਨ ਦੇ ਸ਼ਾਸਨ ਦੇ ਖਿਲਾਫ ਵੀ ਹੈ। ਕੋਰਟ ਨੇ ਈ ਡੀ ਨੂੰ ਆਪਣੀ ਜਾਂਚ ਨੂੰ ਪਾਰਦਰਸ਼ੀ ਬਣਾਉਣ ਤੇ ਮਨੁੱਖੀ ਹੱਕਾਂ ਦੀ ਪਾਲਣਾ ਕਰਨ ਦੀ ਹਦਾਇਤ ਵੀ ਦਿੱਤੀ।*

*ਇਹ ਪਹਿਲੀ ਵਾਰ ਨਹੀਂ, ਜਦੋਂ ਈ ਡੀ ਦੀ ਕਾਰਜਸ਼ੈਲੀ 'ਤੇ ਸਵਾਲ ਉੱਠੇ ਹਨ। ਜਨਵਰੀ ਵਿੱਚ ਹਰਿਆਣਾ ਦੇ ਸਾਬਕਾ ਕਾਂਗਰਸੀ ਵਿਧਾਇਕ ਸੁਰਿੰਦਰ ਪੰਵਾਰ ਦੀ ਈ ਡੀ ਵੱਲੋਂ ਲਗਾਤਾਰ 15 ਘੰਟੇ ਪੁੱਛਗਿੱਛ ਨੂੰ ਅਣਮਨੁੱਖੀ ਤੇ ਜ਼ਾਲਮਾਨਾ ਕਰਾਰ ਦਿੱਤਾ ਸੀ। ਕੋਰਟ ਨੇ ਉਦੋਂ ਵੀ ਈ ਡੀ ਨੂੰ ਆਪਣੀ ਕਾਰਜਸ਼ੈਲੀ ਵਿੱਚ ਸੁਧਾਰ ਲਿਆਉਣ ਦੀ ਚਿਤਾਵਨੀ ਦਿੱਤੀ ਸੀ। ਹਾਲੀਆ ਟਿੱਪਣੀਆਂ ਸੁਪਰੀਮ ਕੋਰਟ ਨੇ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਭੁਪੇਸ਼ ਬਘੇਲ ਦੇ ਬੇਟੇ ਚੈਤੰਨਯ ਬਘੇਲ ਤੇ ਹੋਰਨਾਂ 'ਤੇ ਮਨੀ ਲਾਂਡਰਿੰਗ ਦੇ ਦੋਸ਼ ਵਿੱਚ ਛਾਪਿਆਂ ਤੋਂ ਬਾਅਦ ਜ਼ਮਾਨਤ ਦੀ ਪਟੀਸ਼ਨ 'ਤੇ ਸੁਣਵਾਈ ਦੌਰਾਨ ਕੀਤੀਆਂ। ਦੋਸ਼ ਹੈ ਕਿ ਸੂਬੇ ਦੇ ਉੱਚ ਅਧਿਕਾਰੀਆਂ, ਵਿਅਕਤੀਆਂ ਤੇ ਸਿਆਸੀ ਆਗੂਆਂ ਨੇ ਸ਼ਰਾਬ ਘੁਟਾਲੇ ਵਿੱਚ ਡਿਸਟਿਲਰ ਤੋਂ ਕਰੀਬ ਦੋ ਹਜ਼ਾਰ ਕਰੋੜ ਰੁਪਏ ਦੀ ਰਿਸ਼ਵਤ ਲਈ ਤੇ ਦੇਸੀ ਸ਼ਰਾਬ ਨੂੰ ਬਿਨਾਂ ਦੱਸੇ ਵੇਚਿਆ ਜਾ ਰਿਹਾ ਸੀ। ਜਸਟਿਸ ਅਭੈ ਓਕਾ ਨੇ ਈ ਡੀ ਵੱਲੋਂ ਪੇਸ਼ ਹੋਏ ਐਡੀਸ਼ਨਲ ਸਾਲੀਸਿਟਰ ਜਨਰਲ ਐੱਸ ਵੀ ਰਾਜੂ ਨੂੰ ਕਿਹਾ ਕਿ ਤੁਸੀਂ ਇੱਕ ਖਾਸ ਦੋਸ਼ ਲਾਇਆ ਹੈ ਕਿ 40 ਕਰੋੜ ਰੁਪਏ ਲਏ ਗਏ, ਪਰ ਤੁਸੀਂ ਉਸ ਵਿਅਕਤੀ ਦਾ ਸੰਬੰਧਤ ਕੰਪਨੀ ਜਾਂ ਕਿਸੇ ਹੋਰ ਕੰਪਨੀ ਨਾਲ ਸੰਬੰਧ ਸਾਬਤ ਨਹੀਂ ਕਰ ਰਹੇ। ਇਹ ਤਾਂ ਦੱਸਣਾ ਚਾਹੀਦਾ ਹੈ ਕਿ ਉਹ ਕੰਪਨੀ ਦਾ ਡਾਇਰੈਕਟਰ ਹੈ ਜਾਂ ਨਹੀਂ, ਕੀ ਉਸ ਕੋਲ ਸਭ ਤੋਂ ਵੱਧ ਸ਼ੇਅਰ ਹਨ ਜਾਂ ਨਹੀਂ, ਕੀ ਉਹ ਮੈਨੇਜਿੰਗ ਡਾਇਰੈਕਟਰ ਹੈ। ਕੁਝ ਤਾਂ ਹੋਣਾ ਚਾਹੀਦਾ ਹੈ। ਇਸੇ ਮਾਮਲੇ ਵਿੱਚ ਇੱਕ ਹੋਰ ਸੁਣਵਾਈ ਵਿੱਚ ਜਸਟਿਸ ਓਕਾ ਤੇ ਜਸਟਿਸ ਉੱਜਲ ਭੂਈਆਂ ਦੀ ਬੈਂਚ ਨੇ ਕਿਹਾ ਸੀ ਕਿ ਜਾਂਚ ਆਪਣੀ ਰਫਤਾਰ ਨਾਲ ਚੱਲੇਗੀ। ਅਨੰਤ ਕਾਲ ਤੱਕ ਚਲਦੀ ਰਹੇਗੀ। ਤਿੰਨ ਚਾਰਜਸ਼ੀਟਾਂ ਦਾਖਲ ਕੀਤੀਆਂ ਜਾ ਚੁੱਕੀਆਂ ਹਨ। ਤੁਸੀਂ ਵਿਅਕਤੀ ਨੂੰ ਹਿਰਾਸਤ ਵਿੱਚ ਰੱਖ ਕੇ ਦਰਅਸਲ ਸਜ਼ਾ ਦੇ ਰਹੇ ਹੋ। ਤੁਸੀਂ ਪ੍ਰਕਿਰਿਆ ਨੂੰ ਹੀ ਸਜ਼ਾ ਬਣਾ ਦਿੱਤਾ ਹੈ। ਪਿਛਲੇ ਸਾਲ ਨਵੰਬਰ ਵਿੱਚ ਪੱਛਮੀ ਬੰਗਾਲ ਦੇ ਸਾਬਕਾ ਸਿੱਖਿਆ ਮੰਤਰੀ ਪਾਰਥ ਚੈਟਰਜੀ ਦੀ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਦੌਰਾਨ ਜਸਟਿਸ ਸੂਰੀਆ ਕਾਂਤ ਤੇ ਜਸਟਿਸ ਭੂਈਆਂ ਦੀ ਬੈਂਚ ਨੇ ਕਿਹਾ ਸੀ ਕਿ ਈ ਡੀ ਦੀ ਕੇਸ ਸਾਬਤ ਕਰਨ ਦੀ ਦਰ ਬਹੁਤ ਖਰਾਬ ਹੈ। ਜੇ 60-70 ਫੀਸਦੀ ਹੁੰਦੀ ਤਾਂ ਸਮਝ ਲੈਂਦੇ ਕਿ ਈ ਡੀ ਗੰਭੀਰਤਾ ਨਾਲ ਜਾਂਚ ਕਰਦੀ ਹੈ। ਕੇਂਦਰੀ ਮੰਤਰੀ ਨੇ ਸੰਸਦ ਵਿੱਚ ਦੱਸਿਆ ਕਿ 2014 ਤੋਂ 2024 ਤੱਕ 10 ਸਾਲਾਂ ਵਿੱਚ ਈ ਡੀ ਨੇ ਮਨੀ ਲਾਂਡਰਿੰਗ ਦੇ 5297 ਕੇਸ ਠੋਕੇ, ਪਰ ਸਾਬਤ 40 ਹੀ ਕਰ ਸਕੀ।*

*ਕਾਂਗਰਸ, ਸਮਾਜਵਾਦੀ ਪਾਰਟੀ, ਤ੍ਰਿਣਮੂਲ ਕਾਂਗਰਸ ਤੇ ਆਮ ਆਦਮੀ ਪਾਰਟੀ ਦਾ ਕਹਿਣਾ ਹੈ ਕਿ ਮੋਦੀ ਸਰਕਾਰ ਨੇ ਈ ਡੀ ਨੂੰ 'ਅਪੋਜ਼ੀਸ਼ਨ ਮਿਟਾਓ ਸੈੱਲ' ਬਣਾ ਦਿੱਤਾ ਹੈ। ਆਪੋਜ਼ੀਸ਼ਨ ਦਾ ਦਾਅਵਾ ਹੈ ਕਿ ਈ ਡੀ ਉਨ੍ਹਾਂ ਰਾਜਾਂ ਵਿੱਚ ਵਧੇਰੇ ਸਰਗਰਮੀ ਕਰਦੀ ਹੈ, ਜਿੱਥੇ ਆਪੋਜ਼ੀਸ਼ਨ ਦੀਆਂ ਸਰਕਾਰਾਂ ਹਨ। ਸੁਪਰੀਮ ਕੋਰਟ ਦੀ ਤਾਜ਼ਾ ਫਟਕਾਰ ਦੇ ਬਾਅਦ ਸਵਾਲ ਉੱਠਦਾ ਹੈ ਕਿ ਕੀ ਈ ਡੀ ਆਪਣੀ ਕਾਰਜ ਪ੍ਰਣਾਲੀ ਵਿੱਚ ਸੁਧਾਰ ਕਰੇਗੀ? ਕੀ ਮੋਦੀ ਸਰਕਾਰ ਆਪੋਜ਼ੀਸ਼ਨ ਦੇ ਗੰਭੀਰ ਦੋਸ਼ਾਂ ਦਾ ਜਵਾਬ ਦੇਵੇਗੀ? ਕੀ ਇਹ ਮੁੱਦਾ ਦੇਸ਼ ਦੇ ਲੋਕਾਂ ਨੂੰ ਨਜ਼ਰੀਆ ਬਦਲਣ ਵਿੱਚ ਮਦਦ ਕਰੇਗਾ?*

# ਪਹਿਲਗਾਮ ਦੀ ਠੰਢੀ ਹਵਾ 'ਚ ਗਰਮਾਹਟ

ਪਹਿਲਗਾਮ : ਜੰਮੂ-ਕਸ਼ਮੀਰ ਦੀ ਉਹ ਧਰਤੀ ਜਿੱਥੇ ਕੁਦਰਤ ਆਪਣੀ ਸੋਹਣੀ ਰਚਨਾ ਨੂੰ ਖੁੱਲ੍ਹ ਕੇ ਵਿਖਾਉਂਦੀ ਹੈ। ਪਹਾੜਾਂ ਦੀਆਂ ਚੋਟੀਆਂ 'ਤੇ ਬਰਫ ਦੇ ਪਹਾੜ ਪੱਸਰੇ ਹਨ, ਨਦੀ ਦੀਆਂ ਲਹਿਰਾਂ ਚੁੱਪ-ਚਾਪ ਸੰਗੀਤ ਬਣਾਉਂਦੀਆਂ ਹਨ ਤੇ ਹਵਾ ਵੀ ਇੱਥੇ ਸ਼ਾਂਤ ਮਿੱਠੀ ਹੁੰਦੀ ਹੈ, ਪਰ ਇਸ ਵਾਰੀ ਕੁਝ ਹੋਰ ਹੀ ਹੋ ਗਿਆ। ਠੰਢੀ ਹਵਾ ਵਿਚ ਇੱਕ ਅਣਚਾਹੀ ਗਰਮਾਹਟ ਮਹਿਸੂਸ ਹੋਈ ਕਿ ਸੈਲਾਨੀਆਂ ਦੀ ਹੱਸਣ-ਖੇਡਣ ਵਾਲੀ ਥਾਂ ਅਚਾਨਕ ਖ਼ਬਰਾਂ ਦੀ ਸੁਰਖੀ ਬਣ ਗਈ। ਅਜਿਹੀ ਘਟਨਾ ਨੇ ਇਲਾਕੇ ਦੀ ਸ਼ਾਂਤੀ ਨੂੰ ਝਟਕਾ ਨਹੀਂ, ਸਗੋਂ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ। ਇਸ ਦੇ ਬਾਅਦ ਲੋਕ ਚੌਕਸ ਹੋਏ, ਪੁਲਸ ਦੀ ਹਲਚਲ ਵਧੀ ਤੇ ਸਿਆਸਤ ਵੀ ਵਧ ਗਈ। ਫੇਰ ਪੂਰੇ ਵਿਸ਼ਵ ਪੱਧਰ 'ਤੇ ਮਸਲਾ ਗੂੰਜਿਆ। ਕੁਝ ਦਿਨ ਪਹਿਲਾਂ ਕਿਸੇ ਨੂੰ ਕੋਈ ਖਬਰ ਨਹੀਂ ਸੀ ਕਿ ਪਹਿਲਗਾਮ ਦੀ ਕੁਦਰਤੀ ਖੂਬਸੂਰਤੀ, ਲੋਕਾਂ ਦੀ ਮਹਿਮਾਨ-ਨਿਵਾਜ਼ੀ ਅਤੇ ਥਾਂ ਦੀ ਰੂਹਾਨੀ ਸ਼ਕਤੀ ਭਿਆਨਕ ਕਰਵਹਟਾ ਦਾ ਰੂਪ ਲੈ ਲਵੇਗੀ। ਜਦੋਂ ਵੱਖ-ਵੱਖ ਜਗ੍ਹਾ ਤੋਂ ਘੁੰਮਣ ਆਏ ਬੇਕਸੂਰ ਲੋਕਾਂ ਦੀ ਹੱਤਿਆ ਕਰ ਦਿੱਤੀ ਤਾਂ ਸਭ ਕੁਝ ਬਦਲ ਗਿਆ। ਦੋਵਾਂ ਦੇਸ਼ਾਂ ਵਿਚ ਤਣਾਅਪੂਰਨ ਮਾਹੌਲ ਬਣਿਆ ਹੋਇਆ ਹੈ। ਬਹੁਤ ਸਾਰੇ ਬੇਦੋਸ਼ੇ ਲੋਕਾਂ ਨੂੰ ਕਤਲ ਕਰ ਦਿੱਤਾ ਗਿਆ। ਸਾਡੀ ਸਾਰਿਆਂ ਦੀ ਉਹਨਾਂ ਬੇਕਸੂਰ ਮਾਰੇ ਗਏ ਲੋਕਾਂ ਦੇ ਪਰਵਾਰਾਂ ਨਾਲ ਦਿਲੀ ਤੌਰ 'ਤੇ ਹਮਦਰਦੀ ਹੈ, ਪਰ ਕੁਝ ਕੁ ਲੋਕਾਂ, ਸਿਆਸਤ ਅਤੇ ਮੀਡੀਆ ਵੱਲੋਂ ਨਫਰਤ, ਭੜਕਾਊ ਖਬਰਾਂ ਅਤੇ ਅਫਵਾਹਾਂ ਦਾ ਖੇਤਰ ਵਧਦਾ ਜਾ ਰਿਹਾ ਹੈ, ਪਰ ਅਜਿਹਾ ਨਹੀਂ ਹੋਣਾ ਚਾਹੀਦਾ। ਹਰ ਪਾਸੇ ਇਕ-ਦੂਜੇ ਕੋਲੋਂ ਸੁਣ ਕੇ ਜੰਗ ਦੀਆਂ ਗੱਲਾਂ ਹੋ ਰਹੀਆਂ ਹਨ। ਕੋਈ ਕੁਝ ਤੇ ਕੋਈ ਕੁਝ ਕਹਿ ਰਿਹਾ ਹੈ, ਪਰ ਅਜਿਹਾ ਨਹੀਂ ਹੋਣਾ ਚਾਹੀਦਾ। ਇਸ ਮਾਹੌਲ ਵਿਚ ਸਰਹੱਦੀ ਖੇਤਰਾਂ ਵਿਚ ਹਾਲਾਤ ਨਾਜ਼ੁਕ ਬਣੇ ਹੋਏ ਹਨ। ਸਰਹੱਦੀ ਪਿੰਡਾਂ ਦੇ ਲੋਕ ਆਪਣੀ ਜਾਨ ਬਚਾਉਣ ਲਈ ਘਰ ਛੱਡਣ ਨੂੰ ਮਜਬੂਰ ਹੋ ਰਹੇ ਹਨ। ਮਾਵਾਂ ਆਪਣੇ ਬੱਚਿਆਂ ਨੂੰ ਛੁਪਾ ਰਹੀਆਂ ਹਨ, ਆਪਣੇ ਪਸ਼ੂ-ਡੰਗਰ ਲਈ ਚਿੰਤਤ ਹਨ, ਤੇ ਨੌਜਵਾਨ ਆਪਣੇ ਭਵਿੱਖ ਲਈ ਅਣਸੁਣੇ ਸਵਾਲ ਲੈ ਕੇ ਘਰ ਦੇ ਦਰ 'ਤੇ ਰੁਕ ਗਏ ਹਨ। ਜਦੋਂ ਤਣਾਅ ਦੀ ਹਵਾ ਸਰਹੱਦੀ ਖੇਤਰਾਂ ਤੱਕ ਪਹੁੰਚਦੀ ਹੈ, ਤਾਂ ਇਹ ਸਿਰਫ਼ ਸਰਹੱਦੀ ਖੇਤਰਾਂ ਤੱਕ ਸੀਮਿਤ ਨਹੀਂ ਰਹਿੰਦੀ, ਸਾਰੇ ਪਾਸੇ ਫੈਲਦੀ ਹੈ। ਇਹ ਆਮ ਲੋਕਾਂ ਦੀ ਰੋਜ਼ੀ-ਰੋਟੀ, ਸਿਹਤ, ਸਿੱਖਿਆ ਅਤੇ ਮਨ ਦੀ ਸ਼ਾਂਤੀ 'ਤੇ ਵੀ ਅਸਰ ਪਾਉਂਦੀ ਹੈ, ਇਸ ਲਈ ਦੋਵੇਂ ਪਾਸੇ ਸ਼ਾਂਤੀ ਰਹੇ ਅਤੇ ਪਹਿਲਗਾਮ ਵਰਗੀ ਖੂਬਸੂਰਤ ਧਰਤੀ 'ਤੇ ਜਲਦ ਦੁਬਾਰਾ ਰੌਣਕਾਂ ਲੱਗਣ, ਇਸ ਦੀ ਆਸ ਅਰਦਾਸ ਹੈ, ਪਰ ਇਸ ਤਰ੍ਹਾਂ ਦਾ ਤਣਾਅਪੂਰਨ ਮਾਹੌਲ ਬਣਾਉਣ ਵਿਚ ਸੋਸ਼ਲ ਮੀਡੀਆ 'ਤੇ ਕਈ ਪੋਸਟਾਂ ਅੱਗ ਉਪਰ ਤੇਲ ਪਾਉਣ ਦਾ ਯਤਨ ਕਰ ਰਹੀਆਂ ਹਨ, ਜਿਸ ਨਾਲ ਲੋਕਾਂ ਦੇ ਦਿਲਾਂ 'ਚ ਡਰ ਦਾ ਮਾਹੌਲ ਪੈਦਾ ਹੁੰਦਾ ਹੈ। ਕਈ ਅਜਿਹੀਆਂ ਪੋਸਟਾਂ, ਵੀਡੀਓ ਤੇ ਕਮੈਂਟਸ, ਜੋ ਕਿ ਜਾਂ ਤਾਂ ਅਣਜਾਣੇ ਸਰੋਤਾਂ ਤੋਂ ਆਉਂਦੇ ਹਨ ਜਾਂ ਜ਼ਮੀਨੀ ਹਕੀਕਤ ਤੋਂ ਦੂਰ ਹੁੰਦੇ ਹਨ, ਲੋਕਾਂ ਦੇ ਮਨ ਵਿਚ ਡਰ, ਨਫ਼ਰਤ ਅਤੇ ਗ਼ਲਤਫਹਿਮੀਆਂ ਨੂੰ ਵਧਾ ਰਹੇ ਹਨ। ਇਹ ਸਮਾਂ ਸਾਵਧਾਨ ਰਹਿਣ ਦਾ ਹੈ, ਨਾ ਕਿ ਸਿਰਫ ਸਰਹੱਦੀ ਇਲਾਕਿਆਂ ਲਈ, ਸਗੋਂ ਹਰ ਉਸ ਇਨਸਾਨ ਲਈ ਜੋ ਸ਼ਾਂਤੀ, ਭਰਾਵਾ-ਚਾਰੇ ਅਤੇ ਇਨਸਾਨੀਅਤ ਵਿਚ ਵਿਸ਼ਵਾਸ ਰੱਖਦਾ ਹੈ। ਅਸੀਂ ਇਹ ਨਹੀਂ ਭੁੱਲ ਸਕਦੇ ਕਿ ਸੋਸ਼ਲ ਮੀਡੀਆ ਸਾਡਾ ਹਥਿਆਰ ਵੀ ਹੋ ਸਕਦਾ ਹੈ ਤੇ ਵੈਰੀ ਵੀ। ਇਹ ਇਲਾਜ ਵੀ ਹੋ ਸਕਦਾ ਹੈ ਤੇ ਬਿਮਾਰੀ ਵੀ। ਇਸ ਲਈ ਭੜਕਾਊ ਪੋਸਟਾਂ ਨੂੰ ਅਣਦੇਖਿਆ ਹੀ ਕੀਤਾ ਜਾਵੇ। ਕਈ ਪੋਸਟਾਂ, ਵੀਡੀਓ ਇਸ ਤਰ੍ਹਾਂ ਦੀਆਂ ਹੁੰਦੀਆਂ ਹਨ ਕਿ ਜੋ ਜੰਗ ਦਾ ਮਾਹੌਲ ਪੈਦਾ ਕਰਦੀਆਂ ਹਨ। ਸਾਡੇ ਲਈ ਇਹ ਲਾਜ਼ਮੀ ਹੈ ਕਿ ਅਸੀਂ ਹਰ ਖ਼ਬਰ ਨੂੰ ਜਾਚੀਏ, ਨਫ਼ਰਤ ਫੈਲਾਉਣ ਵਾਲੀ ਭਾਸ਼ਾ ਨੂੰ ਰੋਕੀਏ, ਕਿਉਂਕਿ ਸੋਸ਼ਲ ਮੀਡੀਆ ਉਪਰ ਤਾਂ ਪੋਸਟ ਪਾਉਣਾ ਆਸਾਨ ਹੈ, ਪਰ ਅਸਲ ਜ਼ਿੰਦਗੀ ਵਿਚ ਸਰਹੱਦੀ ਇਲਾਕਿਆਂ ਵਾਲੇ ਲੋਕ ਪ੍ਰੇਸ਼ਾਨ ਹਨ। ਇਸ ਲਈ ਲੋਕਾਂ ਵਿਚ ਸੋਸ਼ਲ ਮੀਡੀਆ ਦੀ ਇਹ ਅਣਸੁਣੀ ਤੇ ਬੇਸਿਰਪੈਰੀ ਭੜਕਾਊ ਪੋਸਟ ਇੱਕ ਨਵਾਂ ਸੰਕਟ ਲੈ ਕੇ ਆ ਸਕਦੀ ਹੈ। ਇਸ ਲਈ ਇਸ ਸਮੇਂ ਦੀ ਸਭ ਤੋਂ ਵੱਡੀ ਲੋੜ ਜ਼ਿੰਮੇਵਾਰ ਸੂਚਨਾ ਤੇ ਸਾਂਝ ਦੀ ਹੈ। ਜਿੱਥੇ ਅਣਜਾਣੀ ਅਤੇ ਗਲਤ ਜਾਣਕਾਰੀ ਤਣਾਅ ਪੈਦਾ ਕਰ ਸਕਦੀ ਹੈ, ਉੱਥੇ ਸਹੀ ਤੇ ਨਿਰਪੱਖ ਜਾਣਕਾਰੀ ਲੋਕਾਂ ਨੂੰ ਜੋੜਦੀ ਵੀ ਹੈ। ਸੋਸ਼ਲ ਮੀਡੀਆ 'ਤੇ ਆਪਣੀ ਭੂਮਿਕਾ ਨੂੰ ਸਮਝਦੇ ਹੋਏ ਅਸੀਂ ਚਾਹੀਦਾ ਇਹ ਕਿ ਸਿਰਫ ਉਸੇ ਜਾਣਕਾਰੀ ਨੂੰ ਸਾਂਝਾ ਕਰੀਏ ਜੋ ਪ੍ਰਮਾਣਿਤ ਹੋਵੇ ਅਤੇ ਜਿਸ ਦਾ ਮਕਸਦ ਸਿਰਫ਼ ਅਮਨ ਬਣਾਈ ਰੱਖਣਾ ਹੋਵੇ। ਸਾਡੀ ਇਹ ਨੈਤਿਕ ਜ਼ਿੰਮੇਵਾਰੀ ਵੀ ਬਣਦੀ ਹੈ ਕਿ ਅਸੀਂ ਨਫ਼ਰਤ ਦੀ ਅੱਗ 'ਤੇ ਪਾਣੀ ਪਾਈਏ, ਨਾ ਕਿ ਤੇਲ। ਇਸ ਲਈ ਅਸੀਂ ਉਮੀਦ ਕਰਦੇ ਹਾਂ ਕਿ ਸਾਰਾ ਮਾਹੌਲ ਜਲਦ ਤੋਂ ਠੀਕ ਹੋ ਜਾਵੇ, ਪਹਿਲਗਾਮ ਦੇ ਇਲਾਕੇ ਵਿਚ ਪੈਦਾ ਹੋਈ ਗਰਮਾਹਟ ਜਲਦੀ ਉਹੀ ਠੰਢਕ ਲਿਆਵੇ, ਜੋ ਦਿਲਾਂ ਨੂੰ ਸ਼ਾਂਤੀ ਦੇਵੇ, ਨਾ ਕਿ ਡਰ।

**ਸੁਖਮੰਦਰ ਪੁੰਨੀ**
**# ਸੰਪਰਕ : 98157-88001**

# ਪੰਜਾਬ ਦੇ ਦਰਿਆਈ ਪਾਣੀ ਅਤੇ ਸਿਆਸਤ



ਡਾ. ਅਮਨਪ੍ਰੀਤ ਸਿੰਘ ਬਰਾੜ

ਪਾਣੀ ਦੀ ਸਾਡੇ ਜੀਵਨ ਵਿੱਚ ਕਿੰਨੀ ਮਹੱਤਤਾ ਹੈ, ਇਸ ਗੱਲ ਦਾ ਅੰਦਾਜ਼ਾ ਹੇਠ ਲਿਖੇ ਵਿਸ਼ਲੇਸ਼ਣ ਤੋਂ ਲਾਇਆ ਜਾ ਸਕਦਾ ਹੈ। ਪਹਿਲਗਾਮ ਦੀ ਮੰਦਭਾਗੀ ਘਟਨਾ ਤੋਂ ਤੁਰੰਤ ਬਾਅਦ ਭਾਰਤ ਸਰਕਾਰ ਨੇ ਸਿੰਧੂ ਜਲ ਸੰਧੀ ਮੁਅੱਤਲ ਕਰਨ ਦਾ ਫੈਸਲਾ ਕੀਤਾ, ਜੋ 1960 ਤੋਂ ਚਲੀ ਆ ਰਹੀ ਸੀ। ਉੱਧਰ ਨਾਲ ਹੀ ਗੁਆਂਢੀ ਦੇਸ਼ ਦੇ ਲੀਡਰਾਂ ਨੇ ਵੀ ਖੂਨ ਅਤੇ ਜੰਗ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਹਾਲਾਂਕਿ ਸਾਰੀ ਦੁਨੀਆ ਜਾਣਦੀ ਹੈ ਕਿ ਜੰਗ ਵਿੱਚ ਦੋਨਾਂ ਧਿਰਾਂ ਦਾ ਨੁਕਸਾਨ ਹੁੰਦਾ ਹੈ। ਜੰਗ ਸ਼ੁਰੂ ਕਰਨੀ ਇੱਕ ਧਿਰ ਦੇ ਵੱਸ ਹੁੰਦੀ ਹੈ, ਪਰ ਬੰਦ ਕਰਨੀ ਉਸ ਦੇ ਵੱਸ ਨਹੀਂ ਰਹਿੰਦੀ। ਰੂਸ ਅਤੇ ਯੂਕਰੇਨ ਦੀ ਜੰਗ ਦਾ ਸਭ ਨੂੰ ਪਤਾ ਹੈ ਕਿ ਕੁਝ ਦਿਨਾਂ ਤੋਂ ਵਧਦੀ ਸਾਲਾਂ ਤੱਕ ਪਹੁੰਚ ਗਈ। ਉੱਧਰ ਪਾਣੀ ਪਿੱਛੇ ਪੰਜਾਬ ਤੇ ਹਰਿਆਣਾ ਆਪਸ ਵਿੱਚ 1966 ਤੋਂ ਹੀ ਉਲਝੇ ਫਿਰਦੇ ਹਨ। ਕਿਸਾਨੀ ਅੰਦੋਲਨ ਵੇਲੇ ਵੀ ਸਿਆਸਤਦਾਨਾਂ ਨੇ ਦੋਹਾਂ ਸੂਬਿਆਂ ਦੇ ਕਿਸਾਨਾਂ ਵਿਚਾਲੇ ਇਹ ਮੁੱਦਾ ਉਠਾਉਣ ਦੀ ਕੋਸ਼ਿਸ਼ ਕੀਤੀ, ਪਰ ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਕਿਸਾਨਾਂ ਨੇ ਇਸ ਚਾਲ ਨੂੰ ਨਕਾਰ ਦਿੱਤਾ। ਹੁਣ ਇਹ ਮੁੱਦਾ ਕਿਸਾਨਾਂ ਦੀ ਬਜਾਏ ਸਾਰੀ ਅਬਾਦੀ ਦਾ ਬਣਾ ਦਿੱਤਾ ਕਿ ਮਨੁੱਖਤਾ ਦੇ ਅਧਾਰ 'ਤੇ ਪੀਣ ਲਈ ਵੱਧ ਪਾਣੀ ਪੰਜਾਬ ਦੇ ਹਿੱਸੇ ਵਿੱਚੋਂ ਦਿੱਤਾ ਜਾਵੇ। ਭਲਾ ਸੋਚੋ ਸੂਬੇ ਦੀ ਸਰਕਾਰ, ਅਧਿਕਾਰੀ ਅਤੇ ਇੰਜੀਨੀਅਰ ਏਨੇ ਅਣਜਾਣ ਹਨ ਕਿ ਉਹ ਆਪਣੇ ਹਿੱਸੇ ਵਿੱਚੋਂ ਪੀਣ ਲਈ ਪਾਣੀ ਨਹੀਂ ਰੱਖ ਸਕੇ। ਉੱਧਰ ਦੋਨਾਂ ਸੂਬਿਆਂ ਦੀਆਂ ਸਿਆਸੀ ਪਾਰਟੀਆਂ ਨੇ ਰਲ ਕੇ ਆਪਣੇ ਸੂਬੇ ਦੇ ਹੱਕ ਵਿੱਚ ਮਤੇ ਪਾਏ ਹਨ। ਤਰਾਸਦੀ ਵੇਖੋ ਹਰਿਆਣੇ ਵਾਲੇ ਕਹਿੰਦੇ ਅਸੀਂ ਆਪਣੇ ਹਿੱਸੇ ਤੋਂ ਵੱਧ ਪਾਣੀ ਲੈਣ ਲਈ ਅਦਾਲਤ ਜਾਵਾਂਗੇ। ਗੱਲ ਕੀ ਸਰਕਾਰਾਂ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਹਟਾਉਣ ਲਈ ਜਦੋਂ ਲੋੜ ਪੈਂਦੀ ਹੈ ਪਾਣੀ ਦਾ ਮੁੱਦਾ ਚੁੱਕ ਲੈਂਦੀਆਂ ਹਨ, ਕਿਉਂਕਿ ਜੀਵਨ ਵਿੱਚ ਪਾਣੀ ਦੀ ਮਹੱਤਤਾ ਸਭ ਤੋਂ ਜ਼ਿਆਦਾ ਹੈ।

ਜਦੋਂ ਰੌਲਾ ਪੈਂਦਾ ਹੈ, ਹਰ ਪਾਰਟੀ ਦਾ ਇਕੋ ਰਾਗ ਹੀ ਹੁੰਦਾ ਹੈ ਅਸੀਂ ਪਾਣੀ ਦੀ ਬੂੰਦ ਨਹੀ ਦੇਣੀ, ਪਰ ਸਵਾਲ ਇੱਥੇ ਇਹ ਹੈ ਕਿ ਪੰਜਾਬ ਦਾ 70 ਪ੍ਰਤੀਸ਼ਤ ਪਾਣੀ ਪਹਿਲਾਂ ਹੀ ਸੂਬੇ ਤੋਂ ਬਾਹਰ ਜਾ ਰਿਹਾ ਹੈ, ਫਿਰ ਬੂੰਦ ਦਾ ਸਵਾਲ ਕਿਥੇ ਰਹਿ ਗਿਆ। ਇਸ ਵੇਲੇ ਪੰਜਾਬ ਦੇ ਕੋਲ ਜੋ 30 ਪ੍ਰਤੀਸ਼ਤ ਪਾਣੀ ਬਚਿਆ ਹੈ, ਉਹ ਸਿਰਫ 27 ਪ੍ਰਤੀਸ਼ਤ ਰਕਬੇ ਵਿੱਚ ਹੀ ਸਿੰਚਾਈ ਕਰਦਾ ਹੈ, ਬਾਕੀ 73 ਪ੍ਰਤੀਸ਼ਤ ਰਕਬਾ ਟਿਊਬਵੈੱਲਾਂ ਦੇ ਪਾਣੀ ਨਾਲ ਪਲਦਾ ਹੈ, ਜਿਸ ਕਾਰਨ ਧਰਤੀ ਹੇਠਲੇ ਪਾਣੀ ਦਾ ਉਪਰਲਾ ਪੱਤਣ ਸੁੱਕ ਚੁੱਕਾ ਹੈ ਅਤੇ ਹੇਠਲੇ ਪੱਤਣ ਵਿਚ ਪਾਣੀ ਸਿਰਫ ਪੰਜ-ਸੱਤ ਸਾਲ ਦਾ ਹੀ ਰਹਿ ਗਿਆ ਹੈ। ਇਨਸਾਫ ਦਾ ਤਕਾਜ਼ਾ ਇਹ ਮੰਗ ਕਰਦਾ ਹੈ ਕਿ ਪੀਣ ਵਾਲਾ ਪਾਣੀ ਹਰ ਇਕ ਨੂੰ ਮਿਲਣਾ ਚਾਹੀਦਾ ਹੈ, ਪਰ ਖੇਤੀ ਜਾਂ ਇੰਡਸਟਰੀ ਲਈ ਪਾਣੀ ਨੂੰ ਪਹਿਲ ਉਥੇ ਦੇਣੀ ਚਾਹੀਦੀ ਹੈ ਜਿਥੇ ਇਹ ਦਰਿਆ ਵਗਦੇ ਹਨ ਅਤੇ ਇਸ ਤੋਂ ਵੀ ਅੱਗੇ ਪ੍ਰਤੀ ਯੂਨਿਟ ਪਾਣੀ ਨਾਲ ਪੈਦਾਵਾਰ ਕਿੱਥੇ ਵੱਧ ਹੁੰਦੀ ਹੈ। ਜਿਹੜਾ ਪਾਣੀ ਰਾਜਸਥਾਨ ਨਹਿਰ ਰਾਹੀਂ ਰਾਜਸਥਾਨ ਜਾ ਰਿਹਾ ਹੈ, ਉਸ ਦਾ ਬਹੁਤਾ ਹਿੱਸਾ ਫਾਇਦੇ ਦੀ ਜਗ੍ਹਾ ਨੁਕਸਾਨ ਕਰ ਰਿਹਾ ਹੈ, ਜਿਹੜਾ ਪਾਣੀ ਨਹਿਰ ਦੇ ਪਹਿਲੇ ਪੜਾਅ ਨੂੰ ਦਿੱਤਾ ਗਿਆ, ਉਸ ਨੇ ਪਹਿਲਾਂ ਸੇਮ ਲਿਆਂਦੀ, ਫਿਰ ਸੇਮ ਨੂੰ ਠੀਕ ਕਰਨ ਲਈ ਨਹਿਰ ਦੇ ਨਾਲ ਦਰਖਤ ਲਾ ਕੇ ਜੰਗਲ ਖੜ੍ਹੇ ਕੀਤੇ ਗਏ। ਹੁਣ ਸੀਪੇਜ ਰੋਕਣ ਲਈ ਨਹਿਰ ਵਿਚ ਪਲਾਸਟਿਕ ਅਤੇ ਕੰਕਰੀਟ ਵਿਛਾਉਣ ਲਈ ਅਰਬਾਂ ਰੁਪਏ ਖਰਚੇ ਗਏ। ਪਾਣੀ ਦਾ ਜੀਰਨਾ (ਸੀਪੇਜ) ਤਾਂ ਰੋਕ ਲਵੋਂਗੇ, ਪਰ 45 ਤੋਂ 50 ਡਿਗਰੀ 'ਤੇ ਭਾਫ ਬਣ ਕੇ ਉੱਡਣ ਤੋਂ ਕਿਵੇਂ ਰੋਕੋਗੇ। ਕੀ ਇਹ ਪਾਣੀ ਬੰਦ ਪਾਈਪਾਂ ਰਾਹੀ ਨਹੀਂ ਸੀ ਲਿਜਾਇਆ ਜਾ ਸਕਦਾ ਤਾਂ ਕਿ ਵਰਤੋਂ ਯੋਗ ਪਾਣੀ ਵਧੇ ਅਤੇ ਬਚਿਆ ਪਾਣੀ ਜਿਹੜੇ ਸੂਬੇ ਵਿਚੋਂ ਪਾਣੀ ਲੈ ਕੇ ਜਾ ਰਹੇ ਹੋ, ਉੱਥੇ ਹੀ ਵਰਤਿਆ ਜਾਵੇ। ਇਸ ਤਰ੍ਹਾਂ ਰਾਜਸਥਾਨ ਨਹਿਰ ਦੇ ਦੂਜੇ ਪੜਾਅ ਵਿੱਚ ਮੋਟਰਾਂ ਲਾ ਕੇ ਪਾਣੀ 30-30 ਫੁੱਟ ਉੱਚਾ ਚੁੱਕ ਕੇ ਟਿੱਬਿਆਂ 'ਤੇ ਛੱਡਿਆ ਜਾ ਰਿਹਾ। ਰੇਤ ਦੇ ਟਿੱਬੇ ਉੱਤੇ 45 ਤੋਂ 48 ਡਿਗਰੀ ਤਾਪਮਾਨ 'ਤੇ ਕਿਹੜੀ ਤਕਨੀਕ ਨਾਲ ਪੈਦਾਵਾਰ ਹੋ ਸਕਦੀ ਹੈ?

ਸਭ ਤੋਂ ਵੱਡੀ ਗੱਲ ਹਰਿਆਣਾ ਸਭ ਤੋਂ ਜ਼ਿਆਦਾ ਰੌਲਾ ਪਾਉਂਦਾ ਹੈ, ਪਰ ਉਸ ਦਾ ਨਹਿਰਾਂ ਨਾਲ ਸਿੰਚਾਈ ਹੇਠ ਰਕਬਾ 45 ਪ੍ਰਤੀਸ਼ਤ ਹੈ, ਜਦ ਕਿ ਪੰਜਾਬ ਵਿਚ ਸਿਰਫ 27 ਪ੍ਰਤੀਸ਼ਤ ਰਕਬੇ ਵਿੱਚ ਹੀ ਨਹਿਰਾਂ ਨਾਲ ਸਿੰਚਾਈ ਹੋ ਰਹੀ ਹੈ। ਏਸੇ ਤਰ੍ਹਾਂ ਰਾਜਸਥਾਨ ਜੋ ਪੰਜਾਬ ਦੇ ਪਾਣੀਆਂ ਦਾ ਵੱਡਾ ਹਿੱਸਾ ਲਈ ਬੈਠਾ, ਉਥੇ ਵੀ 25.08 ਫੀਸਦੀ ਰਕਬਾ ਨਹਿਰਾਂ ਨਾਲ ਸਿੰਜਿਆ ਜਾਂਦਾ ਹੈ। ਤਰਾਸਦੀ ਇਹ ਹੈ ਕਿ ਸਾਰੀਆਂ ਹੀ ਸਿਆਸੀ ਪਾਰਟੀਆ ਰਾਜਸਥਾਨ ਨੂੰ ਦਿੱਤੇ ਹਿੱਸੇ ਦਾ ਜ਼ਿਕਰ ਨਹੀਂ ਕਰਦੀਆ, ਭਾਵੇਂ ਕਿ ਉਹ ਕਾਨੂੰਨੀ ਤੌਰ 'ਤੇ ਬੂੰਦ ਵੀ ਪਾਣੀ ਨਹੀਂ ਲੈ ਸਕਦਾ। ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਇਸ ਗੱਲ 'ਤੇ ਨਹੀਂ ਆਉਂਦੀਆਂ ਕਿ ਬਾਰਿਸ਼ ਘਟ ਗਈ ਹੈ ਇਸ ਕਰਕੇ ਦਰਿਆਈ ਪਾਣੀ ਘੱਟ ਗਿਆ ਹੈ ਅਤੇ ਪਾਣੀ ਦੀ ਲੋੜ ਵਧ ਗਈ ਹੈ। ਦਰਿਆਈ ਪਾਣੀ ਦਾ ਮੁਲਾਂਕਣ ਦੁਬਾਰਾ ਕਰਕੇ ਕਾਨੂੰਨ ਅਤੇ ਸੂਬੇ ਦੀ ਲੋੜ ਅਨੁਸਾਰ ਅਤੇ ਪਾਣੀ ਦੀ ਵਰਤੋਂ ਦੀ ਕੁਸ਼ਲਤਾ ਦੇ ਹਿਸਾਬ ਨਾਲ ਪਾਣੀ ਦੀ ਦੁਬਾਰਾ ਵੰਡ ਕੀਤੀ ਜਾਵੇ।

ਹੜ੍ਹਾ ਦੀ ਮਾਰ:- ਪਾਣੀ ਹਰ ਸੂਬੇ ਨੂੰ ਚਾਹੀਦਾ ਹੈ, ਪਰ ਜਦੋਂ ਬਾਰਿਸ਼ ਇਕਦਮ ਲੋੜ ਤੋਂ ਜ਼ਿਆਦਾ ਹੋ ਜਾਂਦੀ ਹੈ ਤਾਂ ਇਹ ਲੋਕ ਦਰਿਆਵਾਂ ਵਰਗੀਆਂ ਨਹਿਰਾਂ ਨੂੰ ਬੰਦ ਕਰਵਾ ਦਿੰਦੇ ਹਨ। ਤਰਕ ਦਿੱਤਾ ਜਾਂਦਾ ਹੈ ਕਿ ਨਹਿਰਾਂ ਵਿਚ ਪੈਣ ਪੈ ਕੇ ਨਹਿਰਾਂ ਦਾ ਨੁਕਸਾਨ ਹੁੰਦਾ ਹੈ। ਜੇ ਪਾਣੀ ਨਹਿਰਾਂ ਵਿੱਚ ਛੱਡ ਕੇ ਵੰਡਿਆ ਜਾਵੇ ਤਾਂ ਲੋਕਾਂ ਦਾ ਨੁਕਸਾਨ ਘੱਟ ਹੋਵੇਗਾ। ਪੰਜਾਬੀਆਂ ਦੇ ਘਰ ਢਹਿ ਜਾਣ, ਫਸਲਾਂ ਤਬਾਹ ਹੋ ਜਾਣ ਇਹ ਨੁਕਸਾਨ ਨਹੀਂ ਗਿਣਿਆ ਜਾਂਦਾ ਕਿਉਂਕਿ ਇਹ ਪੰਜਾਬ ਦਾ ਹੈ। ਕੀ ਕੇਂਦਰ ਸਰਕਾਰ ਦਾ ਇਹ ਫਰਜ਼ ਨਹੀ ਬਣਦਾ ਕਿ ਜਿੰਨੇ ਵੀ ਸੂਬੇ ਪਾਣੀ ਦਾ ਲਾਭ ਲੈਂਦੇ ਹਨ, ਉਹ ਸਾਰੇ ਰਲ ਕੇ ਪੰਜਾਬ ਦੇ ਲੋਕਾਂ ਦੇ ਨੁਕਸਾਨ ਦੀ ਭਰਪਾਈ ਕਰਨ। ਮੈਂ ਛੋਟੇ-ਮੋਟੇ ਹੜ੍ਹਾਂ ਦੀ ਮਾਰ ਦੀ ਗੱਲ ਨਹੀਂ ਕਰਦਾ, ਮੈਂ ਉਹਨਾਂ ਹੜ੍ਹਾ ਦੀ ਮਾਰ ਦੀ ਗੱਲ ਕਰਦਾ ਹਾਂ, ਜੋ ਭਾਖੜਾ ਡੈਮ ਵਿਚੋਂ ਪਾਣੀ ਛੱਡਣ ਨਾਲ ਆਏ। 1988 ਦੇ ਭਿਆਨਕ ਹੜ੍ਹ ਦਾ ਕਾਰਨ ਸੀ ਡੈਮ ਵਿਚ ਪਾਣੀ ਭਰਨ ਦਾ ਸਮਾਂ 30 ਸਤੰਬਰ ਤੱਕ ਦਾ ਹੈ, ਪਰ ਡੈਮ ਨੂੰ ਸਿਰੇ ਤੱਕ ਉਸ ਤੋਂ ਪਹਿਲਾਂ ਹੀ ਭਰ ਲਿਆ ਗਿਆ ਪਰ ਜਦੋਂ 23-26 ਸਤੰਬਰ ਨੂੰ ਕੈਚਮੈਂਟ ਏਰੀਏ ਵਿਚ ਭਾਰੀ ਬਾਰਿਸ਼ ਆਈ ਤਾਂ ਡੈਮ ਦੇ ਫਲੱਡ ਗੇਟ ਖੋਲ੍ਹ ਦਿੱਤੇ ਗਏ, ਜਿਸ ਕਾਰਨ ਭਾਰੀ ਮਾਤਰਾ ਵਿਚ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਪੰਜਾਬ ਦੇ 12989 ਪਿੰਡਾਂ ਵਿੱਚੋਂ 9000 ਪਿੰਡਾਂ ਵਿੱਚ ਪਾਣੀ ਭਰਿਆ, ਜਿਹਨਾਂ ਵਿਚੋਂ 2500 ਪਿੰਡ ਤਾਂ ਬਿਲਕੁਲ ਹੀ ਢਹਿ-ਢੇਰੀ ਹੋ ਗਏ। 34 ਲੱਖ ਲੋਕ ਪ੍ਰਭਾਵਤ ਹੋਏ। ਏਨਾ ਹੀ ਨਹੀਂ ਜਖਮਾਂ 'ਤੇ ਲੂਣ ਛਿੜਕਣ ਲਈ ਉਸ ਵੇਲੇ ਦੇ ਭਾਰਤ ਦੇ ਖੇਤੀ ਮੰਤਰੀ ਨੇ ਬਿਆਨ ਦਿੱਤਾ ਕਿ ਇਹ ਚੰਗਾ ਹੋਇਆ ਪੰਜਾਬ ਦੀ ਧਰਤੀ ਹੇਠਲਾ ਪਾਣੀ ਰੀਚਾਰਜ ਹੋ ਜਾਵੇਗਾ।

ਪੰਜਾਬ ਮਾਰੂਥਲ ਬਣਨ ਦੀ ਕਾਗਾਰ 'ਤੇ: ਇਸ ਵਕਤ ਪੰਜਾਬ ਦੇ 73 ਪ੍ਰਤੀਸ਼ਤ ਰਕਬੇ ਵਿਚ ਟਿਊਬਵੈਲਾਂ ਨਾਲ ਸਿੰਚਾਈ ਕੀਤੀ ਜਾਂਦੀ ਹੈ, ਜਿਸ ਕਾਰਨ ਪੰਜਾਬ ਦੇ 76 ਪ੍ਰਤੀਸ਼ਤ ਬਲਾਕਾਂ ਵਿਚੋਂ ਪਾਣੀ ਜ਼ਿਆਦਾ ਕੱਢਿਆ ਜਾਂਦਾ ਹੈ ਜਿਸ ਕਾਰਨ ਪਾਣੀ ਹਰ ਸਾਲ ਇੱਕ ਮੀਟਰ ਤੱਕ ਹੇਠਾਂ ਜਾ ਰਿਹਾ ਹੈ। ਨੈਸ਼ਨਲ ਗਰੀਨ ਟ੍ਰਿਬਿਊਨਲ ਦੀ 2022 ਦੀ ਰਿਪੋਰਟ ਮੁਤਾਬਕ ਜੇ ਏਸੇ ਤਰ੍ਹਾਂ ਚਲਦਾ ਰਿਹਾ ਤਾਂ 2039 ਤੱਕ ਪਾਣੀ 300 ਮੀਟਰ (984 ਫੁੱਟ) ਤੋਂ ਹੇਠਾ ਚਲਾ ਜਾਵੇਗਾ। ਇਸ ਵੇਲੇ ਭਾਵੇਂ ਕਿ ਪਾਣੀ ਦਾ ਲੈਵਲ 30-50 ਮੀਟਰ ਹੈ, ਪਰ ਚੰਗਾ ਪਾਣੀ ਲੈਣ ਲਈ ਕਿਸਾਨਾਂ ਨੇ ਬੋਰ 200 ਮੀਟਰ ਦੀ ਡੂੰਘਾਈ ਤੱਕ ਕੀਤੇ ਹੋਏ ਹਨ, ਪਰ ਜੇ ਪਾਣੀ ਦੀ ਸਤਹ ਹੀ 300 ਮੀਟਰ ਤੋਂ ਹੇਠਾਂ ਜਾਂਦੀ ਹੈ ਤਾਂ ਉੱਥੇ ਬੋਰ ਕਰਕੇ ਪਾਣੀ ਕੱਢਣਾ ਕਿਸਾਨ ਦੇ ਵੱਸ ਦੀ ਗੱਲ ਤਾਂ ਨਹੀਂ। ਬਿਨਾਂ ਪਾਣੀ ਤੋਂ ਜ਼ਮੀਨ ਬੰਜਰ ਹੋ ਜਾਵੇਗੀ। ਹਾਈਡਰਾਲੋਜਿਸਟ ਵਸ਼ਿਸ਼ਟ ਦੀ 2016 ਦੀ ਰਿਪੋਰਟ ਮੁਤਾਬਕ ਪੰਜਾਬ ਵਿਚ 1.27 ਮਿਲਿਅਨ ਹੈਕਟੇਅਰ ਮੀਟਰ ਦੀ ਘਾਟ ਸੀ।

ਪੰਜਾਬ ਦੀ ਮੌਜੂਦਾ ਸਰਕਾਰ ਨਹਿਰੀ ਪਾਣੀ ਹੇਠਾਂ ਰਕਬਾ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਜਦੋਂ ਸਾਡੇ ਕੋਲ ਪਾਣੀ ਹੀ ਸੀਮਤ ਹੈ ਫਿਰ ਰਕਬਾ ਵਧਾਉਣ ਨਾਲ ਧਰਤੀ ਹੇਠਲੇ ਪਾਣੀ ਦੀ ਮੰਗ ਨਹੀਂ ਘਟ ਸਕਦੀ, ਭਾਵੇਂ ਨਹਿਰੀ ਪਾਣੀ 10 ਲੱਖ ਹੈਕਟੇਅਰ ਵਿਚ ਲਾ ਲਓ ਜਾਂ 15 ਲੱਖ ਹੈਕਟੇਅਰ ਵਿਚ ਵਰਤ ਲਵੋ। ਪੰਜਾਬ ਕੋਲ ਇਸ ਵਕਤ ਰੀਚਾਰਜੇਬਲ ਪਾਣੀ 21.44 ਬਿਲੀਅਨ ਕਿਊਬਿਕ ਮੀਟਰ ਹੈ, ਜਦੋਂ ਕਿ ਅਸੀ ਕੱਢਦੇ 31.16 ਬਿਲੀਅਨ ਕਿਊਬਿਕ ਮੀਟਰ, ਭਾਵ ਕਸ਼ਮਤਾ ਦਾ 145 ਪ੍ਰਤੀਸ਼ਤ, ਜੋ ਪਾਣੀ ਡੂੰਘਾ ਜਾਣ ਅਤੇ ਮਾਰੂਥਲ ਬਣਨ ਦਾ ਕਾਰਨ ਬਣਦਾ ਹੈ। ਪਾਣੀ ਦੀ ਇਹ ਵਰਤੋਂ ਵੀ ਘਟਾਈ ਨਹੀਂ ਜਾ ਸਕਦੀ, ਕਿਉਂਕਿ ਕਿਸਾਨ ਛੋਟੇ ਹਨ, ਉਹ ਫਸਲੀ ਘਣਤਾ ਘੱਟ ਨਹੀਂ ਕਰ ਸਕਦੇ, ਕਿਉਂਕਿ ਮਹਿੰਗਾਈ ਕਾਰਨ ਪਰਵਾਰ ਦਾ ਪਹਿਲਾਂ ਹੀ ਗੁਜ਼ਾਰਾ ਮੁਸ਼ਕਲ ਨਾਲ ਚਲਦਾ ਹੈ।

ਨਿਚੋੜ:- ਅੱਜ ਲੋੜ ਹੈ ਕਿ ਨਹਿਰੀ ਪਾਣੀ ਦਾ ਦੁਬਾਰਾ ਮੁਲਾਂਕਣ ਕੀਤਾ ਜਾਵੇ ਹੈ। ਪਾਣੀ ਸਾਰੇ ਦੇਸ਼ ਲਈ ਇੱਕ ਦੁਰਲੱਭ ਵਸਤੂ ਜੋ ਪੀਣ ਲਈ ਹਰ ਇੱਕ ਨੂੰ ਮਿਲਣਾ ਚਾਹੀਦਾ ਹੈ। ਇਸ ਵੇਲੇ ਇਹ ਸੋਚਣਾ ਪਊਗਾ ਕਿ ਮਾਰੂਥਲ ਨੂੰ ਉਪਜਾਊ ਬਣਾਉਣ ਦੀ ਕੋਸ਼ਿਸ ਦੇ ਮੁਕਾਬਲੇ ਇੱਕ ਵਧੀਆ ਅਬਾਦ ਇਲਾਕੇ ਨੂੰ ਮਾਰੂਥਲ ਬਣਾਉਣਾ ਕਿੰਨੀ ਕੁ ਸਿਆਣਪ ਹੈ। ਪੰਜਾਬ ਦੇ ਸਿਆਸਤਦਾਨ ਅੱਜ ਆਪਣੇ ਮੱਤਭੇਦ ਭੁਲਾ ਕੇ ਪੰਜਾਬ ਲਈ ਇੱਕ ਸੁਰ ਅਵਾਜ਼ ਉਠਾਉਣ ਕਿ ਪੰਜਾਬ ਦੀ ਪਾਣੀ ਦੀ ਵੰਡ ਅੱਜ ਦੀ ਸਥਿਤੀ ਨੂੰ ਲੈ ਕੇ ਹੋਵੇ, ਖਾਸ ਕਰਕੇ ਰੇਪੇਰੀਅਨ ਐਕਟ ਮੁਤਾਬਕ। ਇਸ ਲਈ ਜੋ ਚਾਰਾਜ਼ੋਈ ਹੋ ਸਕਦੀ ਹੈ, ਰਲ ਕੇ ਕਰੋ, ਕਿਉਂਕਿ ਜਿੰਨਾ ਪਾਣੀ ਉਸ ਵੇਲੇ ਮਿਥਿਆ ਗਿਆ ਸੀ, ਉਹਨਾਂ ਪਾਣੀ ਹੈ ਹੀ ਨਹੀਂ, ਜੇ ਬਾਰਿਸ਼ ਹੀ ਤੀਜਾ ਹਿੱਸਾ ਘਟ ਗਈ (65 ਦੇ ਬਜਾਏ 45 ਸੈਂਟੀਮੀਟਰ ਪ੍ਰਤੀ ਸਾਲ ਰਹਿ ਗਈ) ਤਾਂ ਪਾਣੀ ਕਿਥੋਂ ਆਵੇਗਾ। ਸਿਆਸੀ ਲੋਕਾਂ ਨੇ ਰਾਜ ਪੰਜਾਬ 'ਤੇ ਕਰਨਾ ਹੈ ਅਤੇ ਜੇ ਪੰਜਾਬ ਬਚੂਗਾ ਤਾਂ ਹੀ ਰਾਜ ਕਰੋਗੇ।

**# ਸੰਪਰਕ : 96537-90000**

# ਸੇਵਾ-ਮੁਕਤੀ ਤੋਂ ਬਾਅਦ ਆਦਮੀ ਮਨਫੀ ਕਿਉਂ ਹੋ ਜਾਂਦਾ

**ਵਰਿੰਦਰ ਸ਼ਰਮਾ**

ਜ਼ਿੰਦਗੀ ਦੇ ਉਹ ਪਲ ਬਹੁਤ ਦੁਖਦਾਈ ਹੁੰਦੇ ਹਨ, ਜਦੋਂ ਸੇਵਾ-ਮੁਕਤੀ ਤੋਂ ਬਾਅਦ ਕਿਸੇ ਵਿਅਕਤੀ ਨੂੰ ਆਪਣੇ ਸਾਥੀਆਂ, ਸਮਾਜ, ਦਫਤਰ ਜਾਂ ਸੰਸਥਾ ਤੋਂ ਉਹ ਮਾਣ-ਸਨਮਾਨ ਨਹੀਂ ਮਿਲਦਾ, ਜੋ ਉਸ ਨੂੰ ਉੱਥੇ ਕੰਮ ਕਰਦੇ ਸਮੇਂ ਮਿਲਦਾ ਸੀ। ਦਰਅਸਲ, ਅਜੋਕੇ ਸਮੇਂ 'ਚ ਪਿਆਰ ਦੀ ਭਾਵਨਾ ਖਤਮ ਹੋ ਚੁੱਕੀ ਹੈ। ਦੁਨੀਆ ਸਵਾਰਥ ਨਾਲ ਭਰੀ ਪਈ ਹੈ। ਬਿਨਾਂ ਗਰਜ਼ ਕੋਈ ਕਿਸੇ ਨਾਲ ਗੱਲ ਕਰਨ ਲਈ ਤਿਆਰ ਨਹੀਂ। ਇਸ ਦਾ ਕਾਰਨ ਹੈ ਪਦਾਰਥਵਾਦ ਦਾ ਸਾਡੇ ਸਾਰਿਆਂ ਉੱਤੇ ਭਾਰੀ ਪੈਣਾ ਹੈ। ਅੱਜ-ਕੱਲ੍ਹ ਕੋਈ ਵੀ ਖੁਸ਼ ਨਹੀਂ ਲੱਗਦਾ। ਮਨੁੱਖ ਨੇ ਝੂਠ ਦਾ ਮਖੌਟਾ ਪਹਿਨਿਆ ਹੋਇਆ ਹੈ। ਦੇਖੋ, ਜੋ ਖੁਦ ਖੁਸ਼ ਨਹੀਂ ਹੈ, ਉਹ ਕਿਸੇ ਹੋਰ ਨੂੰ ਖੁਸ਼ ਕਿਵੇਂ ਦੇਖ ਸਕਦਾ ਹੈ? ਬਹੁਤ ਸਾਰੇ ਲੋਕਾਂ ਦੇ ਮਨ ਈਰਖਾ ਨਾਲ ਭਰੇ ਹੋਏ ਹਨ। ਬਹੁਤ ਸਾਰੇ ਲੋਕ ਅੰਦਰੋਂ ਕੁਝ ਹੋਰ ਹੁੰਦੇ ਹਨ ਅਤੇ ਬਾਹਰੋਂ ਕੁਝ ਹੋਰ। ਬਿਨਾਂ ਸ਼ੱਕ ਪ੍ਰਾਚੀਨ ਸਮਾਂ ਤੁਲਨਾਤਮਕ ਤੌਰ 'ਤੇ ਬਿਹਤਰ ਸੀ, ਕਿਉਂਕਿ ਲੋਕਾਂ ਵਿੱਚ ਪਿਆਰ ਅਤੇ ਭਾਈਚਾਰੇ ਦੀ ਭਾਵਨਾ ਮਜ਼ਬੂਤ ਸੀ। ਹਾਏ! ਅੱਜਕੱਲ੍ਹ ਆਪਸੀ ਸੁਹਿਰਦ ਸੰਬੰਧਾਂ ਦੀ ਭਾਵਨਾ ਕਿਧਰੇ ਵੀ ਵੇਖਣ ਨੂੰ ਨਹੀਂ ਮਿਲਦੀ। ਲੋਕ ਸੁਆਰਥੀ ਹੁੰਦੇ ਜਾ ਰਹੇ ਹਨ। ਸ਼ਾਇਦ ਇਸੇ ਲਈ ਰਿਸ਼ਤੇ, ਦੋਸਤੀਆਂ ਅਤੇ ਆਪਸੀ ਸਾਂਝ ਲਗਭਗ ਖਤਮ ਹੁੰਦੀ ਜਾ ਰਹੀ ਹੈ। ਜਦੋਂ ਕਿਸੇ ਦੀਆਂ ਭਾਵਨਾਵਾਂ ਨੂੰ ਕੁਚਲਿਆ ਜਾਂਦਾ ਹੈ ਤਾਂ ਉਸ ਦੇ ਦਿਲ ਨੂੰ ਬਹੁਤ ਠੇਸ ਪਹੁੰਚਦੀ ਹੈ।

ਇਹ ਗੱਲ ਕਾਬਲੇਗੌਰ ਹੈ ਕਿ ਜਿਸ ਦਫਤਰ ਜਾਂ ਸੰਸਥਾ ਵਿੱਚ ਕੋਈ ਵਿਅਕਤੀ 30-35 ਸਾਲ ਪੂਰੀ ਲਗਨ ਨਾਲ ਕੰਮ ਕਰਦਾ ਹੈ, ਜੇਕਰ ਸੇਵਾਮੁਕਤੀ ਤੋਂ ਬਾਅਦ ਉਸ ਨੂੰ ਉੱਥੇ ਆਪਣੇ ਕੰਮ ਲਈ ਕਦੇ ਜਾਣਾ ਪੈਂਦਾ ਹੈ ਤਾਂ ਉਸ ਨੂੰ ਉੱਥੇ ਪਹਿਲਾਂ ਵਰਗਾ ਸਤਿਕਾਰ ਅਤੇ ਸਨਮਾਨ ਨਹੀਂ ਮਿਲਦਾ ਅਤੇ ਉਸ ਦਾ ਗਰਮਜੋਸ਼ੀ ਨਾਲ ਸਵਾਗਤ ਨਹੀਂ ਕੀਤਾ ਜਾਂਦਾ ਤਾਂ ਇਸ ਨਾਲ ਉਸ ਸਮੇਂ ਉਸ ਦੇ ਦਿਲ ਨੂੰ ਜਿੰਨੀ ਠੇਸ ਪਹੁੰਚਦੀ ਹੈ, ਇਹ ਸਿਰਫ ਉਸ ਨੂੰ ਹੀ ਪਤਾ ਹੁੰਦਾ ਹੈ। ਉਹ ਦੁਖੀ ਹੋ ਜਾਂਦਾ ਹੈ, ਜਦੋਂ ਉਸ ਨੂੰ ਹੁਣ ਆਪਣੇ ਕੰਮ ਲਈ ਉਸੇ ਦਫਤਰ ਵਿੱਚ ਲਾਈਨ ਵਿੱਚ ਖੜ੍ਹਾ ਹੋਣਾ ਪੈਂਦਾ ਹੈ। ਇਹ ਵੀ ਦੱਸਣਾ ਜ਼ਰੂਰੀ ਹੈ ਕਿ ਇਹ ਜ਼ਰੂਰੀ ਨਹੀਂ ਕਿ ਹਰ ਜਗ੍ਹਾ ਹਰ ਕਿਸੇ ਨੂੰ ਅਜਿਹੇ ਹਾਲਾਤ ਵਿੱਚੋਂ ਗੁਜ਼ਰਨਾ ਪਵੇ। ਹਾਂ, ਲੇਖਕ ਨੇ ਆਪਣੀਆਂ ਅੱਖਾਂ ਨਾਲ ਕਿਸੇ ਨੂੰ ਆਪਣੀ ਪੈਨਸ਼ਨ ਲੈਣ ਲਈ ਕਤਾਰ ਵਿੱਚ ਖੜ੍ਹਾ ਦੇਖਿਆ ਹੈ। ਹੁਣ ਉਸੇ ਦਫਤਰ ਦੀਆਂ ਕੰਧਾਂ ਵੀ ਉਸ ਨੂੰ ਅਜੀਬ ਲੱਗਦੀਆਂ ਹਨ। ਜਿਸ ਕੁਰਸੀ 'ਤੇ ਉਹ ਏਨੇ ਸਾਲਾਂ ਤੋਂ ਬੈਠਾ ਹੈ, ਉਹ ਹੁਣ ਉਸ ਨੂੰ ਓਪਰੀ ਜਾਪਦੀ ਹੈ। ਕਈ ਵਾਰ ਉਸ ਦੇ ਸਾਥੀ ਉਸ ਨੂੰ ਬੈਠਣ ਲਈ ਵੀ ਨਹੀਂ ਕਹਿੰਦੇ। ਉਸ ਵੇਲੇ ਉਸ ਦੀਆਂ ਭਾਵਨਾਵਾਂ ਨੂੰ ਕੌਣ ਸਮਝ ਸਕਦਾ ਹੈ? ਅਜਿਹੇ ਰੁੱਖੇ ਵਿਹਾਰ ਦਾ ਰੁਝਾਨ ਦਿਨੋ-ਦਿਨ ਕਿਉਂ ਵਧ ਰਿਹਾ ਹੈ? ਹਰ ਕੋਈ ਆਪਣੀ ਹੀ ਧੁੰਨ 'ਚ ਮਸਤ ਹੈ।

ਇਹ ਮਾਮਲਾ ਬਹੁਤ ਸੰਵੇਦਨਸ਼ੀਲ ਹੈ। ਕਿੰਨੀ ਮੰਦਭਾਗੀ ਗੱਲ ਹੈ ਕਿ ਸੇਵਾਮੁਕਤੀ ਵਾਲੇ ਕਰਮਚਾਰੀ ਨਾਲ ਸੇਵਾਮੁਕਤੀ ਵਾਲੇ ਦਿਨ ਵੱਡੇ-ਵੱਡੇ ਵਾਅਦੇ ਕੀਤੇ ਜਾਂਦੇ ਹਨ ਅਤੇ ਫਿਰ ਉਸ ਤੋਂ ਬਾਅਦ ਤੁਸੀਂ ਕੌਣ ਹੋ ਅਤੇ ਮੈਂ ਕੌਣ ਹਾਂ। ਜਦੋਂ ਵੀ ਉਸ ਨੂੰ ਕਿਸੇ ਕੰਮ ਲਈ ਦਫਤਰ ਆਦਿ ਆਉਣਾ ਪੈਂਦਾ ਹੈ ਤਾਂ ਸਭ ਤੋਂ ਪਹਿਲਾਂ ਉਸ ਨੂੰ ਕੁਰਸੀ ਦਿੱਤੀ ਜਾਣੀ ਚਾਹੀਦੀ ਹੈ ਅਤੇ ਨਾਲ ਹੀ ਉਸ ਨੂੰ ਚਾਹ-ਪਾਣੀ ਵੀ ਪੁੱਛਿਆ ਜਾਣਾ ਚਾਹੀਦਾ ਹੈ। ਉਸ ਪ੍ਰਤੀ ਹਮਦਰਦੀ ਦੇ ਕੁਝ ਸ਼ਬਦ ਬੋਲੇ ਜਾਣੇ ਚਾਹੀਦੇ ਹਨ।

ਸੇਵਾਮੁਕਤੀ ਤੋਂ ਬਾਅਦ ਘਰ 'ਚ ਵੀ ਵਿਅਕਤੀ ਦਾ ਦਫਤਰ ਵਾਂਗ ਸਤਿਕਾਰ ਘਟਣਾ ਸ਼ੁਰੂ ਹੋ ਜਾਂਦਾ ਹੈ। ਹੁਣ ਘਰ 'ਚ ਪਰਿਵਾਰਕ ਮਾਮਲਿਆਂ ਵਿੱਚ ਉਸ ਤੋਂ ਕੋਈ ਸਲਾਹ ਨਹੀਂ ਲਈ ਜਾਂਦੀ। ਆਰਥਿਕ, ਸਮਾਜਿਕ ਅਤੇ ਘਰੇਲੂ ਮਾਮਲਿਆਂ ਵਿੱਚ ਵੀ ਉਸ ਨੂੰ ਜ਼ੀਰੋ ਮੰਨਿਆ ਜਾਂਦਾ ਹੈ। ਪਰਵਾਰ ਦੇ ਮੈਂਬਰਾਂ ਨੂੰ ਸਿਰਫ ਉਸ ਦੀ ਪੈਨਸ਼ਨ ਪਸੰਦ ਹੈ। ਇੱਕ ਗੱਲ ਸਾਨੂੰ ਚੰਗੀ ਤਰ੍ਹਾਂ ਸਮਝਣੀ ਚਾਹੀਦੀ ਹੈ ਕਿ ਉਸ ਦੀ ਸਲਾਹ ਸਾਨੂੰ ਕਿਸੇ ਵੀ ਪ੍ਰਤੀਕੂਲ ਸਥਿਤੀ ਵਿੱਚੋਂ ਬਹੁਤ ਆਸਾਨੀ ਨਾਲ ਬਾਹਰ ਨਿਕਲਣ ਵਿੱਚ ਮਦਦ ਕਰ ਸਕਦੀ ਹੈ। ਇਹ ਵੱਖਰੀ ਗੱਲ ਹੈ ਕਿ ਜੇ ਉਹ ਦਫਤਰ/ਘਰ ਵਿੱਚ ਸਮਾਜ ਦਾ ਇੱਕ ਮਹੱਤਵਪੂਰਨ ਹਿੱਸਾ ਸੀ ਤਾਂ ਹੁਣ ਵੀ ਉਹ ਉਸੇ ਸਮਾਜ ਦਾ ਇੱਕ ਅਨਿੱਖੜਵਾਂ ਅੰਗ ਹੈ।

ਇਸ ਲਈ ਸਾਰਿਆਂ ਨਾਲ ਚੰਗਾ ਵਿਹਾਰ ਕਰੋ। ਰੁੱਖਾ ਵਿਹਾਰ ਉਚਿਤ ਨਹੀਂ ਹੈ। ਹਰ ਕਿਸੇ ਨਾਲ ਨਿਮਰਤਾ ਨਾਲ ਪੇਸ਼ ਆਉਣਾ ਚਾਹੀਦਾ ਹੈ, ਕਿਉਂਕਿ ਯਾਦ ਰੱਖੋ ਕਿ ਹਰ ਕਿਸੇ ਨੂੰ ਇੱਕ ਨਾ ਇੱਕ ਦਿਨ ਸੇਵਾਮੁਕਤ ਹੋਣਾ ਹੀ ਪੈਂਦਾ ਹੈ ਤਾਂ ਜੇਕਰ ਕੋਈ ਸੇਵਾਮੁਕਤ ਹੋਣ ਤੋਂ ਬਾਅਦ ਸਾਡੇ ਨਾਲ ਕੋਈ ਰੁੱਖਾ ਵਿਹਾਰ ਕਰਦਾ ਹੈ ਤਾਂ ਸਾਡਾ ਕੀ ਹੋਵੇਗਾ? ਥੋੜ੍ਹਾ ਸੋਚੋ, ਆਓ ਆਪਣੀ ਕੰਮ ਕਰਨ ਦੀ ਸ਼ੈਲੀ 'ਚ ਸੁਧਾਰ ਕਰੀਏ। ਆਪਣੇ ਆਪ ਨੂੰ ਬਿਹਤਰ ਬਣਾਈਏ। ਜੇਕਰ ਅਸੀਂ ਦੂਜਿਆਂ ਨਾਲ ਉਸੇ ਤਰ੍ਹਾਂ ਵਿਹਾਰ ਕਰਦੇ ਹਾਂ, ਜਿਸ ਤਰ੍ਹਾਂ ਅਸੀਂ ਉਨ੍ਹਾਂ ਤੋਂ ਉਮੀਦ ਕਰਦੇ ਹਾਂ ਤਾਂ ਇਹ ਸਾਰਿਆਂ ਲਈ ਚੰਗਾ ਹੋਵੇਗਾ। ਚੰਗੇ ਸਕਾਰਾਤਮਕ ਵਿਚਾਰ ਰੱਖੋ। ਅਸੀਂ ਹਰ ਉਸ ਵਿਅਕਤੀ ਦੀਆਂ ਉਮੀਦਾਂ 'ਤੇ ਖਰੇ ਉਤਰੀਏ ਜੋ ਸਾਡੇ ਕੋਲ ਉਮੀਦ ਲੈ ਕੇ ਆਉਂਦਾ ਹੈ। ਹਮੇਸ਼ਾ ਆਪਣੇ ਚਿਹਰੇ 'ਤੇ ਮੁਸਕਰਾਹਟ ਲੈ ਕੇ ਕੰਮ ਕਰੋ। ਆਪਣੇ ਸਾਰੇ ਸਾਥੀਆਂ ਖਾਸ ਕਰਕੇ ਸੇਵਾਮੁਕਤ ਸਾਥੀਆਂ ਨਾਲ ਪਿਆਰ ਅਤੇ ਸਨੇਹ ਬਣਾਈ ਰੱਖੋ। ਜੇਕਰ ਇੱਕ ਵੀ ਵਿਅਕਤੀ ਸਾਡੇ ਕੰਮ ਤੋਂ ਖੁਸ਼ ਹੋ ਕੇ ਚਲਾ ਜਾਵੇ, ਤਾਂ ਸਮਝੋ ਕਿ ਸਾਡੇ ਦੁਆਰਾ ਕੀਤਾ ਗਿਆ ਕੰਮ ਸਾਰਥਕ ਹੈ। ਬਿਨਾਂ ਸ਼ੱਕ ਅਸੀਂ ਇਸ ਦੁਨੀਆ ਵਿੱਚ ਹਰ ਕਿਸੇ ਨੂੰ ਖੁਸ਼ ਅਤੇ ਸੰਤੁਸ਼ਟ ਨਹੀਂ ਕਰ ਸਕਦੇ, ਪਰ ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ। ਕੋਸ਼ਿਸ਼ ਕਰਨ ਨਾਲ ਸਾਡਾ ਜੀਵਨ ਸੁਖਾਲਾ ਤੇ ਸਫਲ ਹੋ ਜਾਵੇਗਾ।

ਇਹ ਸਭ ਜਾਣਦੇ ਹਨ ਕਿ ਆਦਰ-ਸਤਿਕਾਰ ਮਿਲਣ ਨਾਲ ਹਰ ਵਿਅਕਤੀ ਦੀ ਆਤਮਾ ਖੁਸ਼ ਹੋ ਜਾਂਦੀ ਹੈ। ਸੇਵਾਮੁਕਤ ਵਿਅਕਤੀ ਨੂੰ ਸੇਵਾਮੁਕਤੀ ਤੋਂ ਬਾਅਦ ਕਦੇ ਵੀ ਆਪਣੇ ਆਪ ਨੂੰ ਇਕੱਲਾ ਨਹੀਂ ਸਮਝਣਾ ਚਾਹੀਦਾ। ਉਹ ਆਪਣਾ ਸਮਾਂ ਅਖਬਾਰਾਂ ਪੜ੍ਹ ਕੇ, ਰੇਡੀਓ ਅਤੇ ਟੈਲੀਵਿਜ਼ਨ 'ਤੇ ਮਨੋਰੰਜਨ ਪ੍ਰੋਗਰਾਮ ਦੇਖ/ਸੁਣ ਕੇ ਚੰਗੀ ਤਰ੍ਹਾਂ ਬਿਤਾ ਸਕਦਾ ਹੈ। ਉਹ ਕਿਸੇ ਸਮਾਜ ਸੇਵੀ ਸੰਸਥਾ ਨਾਲ ਜੁੜ ਕੇ ਆਪਣਾ ਬਾਕੀ ਸਮਾਂ ਸਫਲ ਬਣਾ ਸਕਦਾ ਹੈ। ਅਜਿਹੀ ਸਥਿਤੀ ਵਿੱਚ ਉਹ ਆਪਣਾ ਉਹੀ ਦਰਜਾ ਦੁਬਾਰਾ ਪ੍ਰਾਪਤ ਕਰ ਸਕਦਾ ਹੈ। ਪੁਰਾਣੀਆਂ ਗੱਲਾਂ ਦੇ ਵਿਚਾਰ ਆਪਣੇ ਮਨ ਵਿੱਚੋਂ ਕੱਢ ਦਿਓ। ਗੰਨਮੈਨ, ਵੱਡਾ ਸਰਕਾਰੀ ਬੰਗਲਾ, ਸਰਕਾਰੀ ਕਾਰ ਆਦਿ ਐਸ਼ੋ-ਆਰਾਮ ਦੀਆਂ ਚੀਜ਼ਾਂ ਨੂੰ ਭੁੱਲ ਜਾਓ। ਜ਼ਿੰਦਗੀ ਵਿੱਚ ਪੈਸਾ ਹੀ ਸਭ ਕੁਝ ਨਹੀਂ ਹੁੰਦਾ। ਸਮਾਜ ਵਿੱਚ ਯੋਗਦਾਨ ਪਾ ਕੇ ਵਿਅਕਤੀ ਜ਼ਿੰਦਗੀ ਵਿੱਚ ਉਹ ਟੀਚਾ ਪ੍ਰਾਪਤ ਕਰ ਸਕਦਾ ਹੈ, ਜੋ ਉਸ ਦੀ ਕਿਸਮਤ ਦੇ ਦਰਵਾਜ਼ੇ ਖੋਲ੍ਹ ਦੇਵੇਗਾ।

ਆਓ, ਆਪਸੀ ਵਧੇਰੇ ਖੁਸ਼ੀ ਪ੍ਰਾਪਤ ਕਰਨ ਲਈ ਚੰਗੇ ਆਚਰਣ ਦੀ ਪਾਲਣਾ ਕਰੀਏ। ਇਸ ਤੋਂ ਸਿੱਖ ਕੇ ਸਾਰੇ ਲੋਕ ਚੰਗਾ ਵਿਹਾਰ ਵੀ ਕਰਨਗੇ। ਕਿਸੇ ਨਾਲ ਵੀ ਰੁੱਖਾ ਅਤੇ ਕਠੋਰ ਵਿਹਾਰ ਸਿਰਫ ਕੁੜੱਤਣ ਪੈਦਾ ਕਰਦਾ ਹੈ। ਚੰਗਾ ਵਿਹਾਰ ਚਾਰੇ ਪਾਸੇ ਖੁਸ਼ੀ ਦੇ ਰੰਗ ਫੈਲਾਉਂਦਾ ਹੈ।

**# ਸੰਪਰਕ : 94172-80333**

# ਜੰਗ ਮਸਲੇ ਦਾ ਹੱਲ ਨਹੀਂ



ਜਿੰਦਰ ਪਾਇਲਟ ਲਾਧੂਕਾ

ਜੰਗ ਜਾਂ ਯੁੱਧ ਦਾ ਖਿਆਲ ਕਰਦਿਆਂ ਹੀ ਮਨੁੱਖਤਾ ਦੇ ਘਾਣ ਦਾ ਵਿਕਰਾਲ ਰੂਪ ਦਾ ਦ੍ਰਿਸ਼ ਸ਼ਾਖਸਾਤ ਪ੍ਰਗਟ ਹੋ ਜਾਂਦਾ ਹੈ। ਮੁਲਕਾਂ ਜਾਂ ਗੈਰ-ਮੁਲਕੀ ਇਕਾਈਆਂ ਵਿਚਕਾਰ ਇੱਕ ਜੱਥੇਬੰਦ ਅਤੇ ਲੰਮਾ ਟਾਕਰਾ ਹੁੰਦਾ ਹੈ।ਇਹਦੇ ਲੱਛਣਾਂ ਵਿੱਚ ਆਮ ਤੌਰ 'ਤੇ ਅੰਤਹੀਣ ਹਿੰਸਾ, ਸਮਾਜਕ ਤੋੜ-ਫੋੜ, ਮਾਲੀ ਤਬਾਹੀ ਅਤੇ ਇਨਸਾਨੀਅਤ ਦਾ ਘਾਣ ਸ਼ਾਮਲ ਹਨ।ਇਹ ਸਿਆਸੀ ਫ਼ਿਰਕਿਆਂ ਵਿਚਕਾਰ ਇੱਕ ਵਾਸਤਵਿਕ, ਮਿੱਥਿਆ ਅਤੇ ਵਿਸ਼ਾਲ ਹਥਿਆਰਬੰਦ ਬਖੇੜਾ ਹੁੰਦਾ ਹੈ।ਜੰਗ ਕਰਨ ਵਾਸਤੇ ਤਿਆਰ ਕੀਤੀਆਂ ਗਈਆਂ ਤਕਨੀਕਾਂ ਨੂੰ ਯੁੱਧ-ਨੀਤੀ ਆਖਿਆ ਜਾਂਦਾ ਹੈ।ਜੰਗ ਚਾਲੂ ਨਾ ਹੋਣ ਦੀ ਹਾਲਤ ਨੂੰ ਅਮਨ ਆਖਿਆ ਜਾਂਦਾ ਹੈ।ਯੁੱਧ ਸ਼ੁਰੂ ਹੋਣ ਮਗਰੋਂ ਹੋਈਆਂ ਕੁੱਲ ਮੌਤਾਂ ਦੇ ਅਧਾਰ ਉੱਤੇ ਇਤਿਹਾਸ ਦੀ ਸਭ ਤੋਂ ਘਾਤਕ ਜੰਗ ਦੂਜੀ ਸੰਸਾਰ ਜੰਗ ਸੀ, ਜੀਹਦੇ 'ਚ 6 ਤੋਂ 8.5 ਕਰੋੜ ਲੋਕ ਮਾਰੇ ਗਏ।ਤੁਲਨਾਤਮਕ ਤੌਰ ਉੱਤੇ ਅਜੋਕੇ ਇਤਿਹਾਸ ਦੀ ਸਭ ਤੋਂ ਵੱਧ ਮਾਰੂ ਜੰਗ ਤੀਹਰੇ ਗੱਠਜੋੜ ਦੀ ਜੰਗ ਸੀ।ਕਹਿੰਦੇ ਹਨ ਇਸ ਜੰਗ ਵਿੱਚ ਪੈਰਾਗੁਏ ਦੀ ਅਬਾਦੀ ਦਾ ਲਗਭਗ 60 ਫੀਸਦੀ ਹਿੱਸਾ ਮਾਰਿਆ ਗਿਆ।ਸੰਸਾਰ ਦਾ ਵੱਡੇ ਤੋਂ ਵੱਡਾ ਮਸਲਾ ਕਦੇ ਵੀ ਜੰਗ ਨੇ ਹੱਲ ਨਹੀਂ ਕੀਤਾ,ਉਹ ਗੱਲਬਾਤ ਦੀ ਮੇਜ਼ ਉੱਤੇ ਜਾ ਕੇ ਹੀ ਨਿੱਬੜੀ।ਕਰੋੜਾਂ ਲੋਕਾਂ ਦੀ ਜਾਨ ਦਾ ਖੌਅ ਬਣੀਆਂ ਦੋਵਾਂ ਸੰਸਾਰ ਜੰਗਾਂ ਦਾ ਰਸਮੀ ਅੰਤ ਵੀ ਗੱਲਬਾਤ ਦੀ ਮੇਜ਼ ਉੱਤੇ ਹੀ ਹੋਇਆ।ਪਹਿਲੀ ਸੰਸਾਰ ਜੰਗ ਦਾ ਅੰਤ 'ਪੈਰਿਸ ਪੀਸ ਕਾਨਫਰੰਸ' ਵਿੱਚ ਚੱਲੀ ਲੰਮੀ ਗੱਲਬਾਤ ਮਗਰੋਂ 28 ਜੂਨ 1919 ਨੂੰ ਸਹੀਬੰਦ ਹੋਈ 'ਅਮਨ ਸੰਧੀ' ਰਾਹੀਂ ਹੋਇਆ।ਇਸੇ ਤਰ੍ਹਾਂ 1945 ਵਿੱਚ ਖ਼ਤਮ ਹੋ ਚੁੱਕੀ ਦੂਜੀ ਸੰਸਾਰ ਜੰਗ ਦਾ ਅੰਤਮ ਨਿਬੇੜਾ ਵੀ ਪੈਰਿਸ ਵਿੱਚ ਹੀ ਹੋਈ ਲੰਮੀ ਗੱਲਬਾਤ ਮਗਰੋਂ 10 ਫਰਵਰੀ 1947 ਨੂੰ ਸਹੀਬੰਦ ਕੀਤੀਆਂ ਗਈਆਂ 'ਪੈਰਿਸ ਅਮਨ ਸੰਧੀਆਂ' ਰਾਹੀਂ ਹੋਇਆ।ਜੰਗ ਤਬਾਹੀ ਦਾ ਦੂਜਾ ਨਾਮ ਹੈ।

ਜਦੋਂ ਤੋਂ ਹਿੰਦੁਸਤਾਨ ਦੀ ਵੰਡ ਹੋ ਕੇ ਪਾਕਿਸਤਾਨ ਅਤੇ ਭਾਰਤ ਦੋ ਅਲੱਗ-ਅਲੱਗ ਮੁਲਕ ਬਣ ਗਏ, ਉਸ ਸਮੇਂ ਤੋਂ ਲੈ ਕੇ ਕੁਝ ਕੱਟੜਪੰਥੀ ਲੋਕ ਅਮਨ ਨੂੰ ਨਾਪਸੰਦ ਕਰਨ ਵਾਲੇ ਲੋਕ, ਆਤੰਕ ਫੈਲਾਉਣ ਵਾਲੇ ਲੋਕਾਂ ਵੱਲੋਂ ਵੱਖ-ਵੱਖ ਸਮੇਂ 'ਤੇ ਵੱਖ-ਵੱਖ ਸਥਾਨਾਂ 'ਤੇ ਆਪਣੇ ਆਤੰਕ ਨਾਲ ਆਮ ਜਨਤਾ 'ਤੇ ਹਮਲਾ ਕਰ ਕੇ ਜਾਨੀ ਅਤੇ ਮਾਲੀ ਨੁਕਸਾਨ ਪਹੁੰਚਾਇਆ ਹੈ।ਇਸ ਤਰ੍ਹਾਂ ਹੀ ਪਹਿਲਗਾਮ ਹਮਲਾ ਭਾਰਤ-ਪ੍ਰਸ਼ਾਸਿਤ ਜੰਮੂ ਅਤੇ ਕਸ਼ਮੀਰ ਦੇ ਪਹਿਲਗਾਮ ਨੇੜੇ ਪੰਜ ਹਥਿਆਰਬੰਦ ਅੱਤਵਾਦੀਆਂ ਦੁਆਰਾ ਸੈਲਾਨੀਆਂ 'ਤੇ ਕੀਤਾ ਗਿਆ ਹਮਲਾ ਸੀ, ਜਿਸ ਵਿੱਚ 22 ਅਪ੍ਰੈਲ ਨੂੰ 26 ਨਾਗਰਿਕ, ਮਾਰੇ ਗਏ ਸਨ। ਇਸ ਘਟਨਾ ਨੇ ਹਰ ਹਿੰਦੁਸਤਾਨੀ ਨੂੰ ਝੰਜੋੜ ਕੇ ਰੱਖ ਦਿੱਤਾ ਹੈ।ਅਮਨਪਸੰਦ ਲੋਕ ਕਦੇ ਵੀ ਅਜਿਹੀਆਂ ਘਟਨਾਵਾਂ ਪਸੰਦ ਨਹੀਂ ਕਰਦੇ। ਵਾਰ-ਵਾਰ ਅਜਿਹੇ ਵਰਤਾਰਿਆਂ ਨੂੰ ਜਨਮ ਦੇਣ ਵਾਲਿਆਂ ਨੂੰ ਸਬਕ ਜ਼ਰੂਰ ਸਿਖਾਉਂਣਾ ਚਾਹੀਦਾ ਹੈ, ਪਰੰਤੂ ਆਮ ਜਨਤਾ 'ਤੇ ਬੁਰਾ ਪ੍ਰਭਾਵ ਨਾ ਪਵੇ।ਜਿੰਨਾ ਸੰਭਵ ਹੋ ਸਕੇ ਜੰਗ ਨੂੰ ਟਾਲਿਆ ਜਾਣਾ ਚਾਹੀਦਾ ਹੈ।ਜੰਗ ਲਈ ਉਕਸਾਉਣ ਵਾਲੀਆਂ ਬਹਿਸ ਤੋਂ ਬਚਾਅ ਕਰਨਾ ਚਾਹੀਦਾ ਹੈ। ਇਸ ਘਟਨਾ ਵਿੱਚ ਬਹੁਤ ਸਾਰੇ ਕਸ਼ਮੀਰੀਆਂ ਨੇ ਸੈਲਾਨੀਆਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਲਈ ਮਦਦ ਕੀਤੀ।ਘਰ-ਘਰ ਪਹੁੰਚਾਉਣ ਲਈ ਵੀ ਮਦਦ ਕੀਤੀ।ਸਾਰੇ ਕਸ਼ਮੀਰੀ ਮਾੜੇ ਨਹੀਂ ਹਨ।ਸਾਰੇ ਮੁਸਲਮਾਨ ਆਤੰਕੀ ਨਹੀਂ ਹਨ ਅਤੇ ਸਾਰੇ ਹਿੰਦੂ ਵੀ ਚੰਗੇ ਨਹੀਂ ਹਨ।

ਜੇ ਹਿੰਦੁਸਤਾਨ ਅਤੇ ਪਾਕਿਸਤਾਨ ਵਿੱਚ ਜੰਗ ਲੱਗਦੀ ਹੈ ਤਾਂ ਮਾੜਾ ਪ੍ਰਭਾਵ ਭਾਵੇਂ ਪੂਰੇ ਦੇਸ਼ ਉੱਪਰ ਪੈਣਾ ਹੈ, ਪਰੰਤੂ ਪੰਜਾਬ ਦੀ ਧਰਤੀ ਇੱਕ ਵਾਰ ਫਿਰ ਤੋਂ ਲਹੂ ਨਾਲ ਰੰਗੀ ਜਾਵੇਗੀ। ਪੰਜਾਬ ਦੀ ਧਰਤੀ ਫਿਰ ਬੰਜਰ ਹੋਣ ਵਾਲੇ ਪਾਸੇ ਨੂੰ ਵਧੇਗੀ।ਪੰਜਾਬ ਦਾ ਨੌਜਵਾਨ ਰੁਜ਼ਗਾਰ ਲਈ ਭਟਕੇਗਾ।ਜਿਹੜੀ ਪੰਜਾਬ ਦੀ ਧਰਤੀ ਹਿੰਦੁਸਤਾਨ ਦੇ ਨਿਵਾਸੀਆਂ ਨੂੰ ਭੁੱਖਾ ਪੇਟ ਭਰਨ ਲਈ ਅਨਾਜ ਪੈਦਾ ਕਰਦੀ ਹੈ,ਉਹ ਲਹੂ ਨਾਲ ਲੱਥਪੱਥ ਹੋ ਜਾਵੇਗੀ।ਪੰਜ ਦਰਿਆਵਾਂ ਦੀ ਧਰਤੀ ਜੋ ਪਾਣੀ ਨਾਲ ਧਰਤੀ ਸਿੰਜਦੀ ਹੈ, ਉਹ ਲਹੂ ਨਾਲ ਸਿੰਜੀ ਜਾਏਗੀ।ਇਸ ਤਰ੍ਹਾਂ ਦੇ ਹਾਲਾਤ ਪੰਜਾਬ ਨੇ ਪਹਿਲਾਂ ਵੀ ਵੇਖੇ ਤੇ ਪੰਜਾਬੀ ਭਲੀਭਾਂਤ ਜਾਣਦੇ ਹਨ ਕਿ ਯੁੱਧ ਦਾ ਅੰਤ ਪੰਜਾਬੀਆਂ ਦੀਆਂ ਅਗਲੀਆਂ ਪੀੜ੍ਹੀਆਂ 'ਤੇ ਕਿੰਨਾ ਮਾਰੂ ਅਸਰ ਪਾਉਂਦਾ ਹੈ।ਖ਼ੂਨ ਆਪਣਾ ਹੋਵੇ ਜਾਂ ਪਰਾਇਆ, ਹੈ ਤਾਂ ਆਦਮ ਜਾਤ ਦਾ ਖ਼ੂਨ।ਕੁਝ ਪਲਾਂ ਦੀ ਗਲਤੀ ਦੀ ਸਜ਼ਾ ਕਿਵੇਂ ਸਦੀਆਂ ਤੱਕ ਭੁਗਤਣੀ ਪੈਂਦੀ ਹੈ।ਯੁੱਧ ਦੇ ਮੈਦਾਨ ਵਿਚ ਜਿੱਤ ਭਾਵੇਂ ਕਿਸੇ ਦੀ ਵੀ ਹੋਵੇ, ਮਰਨ ਵਾਲਿਆਂ ਦਾ ਸੋਗ ਅਤੇ ਮਾਤਮ ਦੋਵੇਂ ਪਾਸੇ ਪਸਰਿਆ ਹੋਇਆ ਵੇਖਣ ਨੂੰ ਮਿਲਦਾ ਹੈ।ਜੰਗ ਦੇ ਪਿਛਲੇ ਤਜਰਬੇ ਦੱਸਦੇ ਹਨ ਕਿ ਜੰਗ ਭਾਵੇਂ ਕਿੰਨੀ ਹੀ ਲੰਮੀ ਕਿਉਂ ਨਾ ਚੱਲੇ, ਪਰੰਤੂ ਉਸ ਦਾ ਨਿਬੇੜਾ ਅੰਤ ਗੱਲਬਾਤ ਰਾਹੀਂ ਹੀ ਹੁੰਦਾ ਹੈ।ਜੇਕਰ ਜੰਗ ਹੀ ਲੜਨੀ ਹੈ ਤਾਂ ਅੱਜ ਕਿੰਨੇ ਹੀ ਬੱਚੇ ਭੁੱਖਮਰੀ ਅਤੇ ਕੁਪੋਸ਼ਨ ਦਾ ਸ਼ਿਕਾਰ ਹਨ,ਜਿਨ੍ਹਾਂ ਨੂੰ ਇਕ ਸਮੇਂ ਦੀ ਰੋਟੀ ਮਿਲਣੀ ਤਾਂ ਦੂਰ ਪੀਣ ਲਈ ਸਾਫ ਪਾਣੀ ਤੱਕ ਉਪਲੱਬਧ ਨਹੀਂ ਹੈ।ਇਨ੍ਹਾਂ ਦੀ ਭੁੱਖ ਮਿਟਾਉਣ ਅਤੇ ਸ਼ੁੱਧ ਪਾਣੀ ਮੁਹੱਈਆ ਕਰਵਾਉਣ ਲਈ ਜੰਗ ਲੜਨੀ ਚਾਹੀਦੀ ਹੈ।ਅੱਜ ਸੰਸਾਰ ਨੂੰ ਜਾਨਲੇਵਾ ਹਥਿਆਰਾਂ ਦੀ ਨਹੀਂ, ਸਗੋਂ ਜੀਵਨ ਉੱਪਰ ਛਾਏ ਅੰਧਕਾਰ ਦੇ ਬੱਦਲਾਂ ਨੂੰ ਦੂਰ ਕਰਨ ਲਈ ਸਿੱਖਿਆ ਸੰਸਥਾਵਾਂ ਦੀ ਅਤੇ ਬਿਮਾਰੀ ਨਾਲ ਜੂਝ ਰਹੀ ਮਨੁੱਖਤਾ ਦੇ ਜੀਵਨ ਨੂੰ ਨਿਰੋਗ ਬਣਾਉਣ ਵਾਲੇ ਵਧੀਆ ਅਤੇ ਆਧੁਨਿਕ ਕਿਸਮ ਦੇ ਹਸਪਤਾਲਾਂ ਦੀ ਵਧੇਰੇ ਲੋੜ ਹੈ।

ਅਜੋਕੇ ਯੁੱਗ ਦਾ ਇਹ ਵੀ ਇਕ ਦੁਖਾਂਤ ਹੀ ਕਿਹਾ ਜਾ ਸਕਦਾ ਹੈ ਕਿ ਅੱਜ ਕਿੰਨੇ ਹੀ ਅਲੱਗ-ਅਲੱਗ ਦੇਸ਼ਾਂ ਦੇ ਵਸਨੀਕ ਆਪਣੇ ਮੁਲਕਾਂ ਦੀਆਂ ਸਰਕਾਰਾਂ ਅਤੇ ਸਾਥੀ ਨਾਗਰਕਾਂ ਦੇ ਜ਼ੁਲਮ ਤਸ਼ੱਦਦ ਅਤੇ ਕਤਲ-ਓ-ਗਾਰਤ ਤੋਂ ਤੰਗ ਆ ਕੇ ਆਪਣੇ ਵਸਦੇ-ਰਸਦੇ ਘਰ-ਬਾਰ ਛੱਡ ਕੇ ਗੁਆਂਢੀ ਦੇਸ਼ਾਂ ਵਿਚ ਰਫਿਊਜੀਆਂ ਵਾਲੀ ਜ਼ਿੰਦਗੀ ਬਤੀਤ ਕਰਨ ਲਈ ਮਜਬੂਰ ਹਨ। ਸਮੇਂ ਦੀ ਪੁਕਾਰ ਹੈ ਕਿ ਦੂਜੇ ਦੇਸ਼ਾਂ ਵਿਚ ਪਨਾਹ ਲਈ ਬੈਠੇ ਰਫਿਊਜੀਆਂ ਨੂੰ ਉਹਨਾਂ ਦੇ ਆਪਣੇ ਮੁਲਕਾਂ ਵਿਚਲੇ ਜੱਦੀ ਮਕਾਨਾਂ ਵਿਚ ਰਹਿਣ-ਸਹਿਣ ਦਾ ਪ੍ਰਬੰਧ ਕਰਨ ਲਈ ਲੋੜੀਂਦੇ ਕਦਮ ਚੁੱਕਣ, ਨਾ ਕਿ ਨਵੀਂ ਜੰਗ ਛੇੜ ਕੇ ਸਮੁੱਚੀ ਮਨੁੱਖਤਾ ਲਈ ਹੋਰ ਮੁਸ਼ਕਿਲਾਂ ਖੜ੍ਹੀਆਂ ਕਰਨ।ਦੁਨੀਆਂ 'ਤੇ ਹੋਰ ਕੋਈ ਮੁਲਕ ਹਿੰਦੁਸਤਾਨ ਅਤੇ ਪਾਕਿਸਤਾਨ ਵਰਗੀ ਰਾਜਨੀਤੀ ਨਹੀਂ ਕਰਦਾ, ਜਿਸ ਨਾਲ ਹਮੇਸ਼ਾ ਆਮ ਅਤੇ ਗਰੀਬ ਵਰਗ ਹੀ ਪ੍ਰਭਾਵਤ ਹੁੰਦਾ ਹੈ।ਯੂਰਪੀਅਨ ਦੇਸ਼ਾਂ ਦੇ ਬਾਰਡਰ ਆਪਸ 'ਚ ਲਾਇਨਾਂ ਲਾਈਆਂ ਹੋਈਆਂ ਹਨ, ਦੁਨੀਆਂ ਇਧਰ-ਉਧਰ ਜਾਂਦੀ ਮਜ਼ੇ ਲੈਂਦੀ ਹੈ।ਖ਼ੁਦਾ ਦਾ ਖੌਫ ਕਰੋ, ਕੋਈ ਅਵਾਮ ਦਾ ਵੀ ਸੋਚ ਲਓ। ਹਿੰਦੁਸਤਾਨ ਅਤੇ ਪਾਕਿਸਤਾਨ ਦੇ ਦੋਵਾਂ ਮੁਲਕਾਂ ਦੀ ਜਨਤਾ ਬਾਹਰਲੇ ਦੇਸ਼ਾਂ ਵਿੱਚ ਰੁਲਦੀ ਫਿਰਦੀ ਹੈ।ਦੋਵਾਂ ਮੁਲਕਾਂ ਦੀ ਜਨਤਾ ਵਿੱਦਿਆ, ਸਿਹਤ ਅਤੇ ਰੁਜ਼ਗਾਰ ਲਈ ਦੁਨੀਆ ਭਰ ਦੇ ਦੇਸ਼ਾਂ ਵਿੱਚ ਭਟਕਦੀ ਫਿਰਦੀ ਹੈ।ਯਕੀਨ ਕਰੋ ਦੋਵੇਂ ਮੁਲਕ ਆਪਣੀ ਬਰਬਾਦੀ ਦੇ ਆਪ ਜ਼ਿੰਮੇਵਾਰ ਹਨ।ਦੋਵਾਂ ਪਾਸੇ ਦੇ ਹੁਕਮਰਾਨ, ਸਿਆਸਤਦਾਨਾਂ ਨੂੰ ਅਵਾਮ ਦੀ ਕੋਈ ਪਰਵਾਹ ਨਾ ਹੋ ਕੇ ਉਦਯੋਗਪਤੀਆਂ ਲਈ ਕਮਾਈ ਦੇ ਰਸਤੇ ਦਾ ਪ੍ਰਬੰਧ ਕਰਨ ਨੂੰ ਪਹਿਲ ਦਿੰਦੇ ਹਨ।ਚਾਹੀਦਾ ਤਾਂ ਇਹ ਹੈ ਕਿ ਆਪਸ ਵਿੱਚ ਲੜਨ ਦੀ ਬਿਜਾਏ ਦੇਸ਼ ਦੀ ਤਰੱਕੀ ਵੱਲ ਧਿਆਨ ਦੇ ਕੇ ਮਨੁੱਖਤਾ ਨੂੰ ਸ਼ਾਨਦਾਰ ਜ਼ਿੰਦਗੀ ਜਿਉਣ ਦਾ ਅਵਸਰ ਪ੍ਰਦਾਨ ਕੀਤੇ ਜਾਣ ਅਤੇ ਆਤੰਕਵਾਦ ਫੈਲਾਉਣ ਵਾਲੀਆਂ ਤਾਕਤਾਂ ਨੂੰ ਮੁੱਖ ਧਾਰਾ ਵਿੱਚ ਸ਼ਾਮਿਲ ਕੀਤਾ ਜਾਵੇ।

ਕਿਸੇ ਸ਼ਾਇਰ ਨੇ ਲਿਖਿਆ ਹੈ:-

ਜੰਗ ਤੋ ਖੁਦ ਹੀ ਏਕ ਮਸਲਾ ਹੈ,
ਜੰਗ ਕਿਯਾ ਮਸਲੋਂ ਕਾ ਹੱਲ ਦੇਗੀ।
ਆਗ ਔਰ ਖ਼ੂਨ ਆਜ ਬਖਸ਼ੇਗੀ,
ਭੂਖ ਔਰ ਅਹਿਤਿਆਜ ਕੱਲ੍ਹ ਦੇਗੀ।

**# ਸੰਪਰਕ : 96464-14464**

# ਨਸ਼ਾ ਤਸਕਰ ਦਾ ਨਾਜਾਇਜ਼ ਕਬਜ਼ਾ ਢਾਹਿਆ

● ਘਰ ਪੰਚਾਇਤੀ ਜ਼ਮੀਨ 'ਤੇ ਬਣਾਇਆ ਗਿਆ ਸੀ



**ਜਗਰਾਉਂ (ਅਮਿਤ ਖੰਨਾ)**- ਲੁਧਿਆਣਾ ਦਿਹਾਤੀ ਪੁਲਸ ਨੇ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਦੇ ਹਿੱਸੇ ਵਜੋਂ ਵੱਡੀ ਕਾਰਵਾਈ ਕੀਤੀ ਹੈ। ਪੁਲਸ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ੀ ਬਲਵੰਤ ਸਿੰਘ ਅਤੇ ਕੁਲਵੀਰ ਕੌਰ ਦੇ ਗੈਰ-ਕਾਨੂੰਨੀ ਨਿਰਮਾਣ 'ਤੇ ਪੀਲੇ ਪੰਜਾ ਚਲਾਇਆ। ਮੁਲਜ਼ਮਾਂ ਨੇ ਪੰਚਾਇਤੀ ਜ਼ਮੀਨ 'ਤੇ ਕਬਜ਼ਾ ਕਰਕੇ ਘਰ ਬਣਾਇਆ ਹੋਇਆ ਸੀ। ਲੁਧਿਆਣਾ ਦਿਹਾਤੀ ਦੇ ਐਸ ਐਸ ਪੀ ਡਾ. ਅੰਕੁਰ ਗੁਪਤਾ ਨੇ ਦੱਸਿਆ ਕਿ ਨਾਰੰਗਵਾਲ ਪਿੰਡ ਵਿੱਚ ਨਸ਼ਾ ਤਸਕਰਾਂ ਨੇ ਪੰਚਾਇਤੀ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕਰ ਲਿਆ ਸੀ। ਮੁਲਜ਼ਮਾਂ ਖ਼ਿਲਾਫ਼ ਪਹਿਲਾਂ ਹੀ 6 ਮਾਮਲੇ ਦਰਜ ਹਨ। ਇਹ ਕਾਰਵਾਈ ਡੀ ਸੀ ਲੁਧਿਆਣਾ ਦੇ ਹੁਕਮਾਂ 'ਤੇ ਕੀਤੀ ਗਈ। ਕਾਰਵਾਈ ਦੌਰਾਨ ਪੁਲਸ ਫੋਰਸ ਤਾਇਨਾਤ ਕੀਤੀ ਗਈ ਸੀ। ਇਹ ਪ੍ਰਬੰਧ ਇਸ ਲਈ ਕੀਤਾ ਗਿਆ ਸੀ ਤਾਂ ਜੋ ਕੋਈ ਵੀ ਵਿਅਕਤੀ ਸਰਕਾਰੀ ਕਾਰਵਾਈ ਵਿੱਚ ਦਖਲ ਨਾ ਦੇ ਸਕੇ। ਐਸ ਐਸ ਪੀ ਗੁਪਤਾ ਨੇ ਨਸ਼ਾ ਤਸਕਰਾਂ ਨੂੰ ਸਖ਼ਤ ਚੇਤਾਵਨੀ ਦਿੱਤੀ ਹੈ ਕਿ ਨਸ਼ੇ ਵੇਚਣ ਵਾਲਿਆਂ ਨੂੰ ਜੇਲ੍ਹ ਦੀ ਸਜ਼ਾ ਭੁਗਤਣੀ ਪਵੇਗੀ ਅਤੇ ਉਨ੍ਹਾਂ ਦੀਆਂ ਗੈਰ-ਕਾਨੂੰਨੀ ਉਸਾਰੀਆਂ ਨੂੰ ਵੀ ਢਾਹ ਦਿੱਤਾ ਜਾਵੇਗਾ। ਐਸ ਐਸ ਪੀ ਗੁਪਤਾ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਪੀਲੇ ਪੰਜੇ ਵੱਲੋਂ ਹੋਰ ਤਸਕਰਾਂ ਦੇ ਘਰਾਂ 'ਤੇ ਕਾਰਵਾਈ ਕੀਤੀ ਜਾਵੇਗੀ।

# ਡਿਫੈਂਸ ਵੱਲੋਂ ਹੰਗਾਮੀ ਸਥਿਤੀਆਂ ਨਾਲ ਨਜਿੱਠਣ ਲਈ ਮੌਕ ਡ੍ਰਿਲ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ ਤੇ ਡਾਇਰੈਕਟੋਰੇਟ ਜਨਰਲ ਆਫ਼ ਫਾਇਰ ਸਰਵਿਸ, ਨਾਗਰਿਕ ਸੁਰੱਖਿਆ ਤੇ ਹੋਮ ਗਾਰਡਜ਼ ਦੀਆਂ ਹਦਾਇਤਾਂ 'ਤੇ ਹੋਮ ਗਾਰਡਜ਼ ਦੇ ਸਿਵਲ ਡਿਫੈਂਸ ਨੇ ਵੀਰ ਹਕੀਕਤ ਰਾਏ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਜੰਗਾਂ ਜਾਂ ਹੋਰ ਹੰਗਾਮੀ ਸਥਿਤੀ ਮੌਕੇ ਜਾਨੀ ਤੇ ਮਾਲੀ ਨੁਕਸਾਨ ਨੂੰ ਘਟਾਉਣ ਦੀ ਮੌਕ ਡਰਿੱਲ ਕਰਵਾਈ। ਇਸ ਮੌਕੇ ਪੰਜਾਬ ਹੋਮ ਗਾਰਡ ਸਿਵਲ ਡਿਫੈਂਸ ਦੇ ਜ਼ਿਲ੍ਹਾ ਕਮਾਂਡਰ ਗੁਰਲਵਦੀਪ ਸਿੰਘ ਦੀ ਦੇਖ-ਰੇਖ ਹੇਠ ਫਸਟ ਏਡ ਸੇਫਟੀ ਸਿਹਤ ਜਾਗਰੂਕਤਾ ਮਿਸ਼ਨ ਦੇ ਚੀਫ ਟ੍ਰੇਨਰ ਕਾਕਾ ਰਾਮ ਵਰਮਾ ਸਮੇਤ ਐਨ ਸੀ ਸੀ ਕੇਡਿਟਜ ਐਨ ਐਸ ਐਸ ਵੰਲਟੀਅਰਾਂ ਸਕਾਊਟ ਗਾਈਡ ਤੇ ਰੈੱਡ ਕਰਾਸ ਵਰਕਰਾਂ ਨੇ ਜੰਗਾਂ ਮਹਾਂਮਾਰੀਆਂ ਤੇ ਕੁਦਰਤੀ ਆਫ਼ਤਾਂ ਦੌਰਾਨ ਜਾਨਾਂ ਅਤੇ ਪ੍ਰਾਪਰਟੀਆਂ ਨੂੰ ਤਬਾਹੀ ਤੋਂ ਬਚਾਉਣ ਲਈ ਪ੍ਰਭਾਵਸ਼ਾਲੀ ਮੌਕ ਡਰਿੱਲ ਦਾ ਪ੍ਰਦਰਸ਼ਨ ਕੀਤਾ। ਇਸ ਦੌਰਾਨ ਵਿਦਿਆਰਥੀਆਂ ਤੇ ਪੰਜਾਬ ਹੋਮ ਗਾਰਡ ਸਿਵਲ ਡਿਫੈਂਸ ਦੇ ਜਵਾਨਾਂ ਦੀਆਂ 10 ਪ੍ਰਕਾਰ ਦੀਆਂ ਟੀਮਾਂ ਬਣਾ ਕੇ ਸਾਇਰਨ ਵਜਾਉਣਾ, ਅਸੈਂਬਲੀ ਪੁਆਇੰਟ 'ਤੇ ਗਿਣਤੀ ਕਰਨੀ, ਫ਼ਸੇ ਲੋਕਾਂ ਨੂੰ ਰੈਸਕਿਊ ਕਰਨਾ, ਫੋਨ ਕਰਕੇ ਪੁਲਸ, ਐਂਬੂਲੈਂਸ ਤੇ ਫਾਇਰ ਬ੍ਰਿਗੇਡ ਨੂੰ ਬੁਲਾਉਣਾ, ਜ਼ਖ਼ਮੀਆਂ ਨੂੰ ਮੁੱਢਲੀ ਸਹਾਇਤਾ, ਸੀ ਪੀ ਆਰ ਵੈਂਟੀਲੇਟਰ ਸਿਸਟਮ, ਅੱਗ ਬੁਝਾਉਣਾ, ਕੰਟਰੋਲ ਰੂਮ, ਲਿਸਟਾਂ ਬਣਾਉਣਾ, ਛੱਤਾਂ ਤੋਂ ਬਚਾਓ, ਧਰਤੀ ਤੇ ਲੇਟਣ ਦੇ ਢੰਗ ਤਰੀਕੇ, ਹਸਪਤਾਲਾਂ ਨੂੰ ਸੰਪਰਕ ਕਰਨਾ ਆਦਿ ਦੀ ਮੌਕ ਡਰਿੱਲ ਕੀਤੀ ਗਈ। ਪੰਜਾਬ ਹੋਮ ਗਾਰਡ ਸਿਵਲ ਡਿਫੈਂਸ ਦੇ ਕਮਾਂਡੈਂਟ ਗੁਰਲਵਦੀਪ ਸਿੰਘ ਨੇ ਸਿਵਲ ਡਿਫੈਂਸ ਫਸਟ ਏਡ ਫਾਇਰ ਸੇਫਟੀ ਦੀ ਟ੍ਰੇਨਿੰਗ ਅਭਿਆਸ ਤੇ ਮੌਕ ਡਰਿੱਲਾਂ ਦੀ ਮਹੱਤਤਾ ਦੱਸੀ ਤੇ ਕਿਹਾ ਕਿ ਐਮਰਜੈਂਸੀ ਦੌਰਾਨ ਕੇਵਲ ਸਿੱਖੀ ਹੋਈ ਟ੍ਰੇਨਿੰਗ ਅਭਿਆਸ ਤੇ ਮੌਕ ਡਰਿੱਲਾਂ ਹੀ ਕੀਮਤੀ ਜਾਨਾਂ ਅਤੇ ਪ੍ਰਾਪਟੀਆਂ ਨੂੰ ਤਬਾਹੀਆਂ ਤੋਂ ਬਚਾ ਸਕਦੇ ਹਨ। ਉਨ੍ਹਾਂ ਕਿਹਾ ਕਿ ਹਰੇਕ ਸੰਸਥਾ ਨੂੰ ਆਪਣੇ ਵਿਦਿਆਰਥੀਆਂ ਅਧਿਆਪਕਾਂ ਅਤੇ ਕਰਮਚਾਰੀਆਂ ਲਈ ਸਿਵਲ ਡਿਫੈਂਸ, ਫਸਟ ਏਡ, ਫਾਇਰ ਸੇਫਟੀ ਟ੍ਰੇਨਿੰਗ ਅਭਿਆਸ ਕਰਵਾਉਣ ਲਈ ਯਤਨ ਕਰਨੇ ਚਾਹੀਦੇ ਹਨ। ਪੰਜਾਬ ਹੋਮ ਗਾਰਡ ਸਿਵਲ ਡਿਫੈਂਸ ਦੇ ਕੰਪਨੀ ਕਮਾਂਡਰ ਮੋਹਨ ਦੀਪ ਸਿੰਘ, ਮਨਿੰਦਰ ਕੁਮਾਰ, ਪਲਟੂਨ ਕਮਾਂਡਰ ਸਰਵਿੰਦਰ ਸਿੰਘ, ਹੌਲਦਾਰ ਅਰਵਿੰਦ ਸਿੰਘ ਦੀ ਸਰਪ੍ਰਸਤੀ ਹੇਠ ਹੋਮ ਗਾਰਡ ਸਿਵਲ ਡਿਫੈਂਸ ਦੇ ਜਵਾਨਾਂ ਨੇ ਮੌਕ ਡਰਿੱਲ ਦੌਰਾਨ ਲੋਕਾਂ ਨੂੰ ਰੈਸਕਿਊ, ਟਰਾਂਸਪੋਰਟ ਕਰਨ, ਫਸਟ ਏਡ ਸੀ ਪੀ ਆਰ ਫਾਇਰ ਸੇਫਟੀ ਕਰਨ ਦੇ ਪ੍ਰਦਰਸ਼ਨ ਕੀਤੇ।



# ਸਿੱਖਿਆ ਕ੍ਰਾਂਤੀ ਤਹਿਤ ਪਿੰਡਾਂ 'ਚ ਲੱਖਾਂ ਦੀਆਂ ਗ੍ਰਾਂਟਾਂ ਦੇ ਵਿਕਾਸ ਲੋਕ ਅਰਪਿਤ



**ਨਾਭਾ (ਵਰਿੰਦਰ ਵਰਮਾ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਅਤੇ ਸਿੱਖਿਆ ਮੰਤਰੀ ਪੰਜਾਬ ਸ੍ਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਵਿਧਾਇਕ ਸ੍ਰੀ ਗੁਰਦੇਵ ਸਿੰਘ ਦੇਵ ਮਾਨ ਨੇ ਸਰਕਾਰੀ ਮਿਡਲ ਸਕੂਲ ਖੱਖ ਤੇ ਸਰਕਾਰੀ ਪ੍ਰਾਇਮਰੀ ਸਕੂਲ ਅਗੌਲ ਵਿਖੇ ਲੱਖਾਂ ਰੁਪਏ ਦੀਆਂ ਗ੍ਰਾਂਟਾਂ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਸਿੱਖਿਆ ਹੀ ਅਸਲ ਆਧਾਰ ਹੈ, ਜਿਸ ਰਾਹੀਂ ਬੇਰੁਜ਼ਗਾਰੀ ਨੂੰ ਦੂਰ ਕੀਤਾ ਜਾ ਸਕਦਾ ਹੈ। ਵਿਧਾਇਕ ਸ੍ਰੀ ਗੁਰਦੇਵ ਸਿੰਘ ਦੇਵ ਮਾਨ ਨੇ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਖੱਖ ਵਿਖੇ 1 ਲੱਖ 60 ਹਜ਼ਾਰ ਰੁਪਏ ਦੀ ਲਾਗਤ ਨਾਲ 200 ਮੀਟਰ ਟਰੈਕ, ਸਰਕਾਰੀ ਮਿਡਲ ਸਕੂਲ ਖੱਖ ਵਿਖੇ 17 ਲੱਖ 50 ਹਜ਼ਾਰ ਰੁਪਏ ਦੀ ਲਾਗਤ ਨਾਲ ਨਵੀਂ ਚਾਰਦੀਵਾਰੀ, ਸਰਕਾਰੀ ਪ੍ਰਾਇਮਰੀ ਸਕੂਲ ਅਗੌਲ ਵਿਖੇ 5 ਲੱਖ 8 ਹਜ਼ਾਰ 900 ਰੁਪਏ ਦੀ ਲਾਗਤ ਨਾਲ ਨਵੀਂ ਚਾਰਦੀਵਾਰੀ ਤੇ ਸਰਕਾਰੀ ਹਾਈ ਸਕੂਲ ਅਗੌਲ ਵਿਖੇ 8 ਲੱਖ ਰੁਪਏ ਦੀ ਲਾਗਤ ਨਾਲ ਨਵੀਂ ਚਾਰਦੀਵਾਰੀ ਦਾ ਉਦਘਾਟਨ ਕੀਤਾ। ਵਿਧਾਇਕ ਦੇਵ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪੇਂਡੂ ਖੇਤਰ ਦੇ ਵਿਦਿਆਰਥੀਆਂ ਲਈ ਬਹੁਤ ਉਪਰਾਲੇ ਕਰ ਰਹੀ ਹੈ ਤਾਂ ਜੁ ਹਰੇਕ ਬੱਚੇ ਨੂੰ ਪੂਰਣ ਸਿੱਖਿਆ ਅਤੇ ਅਨੁਕੂਲ ਸਿੱਖਿਆ ਵਾਲਾ ਮਾਹੌਲ ਮਿਲ ਸਕੇ।

# ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ (ਵਿਗਿਆਨਕ) ਦੀ ਮੀਟਿੰਗ

**ਮਾਨਸਾ (ਆਤਮਾ ਸਿੰਘ ਪਮਾਰ)** ਪੰਜਾਬ ਸੁਬਾਰਡੀਨੇਟ ਸਰਵਿਸਜ ਫੈਡਰੇਸ਼ਨ (ਵਿਗਿਆਨਕ) ਜ਼ਿਲ੍ਹਾ ਇਕਾਈ ਦੀ ਮੀਟਿੰਗ ਸੂਬਾਈ ਆਗੂ ਬਿੱਕਰ ਸਿੰਘ ਮਾਖਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਉਪਰੰਤ ਡਿਪਟੀ ਕਮਿਸ਼ਨਰ ਰਾਹੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਮ 20 ਮਈ ਨੂੰ ਕੀਤੀ ਜਾ ਰਹੀ ਹੜਤਾਲ ਦੇ ਸੰਬੰਧ ਵਿੱਚ ਇੱਕ ਮੰਗ ਪੱਤਰ ਵੀ ਭੇਜਿਆ ਗਿਆ।



ਇਸ ਸਮੇਂ ਹਿੰਮਤ ਸਿੰਘ ਦੂਲੋਵਾਲ ਮੇਜਰ ਸਿੰਘ ਬਾਜੇਵਾਲਾ, ਹਰਬੰਸ ਸਿੰਘ ਫਫੜਾਈ, ਜਸਪ੍ਰੀਤ ਸਿੰਘ ਮਾਨਸਾ, ਬਲਵਿੰਦਰ ਸਿੰਘ ਘਰਾਂਗਣਾ, ਗੁਰਪ੍ਰੀਤ ਸਿੰਘ ਮਾਨਸਾ ਗੁਰਸੇਵਕ ਸਿੰਘ ਭੀਖੀ ਆਦਿ ਆਗੂ ਹਾਜ਼ਰ ਸਨ। ਆਗੂਆਂ ਨੇ ਕਿਹਾ ਕਿ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਕੱਚੇ ਤੇ ਆਊਟਸੋਰਸ ਕਾਮੇ ਪੱਕੇ ਕੀਤੇ ਜਾਣ, ਠੇਕੇਦਾਰੀ ਪ੍ਰਣਾਲੀ ਬੰਦ ਕੀਤੀ ਜਾਵੇ ਅਤੇ ਪੱਕੀ ਭਰਤੀ ਚਾਲੂ ਕੀਤੀ ਜਾਵੇ, ਡੀ ਏ ਦੀਆਂ ਕਿਸ਼ਤਾਂ ਦਾ ਪੁਰਾਣਾ ਬਕਾਇਆ ਜਾਰੀ ਕੀਤਾ ਜਾਵੇ, 37 ਪ੍ਰਕਾਰ ਦੇ ਬੰਦ ਕੀਤੇ ਭੱਤੇ ਬਹਾਲ ਕੀਤੇ ਜਾਣ ਘੱਟੋ-ਘੱਟ ਉਜਰਤਾਂ 'ਚ ਵੀ ਵਾਧਾ ਕੀਤਾ ਜਾਵੇ, ਆਸ਼ਾ ਵਰਕਰ ਮਿੱਡ ਡੇਅ ਮੀਲ ਵਰਕਰਾਂ ਦਾ ਮਾਣਭੱਤਾ ਵੀ ਵਧਾਇਆ ਜਾਵੇ, ਵਾਟਰ ਵਰਕਸਾਂ ਦਾ ਪੰਚਾਇਤੀਕਰਨ ਬੰਦ ਕੀਤਾ ਜਾਵੇ। ਇਸ ਸਮੇਂ ਜ਼ਿਲ੍ਹਾ ਮਾਨਸਾ 'ਚੋਂ 20 ਮਈ ਦੀ ਹੜਤਾਲ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਦਾ ਅਹਿਦ ਕੀਤਾ ਗਿਆ।

# ਮਹੰਤ ਅੰਮ੍ਰਿਤ ਮੁਨੀ ਜੀ ਦੇ ਦੇਹਾਂਤ 'ਤੇ ਦੁੱਖ ਪ੍ਰਗਟ

**ਮਾਨਸਾ (ਆਤਮਾ ਸਿੰਘ ਪਮਾਰ)** ਡੇਰਾ ਬਾਬਾ ਭਾਈ ਗੁਰਦਾਸ ਜੀ ਦੇ ਗੱਦੀਨਸ਼ੀਨ ਮਹੰਤ ਅੰਮ੍ਰਿਤ ਮੁਨੀ ਜੀ ਦੇ ਅਚਾਨਕ ਦਿਹਾਂਤ ਹੋਣ ਤੇ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਆਈ.ਏ.ਐਸ. ਤੇ ਐਸ ਐਸ.ਪੀ. ਮਾਨਸਾ ਸ਼੍ਰੀ ਭਾਗੀਰਥ ਸਿੰਘ ਮੀਣਾ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਉਨ੍ਹਾਂ ਕਿਹਾ ਕਿ ਮਹੰਤ ਜੀ ਦੇ ਦਿਹਾਂਤ ਨਾਲ ਜਿੱਥੇ ਧਾਰਮਿਕ ਤੇ ਸਮਾਜਿਕ ਜਗਤ ਨੂੰ ਵੱਡਾ ਘਾਟਾ ਪਿਆ ਹੈ, ਉਥੇ ਹੀ ਉਨ੍ਹਾਂ ਦੇ ਨਿੱਜੀ ਚਾਹੁਣ ਵਾਲੇ ਅਤੇ ਪ੍ਰਸ਼ੰਸਕਾਂ ਵਿਚਕਾਰ ਸੋਗ ਦੀ ਲਹਿਰ ਦੌੜ ਗਈ ਹੈ।

# ਘਰਾਂ ਦੀਆਂ ਛੱਤਾਂ 'ਤੇ ਪਏ ਕਬਾੜ 'ਚ ਪੈਦਾ ਹੁੰਦਾ ਡੇਂਗੂ ਮੱਛਰ : ਡਾ. ਰਮਨਦੀਪ ਕੌਰ

**ਸਮਰਾਲਾ, (ਸੁਰਜੀਤ ਸਿੰਘ)** ਸਿਵਲ ਸਰਜਨ ਲੁਧਿਆਣਾ ਡਾ. ਰਮਨਦੀਪ ਕੌਰ ਵੱਲੋਂ ਬਰਸਾਤ ਦਾ ਮੌਸਮ ਸੁਰੂ ਹੋਣ ਤੋਂ ਅਗਾਊਂ ਹੀ



ਬਰਸਾਤੀ ਬਿਮਾਰੀਆਂ ਤੋਂ ਬਚਾਅ ਲਈ ਜ਼ਬਰਦਸਤ ਉਪਰਾਲੇ ਸੁਰੂ ਕਰ ਦਿੱਤੇ ਹਨ, ਜਿਸ ਤਹਿਤ ਡੇਂਗੂ, ਮਲੇਰੀਆ ਅਤੇ ਚਿਕਨਗੁਨੀਆ ਵਰਗੀਆਂ ਬਿਮਾਰੀਆਂ ਤੋਂ ਜਿੱਥੇ ਲੋਕਾਂ ਨੂੰ ਖਬਰਦਾਰ ਕੀਤਾ ਜਾ ਰਿਹਾ ਹੈ, ਉਥੇ ਬਚਾਅ ਦੇ ਸਾਧਨਾਂ ਤਹਿਤ ਆਪਣੇ ਮਾਤਹਿਤ ਜ਼ਿਲ੍ਹੇ ਦੇ ਸਬ ਡਵੀਜ਼ਨ ਹਸਪਤਾਲਾਂ ਤੇ ਡਿਸਪੈਂਸਰੀਆਂ ਨੂੰ ਸਖਤ ਹਿਦਾਇਤਾਂ ਕੀਤੀਆਂ ਹਨ ਕਿ ਉਹ ਆਪਣੇ ਅਧੀਨ ਇਲਾਕਿਆਂ ਵਿੱਚ ਮੌਸਮੀ ਬਿਮਾਰੀਆਂ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਵਿਚ ਕੋਈ ਕਸਰ ਨਾ ਛੱਡਣ। ਉਨ੍ਹਾਂ ਦੱਸਿਆ ਕਿ ਮਲੇਰੀਆ, ਡੇਂਗੂ ਤੇ ਚਿਕਨਗੁਨੀਆ ਦੀ ਬਿਮਾਰੀ ਤੋਂ ਆਮ ਲੋਕਾਂ ਨੂੰ ਬਚਾਉਣ ਲਈ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਜ਼ਿਲ੍ਹੇ ਭਰ ਵਿੱਚ ਜਾਗਰੂਕ ਕੀਤਾ ਜਾ ਰਿਹਾ ਹੈ। ਡੇਂਗੂ ਜਾਗਰੂਕਤਾ ਮੁਹਿੰਮ ਤਹਿਤ ਜ਼ਿਲ੍ਹੇ ਭਰ ਵਿੱਚ ਟੀਮਾਂ ਵੱਲੋਂ ਘਰ-ਘਰ ਜਾ ਕੇ ਮੱਛਰ ਨੂੰ ਪੈਦਾ ਹੋਣ ਤੋਂ ਰੋਕਣ ਲਈ ਵਿਸ਼ੇਸ਼ ਚੈਕਿੰਗ ਕੀਤੀ ਜਾ ਰਹੀ ਹੈ, ਜਿੱਥੇ ਕਿਤੇ ਵੀ ਲਾਰਵਾ ਮਿਲਦਾ ਹੈ, ਉਸ ਨੂੰ ਮੌਕੇ 'ਤੇ ਨਸ਼ਟ ਕਰ ਦਿੱਤਾ ਜਾਂਦਾ ਹੈ ਅਤੇ ਜਿੱਥੇ ਕਿਤੇ ਵੀ ਸਾਫ਼ ਖੜਾ ਪਾਣੀ ਨਜ਼ਰ ਆਉਂਦਾ ਹੈ, ਟੀਮਾਂ ਵੱਲੋਂ ਉਸ ਖੜੇ ਪਾਣੀ ਤੇ ਲਾਰਵੀਸਾਈਡ ਦੀ ਸਪਰੇਅ ਕੀਤੀ ਜਾਂਦੀ ਹੈ, ਤਾਂ ਜੁ ਲਾਵਰਾ ਪੈਦਾ ਨਾ ਹੋ ਸਕੇ।

# ਐਸ ਐਮ ਐਸ ਯੂ ਨੇ ਪੰਜ ਜ਼ੋਨਲ ਇੰਚਾਰਜ ਨਿਯੁਕਤ ਕੀਤੇ

**ਸੰਗਰੂਰ (ਪ੍ਰਵੀਨ ਸਿੰਘ)**- ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਨਾਮ ਸਿੰਘ ਵਿਰਕ ਅਤੇ ਸੂਬਾ ਜਨਰਲ ਸਕੱਤਰ ਤਰਸੇਮ ਭੱਠਲ ਦੀ ਅਗਵਾਈ ਵਿੱਚ ਸਮੂਹ ਸੂਬਾਈ ਅਗਜੈਕਟਿਵ ਮੈਂਬਰ ਸਾਹਿਬਾਨ ਅਤੇ ਜ਼ਿਲ੍ਹਿਆਂ ਦੇ ਪ੍ਰਧਾਨ/ ਜਨਰਲ ਸਕੱਤਰ ਅਤੇ ਵੱਖ ਵੱਖ ਵਿਭਾਗਾਂ ਦੇ ਸੂਬਾ ਪ੍ਰਧਾਨ ਅਤੇ ਜਨਰਲ ਸਕੱਤਰ ਨਾਲ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੀ ਸ਼ੁਰੂਆਤ ਵਿੱਚ ਹਾਊਸ ਦੀ ਪ੍ਰਵਾਨਗੀ ਨਾਲ ਪੰਜ ਜ਼ੋਨਲ ਇੰਚਾਰਜ ਨਿਯੁਕਤ ਕੀਤੇ ਗਏ ਅਤੇ ਬਾਕੀ ਅਹੁਦੇਦਾਰਾਂ ਦਾ ਐਲਾਨ ਕਰਦੇ ਹੋਏ ਜਥੇਬੰਦੀ ਵੱਲੋਂ ਅਧਿਕਾਰਿਤ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ। ਜਿਸ ਵਿੱਚ ਸੂਬਾ ਸੀਨੀਅਰ ਮੀਤ ਪ੍ਰਧਾਨ ਪਿੱਪਲ ਸਿੰਘ ਸਿੱਧੂ, ਸੰਜੀਵ ਭਾਰਗਵ, ਗੁਰਮੇਲ ਸਿੰਘ ਵਿਰਕ, ਖੁਸ਼ਕਰਨਜੀਤ ਸਿੰਘ, ਸੰਗਤ ਰਾਮ ਨੂੰ ਜ਼ੋਨਲ ਇੰਚਾਰਜ਼ ਨਿਯੁਕਤ ਕਰਦੇ ਹੋਏ ਜਿੰਮੇਵਾਰੀ ਸੌਂਪੀ ਗਈ। ਇਸ ਦੇ ਨਾਲ ਹੀ ਅਨੁਜ ਸ਼ਰਮਾ ਸੂਬਾ ਵਿੱਤ ਸਕੱਤਰ, ਅਮਿਤ ਅਰੋੜਾ ਸੂਬਾ ਐਡੀਸ਼ਨਲ ਜਨਰਲ ਸਕੱਤਰ, ਤੇਜਿੰਦਰ ਸਿੰਘ ਨੰਗਲ ਸੂਬਾ ਮੁੱਖ ਸਲਾਹਕਾਰ, ਰਘਬੀਰ ਸਿੰਘ ਬਡਵਾਲ ਸੂਬਾ ਚੇਅਰਮੈਨ, ਅਨਿਰੁਧ ਮੋਦਗਿੱਲ ਸੂਬਾ ਵਾਈਸ ਚੇਅਰਮੈਨ, ਜਗਦੀਸ਼ ਠਾਕੁਰ ਅਤੇ ਸਰਬਜੀਤ ਡੀਂਗਰਾ ਨੂੰ ਸੂਬਾ ਮੁੱਖ ਜਥੇਬੰਦਕ ਸਕੱਤਰ, ਮਨਜਿੰਦਰ ਸਿੰਘ ਸੰਧੂ ਸੂਬਾ ਮੁੱਖ ਬੁਲਾਰਾ, ਰਾਜਵੀਰ ਸ਼ਰਮਾ ਬਡਰੁੱਖਾਂ ਸੂਬਾ ਪ੍ਰੈੱਸ ਸਕੱਤਰ, ਮੈਨੁਅਲ ਨਾਹਰ ਅਤੇ ਸੁਖਦੇਵ ਸਿੰਘ ਹਵਾਸ ਨੂੰ ਸੂਬਾ ਸਹਾਇਕ ਪ੍ਰੈੱਸ ਸਕੱਤਰ, ਪਰਦੀਪ ਵਿਨਾਇਕ, ਅਮਰਪ੍ਰੀਤ ਸਿੰਘ ਪਰਮਾਰ ਸਹਾਇਕ ਵਿੱਤ ਸਕੱਤਰ, ਰਾਜਵੀਰ ਸਿੰਘ ਮਾਨ, ਨਵਵਰਿੰਦਰ ਸਿੰਘ ਨਵੀਂ, ਲਖਬੀਰ ਸਿੰਘ ਗਰੇਵਾਲ, ਜਸਦੀਪ ਸਿੰਘ ਚਾਹਲ, ਜਸਵੀਰ ਸਿੰਘ ਧਾਮੀ, ਗੁਰਨਾਮ ਸਿੰਘ ਸੈਣੀ, ਜੋਗਿੰਦਰ ਜ਼ੀਰਾ ਨੂੰ ਸੂਬਾ ਮੀਤ ਪ੍ਰਧਾਨ, ਅਸ਼ੋਕ ਕੁਮਾਰ, ਨਰਿੰਦਰ ਸਿੰਘ, ਅਜੈ ਸਿੱਧੂ, ਜਸਮਿੰਦਰ ਸਿੰਘ, ਵਰਿੰਦਰ ਸਿੰਘ ਖਾਲਸਾ ਸਾਰੇ ਜ਼ੋਨਲ ਸਕੱਤਰ, ਸੁਨੀਲ ਕੁਮਾਰ ਸੰਯੁਕਤ ਸਕੱਤਰ, ਪੁਸ਼ਪਿੰਦਰ ਸਿੰਘ, ਕਮਲਦੀਪ ਸਿੰਘ ਸੰਧੂ, ਅਮਿਤ ਟਾਕ, ਪ੍ਰਿਤਪਾਲ ਸਿੰਘ, ਬਖਸ਼ੀਸ਼ ਸਿੰਘ, ਸਤਨਾਮ ਕੰਬੋਜ, ਜਸਵਿੰਦਰ ਸਿੰਘ ਅਤੇ ਮੁਹੰਮਦ ਸ਼ਰੀਫ਼ ਨੂੰ ਕਾਰਜਕਾਰੀ ਮੈਂਬਰ ਨਿਯੁਕਤ ਕੀਤਾ ਗਿਆ। ਇਸ ਉਪਰੰਤ ਸੂਬਾ ਪ੍ਰਧਾਨ ਗੁਰਨਾਮ ਸਿੰਘ ਵਿਰਕ ਵੱਲੋਂ ਕਿਹਾ ਗਿਆ ਕਿ ਆਉਣ ਵਾਲੇ ਦਿਨਾਂ ਵਿੱਚ ਜਥੇਬੰਦੀ ਸਮੂਹ ਜ਼ਿਲ੍ਹਿਆਂ ਵਿੱਚ ਸਾਰੇ ਵਿਭਾਗਾਂ ਦੇ ਜਿਲ੍ਹਾ ਪੱਧਰੀ ਮਨਿਸਟੀਰੀਅਲ ਮੁਲਾਜ਼ਮ ਆਗੂਆਂ ਨਾਲ ਮੀਟਿੰਗਾਂ ਕਰੇਗੀ ਅਤੇ ਸਮੂਹ ਮੁਲਾਜ਼ਮ ਸਾਥੀਆਂ ਨਾਲ ਸਲਾਹ ਮਸ਼ਵਰਾ ਕਰਨ ਉਪਰੰਤ ਜਥੇਬੰਦੀ ਆਪਣੇ ਭਵਿੱਖੀ ਸੰਘਰਸ਼ਾਂ ਦਾ ਐਲਾਨ ਜਲਦ ਕਰੇਗੀ। ਮੀਟਿੰਗ ਦੌਰਾਨ ਸੂਬਾ ਜਨਰਲ ਸਕੱਤਰ ਤਰਸੇਮ ਭੱਠਲ ਨੇ ਕਿਹਾ ਕਿ ਅੱਜ ਜਿਹੜੇ ਸਾਥੀਆਂ ਨੂੰ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ, ਉਹ ਤਨਦੇਹੀ ਅਤੇ ਇਮਾਨਦਾਰੀ ਨਾਲ ਜਥੇਬੰਦੀ ਨੂੰ ਸਮਰਪਿਤ ਹੋ ਕੇ ਜਮਾਤ ਹਿੱਤ ਵਿੱਚ ਕੰਮ ਕਰਨ ਲਈ ਵਚਨਬੱਧ ਹੋਣਗੇ ਅਤੇ ਮਨਿਸਟੀਰੀਅਲ ਜਮਾਤ ਦੇ ਹਿੱਤਾਂ ਦੀ ਰਾਖੀ ਲਈ ਹਰ ਤਰਾਂ ਦਾ ਸੰਘਰਸ਼ ਕਰਨ ਲਈ ਹਰ ਸਮੇਂ ਤਿਆਰ ਰਹਿਣਗੇ। ਵਿਰਕ ਨੇ ਸਰਕਾਰ ਨੂੰ ਸਵਾਲ ਕਰਦਿਆਂ ਇਹ ਵੀ ਕਿਹਾ ਕਿ ਜੇਕਰ ਸਰਕਾਰ ਕਰੇ ਧਰਨੇ ਮੁਜ਼ਾਹਰੇ ਤਾਂ ਲੋਕਾਂ ਦੇ ਕੰਮ ਨਹੀਂ ਰੁਕਦੇ। ਜੇਕਰ ਮੁਲਾਜ਼ਮਾਂ ਦੀ ਗੱਲ ਵੀ ਨਾ ਸੁਣੀ ਜਾਵੇ, ਮੁਲਾਜ਼ਮਾਂ ਮੰਗਾਂ ਪੂਰੀਆਂ ਕਰਨੀਆਂ ਤਾਂ ਦੂਰ ਦੀ ਗੱਲ, ਇਸ ਮਹੀਨੇ ਬਹੁਤੇ ਮੁਲਾਜ਼ਮਾਂ ਦੀ ਤਨਖਾਹ ਲਈ ਬਜਟ ਵੀ ਮੌਜੂਦ ਨਹੀਂ। ਫਿਰ ਮੁਲਾਜ਼ਮ ਧਰਨੇ ਮੁਜ਼ਾਹਰੇ ਵੀ ਨਾ ਕਰਨ ? ਇਹ ਤਾਨਾਸ਼ਾਹੀ ਫੁਰਮਾਨ ਮੁਲਾਜ਼ਮ ਕਦਾਚਿੱਤ ਬਰਦਾਸ਼ਤ ਨਹੀਂ ਕਰਨਗੇ। ਅੱਜ ਦੀ ਮੀਟਿੰਗ ਦੀ ਹੋਈ ਕਾਰਵਾਈ ਬਾਰੇ ਸੂਬਾ ਪ੍ਰੈੱਸ ਸਕੱਤਰ ਰਾਜਵੀਰ ਬਡਰੁੱਖਾਂ ਵੱਲੋਂ ਪ੍ਰੈੱਸ ਨੋਟ ਜਾਰੀ ਕੀਤਾ ਗਿਆ।



# ਬੀ ਬੀ ਐੱਸ ਬੀ ਕਾਨਵੈਂਟ ਸਕੂਲ ਦੇ ਬੱਚਿਆਂ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਦੀ ਸਹੁੰ ਚੁੱਕੀ

**ਜਗਰਾਉਂ (ਅਮਿਤ ਖੰਨਾ)**- ਸਿੱਧਵਾਂ ਬੇਟ ਦੀ ਨਾਮਵਾਰ ਸੰਸਥਾ ਬੀ. ਬੀ. ਐਸ. ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ ਵਿਖੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਹਰ ਰੋਜ਼ ਨਵੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ ਤਾਂ ਜੋ ਬੱਚਿਆਂ ਦੇ ਆਤਮ ਵਿਸ਼ਵਾਸ਼ ਅਤੇ ਮਨੋਬਲ ਵਿੱਚ ਵਾਧਾ ਕੀਤਾ ਜਾ ਸਕੇ। ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਖੇਡਾਂ ਦੇ ਖੇਤਰ ਵਿੱਚ ਵੀ ਅੱਗੇ ਲਿਆਇਆ ਜਾਂਦਾ ਹੈ ਤਾਂ ਜੋ ਬੱਚੇ ਦੇ ਸਰੀਰਕ ਉਤੇ ਮਾਨਸਿਕ ਤੌਰ 'ਤੇ ਫਿਟ ਰਹਿ ਸਕਣ। ਸੋ ਇਸੇ ਲੜੀ ਤਹਿਤ ਟਰੈਫਿਕ ਇੰਚਾਰਜ ਜਗਰਾਉਂ ਕੁਮਾਰ ਸਿੰਘ ਨੇ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਆ। ਉਹਨਾਂ ਕਿਹਾ ਕਿ 70% ਮੌਤਾਂ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਕਾਰਨ ਹੁੰਦੀਆਂ ਹਨ। ਉਹਨਾਂ ਨੇ ਦੋ ਪਹੀਆ ਵਾਹਨ ਅਤੇ ਕਾਰ ਚਲਾਉਂਦੇ ਸਮੇਂ ਆਪ ਅਤੇ ਆਪਣੇ ਮਾਪਿਆਂ ਅਤੇ ਸਮਾਜ ਦੇ ਹਰ ਵਰਗ ਦੇ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਨ ਅਤੇ ਗਲਤ ਤਰੀਕੇ ਨਾਲ ਵਾਹਨ ਚਲਾਉਣ ਸਮੇਂ ਹੋਣ ਵਾਲੇ ਹਾਦਸਿਆਂ ਤੋਂ ਬਚਣ ਲਈ ਪ੍ਰੇਰਿਤ ਕੀਤਾ। ਸਮੂਹ ਬੱਚਿਆਂ ਨੂੰ ਦੋ ਪਹੀਆ ਵਾਹਨ ਚਲਾਉਣ ਸਮੇਂ ਹੈਲਮਟ ਦੀ ਵਰਤੋਂ ਕਰਨ ਅਤੇ ਕਾਰ ਚਲਾਉਣ ਸਮੇਂ ਸੀਟ ਬੈਲਟ ਦੀ ਵਰਤੋਂ ਕਰਨ ਅਤੇ ਸੜਕੀ ਨਿਯਮਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਨ ਲਈ ਕਿਹਾ।ਇਸ ਮੌਕੇ ਸਕੂਲ ਪ੍ਰਿੰਸੀਪਲ ਮੋਨਾ ਠਾਕੁਰ ਨੇ ਬੱਚਿਆਂ ਨੂੰ ਛੋਟੀ ਉਮਰ ਵਿੱਚ ਵਾਹਨ ਚਲਾਉਣ ਤੋਂ ਮਨ੍ਹਾਂ ਕਰਦੇ ਹੋਏ ਟ੍ਰੈਫਿਕ ਦੇ ਨਿਯਮਾਂ ਨੂੰ ਅਪਣਾਉਣ ਲਈ ਬੱਚਿਆਂ ਨੂੰ ਪ੍ਰੇਰਿਤ ਕੀਤਾ ਤਾਂ ਜੋ ਭਵਿੱਖ ਵਿੱਚ ਹੋਣ ਵਾਲੇ ਕਿਸੇ ਵੀ ਅਣਸੁਖਾਵੀ ਘਟਨਾ ਤੋਂ ਬੱਚਿਆਂ ਜਾ ਸਕੇ। ਉਨ੍ਹਾਂ ਦੱਸਿਆ ਕਿ ਬੀ. ਬੀ. ਐਸ. ਬੀ. ਸਕੂਲ ਵਿੱਚ ਬੱਚਿਆਂ ਨੂੰ ਆਪਣੇ ਸਕੂਟਰ ਮੋਰਟਸਾਈਕਲਾਂ 'ਤੇ ਆਉਣ ਦੀ ਆਗਿਆ ਨਹੀਂ ਕਿਉਂਕਿ ਉਹਨਾਂ ਕੋਲ ਦੋ ਪਹੀਆ ਵਾਹਨ ਚਲਾਉਣ ਲਈ ਲਾਇਸੈਂਸ ਵੀ ਨਹੀਂ ਹੁੰਦਾ। ਇਸ ਕਰਕੇ ਉਨ੍ਹਾਂ ਬੱਚਿਆਂ ਨੂੰ ਕਿਸੇ ਵੱਡੇ ਦੀ ਦੇਖ ਰੇਖ ਵਿੱਚ ਹੀ ਅਤੇ ਸਾਰੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੀ ਸਮੂਹ ਮੈਨੇਜਮੈਂਟ ਚੇਅਰਮੈਨ ਸਨੀ ਅਰੋੜਾ, ਵਾਈਸ ਚੇਅਰਮੈਨ ਰਜਿੰਦਰ ਕੁਮਾਰ ਬਾਵਾ, ਪ੍ਰੈਜ਼ੀਡੈਂਟ ਹਰੀਕ੍ਰਿਸ਼ਨ ਭਗਵਾਨ ਦਾਸ, ਮੈਨੇਜਿੰਗ ਡਾਇਰੈਕਟਰ ਸ਼ਾਮ ਸੁੰਦਰ ਭਾਰਦਵਾਜ, ਜਨਰਲ ਸੈਕਰੇਟਰੀ ਅੰਜੂ ਬਾਲਾ, ਗਗਨਦੀਪ ਬਾਵਾ ਖਾਸ ਤੌਰ 'ਤੇ ਮੌਜੂਦ ਸਨ।



# ਕਿਸਾਨਾਂ 'ਚ ਨਰਮੇ ਦੀ ਬਿਜਾਈ ਪ੍ਰਤੀ ਕਾਫੀ ਉਤਸ਼ਾਹ : ਡਾ. ਜਗਦੀਸ਼ ਸਿੰਘ

**ਬਠਿੰਡਾ (ਪਰਵਿੰਦਰ ਜੀਤ ਸਿੰਘ)**- ਡਾ. ਜਗਦੀਸ਼ ਸਿੰਘ, ਮੁੱਖ ਖੇਤੀਬਾੜੀ ਅਫਸਰ ਬਠਿੰਡਾ ਨੇ ਦੱਸਿਆ ਕਿ ਇਸ ਸਾਲ ਕਿਸਾਨਾਂ ਵਿੱਚ ਨਰਮੇ ਦੀ ਬਿਜਾਈ ਪ੍ਰਤੀ ਕਾਫੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ ਅਤੇ ਜ਼ਿਲ੍ਹੇ ਵਿੱਚ ਨਰਮੇ ਦੀ ਫਸਲ ਹੇਠ ਰਕਬਾ ਵਧਣ ਦਾ ਅੰਦਾਜ਼ਾ ਹੈ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਰਮੇ ਦੇ ਬੀਜ 'ਤੇ 33 ਪ੍ਰਤੀਸ਼ਤ ਸਬਸਿਡੀ ਵੀ ਦਿੱਤੀ ਜਾ ਰਹੀ ਹੈ। ਇਸ ਦੇ ਨਾਲ-ਨਾਲ ਜ਼ਿਲ੍ਹੇ ਦੇ ਸਮੂਹ ਪਿੰਡਾਂ ਵਿੱਚ ਨਰਮੇ ਦੀ ਬਿਜਾਈ ਨੂੰ ਉਤਸ਼ਾਹਿਤ ਕਰਨ ਲਈ ਅਤੇ ਤਕਨੀਕੀ ਜਾਣਕਾਰੀ ਦੇਣ ਲਈ ਕਿਸਾਨ ਸਿਖਲਾਈ ਕੈਂਪ ਲਗਾਏ ਜਾ ਰਹੇ ਹਨ। ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਇਨ੍ਹਾਂ ਕੈਂਪਾਂ ਵਿੱਚ ਵਧ-ਚੜ੍ਹ ਕੇ ਭਾਗ ਲਿਆ ਜਾਵੇ ਅਤੇ ਤਕਨੀਕੀ ਜਾਣਕਾਰੀ ਦਾ ਵੱਧ ਤੋਂ ਵੱਧ ਫਾਇਦਾ ਉਠਾਇਆ ਜਾਵੇ। ਇਸ ਦੇ ਨਾਲ ਹੀ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਬਠਿੰਡਾ ਵੱਲੋਂ ਜ਼ਿਲ੍ਹੇ ਵਿੱਚ ਟੇਲਾਂ 'ਤੇ ਪੈਂਦੇ ਪਿੰਡਾਂ ਵਾਲੇ ਖੇਤਾਂ ਵਿੱਚ ਸਮੇ ਸਿਰ ਨਹਿਰੀ ਪਾਣੀ ਮੁਹੱਈਆ ਕਰਵਾਉਣ ਅਤੇ ਨਿਰਵਿਘਨ ਬਿਜਲੀ ਦੀ ਸਪਲਾਈ ਸਬੰਧੀ ਸਬੰਧਤ ਵਿਭਾਗਾਂ ਨਾਲ ਲਗਾਤਾਰ ਤਾਲਮੇਲ ਰੱਖਿਆ ਜਾ ਰਿਹਾ ਹੈ। ਕਿਸਾਨ ਬੀਜ ਲੈਣ ਸਮੇਂ ਇਸ ਦੇ ਨਾਲ ਪੱਕਾ ਬਿੱਲ ਜ਼ਰੂਰ ਲੈਣ ਅਤੇ ਇਸ ਬਿੱਲ ਨੂੰ ਪੋਰਟਲ 'ਤੇ ਅਪਲੋਡ ਜ਼ਰੂਰ ਕੀਤਾ ਜਾਵੇ। ਬੀਜ ਦੀ ਖਰੀਦ ਰਾਜ ਅੰਦਰ ਮੌਜੂਦ ਲਾਇਸੰਸੀ ਫਰਮਾਂ ਪਾਸੋਂ ਕੀਤੀ ਜਾਵੇ। ਜੇਕਰ ਸਬਸਿਡੀ ਅਪਲਾਈ ਕਰਨ ਵਿੱਚ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਸਬੰਧਤ ਦਫਤਰ ਬਲਾਕ ਖੇਤੀਬਾੜੀ ਅਫਸਰ ਨਾਲ ਸੰਪਰਕ ਕੀਤਾ ਜਾਵੇ। ਉਹਨਾਂ ਦੱਸਿਆ ਕਿ ਬੀਜ ਦੀ ਸਬਸਿਡੀ ਕਿਸਾਨਾਂ ਦੇ ਖਾਤਿਆਂ ਵਿੱਚ ਹੀ ਪਾਈ ਜਾਵੇਗੀ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਗੁਰੂ ਹਰਸਹਾਏ ਦੀ ਹੰਗਾਮੀ ਮੀਟਿੰਗ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**- ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੀ ਜਥੇਬੰਦੀ ਧੰਨਾ ਮੱਲ ਗੋਇਲ ਦੀ ਅਗਵਾਈ ਹੇਠ ਚੱਲ ਰਹੀ ਬਲਾਕ ਗੁਰੂ ਹਰਸਹਾਏ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਸਹਾਇਕ ਕੈਸ਼ੀਅਰ ਡਾਕਟਰ ਨਿਸ਼ਾਨ ਸਿੰਘ ਤੇ ਬਲਾਕ ਪ੍ਰਧਾਨ ਡਾਕਟਰ ਪੂਰਨ ਸਿੰਘ ਦੀ ਅਗਵਾਈ ਵਿੱਚ ਕੀਤੀ ਗਈ। ਇਸ ਮੀਟਿੰਗ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਸਾਫ਼ ਸੁਥਰੀ ਪ੍ਰੈਕਟਿਸ ਕਰਨ ਬਾਰੇ ਕਿਹਾ ਗਿਆ। ਸਭ ਤੋਂ ਪਹਿਲਾਂ ਪਹਿਲਗਾਮ 'ਚ ਸ਼ਹੀਦ ਹੋਏ ਨਾਗਰਿਕਾਂ ਨੂੰ 2 ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ। ਭਾਰਤ ਪਾਕਿਸਤਾਨ ਦੇ ਹਲਾਤ ਦੇਖ ਕੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਸਭ ਤੇ ਮੇਹਰ ਭਰਿਆ ਹੱਥ ਰੱਖੇ। ਇਸ ਮੀਟਿੰਗ ਵਿੱਚ ਅਮਨ ਸ਼ਰਮਾ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਤੋਂ ਇਲਾਵਾ ਚੇਅਰਮੈਨ ਡਾਕਟਰ ਸਤਪਾਲ ਜਲਾਲਾਬਾਦ, ਕੈਸ਼ੀਅਰ ਡਾਕਟਰ ਰਾਜ ਕਰਨ, ਜਰਨਲ ਸਕੱਤਰ ਡਾਕਟਰ ਗੁਲਜ਼ਾਰ ਸਿੰਘ, ਸਟੇਜ ਸੈਕਟਰੀ ਡਾਕਟਰ ਦਰਸ਼ਨ ਸਿੰਘ, ਪ੍ਰੈਸ ਸਕੱਤਰ ਡਾਕਟਰ ਰਮਨ, ਸੀਨੀਅਰ ਪ੍ਰਧਾਨ ਡਾਕਟਰ ਜਨਕ ਰਾਜ, ਮੀਤ ਪ੍ਰਧਾਨ ਵਿਕਰਮ, ਡਾਕਟਰ ਗੁਰਦੀਪ, ਡਾਕਟਰ ਪ੍ਰਮੋਦ ਹੋਰ ਸੀਨੀਅਰ ਤੇ ਜੂਨੀਅਰ ਸਾਥੀ ਵੀ ਹਾਜ਼ਰ ਸਨ।

# ਹੋਲੀ ਹਾਰਟ ਸਕੂਲ 'ਚ ਮੈਗਾ ਮੈਡੀਕਲ ਕੈਂਪ

**ਮਹਿਲ ਕਲਾਂ (ਬਲਵਿੰਦਰ ਵਜੀਦਕੇ)** ਸਮਾਜ ਦੀ ਭਲਾਈ ਵੱਲ ਇੱਕ ਮਹੱਤਵਪੂਰਣ ਕਦਮ ਚੁੱਕਦਿਆਂ ਜੀ. ਹੋਲੀ ਹਾਰਟ ਪਬਲਿਕ ਸਕੂਲਨੇ ਮੈਨੇਜਿੰਗ ਡਾਇਰੈਕਟਰ ਸੁਸ਼ੀਲ ਗੋਇਲ ਦੀ ਅਗਵਾਈ ਹੇਠ 6 ਮਈ ਨੂੰ ਮੈਗਾ ਮੈਡੀਕਲ ਕੈਂਪ ਦਾ ਆਯੋਜਨ ਕੀਤਾ।ਇਹ ਕੈਂਪ ਸਭ ਲਈ ਖੁੱਲ੍ਹਾ ਸੀ ਤੇ ਮਹਿਲ ਕਲਾਂ ਤੇ ਨੇੜਲੇ ਇਲਾਕਿਆਂ ਤੋਂ ਵੱਡੀ ਗਿਣਤੀ ਵਿੱਚ ਲੋਕਾਂ ਨੇ ਇਸ ਕੈਂਪ ਦਾ ਲਾਭ ਉਠਾਇਆ। ਜੀ. ਹੋਲੀ ਹਾਰਟ ਸਕੂਲ ਬੱਚਿਆਂ ਦੀ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਦੀ ਸਿਹਤ ਦਾ ਵੀ ਧਿਆਨ ਰੱਖਦਾ ਹੈ, ਤਾਂ ਜੋ ਬੱਚਿਆਂ ਦਾ ਸਰਬਪੱਖੀ ਵਿਕਾਸ ਹੋ ਸਕੇ।ਸਕੂਲ ਦੇ ਸਭ ਡਰਾਈਵਰਾਂ ਤੇ ਅਧਿਆਪਕਾਂ ਦੀ ਅੱਖਾਂ ਦੀ ਜਾਂਚ, ਦੰਦਾਂ ਦੀ ਜਾਂਚ ਤੇ ਸਰੀਰਕ ਜਾਂਚ ਵੀ ਕਰਾਈ ਗਈ ਤਾਂ ਜੁ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਟਾ ਜਾ ਸਕੇ।ਕੈਂਪ ਵਿੱਚ ਮਸ਼ਹੂਰ ਡਾਕਟਰਾਂ ਦੀ ਟੀਮ ਨੇ ਸੇਵਾਵਾਂ ਦਿੱਤੀਆਂ।



# ਮਜ਼ਦੂਰਾਂ ਦਾ ਅਸਲ ਮਸੀਹਾ ਮੈਡੀਸਨ ਮੈਨ ਰਜਿੰਦਰ ਸਿੰਘ ਖੋਟੇ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)** 1 ਮਈ ਨੂੰ ਪੂਰੀ ਦੁਨੀਆ 'ਚ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ। ਸੋਸ਼ਲ ਮੀਡੀਆ 'ਤੇ ਮਜ਼ਦੂਰ ਦਿਵਸ 'ਤੇ ਵਧਾਈਆਂ ਦੇ ਕੇ ਕੋਈ ਵੀ ਲੀਡਰ ਪਿੱਛੇ ਨਹੀਂ ਰਹਿਣਾ ਚਾਹੁੰਦਾ। ਪੂਰਾ ਸੋਸਲ ਮੀਡੀਆ ਮਜ਼ਦੂਰ ਦਿਵਸ ਦੀਆਂ ਵਧਾਈਆਂ ਨਾਲ ਭਰਿਆ ਪਿਆ ਹੈ, ਪਰ ਅਸਲ ਵਿੱਚ ਮਜ਼ਦੂਰਾਂ ਦੀ ਕੋਈ ਬਾਂਹ ਫੜਨ ਲਈ ਨੇੜੇ-ਤੇੜੇ ਵੀ ਨਹੀਂ ਹੁੰਦਾ। ਬਸ ਕੁੱਝ ਕੁ ਦੁਨੀਆ ਵਿੱਚ ਇਨਸਾਨ ਹਨ, ਜੋ ਮਜ਼ਦੂਰਾਂ ਦੀ ਮਜਬੂਰੀ ਜਾਣਦੇ ਹਨ। ਇਨ੍ਹਾਂ ਵਿੱਚ ਇੱਕ ਨਾਂਅ ਆਉਂਦਾ ਹੈ ਮੈਡੀਸਨ ਮੈਨ ਰਜਿੰਦਰ ਸਿੰਘ ਖੋਟੇ ਦਾ, ਜਿਸ ਨੂੰ ਮਜ਼ਦੂਰਾਂ ਦਾ ਮਸੀਹਾ ਵੀ ਕਿਹਾ ਜਾਂਦਾ ਹੈ, ਕਿਉਂਕਿ ਰਜਿੰਦਰ ਸਿੰਘ ਖੋਟੇ ਨੇ ਪੂਰੀ ਮਨੁੱਖਤਾ ਦੀ ਸੇਵਾ ਵਿੱਚ ਲਾ ਦਿੱਤੀ ਹੈ। ਖੇਤਾਂ ਵਿੱਚ ਝੋਨਾ ਲਾ ਰਹੇ ਹਜ਼ਾਰਾਂ ਮਜ਼ਦੂਰਾਂ ਨੂੰ ਡਾਕਟਰਾਂ ਦੀ ਹਦਾਇਤ 'ਤੇ ਜ਼ਰੂਰੀ ਦਵਾਈਆਂ ਪੁੱਜਦਾ ਕਰਦਾ ਹੈ। ਭੱਠਿਆਂ 'ਤੇ ਕੱਚੀ ਤੇ ਪੱਕੀ ਇੱਟ ਬਣਾ ਰਹੇ ਅਤਿ ਦੀ ਗਰਮੀ ਤੇ ਸਰਦੀ ਵਿੱਚ ਕੰਮ ਕਰਦੇ ਮਜ਼ਦੂਰਾਂ ਦੀ ਸੇਵਾ, ਸੜਕਾਂ ਦੇ ਕਿਨਾਰਿਆਂ 'ਤੇ ਰੋੜੀ ਬਣਾ ਰਹੇ ਮਜ਼ਦੂਰਾਂ ਤੱਕ ਦੀ ਸੇਵਾ, ਉਸਾਰੀ 'ਚ ਕੰਮ ਕਰਦੀਆਂ ਮਜ਼ਦੂਰ ਔਰਤਾਂ ਤੱਕ ਦਵਾਈਆਂ ਦੀ ਸੇਵਾ, ਸੜਕਾਂ 'ਤੇ ਘੱਟਾ ਛਾਣਦੇ ਮਜ਼ਦੂਰਾਂ ਦੀ ਸੇਵਾ ਦਵਾਈਆਂ ਨਾਲ ਸੇਵਾ ਕਰਦੇ ਹਨ।



# ਲਾਇਨਜ਼ ਕਲੱਬ ਮਿੱਡ ਟਾਊਨ ਤੇ ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਐਸ ਐਸ ਪੀ ਸਨਮਾਨਤ




**ਜਗਰਾਉਂ (ਸੰਜੀਵ ਅਰੋੜਾ)** ਲਾਇਨਜ਼ ਕਲੱਬ ਮਿੱਡ ਟਾਊਨ ਤੇ ਭਾਰਤ ਵਿਕਾਸ ਪ੍ਰੀਸ਼ਦ ਸੰਸਥਾਵਾਂ ਨੇ ਪੁਲਸ ਵੱਲੋਂ ਨਸ਼ਿਆਂ ਖਿਲਾਫ਼ ਨਿਭਾਈਆਂ ਜਾ ਰਹੀਆਂ ਸ਼ਾਨਦਾਰ ਸੇਵਾਵਾਂ ਬਦਲੇ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾ. ਅੰਕੁਰ ਗੁਪਤਾ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਕੁਲਭੂਸ਼ਣ ਅਗਰਵਾਲ, ਲਲਿਤ ਅਗਰਵਾਲ, ਕੈਪਟਨ ਨਰੇਸ਼ ਵਰਮਾ, ਕ੍ਰਿਸ਼ਨ ਵਰਮਾ, ਸਤੀਸ਼ ਗਰਗ, ਪੰਡਤ ਵਿਨੈ ਸ਼ਰਮਾ, ਚਰਨਜੀਤ ਸਿੰਘ ਭੰਡਾਰੀ ਤੇ ਡਾ. ਚੰਦਰ ਮੋਹਨ ਓਹਰੀ ਨੇ ਕਿਹਾ ਕਿ ਜਦ ਤੋਂ ਐਸਐਸਪੀ ਅੰਕੁਰ ਗੁਪਤਾ ਨੇ ਅਹੁਦਾ ਸੰਭਾਲਿਆ ਹੈ, ਨਸ਼ਿਆਂ ਸਬੰਧੀ ਲਗਾਤਾਰ ਕਾਰਵਾਈ ਹੋ ਰਹੀ ਹੈ, ਜੋ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਜੇਕਰ ਸ਼ਹਿਰ ਦੇ ਕਿਸੇ ਵੀ ਕੰਮ ਲਈ ਉਨ੍ਹਾਂ ਦੀ ਸੁਸਾਇਟੀ ਦੀ ਜ਼ਰੂਰਤ ਪੈਂਦੀ ਹੈ ਤਾਂ ਉਹ ਹਰ ਸਮੇਂ ਪੁਲਸ ਪ੍ਰਸ਼ਾਸਨ ਦੇ ਨਾਲਹਨ। ਸੰਸਥਾਵਾਂ ਦੇ ਅਹੁਦੇਦਾਰਾਂ ਨੇ ਐਸਐਸਪੀ ਡਾ. ਅੰਕੁਰ ਗੁਪਤਾ ਨਾਲ ਸ਼ਹਿਰ ਵਿੱਚ ਆ ਰਹੀ ਟ੍ਰੈਫਿਕ ਦੀ ਸਮੱਸਿਆ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਇਸ ਸਮੇਂ ਸ਼ਹਿਰ ਟ੍ਰੈਫਿਕ ਦੀ ਸਮੱਸਿਆ ਨਾਲ ਲਗਾਤਾਰ ਜੂਝ ਰਿਹਾ ਹੈ। ਐਸਐਸਪੀ ਨੇ ਅਹੁਦੇਦਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਨਗਰ ਕੌਂਸਲ ਦੇ ਅਧਿਕਾਰੀਆਂ ਨਾਲ ਮਿਲ ਕੇ ਇਕ ਮੀਟਿੰਗ ਕਰਨਗੇ ਤੇ ਸ਼ਹਿਰ ਨੂੰ ਟ੍ਰੈਫਿਕ ਦੀ ਸਮੱਸਿਆ ਤੋਂ ਨਿਜ਼ਾਤ ਦਿਵਾਉਣ ਲਈ ਨਵੇਂ ਉਪਰਾਲੇ ਕਰਨਗੇ। ਇਸ ਮੌਕੇ ਸਨਮਾਨ ਚਿੰਨ੍ਹ ਤੇ ਲੋਈ ਭੇਟ ਕਰਕੇ ਡਾ. ਅੰਕੁਰ ਗੁਪਤਾ ਨੂੰ ਸਨਮਾਨਤ ਕੀਤਾ ਗਿਆ।

# ਪਾਵਰਕਾਮ ਨੇ 16 ਸਾਲ ਪੁਰਾਣੀ ਕਲੋਨੀ 'ਚ ਆਰਜ਼ੀ ਬਿਜਲੀ ਕੁਨੈਕਸ਼ਨ ਦੇਣ ਤੋਂ ਕੀਤਾ ਇਨਕਾਰ

**ਭੀਖੀ (ਧਰਮਵੀਰ ਸ਼ਰਮਾ)** ਨਗਰ ਪੰਚਾਇਤ ਦੀ ਹਦੂਦ ਅੰਦਰ 16 ਸਾਲ ਪੁਰਾਣੀ ਪੁੱਡਾ ਪ੍ਰਮਾਣਿਤ ਕਲੋਨੀ ਵਿੱਚ ਪਾਵਰਕਾਮ ਦੇ ਉਪ ਮੰਡਲ ਇੰਜਨੀਅਰ ਵੱਲੋਂ ਇੱਕ ਬੇਨਤੀਕਾਰ ਨੂੰ ਮਾਨਯੋਗ ਹਾਈਕੋਰਟ ਦਾ ਹੁਕਮ ਦੱਸ ਕੇ ਆਰਜ਼ੀ ਕੁਨੈਕਸ਼ਨ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਭੀਖੀ ਨਿਵਾਸੀ ਵਿਨੋਦ ਕੁਮਾਰ ਗਾਂਧੀ ਨੇ ਦੱਸਿਆ ਕਿ ਭੀਖੀ ਦੀ ਹਦੂਦ ਅੰਦਰ ਪੁੱਡਾ ਪ੍ਰਮਾਣਿਤ ਕਲੋਨੀ ਨੰਬਰ-2428/2006 ਵਿੱਚ ਮੇਰਾ ਇੱਕ ਪਲਾਟ ਮੇਰੀ ਪਤਨੀ ਮਮਤਾ ਰਾਣੀ ਦਾ ਨਾਂਅ 'ਤੇ ਰਜਿਸਟਰਡ ਹੈ, ਜਿਸ 'ਤੇ ਮਕਾਨ ਬਣਾਉਣਾ ਹੈ। ਪਾਵਰਕਾਮ ਦੇ ਦਫ਼ਤਰ ਆਰਜ਼ੀ ਬਿਜਲੀ ਕੁਨੈਕਸ਼ਨ ਲਈ ਬਿਨੈ ਪੱਤਰ ਦੇਣ ਗਏ ਸੀ, ਪ੍ਰੰਤੂ ਐਸ.ਡੀ.ਓ ਪਾਵਰਕਾਮ ਵੱਲੋਂ ਕੋਰਟ ਦੇ ਆਦੇਸ਼ ਕਹਿ ਕੇ ਅਰਜ਼ੀ ਵਾਪਸ ਕਰ ਦਿੱਤੀ ਗਈ ਅਤੇ ਜਦੋਂ ਉਨ੍ਹਾਂ ਨੂੰ ਅਰਜ਼ੀ 'ਤੇ ਟਿੱਪਣੀ ਕਰਨ ਲਈ ਕਿਹਾ ਤਾ ਉਨ੍ਹਾਂ ਕੋਰਾ ਜਵਾਬ ਦੇ ਦਿੱਤਾ। ਬੇਵੱਸ ਉਹ ਦਫ਼ਤਰੋਂ ਅਰਜ਼ੀ ਲੈ ਕੇ ਵਾਪਸ ਮੁੜ ਆਏ। ਉਨ੍ਹਾਂ ਕਿਹਾ ਕਿ ਹੈਰਾਨੀ ਇਹ ਹੈ ਕਿ 16 ਸਾਲ ਪਹਿਲਾਂ ਪੁੱਡਾ ਪ੍ਰਮਾਣਿਤ ਕਲੋਨੀ ਵਿੱਚ 50 ਦੇ ਕਰੀਬ ਮਕਾਨਾਂ ਤੋਂ ਇਲਾਵਾ ਇੱਕ ਨਿੱਜੀ ਸਕੂਲ ਤੇ ਕਾਲੋਨਾਇਜ਼ਰ ਦਾ ਦਫ਼ਤਰ ਵੀ ਹੈ, ਜਿੱਥੇ ਬਿਜ਼ਲੀ ਬੋਰਡ ਦੇ ਮੀਟਰ ਵੀ ਹਨ ਤੇ ਸਪਲਾਈ ਵੀ ਚੱਲਦੀ ਹੈ। ਵਿਭਾਗ ਵੱਲੋਂ ਇਹ ਨਾਦਰਸ਼ਾਹੀ ਹੁਕਮ ਉਨ੍ਹਾਂ ਦੀ ਸਮਝ ਤੋਂ ਬਾਹਰ ਹੈ। ਸ਼ਹਿਰ ਦੇ ਸਮਾਜਸੇਵੀ ਤੇ ਕਾਂਗਰਸੀ ਆਗੂ ਸੰਦੀਪ ਮਹਿਤਾ ਨੇ ਦੱਸਿਆ ਕਿ ਉਹ ਅਰਜ਼ੀ ਦੇਣ ਲਈ ਬਿਨੈਕਾਰ ਦੇ ਨਾਲ ਗਏ ਸਨ, ਪ੍ਰੰਤੂ ਐਸ.ਡੀ.ਓ ਦਾ ਵਿਹਾਰ ਨਾਂਹਪੱਖੀ ਹੀ ਨਹੀਂ, ਸਗੋਂ ਗ਼ੈਰ ਜ਼ਿੰਮੇਵਰਾਨਾ ਸੀ। ਐਸ.ਡੀ.ਓ ਜਗਸੀਰ ਸਿੰਘ ਨੇ ਕਿਹਾ ਕਿ ਪਿਛਲੀ ਦਿਨੀਂ ਅਣਅਧਿਕਾਰਤ ਕਾਲੋਨੀਆਂ ਨੂੰ ਲੈ ਕੇ ਮਾਨਯੋਗ ਹਾਈਕੋਰਟ ਦੇ ਹੁਕਮ ਹਨ ਕਿ ਕਿਤੇ ਵੀ ਕੁਨੈਕਸ਼ਨ ਦੇਣ ਤੋਂ ਪਹਿਲਾਂ ਉਸ ਦੀ ਪੜਤਾਲ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਇਸ ਬਾਰੇ ਸਬੰਧਤ ਵਿਭਾਗ ਨਾਲ ਤਾਲਮੇਲ ਕੀਤਾ ਜਾਵੇਗਾ। ਉਧਰ ਨਗਰ ਪੰਚਾਇਤ ਭੀਖੀ ਦੇ ਕਾਰਜ ਸਾਧਕ ਅਫ਼ਸਰ ਹੈਪੀ ਜਿੰਦਲ ਨੇ ਦੱਸਿਆ ਕਿ ਉਕਤ ਕਲੋਨੀ ਨਗਰ ਪੰਚਾਇਤ ਦੀ ਹਦੂਦ ਵਿੱਚ ਹੈ ਤੇ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਮਕਾਨਾਂ ਦੇ ਨਕਸ਼ੇ ਪਾਸ ਕਰਨ ਵਿੱਚ ਕੋਈ ਰੋਕ ਨਹੀਂ ਹੈ।

# ਪੈਰਾਡਾਈਜ਼ ਅਕੈਡਮੀ 'ਚ ਨਸ਼ਾ ਵਿਰੁੱਧ ਸੈਮੀਨਾਰ




**ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)** ਪੈਰਾਡਾਈਜ਼ ਅਕੈਡਮੀ ਹਮੀਦੀ ਵਿਖੇ ਪ੍ਰਿੰਸੀਪਲ ਜਸਵਿੰਦਰ ਸਿੰਘ ਚਹਿਲ ਤੇ ਵਿਸ਼ਾਲ ਕੁਮਾਰ ਗਰਗ ਦੀ ਅਗਵਾਈ ਹੇਠ ਉਪਕਾਰ ਕੋਆਰਡੀਨੇਸ਼ਨ ਸੁਸਾਇਟੀ ਵੱਲੋਂ ਨਸ਼ਾ ਵਿਰੁੱਧ ਜਾਗਰੂਕਤਾ ਸੈਮੀਨਾਰ ਕਰਾਇਆ ਗਿਆ।ਇਸ ਮੌਕੇ ਮੁੱਖ ਮਹਿਮਾਨ ਵਜੋਂ ਜੁਗਰਾਜ ਸਿੰਘ ਕਾਹਲੋਂ (ਪੀ.ਸੀ.ਐਸ), ਮੁੱਖ ਮੰਤਰੀ ਫੀਲਡ ਅਫ਼ਸਰ ਨੇ ਸੈਮੀਨਾਰ ਵਿੱਚ ਸ਼ਿਰਕਤ ਕੀਤੀ। ਐਸ ਐਚ ਓ ਠੁੱਲੀਵਾਲ ਅੰਮ੍ਰਿਤਪਾਲ ਸਿੰਘ ਵੀ ਸ਼ਾਮਲ ਹੋਏ।ਸੈਮੀਨਾਰ ਦੌਰਾਨ ਉਪਕਾਰ ਕੋਆਰਡੀਨੇਸ਼ਨ ਸੁਸਾਇਟੀ ਦੇ ਪ੍ਰਧਾਨ ਨੀਰਜ ਸਿੰਗਲਾ, ਜਰਨਲ ਸਕੱਤਰ ਸੁਭਾਸ਼ ਭਾਰਤੀ, ਚੀਫ ਅਡਵਾਈਜ਼ਰ ਗੁਰਦੀਪ ਬਾਂਸਲ, ਵਾਈਸ ਪ੍ਰਧਾਨ ਸਰਬਸੁਖਜੀਤ ਸਿੰਘ, ਅਡਵਾਈਜ਼ਰ ਵਿਜੈ ਗੁਪਤਾ, ਮੈਡਮ ਸੁਖਪਾਲ ਕੌਰ, ਹਰੀਸ ਬਾਂਸਲ, ਜਸਪਾਲ ਬਾਵਾ, ਡਾ. ਰਾਕੇਸ਼ ਸਿੰਗਲਾ, ਸ੍ਰੀ ਅਸ਼ੋਕ ਕੁਮਾਰ, ਸ੍ਰੀ ਵਿਜੈ ਗਰਗ, ਸ੍ਰੀ ਵਿਜੈ ਗੋਇਲ, ਸ੍ਰੀ ਮੁਕੇਸ਼ ਕਾਂਸਲ, ਸ੍ਰੀ ਸੰਗੀਤ ਸ਼ਰਮਾ, ਕੁਮਾਰੀ ਜਸਪ੍ਰੀਤ ਕੌਰ ਤੇ ਬ੍ਰਿਜ ਲਾਲ ਨੇ ਨਸ਼ੇ ਦੇ ਨੁਕਸਾਨ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਾਇਆ ਅਤੇ ਨਸ਼ਿਆਂ ਤੋਂ ਦੂਰ ਰਹਿਣ ਦੀ ਪ੍ਰੇਰਣਾ ਦਿੱਤੀ। ਇਸ ਮੌਕੇ ਵਿਦਿਆਰਥੀਆਂ ਵੱਲੋਂ ਨਸ਼ਾ ਮੁਕਤ ਭਵਿੱਖ ਵੱਲ ਇਸ਼ਾਰਾ ਕਰਦੇ ਹੋਏ ਸਹੁੰ ਚੁਕਾਈ ਗਈ।ਦਸਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਸਮਾਜਿਕ ਬੁਰਾਈ ਨਸ਼ੇ ਉੱਤੇ ਕੇਂਦਰਿਤ ਨਾਟਕ ਪੇਸ਼ ਕੀਤਾ ਗਿਆ, ਜਿਸ ਨੇ ਦਰਸ਼ਕਾਂ ਨੂੰ ਗਹਿਰੀ ਸੋਚ 'ਚ ਪਾ ਦਿੱਤਾ। ਵਿਦਿਆਰਥੀ ਗੁਰਵੀਰ ਸਿੰਘ ਤੇ ਏਕਮ ਸਿੰਘ ਨੇ ਨਸ਼ਾ ਵਿਰੋਧੀ ਗੀਤ ਗਾ ਕੇ ਮਾਹੌਲ ਨੂੰ ਰਚਨਾਤਮਕ ਬਣਾਇਆ।ਸਟੇਜ ਸਕੱਤਰ ਅਮਨਦੀਪ ਸਿੰਘ ਤੇ ਸ੍ਰੀਮਤੀ ਕੁਲਦੀਪ ਕੌਰ ਨੇ ਭੂਮਿਕਾ ਬਖ਼ੂਬੀ ਨਿਭਾਈ।

# ਮ੍ਰਿਤਕ ਆਸ਼ਰਤ ਕਮੇਟੀ ਦੇ ਵਫ਼ਦ ਨੇ ਮੰਗ ਪੱਤਰ ਸੌਂਪਿਆ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)** 16 ਅਪ੍ਰੈਲ 2010 ਤੋਂ ਪਹਿਲਾਂ ਤਰਸ ਦੇ ਆਧਾਰ 'ਤੇ ਨੌਕਰੀ ਦੀ ਉਡੀਕ ਕਰ ਰਹੇ ਮ੍ਰਿਤਕ ਮੁਲਾਜ਼ਮਾਂ ਦੇ ਆਸ਼ਰਿਤਾਂ ਨੂੰ ਨੌਕਰੀ ਦਿਵਾਉਣ ਸਬੰਧੀ ਲੰਮੇ ਸਮੇਂ ਤੋਂ ਲਟਕ ਰਹੇ ਮਾਮਲਿਆਂ ਨੂੰ ਲੈ ਕੇ ਗੁਰੂ ਗਿਆਨ ਨਾਥ ਵਾਲਮੀਕੀ ਧਰਮ ਸਮਾਜ, ਭਾਰਤ ਪਾਵਨ ਵਾਲਮੀਕੀ ਤੀਰਥ ਅੰਮ੍ਰਿਤਸਰ ਪੰਜਾਬ ਸਟੇਟ ਪ੍ਰਧਾਨ ਡਾਕਟਰ ਦਲਜੀਤ ਸਿੰਘ ਚੌਹਾਨ ਦੀ ਅਗਵਾਈ ਹੇਠ ਮ੍ਰਿਤਕ ਆਸ਼ਰਿਤ ਕਮੇਟੀ ਦੇ ਵਫ਼ਦ ਨੇ ਪੀ ਐਸ ਪੀ ਸੀ ਐਲ ਦੇ ਡਾਇਰੈਕਟਰ ਜਸਬੀਰ ਸਿੰਘ ਤੇ ਪੀ ਐਸ ਪੀ ਸੀ ਐਲ ਦੀ ਕੋਰ ਕਮੇਟੀ ਨਾਲ ਮੁਲਾਕਾਤ ਕੀਤੀ ਤੇ ਮੰਗ ਪੱਤਰ ਸੌਂਪਿਆ। ਇਸ ਮੌਕੇ ਦਰਸ਼ਨ ਸਿੰਘ ਮੈਨ ਪ੍ਰਧਾਨ ਯੂਥ ਵਿੰਗ ਪੰਜਾਬ, ਰਿੰਕੂ ਸਠਿਆਲਾ ਵਾਈਸ ਚੇਅਰਮੈਨ ਪੰਜਾਬ, ਅਮਰਦੀਪ ਸਿੰਘ, ਮੋਹਿਤ ਸ਼ਰਮਾ ਤੇ ਕਿਰਨਦੀਪ ਰਾਜ ਹਾਜ਼ਰ ਸਨ। ਇਹ ਮੀਟਿੰਗ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਪੀੜਤ ਪਰਵਾਰਾਂ ਵੱਲੋਂ ਕੀਤੀ ਗਈ, ਜਿਨ੍ਹਾਂ ਨੇ ਆਪਣੇ ਹੱਕ ਦੀ ਮੰਗ ਕੀਤੀ। ਉਨ੍ਹਾਂ ਦਾ ਦਾਅਵਾ ਹੈ ਕਿ ਉਨ੍ਹਾਂ ਨੂੰ 2.5 ਦਹਾਕਿਆਂ ਤੋਂ ਇਨਸਾਫ਼ ਨਹੀਂ ਮਿਲਿਆ ਤੇ ਹੁਣ ਉਨ੍ਹਾਂ ਦੇ ਪਰਵਾਰ ਆਰਥਿਕ ਤੰਗੀਆਂ ਵਿੱਚ ਘਿਰ ਚੁੱਕੇ ਹਨ। ਉਨ੍ਹਾਂ ਸੰਬੰਧਤ ਵਿਭਾਗ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਨਸਾਫ਼ ਸਿਧਾਂਤਾਂ ਦੇ ਆਧਾਰ 'ਤੇ ਤੁਰੰਤ ਕਾਰਵਾਈ ਕੀਤੀ ਜਾਵੇ ਤਾਂ ਜੁ ਪੀੜਤ ਪਰਵਾਰਾਂ ਦੀ ਉਮੀਦਾਂ ਨੂੰ ਨਿਆਂ ਮਿਲ ਸਕੇ। ਅੰਤ ਰੋਸ ਵਿਖਾਉਣ ਵਾਲਿਆਂ ਵੱਲੋਂ ਐਲਾਨ ਕੀਤਾ ਗਿਆ ਕਿ ਜੇਕਰ ਉਨ੍ਹਾਂ ਦੀ ਸੁਣਵਾਈ ਨਾ ਹੋਈ, ਤਾਂ ਉਨ੍ਹਾਂ ਵੱਲੋਂ ਅੱਗੇ ਹੋਰ ਤਿੱਖੇ ਰੂਪ ਵਿੱਚ ਸੰਘਰਸ਼ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਪੀ ਐਸ ਪੀ ਸੀ ਐਲ ਦੀ ਹੋਵੇਗੀ।



# ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਵੱਲੋਂ ਸਤਿਸੰਗ




**ਜਲਾਲਾਬਾਦ (ਜੀਤ ਕੁਮਾਰ)** ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਜਲਾਲਾਬਾਦ ਵਲੋਂ ਸਥਾਨਕ ਆਸ਼ਰਮ ਵਿੱਚ ਸਤਿਸੰਗ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਦੇ ਅੰਦਰ ਸਰਵ ਸ੍ਰੀ ਆਸ਼ੂਤੋਸ਼ ਮਹਾਰਾਜ ਦੇ ਸ਼ਿਸ਼ ਸਾਧਵੀ ਗਿਆਨਪ੍ਰਭਾ ਭਾਰਤੀ ਨੇ ਆਈ ਹੋਈ ਸੰਗਤ ਨੂੰ ਆਪਣੇ ਵਿਚਾਰਾਂ ਵਿੱਚ ਕਿਹਾ ਕਿ ਗਹਿਰਾਈ ਨਾਲ ਵਿਚਾਰ ਕਰਕੇ ਦੇਖੋ ਕਿ ਮਨੁੱਖ ਸਵੈ- ਜਾਗਰੂਕਤਾ ਦੇ ਮਾਰਗ 'ਤੇ ਚੱਲਣਾ ਕਿਉਂ ਨਹੀਂ ਚਾਹੁੰਦਾ ? ਇਸ ਦਾ ਬੜਾ ਸਹੀ ਅਤੇ ਸਟੀਕ ਜਿਹਾ ਕਾਰਨ ਸਾਹਮਣੇ ਆਉਂਦਾ ਹੈ ਕਿ ਹਰੇਕ ਮਨੁੱਖ ਹਰ ਹਾਲਤ 'ਚ ਖੁਦ ਨੂੰ ਨਿਰਦੋਸ਼ ਮੰਨਦਾ ਹੈ। ਉਸ ਨੂੰ ਆਪਣੀਆਂ ਬੁਰਾਈਆਂ ਠੀਕ ਉਸੇ ਤਰ੍ਹਾਂ ਦਿਖਾਈ ਨਹੀਂ ਦਿੰਦੀਆਂ ਜਿਵੇਂ ਸਾਨੂੰ ਆਪਣੀ ਅੱਖ ਵਿੱਚ ਪਾਇਆ ਸੁਰਮਾ ਦਿਖਾਈ ਨਹੀਂ ਦਿੰਦਾ। ਪ੍ਰੰਤੂ ਅਸੀਂ ਦਰਪਣ ਦੁਆਰਾ ਆਪਣੀ ਅੱਖ ਦਾ ਸੁਰਮਾ ਵੀ ਦੇਖ ਸਕਦੇ ਹਾਂ। ਇਸੇ ਤਰ੍ਹਾਂ ਸਾਡੇ ਜੀਵਨ ਅੰਦਰ ਸਾਡੀਆਂ ਕਮੀਆਂ, ਕਮਜ਼ੋਰੀਆਂ ਬਾਰੇ ਦੱਸਣ ਵਾਲੇ ਲੋਕ ਅਸਲ ਵਿੱਚ ਸਾਡੇ ਲਈ ਦਰਪਣ ਵੀ ਹਨ। ਇਥੇ ਇਕ ਮੁਸ਼ਕਲ ਖੜ੍ਹੀ ਹੋ ਜਾਂਦੀ ਹੈ ਕਿ ਜੋ ਸਾਡੀ ਕਮੀ ਦੱਸਦਾ ਹੈ, ਅਸੀਂ ਉਸ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹੁੰਦੇ। ਸਿਆਣਿਆਂ ਦਾ ਕਥਨ ਹੈ ਕਿ ਬੰਦੇ ਤੋਂ ਨਹੀਂ ਤਾਂ ਕੰਧ ਤੋਂ ਪੁੱਛ ਲਓ। ਇਸ ਦੁਆਰਾ ਸੁਣਨ ਦੀ ਕਿੰਨੀ ਵੱਡੀ ਮਹਾਨਤਾ ਦੱਸੀ ਗਈ ਹੈ। ਤ੍ਰਾਸਦੀ ਇਹ ਹੈ ਕਿ ਅੱਜ ਸਾਰੇ ਬੋਲਦੇ ਤਾਂ ਬਹੁਤ ਵਧੀਆ ਹਨ ਪ੍ਰੰਤੂ ਸੁਣਨ ਨੂੰ ਕੋਈ ਤਿਆਰ ਨਹੀਂ। ਕਿਸੇ ਪੱਛਮੀ ਵਿਚਾਰਕ ਨੇ ਵੀ ਬਹੁਤ ਵਧੀਆ ਕਿਹਾ ਹੈ ਕਿ 'ਇੱਕ ਚੰਗਾ ਬੁਲਾਰੇ ਬਣਨ ਲਈ, ਪਹਿਲਾਂ ਇੱਕ ਚੰਗਾ ਸਰੋਤਾ ਬਣੋ'। ਭਾਵ ਜੇਕਰ ਆਪ ਚੰਗੇ ਵਕਤਾ ਬਣਨਾ ਚਾਹੁੰਦੇ ਹੋ ਤਾਂ ਚੰਗੇ ਸਰੋਤਾ ਵੀ ਬਣੋ। ਇੱਕ ਅਧਿਆਪਕ ਸਫਲ ਅਧਿਆਪਕ ਕਿਵੇਂ ਬਣਦਾ ਹੈ ? ਕਿਉਂਕਿ ਉਹ ਕਦੇ ਚੰਗਾ ਵਿਦਿਆਰਥੀ ਵੀ ਰਿਹਾ ਹੁੰਦਾ ਹੈ। ਵਿਦਿਆਰਥੀ ਮਤਲਬ ਜੋ ਆਪਣੇ ਅਧਿਆਪਕ ਦੀ ਹਰੇਕ ਗੱਲ ਧਿਆਨ ਨਾਲ ਸੁਣਦਾ ਹੈ ਪ੍ਰੰਤੂ ਅਸੀਂ ਕੁਝ ਸਿਖਨਾ ਨਹੀਂ ਬਲਕਿ ਸਿਰਫ ਸਿਖਾਉਣਾ ਹੀ ਚਾਹੁੰਦੇ ਹਾਂ। ਸਾਧਵੀ ਜਸਪ੍ਰੀਤ ਭਾਰਤੀ ਨੇ ਕਿਹਾ ਕਿ ਸਾਨੂੰ ਇਸ ਗੱਲ ਨੂੰ ਸਮਝਣਾ ਚਾਹੀਦਾ ਹੈ ਕਿ ਪਰਮਾਤਮਾ ਵੀ ਉਹਨਾਂ ਲੋਕਾਂ 'ਤੇ ਹੀ ਖ਼ੁਸ਼ ਹੁੰਦਾ ਹੈ ਜਿਨ੍ਹਾਂ ਦਾ ਅੰਤਹਕਰਣ ਨਿਰਮਲ ਹੁੰਦਾ ਹੈ। ਜੋ ਲੋਕਾਂ ਦੀ ਪ੍ਰਾਰਥਨਾ ਸਾਧਨਾ ਨੂੰ ਉਹ ਜ਼ਰੂਰ ਸਵੀਕਾਰ ਕਰਦਾ ਹੈ। ਅਸਲ ਵਿੱਚ ਆਪਣੇ ਮਨ ਉੱਪਰ ਚੜ੍ਹੇ ਔਗੁਣਾਂ ਦੇ ਕਾਲੇ ਸਿਆਹ ਗਿਲਾਫ ਦੀਆਂ ਪਰਤਾਂ ਨੂੰ ਹਟਾਉਣਾ ਹੀ ਸਾਧਨਾ ਹੈ। ਇਹ ਆਤਮ-ਉਥਾਨ ਦੀ ਪ੍ਰਕਿਰਿਆ ਹੈ। ਆਪਣਾ ਅੰਦਰ ਨਿਰਮਲ ਕਰਨ ਦੇ ਲਈ ਸਾਨੂੰ ਆਪਣੇ ਅੰਦਰ ਹੀ ਉਤਰਨਾ ਪਏਗਾ ਅਤੇ ਅੰਦਰ ਉਤਰਨ ਦੀ ਵਿਧੀ ਕੇਵਲ ਪੂਰਨ ਸੰਤ ਮਹਾਂਪੁਰਖ ਹੀ ਪ੍ਰਦਾਨ ਕਰਦੇ ਹਨ। ਇਸ ਲਈ ਸਾਨੂੰ ਸਮੇਂ ਦੇ ਪੂਰਨ ਸੰਤ ਮਹਾਂਪੁਰਖ ਦੀ ਖੋਜ ਕਰਨੀ ਚਾਹੀਦੀ ਹੈ। ਪ੍ਰੋਗਰਾਮ ਦੌਰਾਨ ਸਾਧਵੀ ਬਲਜੀਤ ਭਾਰਤੀ ਦੁਆਰਾ ਸੁਮਧੁਰ ਭਜਨਾਂ ਦਾ ਗਾਇਨ ਵੀ ਕੀਤਾ ਗਿਆ।

# ਨੌਜਵਾਨ ਤੇ ਉਸ ਦੇ ਪਿਤਾ ਦੀ ਕੁੱਟਮਾਰ ਕਰ ਵੀਡੀਓ ਵਾਇਰਲ ਕਰਨ ਵਾਲਿਆਂ ਖਿਲਾਫ਼ ਮਾਮਲਾ ਦਰਜ

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਬੇਟ ਇਲਾਕੇ ਦੇ ਪਿੰਡ ਲੁਹਾਰੀਆਂ ਵਿਖੇ ਇੱਕ ਨੌਜਵਾਨ ਜਗਦੀਪ ਸਿੰਘ ਤੇ ਉਸਦੇ ਪਿਤਾ ਮਲਕੀਤ ਸਿੰਘ ਦੀ ਕੁੱਟਮਾਰ ਕਰ ਵੀਡੀਓ ਵਾਇਰਲ ਕਰਨ ਵਾਲੇ 4 ਨੌਜਵਾਨਾਂ ਸਮੇਤ 3 ਅਣਪਛਾਤੇ ਵਿਅਕਤੀਆਂ ਖਿਲਾਫ਼ ਪੁਲਸ ਵਲੋਂ ਕੇਸ ਦਰਜ ਕਰ ਲਿਆ ਹੈ। ਜਾਣਕਾਰੀ ਅਨੁਸਾਰ ਇਸ ਵਾਰਦਾਤ ਨੂੰ ਅੰਜ਼ਾਮ ਦੇਣ ਵਾਲੇ ਮੁਲਜ਼ਮਾਂ ਦੀ ਪਛਾਣ ਦਿਲਾਵਰ ਸਿੰਘ ਵਾਸੀ ਲੁਹਾਰੀਆਂ, ਜਗਦੀਪ ਸਿੰਘ ਉਰਫ਼ ਜੱਗੀ ਵਾਸੀ ਬੈਰਸਾਲ ਕਲਾਂ, ਸਵਰਨ ਸਿੰਘ ਵਾਸੀ ਮੁਬਾਰਕਪੁਰ ਤੇ ਮਾਲਟਾ ਵਜੋਂ ਹੋਈ ਹੈ। ਕੁੱਟਮਾਰ ਦਾ ਸ਼ਿਕਾਰ ਜਗਦੀਪ ਸਿੰਘ ਦੇ ਪਿਤਾ ਮਲਕੀਤ ਸਿੰਘ ਨੇ ਪੁਲਿਸ ਕੋਲ ਬਿਆਨ ਦਰਜ ਕਰਾਏ ਕਿ ਉਹ ਆਪਣੀ ਪਤਨੀ ਸਮੇਤ ਪਿੰਡ ਵਿਖੇ ਮਾਤਾ ਰਾਣੀ ਦੇ ਸਥਾਨਾਂ ਨੇੜੇ ਚਾਹ ਪੀ ਕੇ ਕੰਮ ਕਰਨ ਲਈ ਉੱਠਣ ਲੱਗੇ ਤਾਂ ਅਸੀਂ ਦੇਖਿਆ ਕਿ ਮੇਰੇ ਲੜਕੇ ਜਗਦੀਪ ਸਿੰਘ ਉਰਫ਼ ਜੱਗੀ ਦੇ ਪਿੱਛੇ ਦਿਲਾਵਰ ਸਿੰਘ ਜਿਸਦੇ ਹੱਥ ਵਿਚ ਖੰਡਾ ਫੜਿਆ ਹੋਇਆ ਸੀ, ਜਗਦੀਪ ਸਿੰਘ ਉਰਫ਼ ਜੱਗੀ ਦੇ ਕੋਲ ਬੇਸਬਾਲ, ਸਵਰਨ ਸਿੰਘ, ਮਾਲਟਾ ਭੱਜੇ ਹੋਏ ਸਨ ਅਤੇ ਮੇਰਾ ਲੜਕਾ ਅੱਗੇ ਬਚਾਓ ਬਚਾਓ ਦਾ ਰੌਲਾ ਪਾ ਰਿਹਾ ਸੀ। ਇਨ੍ਹਾਂ ਵਿਅਕਤੀਆਂ ਨੇ ਮੇਰੇ ਲੜਕੇ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਦਿਲਾਵਰ ਸਿੰਘ ਨੇ ਮੇਰੇ ਲੜਕੇ ਦੀ ਖੱਬੀ ਲੱਤ 'ਤੇ ਖੰਡਾ ਮਾਰਿਆ ਤੇ ਜਗਦੀਪ ਸਿੰਘ ਨੇ ਬੇਸਬਾਲ ਨਾਲ ਵਾਰ ਕੀਤਾ ਜੋ ਮੇਰੀ ਖੱਬੀ ਬਾਂਹ 'ਤੇ ਲੱਗਾ। ਮੇਰੇ ਲੜਕੇ ਦੇ ਸਵਰਨ ਸਿੰਘ ਨੇ ਮੁੱਕੇ ਮਾਰੇ ਅਤੇ ਮਾਲਟਾ ਸਮੇਤ 3 ਅਣਪਛਾਤੇ ਵਿਅਕਤੀਆਂ ਨੇ ਵੀ ਸਾਡੀ ਕੁੱਟਮਾਰ ਕੀਤੀ। ਇਸ ਤੋਂ ਬਾਅਦ ਮੇਰੇ ਲੜਕੇ ਨੂੰ ਸਵਰਨ ਸਿੰਘ ਤੇ ਦੂਜੇ ਵਿਅਕਤੀ ਕਾਰ ਵਿਚ ਅਗਵਾ ਕਰਕੇ ਲੈ ਗਏ। ਮੇਰੇ ਲੜਕੇ ਜਗਦੀਪ ਸਿੰਘ ਨੇ ਦੱਸਿਆ ਕਿ ਉਕਤ ਵਿਅਕਤੀ ਮੈਨੂੰ ਦਰਿਆ ਪਾਰ ਲੈ ਗਏ, ਜਿੱਥੇ ਉਨ੍ਹਾਂ ਮੇਰੀ ਵੀਡੀਓ ਬਣਾ ਕੇ ਇੰਸਟਾਗ੍ਰਾਮ 'ਤੇ ਪਾ ਦਿੱਤੀ, ਫਿਰ ਸਵਰਨ ਸਿੰਘ ਆਪਣੇ ਘਰ ਲੈ ਗਿਆ ਜਿੱਥੇ ਉਸਨੇ ਮੇਰੇ ਵੱਡੇ ਲੜਕੇ ਨੂੰ ਫੋਨ ਕਰਕੇ ਕਿਹਾ ਕਿ ਅਸੀਂ ਹੁਣ ਇਸ ਦਾ ਕੀ ਕਰਨਾ ਹੈ ਤੇ ਇਸ ਨੂੰ ਆ ਕੇ ਲੈ ਜਾਓ। ਮੇਰੇ ਲੜਕੇ ਸੁਖਦੀਪ ਸਿੰਘ ਨੇ ਦੋਸਤਾਂ ਨਾਲ ਜਗਦੀਪ ਸਿੰਘ ਨੂੰ ਸਮਰਾਲਾ ਸਿਵਲ ਹਸਪਤਾਲ ਭਰਤੀ ਕਰਾ ਦਿੱਤਾ। ਘਟਨਾ ਦੀ ਵਜ੍ਹਾ ਇਹ ਹੈ ਕਿ ਪਹਿਲਾਂ ਦਿਲਾਵਰ ਸਿੰਘ ਨੇ ਬਲਵਿੰਦਰ ਸਿੰਘ ਨੂੰ ਇਸ ਤਰ੍ਹਾਂ ਕੁੱਟ ਕੇ ਵੱਢ ਸੁੱਟਿਆ ਸੀ, ਜਿਸ ਨੂੰ ਮੇਰੇ ਲੜਕੇ ਜਗਦੀਪ ਸਿੰਘ ਨੇ ਚੁੱਕਿਆ ਸੀ। ਇਸ ਕਰਕੇ ਮੇਰੇ ਲੜਕੇ ਨਾਲ ਇਹ ਖਾਰ ਖਾਂਦੇ ਸੀ ਤੇ ਉਸਦੀ ਤੇ ਮੇਰੀ ਕੁੱਟਮਾਰ ਕੀਤੀ। ਪੁਲਸ ਨੇ ਮਲਕੀਤ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਦਿਲਾਵਰ ਸਿੰਘ, ਸਵਰਨ ਸਿੰਘ, ਜਗਦੀਪ ਸਿੰਘ ਉਰਫ਼ ਜੱਗੀ, ਮਾਲਟਾ ਸਮੇਤ 3 ਅਣਪਛਾਤੇ ਵਿਅਕਤੀਆਂ 'ਤੇ ਮਾਮਲਾ ਦਰਜ ਕਰ ਲਿਆ ਹੈ। ਪੁਲਸ ਵਲੋਂ ਸਵਰਨ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਦਕਿ ਬਾਕੀਆਂ ਦੀ ਬੜੀ ਤੇਜ਼ੀ ਨਾਲ ਭਾਲ ਕੀਤੀ ਜਾ ਰਹੀ ਹੈ।

# ਲੁਟੇਰਿਆਂ ਨੇ ਅਪੰਗ ਵਿਅਕਤੀ ਨੂੰ ਵੀ ਨਹੀਂ ਬਖਸ਼ਿਆ

**ਫ਼ਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)** ਲੁਟੇਰਿਆਂ ਵੱਲੋਂ ਉਸ ਵੇਲੇ ਸਾਰੀਆਂ ਹੱਦਾਂ ਟੱਪ ਦਿੱਤੀਆਂ ਗਈਆਂ, ਜਦੋਂ ਇੱਕ ਅਪੰਗ ਵਿਅਕਤੀ ਕੋਲੋਂ ਦਿਨ ਦਿਹਾੜੇ ਭਰੇ ਬਜ਼ਾਰ ਉਸ ਦਾ ਫੋਨ ਖੋਹ ਕੇ ਫਰਾਰ ਹੋ ਗਏ।ਪੀੜਤ ਨੌਜਵਾਨ ਜਗਦੀਪ ਸਿੰਘ, ਉਸ ਦੇ ਪਿਤਾ ਬਲਜੀਤ ਸਿੰਘ ਤੇ ਉਸ ਦੇ ਚਾਚਾ ਜਗਦੀਪ ਸਿੰਘ ਵਾਸੀ ਸਰਫਕੋਟ ਨੇ ਦੁਖੀ ਮਨ ਨਾਲ ਦੱਸਿਆ ਕਿ ਜਗਦੀਪ ਸਿੰਘ ਜੋ ਕੇ ਲੱਤਾਂ ਤੇ ਇੱਕ ਹੱਥ ਤੋਂ ਅਪੰਗ ਹੈ, ਫ਼ਤਿਹਗੜ੍ਹ ਚੂੜੀਆਂ ਆਪਣੇ ਟਰਾਈ ਸਾਇਕਲ ਉਪਰ ਕੰਮ ਆਇਆ ਸੀ ਅਤੇ ਥਾਣੇ ਤੋਂ ਕੁੱਝ ਮੀਟਰ ਦੂਰੀ 'ਤੇ ਟਰਾਈ ਸਾਈਕਲ ਉਪਰ ਜਾ ਰਿਹਾ ਸੀ ਕਿ ਉਸ ਦਾ ਟਰਾਈ ਸਾਇਕਲ ਪੰਚਰ ਹੋ ਗਿਆ ਅਤੇ ਬਜ਼ਾਰ 'ਚ ਖੜੇ ਚਾਰ ਨੌਜਵਾਨਾਂ ਨੂੰ ਉਸ ਨੇ ਧੱਕਾ ਲਾਉਣ ਲਈ ਕਿਹਾ ਅਤੇ ਉਹ ਅਜੇ ਦੋ ਕਦਮ ਹੀ ਗਏ ਸਨ ਕਿ ਉਸ ਦੀ ਜੇਬ ਵਿਚੋਂ ਜ਼ਬਰਦਸਤੀ ਵੀਵੋ ਦੇ ਮੋਬਾਈਲ ਖੋਹ ਕੇ ਫਰਾਰ ਹੋ ਗਏ ਅਤੇ ਉਹ ਰੌਲਾ ਹੀ ਪਾਉਂਦਾ ਰਹਿ ਗਿਆ। ਪਰ ਉਪੀੜਤ ਵਿੱਅਕਤੀ ਨੇ ਅੱਗੇ ਦੱਸਿਆ ਕਿ ਉਸ ਨੇ ਤਿੰਨ ਮਹੀਨੇ ਪਹਿਲਾਂ ਹੀ ਕਿਸ਼ਤਾਂ 'ਤੇ ਵੀਵੋ ਦਾ ਫੋਨ ਖਰੀਦਿਆ ਸੀ ਅਤੇ ਫੋਨ ਦੀਆਂ ਅਜੇ ਕਿਸ਼ਤਾਂ ਵੀ ਪੂਰੀਆਂ ਨਹੀਂ ਦਿੱਤੀਆਂ ਸਨ ਕਿ ਉਸ ਦਾ ਲੋਟੇਰੇ ਫੋਨ ਖੋਹ ਕੇ ਫਰਾਰ ਹੋ ਗਏ।ਪੀੜਤ ਨੌਜਵਾਨ ਤੇ ਉਸ ਦੇ ਪਰਿਵਾਰ ਵਾਲਿਆਂ ਨੇ ਪੁਲਸ ਨੂੰ ਦਰਖਾਸਤ ਦਿੰਦਿਆਂ ਗੁਹਾਰ ਲਗਾਈ ਹੈ ਕਿ ਲੋਟੇਰਿਆਂ ਨੂੰ ਗ੍ਰਿਫਤਾਰ ਕਰ ਉਸ ਦਾ ਮੋਬਾਇਲ ਵਾਪਿਸ ਕਰਵਾਇਆ ਜਾਵੇ ਅਤੇ ਲੁਟੇਰਿਆ ਵਿਰੁਧ ਸਖਤ ਕਾਰਵਾਈ ਕੀਤੀ ਜਾਵੇ। ਐਸ ਆਈ ਦਲਜੀਤ ਸਿੰਘ ਨੇ ਕਿਹਾ ਕਿ ਸਖਤ ਕਾਰਵਾਈ ਕੀਤੀ ਜਾਵੇਗੀ।



## ਭਾਈ ਲਾਲੋ ਕਾਰਪੇਂਟਰ ਐਸੋਸੀਏਸ਼ਨ ਵੱਲੋਂ ਭੁਪਿੰਦਰ ਸਿੰਘ ਚਹਿਲ ਨੂੰ ਪ੍ਰਧਾਨ ਬਣਨ 'ਤੇ ਦਿੱਤੀ ਵਧਾਈ

ਸੁਨਾਮ ਊਧਮ ਸਿੰਘ ਵਾਲਾ /ਸੰਗਰੂਰ ( ਅਸ਼ੋਕ ਬਾਂਸਲ, ਹਾਕਮ ਭੱਟੀ)- ਅੱਜ ਭਾਈ ਲਾਲੋ ਕਾਰਪੇਂਟਰ ਐਸੋਸੀਏਸ਼ਨ ਵੈਲਫੇਅਰ ਐਸੋਸੀਏਸ਼ਨ ਸੰਗਰੂਰ ਦੇ ਪ੍ਰਧਾਨ ਸੁਖਵਿੰਦਰ ਸਿੰਘ, ਖਜ਼ਾਨਚੀ ਮੱਖਣ ਸਿੰਘ ਤੇ ਸੈਕਟਰੀ ਸ਼ਕਨਜੀਤ ਸਿੰਘ ਸ਼ੈਲੀ ਦੀ ਅਗਵਾਈ ਹੇਠ ਮਿਊਂਸਪਲ ਕਮੇਟੀ ਦੇ ਨਵ ਨਿਯੁਕਤ ਪ੍ਰਧਾਨ ਭੁਪਿੰਦਰ ਸਿੰਘ ਚਹਿਲ ਨੂੰ ਸਿਰੋਪਾਓ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਸੁਖਵਿੰਦਰ ਸਿੰਘ ਨੇ ਦੱਸਿਆ ਕਿ ਨੌਜਵਾਨ ਆਗੂ ਨੂੰ ਸ਼ਹਿਰ ਦੀ ਕਮਾਂਡ ਦੇ ਕੇ ਸ਼ਲਾਘਾਯੋਗ ਕੰਮ ਕੀਤਾ ਹੈ। ਸ਼ਹਿਰ ਦੀ ਕਮੇਟੀ ਕਾਫੀ ਸਾਲ ਤੋਂ ਬਿਨਾਂ ਪ੍ਰਧਾਨ ਤੋਂ ਕੁਰਸੀ ਖਾਲੀ ਹੋਣ ਕਾਰਨ ਕੰਮ ਰੁਕੇ ਪਏ ਸਨ ਜਿਸ ਕਾਰਨ ਸ਼ਹਿਰ ਦੀ ਸਾਫ ਸਫਾਈ ਸੀਵਰੇਜ, ਸੜਕਾਂ ਦਾ ਕੰਮ ਰੁਕਿਆ ਪਿਆ ਸੀ। ਹੁਣ ਇਸ ਨੌਜਵਾਨ ਦੇ ਮੋਢਿਆਂ 'ਤੇ ਭਾਰ ਆਉਣ ਕਾਰਨ ਸ਼ਹਿਰ ਦੇ ਵਿਕਾਸ 'ਚ ਤੇਜ਼ੀ ਆਵੇਗੀ। ਇਸ ਮੌਕੇ ਭੁਪਿੰਦਰ ਸਿੰਘ ਚਹਿਲ ਨੇ ਵਿਸ਼ਵਾਸ ਦਿਵਾਇਆ ਕਿ ਸ਼ਹਿਰ ਵਾਸੀਆਂ ਦਾ ਸਹਿਯੋਗ ਚਾਹੀਦਾ ਹੈ ਤੇ ਆਪਣੇ ਸਾਰੇ ਸਾਥੀ ਐਮ ਸੀਜ਼ ਨੂੰ ਨਾਲ ਲੈ ਕੇ ਬਿਨਾ ਕਿਸੇ ਭੇਦਭਾਵ ਹਰ ਵਾਰਡ ਦੇ ਕੰਮ, ਸਫਾਈ ਤੇ ਸੀਵਰੇਜ ਦੀ ਸਮੱਸਿਆਂ ਨੂੰ ਹੱਲ ਕਰਵਾਵਾਂਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਰ ਸਿੰਘ, ਜਗਤਾਰ ਸਿੰਘ, ਸਵਰਨ ਸਿੰਘ, ਨਿਰਭੈ ਸਿੰਘ , ਅਵਤਾਰ ਸਿੰਘ, ਗੁਰਪਿੰਦਰ ਸਿੰਘ, ਪ੍ਰੀਤਮ ਸਿੰਘ, ਧਨਵੰਤ ਸਿੰਘ, ਹਰਦਮ ਸਿੰਘ, ਪਰਵਿੰਦਰ ਸਿੰਘ, ਦਲਵੀਰ ਸਿੰਘ ਤੇ ਸਾਬਕਾ ਐਮ ਸੀ ਹਰਿੰਦਰ ਪਾਲ ਸਿੰਘ ਹਾਜ਼ਰ ਸਨ।

## ਲੋੜਵੰਦਾਂ ਨੂੰ ਰਾਸ਼ਨ, ਬੱਚਿਆਂ ਨੂੰ ਫ਼ੀਸ ਤੇ ਟਰਾਈ ਸਾਇਕਲ ਦੇ ਕੇ ਮਦਦ ਕੀਤੀ

ਪਟਿਆਲਾ (ਰਾਜਿੰਦਰ ਸਿੰਘ ਥਿੰਦ) ਜਨਹਿੱਤ ਸੰਮਤੀ ਵੱਲੋਂ ਪ੍ਰਧਾਨ ਐਸ ਕੇ ਗੌਤਮ ਤੇ ਜਨਰਲ ਸਕੱਤਰ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਪ੍ਰਭਾਤ ਪ੍ਰਵਾਨਾ ਹਾਲ ਵਿਖੇ ਲੋੜਵੰਦ 7 ਪਰਵਾਰਾਂ ਨੂੰ ਰਾਸ਼ਨ, 4 ਸਕੂਲਾਂ ਦੇ ਬੱਚਿਆਂ ਨੂੰ 35000/- ਦੇ ਕਰੀਬ ਫੀਸ, ਵਰਦੀ ਤੇ ਕਾਪੀਆਂ, 1 ਅਪਾਹਜ ਵਿਅਕਤੀਆਂ ਨੂੰ ਟਰਾਈ ਸਾਇਕਲ ਤੇ ਕਿਡਨੀ ਦੇ ਮਰੀਜ਼ ਨੂੰ ਇਲਾਜ ਲਈ ਚੈੱਕ ਦਿੱਤੇ ਗਏ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਸਮਾਜ ਸੇਵਿਕਾ ਮੈਡਮ ਸਤਿੰਦਰਪਾਲ ਕੌਰ ਵਾਲੀਆ, ਬਲਵਿੰਦਰ ਸਿੰਘ ਜਨਰਲ ਮੈਨੇਜਰ ਫਾਇਨੈਂਸ ਅਮਰ ਹਸਪਤਾਲ ਪਟਿਆਲਾ, ਸੁਰੇਸ਼ ਕੁਮਾਰ ਅਰੋੜਾ, ਡਾ. ਜੀ ਐਸ ਆਨੰਦ, ਐਚ. ਐਨ ਮਹਿਸਪਾਲੂਰੀ, ਵਰਿਰ ਆਹਲੂਵਾਲੀਆ, ਸੰਤੋਸ਼ ਕੁਮਾਰ, ਅਨਿਲ ਭਾਰਤੀ, ਅਮਰਜੀਤ ਕੌਰ ਸਾਹੀਵਾਲ, ਸਤੀਸ਼ ਜੋਸ਼ੀ, ਐਸ.ਪੀ ਪਰਾਸ਼ਰ, ਨੀਰੂ ਬਾਲਾ, ਮਾਲਤੀ ਦੇਵੀ, ਨਜ਼ਮੀਤ ਸ਼ਰਮਾ, ਹਰਪ੍ਰੀਤ ਕੌਰ, ਰਾਜਵਿੰਦਰ ਕੌਰ, ਪ੍ਰੀਤੀ ਪਵਨ ਨੇ ਸ਼ਿਰਕਤ ਕੀਤੀ।

ਬਲਵਿੰਦਰ ਸਿੰਘ ਨੇ ਕਿਹਾ ਕਿ ਜਨਹਿੱਤ ਸੰਮਤੀ ਵਲੋਂ ਸਕੂਲਾਂ ਦੇ ਬੱਚਿਆਂ ਨੂੰ ਫੀਸ, ਵਰਦੀ ਤੇ ਕਾਪੀਆਂ, ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡਣਾ ਸ਼ਲਾਘਾਯੋਗ ਉਪਰਾਲਾ ਹੈ, ਇਸ ਤੋਂ ਇਲਾਵਾ ਸੰਸਥਾ ਵੱਲੋਂ ਸ਼ਹਿਰ ਦੇ ਪਾਰਕਾ ਦੀ ਸਾਭ ਸੰਭਾਲ ਕਰਨੀ, ਲੋੜਵੰਦ ਪਰਵਾਰਾਂ ਨੂੰ ਰਾਸ਼ਨ, ਲੋੜਵੰਦਾਂ ਦੀ ਮਦਦ ਲਈ ਪੰਜ ਫ੍ਰੀ ਐਂਬੂਲੈਂਸ ਚਲਾਉਣੀਆਂ, ਰਾਜਿੰਦਰਾ ਹਸਪਤਾਲ ਵਿਚ ਲੋੜਵੰਦ ਮਰੀਜ਼ਾਂ ਲਈ ਵੀਲ੍ਹਚੇਅਰ, ਟਰਾਈਸਾਈਕਲ, ਮੁਫ਼ਤ ਦਵਾਈਆਂ ਦਾ ਪ੍ਰਬੰਧ ਕਰ ਰਹੀ ਹੈ।

### ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ -I/II
ਕਾਹਨੂੰਵਾਨ, ਤਹਿਸੀਲ ਵਾ ਜਿਲਾ ਗੁਰਦਾਸਪੁਰ
ਪਬਲਿਕ ਨੋਟਿਸ

ਮਾਲ ਰਿਕਾਰਡ ਪਿੰਡ ਚੱਕ ਸਰੀਫ ਹਦਬਸਤ ਨੰਬਰ 581 ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ ਵਿੱਚ ਗੁਰਮੀਤ ਸਿੰਘ ਪੁੱਤਰ ਕਸ਼ਮੀਰ ਸਿੰਘ ਪੁੱਤਰ ਸ਼ਰਧਾ ਸਿੰਘ ਦੇ ਨਾਂਅ ਦੀ ਦਰੁੱਸਤੀ ਕਰਨ ਸੰਬੰਧੀ।

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰਜਿੰਦਰ ਕੌਰ ਪਤਨੀ ਗੁਰਪ੍ਰੀਤ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਪਿੰਡ ਚੱਕ ਸਰੀਫ ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ ਨੇ ਨਿਮਨ ਹਸਤਾਖਰੀ ਦੀ ਅਦਾਲਤ ਵਿਚ ਦਰਖਾਸਤ/ਹਲਫੀਆ ਬਿਆਨ ਦੇ ਕੇ ਬੇਨਤੀ ਕੀਤੀ ਹੈ ਕਿ ਉਸਦੇ ਪਤੀ ਦੀ ਮਾਲਕੀ ਜ਼ਮੀਨ ਪਿੰਡ ਚੱਕ ਸਰੀਫ ਹਦਬਸਤ ਨੰਬਰ 581 ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ ਵਿਖੇ ਹੈ। ਪਿੰਡ ਚੱਕ ਸਰੀਫ ਹਦਬਸਤ ਨੰਬਰ 581 ਦੇ ਮਾਲ ਰਿਕਾਰਡ ਦੇ ਇੰਦਰਾਜ਼ ਵਿਚ ਉਸਦੇ ਪਤੀ ਦਾ ਨਾਂਅ ਗਲਤੀ ਨਾਲ ਗੁਰਮੀਤ ਸਿੰਘ ਪੁੱਤਰ ਕਸ਼ਮੀਰ ਸਿੰਘ ਪੁੱਤਰ ਸ਼ਰਧਾ ਸਿੰਘ ਚੱਲ ਰਿਹਾ ਹੈ। ਉਸ ਨੇ ਇਸ ਗਲਤੀ ਨੂੰ ਦਰੁਸਤ ਕਰਨ ਲਈ ਗੁਰਮੀਤ ਸਿੰਘ ਪੁੱਤਰ ਕਸ਼ਮੀਰ ਸਿੰਘ ਪੁੱਤਰ ਸ਼ਰਧਾ ਸਿੰਘ ਦੀ ਥਾਂ ਗੁਰਮੀਤ ਸਿੰਘ ਤਬਦੀਲ ਨਾਂਅ ਗੁਰਪ੍ਰੀਤ ਸਿੰਘ ਪੁੱਤਰ ਕਸ਼ਮੀਰ ਸਿੰਘ ਪੁੱਤਰ ਸ਼ਰਧਾ ਸਿੰਘ ਦਰੁਸਤ ਕਰਨ ਲਈ ਬੇਨਤੀ ਕੀਤੀ ਹੈ ਕਿ ਦੋਵੇਂ ਨਾਮ ਉਸਦੇ ਪਤੀ ਦੇ ਹੀ ਹਨ।ਇਸ ਲਈ ਜੇਕਰ ਕਿਸੇ ਵਿਅਕਤੀ ਨੂੰ ਉਪਰੋਕਤ ਨਾਂਅ ਦੀ ਤਬਦੀਲੀ 'ਤੇ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਨਿਮਨਹਸਤਾਖਰੀ ਦੀ ਅਦਾਲਤ ਵਿੱਚ ਹਲਫੀਆ ਬਿਆਨ ਸਮੇਤ ਇਸ ਨੋਟਿਸ ਦੇ ਛਪਣ ਦੇ 21 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰ ਸਕਦਾ ਹੈ। ਨਿਯਤ ਮਿਤੀ ਦੇ ਗੁਜ਼ਰ ਜਾਣ ਦੇ ਬਾਅਦ ਕੋਈ ਵੀ ਉਜਰ/ਦਾਅਵਾ ਸੁਣਿਆ/ਮੰਨਿਆ ਨਹੀ ਜਾਵੇਗਾ।

ਉਪਰੋਕਤ ਇਤਿਹਾਰ ਅੱਜ ਮਿਤੀ 6-5-25 ਨੂੰ ਮੇਰੇ ਦਸਤਖਤ ਅਤੇ ਮੋਹਰ ਨਾਲ ਜਾਰੀ ਹੋਇਆ ਹੈ।

ਨਾਇਬ ਤਹਿਸੀਲਦਾਰ-ਕਮ-ਸਹਾਇਕ, ਕੁਲੈਕਟਰ ਦਰਜਾ --I/II, ਕਾਹਨੂੰਵਾਨ
ਨੰਬਰ-410, ਰੀਡਰ ਮਿਤੀ 6-5-2025

### ਜਨਤਕ ਨੋਟਿਸ

(ਆਮ ਜਨਤਾ)

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀਮਤੀ ਜਸਵੀਰ ਕੌਰ ਪਤਨੀ ਸ੍ਰੀ ਅਨੂਪ ਸਿੰਘ ਵਾਸੀ ਹੁਸ਼ਿਆਰਾ ਪੱਤੀ, ਪਿੰਡ ਰਾਮਪੁਰ, ਲੁਧਿਆਣਾ, ਪੰਜਾਬ-141418, ਜਾਇਦਾਦ/ਮਕਾਨ ਰਕਬਾ 252.5 ਵਰਗ ਗਜ਼ ਜਾਂ 0 ਬੀ-5 ਬੀ-1ਬੀ, ਵਸੀਕਾ ਨੰ. 2024-25/21/1/1536 ਮਿਤੀ 05-11-2024 ਖਸਰਾ ਨੰ. 1366/789 (6-15), 796 (6-4), 790(5-1), 791/ (8-8), 792 (5-5), 793 (3-15), 794/1 ਮਿਨ (1-4), 795 (3-2), ਖੇਵਟ ਨੰ. 509/485, 510/486, 511/487, ਖਤੌਨੀ ਨੰ. 608, 609, 610, ਜਮ੍ਹਾਂਬੰਦੀ ਸਾਲ 2016-2017, ਹਦਬਸਤ ਨੰ. 248, ਪਿੰਡ ਹੜ੍ਹੈਚਾਂ, ਬਲਾਕ ਨੰ. 129, ਸਰਪੰਚ ਇੰਦਰਜੀਤ ਕਾਲੋਨੀ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ। ਮਾਲਕ ਕੋਲੋਂ ਅਸਲ ਬੈਨਾਮਾ ਵਸੀਕਾ ਨੰ. 67 ਮਿਤੀ 09.04.2008, ਜਸਵਿੰਦਰ ਕੌਰ ਦੇ ਨਾਂਅ 'ਤੇ ਅਤੇ ਅਸਲ ਬੈਨਾਮਾ ਵਸੀਕਾ ਨੰ. 1104 ਮਿਤੀ 29.06.2011, ਅਨੁਜ ਸੂਦ ਦੇ ਨਾਂਅ 'ਤੇ ਗੁੰਮ ਹੋ ਗਏ ਹਨ। ਬਹੁਤ ਕੋਸ਼ਿਸ਼ ਕਰਨ 'ਤੇ ਵੀ ਉਹ ਲੱਭੇ ਨਹੀਂ ਅਤੇ ਡੀ ਡੀ ਆਰ ਲੜੀ ਨੰ. 590306/2025 ਮਿਤੀ 19-04-2025, ਪੁਲਸ ਥਾਣਾ ਦੋਰਾਹਾ ਖੰਨਾ ਵਿਖੇ ਦਰਜ ਕਰਵਾਈ ਜਾ ਚੁੱਕੀ ਹੈ। ਹੁਣ ਜਸਵੀਰ ਕੌਰ ਪਤਨੀ ਸ੍ਰੀ ਅਨੂਪ ਸਿੰਘ ਵਾਸੀ ਹੁਸ਼ਿਆਰਾ ਪੱਤੀ, ਪਿੰਡ ਰਾਮਪੁਰ, ਲੁਧਿਆਣਾ, ਪੰਜਾਬ-141418, ਉਕਤ ਜਾਇਦਾਦ ਦਾ ਬੈਂਕ ਆਫ ਬੜੌਦਾ, ਕਾਕੋਵਾਲ ਬਰਾਂਚ ਕੋਲ ਉਚਿਤ ਗਿਰਵੀਨਾਮਾ ਕਰ ਰਹੀ ਹੈ। ਇਸ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਇਸ ਜਾਇਦਾਦ 'ਤੇ ਕੋਈ ਅਧਿਕਾਰ ਜਾਂ ਚਾਰਜ ਰੱਖਦਾ ਹੈ ਤਾਂ ਉਹ ਇਸ ਨੋਟਿਸ ਤੋਂ 7 ਦਿਨਾਂ ਦੇ ਅੰਦਰ ਨਿਮਨਹਸਤਾਖਰੀ ਨੂੰ ਸੰਪਰਕ ਕਰ ਸਕਦਾ ਹੈ।

ਬਰਾਂਚ ਮੈਨੇਜਰ,
ਬੈਂਕ ਆਫ ਬੜੌਦਾ, ਕਾਕੋਵਾਲ ਬਰਾਂਚ, ਲੁਧਿਆਣਾ
ਮੋਬਾਇਲ : 88475-27695

### ਕੋਰਟ ਨੋਟਿਸ



ਜ਼ਿਲ੍ਹਾ ਮੈਰਿਜ ਅਫਸਰ, ਤਰਨ ਤਾਰਨ V/S ਆਮ ਜਨਤਾ
ਵਿਸ਼ਾ: ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।
ਬਿਨੈਕਾਰ ਦਾ ਨਾਮ:ਪਰਵਿੰਦਰ ਕੌਰ ਪਿਤਾ/ਪਤੀ ਦਾ ਨਾਮ: ਹੀਰਾ ਸਿੰਘ, ਪਤਾ: Walipur, Village - Walipur/Tehsil - Tarn Taran / District -Tarn Taran, Punjab ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੀ ਦਰਖਾਸਤ ਦੇ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ:- ਰਮਨਪ੍ਰੀਤ ਕੌਰ, ਪੱਕਾ ਪਤਾ: Walipur, Walipur Tarn Taran, Tarn Taran, Punjab, ਜਨਮ ਮਿਤੀ: 22-(24/08/2002)
ਬਿਨੈਕਾਰ ਨੇ ਕਿਹਾ ਹੈ ਕਿ ਉਸ ਦਾ ਭਾਰਤ ਵਿਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ। ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਇਸ ਨੋਟਿਸ ਦੇ ਪ੍ਰਕਾਸ਼ਤ ਹੋਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ (ਲਿਖਤੀ) ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ। ਇਹ ਇਤਿਹਾਰ ਮੇਰੇ ਦਸਤਖ਼ਤਾਂ ਅਤੇ ਦਫ਼ਤਰ ਦੀ ਮੋਹਰ ਹੇਠ ਮਿਤੀ 23/04/25 ਨੂੰ ਜਾਰੀ ਹੋਇਆ।
ਸਹੀ/- ਜ਼ਿਲ੍ਹਾ ਮੈਰਿਜ ਅਫਸਰ ਤਰਨ ਤਾਰਨ।

### ਗ੍ਰਾਮ ਪੰਚਾਇਤ ਭਗਤੂਪੁਰਾ ਮੰਡ ਬਲਾਕ ਸ਼ਹਿਣਾ ਜ਼ਿਲ੍ਹਾ ਬਰਨਾਲਾ

(ਖੁੱਲੀ ਬੋਲੀ)

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗ੍ਰਾਮ ਪੰਚਾਇਤ ਭਗਤੂਪੁਰਾ ਮੰਡ (ਬਲਾਕ ਸ਼ਹਿਣਾ) ਜ਼ਿਲਾ ਬਰਨਾਲਾ ਵੱਲੋਂ ਗ੍ਰਾਮ ਪੰਚਾਇਤ ਭਗਤੂਪੁਰਾ ਮੰਡ ਦੇ ਕੁੱਲ ਰਕਬੇ 130 ਕਨਾਲ ਵਿੱਚੋਂ ਮਿੱਟੀ ਚੁੱਕਵਾਉਣ ਸਬੰਧੀ ਖੁੱਲੀ ਬੋਲੀ ਮਿਤੀ 16 ਮਈ 2025 ਦਿਨ ਸ਼ੁੱਕਰਵਾਰ ਨੂੰ ਸਰਕਾਰੀ ਪ੍ਰਾਇਮਰੀ ਸਕੂਲ ਭਗਤੂਪੁਰਾ ਮੰਡ ਵਿਖੇ ਦੁਪਹਿਰ 12 ਵਜੇ ਕੀਤੀ ਜਾਵੇਗੀ। ਬੋਲੀ ਦੀਆਂ ਸ਼ਰਤਾਂ ਮੌਕੇ ਪਰ ਦੱਸੀਆਂ ਜਾਣਗੀਆਂ। ਬੋਲੀ ਪਾਸ ਕਰਨ ਜਾਂ ਰੱਦ ਕਰਨ ਦਾ ਅਧਿਕਾਰ ਗ੍ਰਾਮ ਪੰਚਾਇਤ ਕੋਲ ਰਾਖਵਾਂ ਹੋਵੇਗਾ।
ਵੱਲੋਂ : ਸ੍ਰੀ ਕੌਰ ਰਾਮ, ਸਰਪੰਚ ਗ੍ਰਾਮ ਪੰਚਾਇਤ ਪਿੰਡ ਭਗਤੂਪੁਰਾ ਮੰਡ
ਮੋਬਾਇਲ ਨੰਬਰ : 98729-54833.

### Court Notice

(U/o 5 Rule 20 CPC)
IN THE COURT OF
**Sh. Amandeep Singh**
Civil Judge (Senior Division), Tarn Taran

Next Date, Purpose of Case, Orders and Judgements as well as other Case, Information is available on http://districts.ecourts.gov.in
CNR No. PBTT02-000339-2024
Next Date : 08-07-2025
Punjab National Bank
Vs.
Daya Singh
Publication Issued To: (1) Daya Singh Father : Khazan Singh (2) Jaswinder Singh Father : Late Khazan Singh Both R/O V.P.O. Sangna, Distt. Amritsar.
In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 08-07-2025 at 10:00 a.m.
For details logon to https://highcourtchd.gov.in/?trs=district_notice&district=Tarn Taran
Civil Judge (Senior Division), Tarn Taran
Dated, this day of 01-05-2025

### PUBLIC NOTICE

I Prem Singh son of Ram Chand resident of village Nurpur Dona, Tehsil & District Kapurthala, Punjab, India declare that my name has been wrongly mentioned as Premi Singh on my driving licence No. PB-0919960037915 while my correct name is PREM SINGH as mentioned on other documents including Aadhar Card. The same may be corrected accordingly


### ਗ੍ਰਾਮ ਪੰਚਾਇਤ ਅਲਕੜਾ ਬਲਾਕ ਸ਼ਹਿਣਾ ਜ਼ਿਲ੍ਹਾ ਬਰਨਾਲਾ

(ਖੁੱਲੀ ਬੋਲੀ)

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗ੍ਰਾਮ ਪੰਚਾਇਤ ਅਲਕੜਾ (ਬਲਾਕ ਸ਼ਹਿਣਾ) ਜ਼ਿਲਾ ਬਰਨਾਲਾ ਵੱਲੋਂ ਗ੍ਰਾਮ ਪੰਚਾਇਤ ਅਲਕੜਾ ਦੇ ਕੁੱਲ ਰਕਬੇ 160 ਕਨਾਲ ਵਿੱਚੋਂ ਮਿੱਟੀ ਚੁੱਕਵਾਉਣ ਸਬੰਧੀ ਖੁੱਲੀ ਬੋਲੀ ਮਿਤੀ 14 ਮਈ 2025 ਦਿਨ ਬੁੱਧਵਾਰ ਨੂੰ ਸਰਕਾਰੀ ਪ੍ਰਾਇਮਰੀ ਸਕੂਲ ਅਲਕੜਾ ਵਿਖੇ ਦੁਪਹਿਰ 12 ਵਜੇ ਕੀਤੀ ਜਾਵੇਗੀ। ਬੋਲੀ ਦੀਆਂ ਸ਼ਰਤਾਂ ਮੌਕੇ ਪਰ ਦੱਸੀਆਂ ਜਾਣਗੀਆਂ। ਬੋਲੀ ਪਾਸ ਕਰਨ ਜਾਂ ਰੱਦ ਕਰਨ ਦਾ ਅਧਿਕਾਰ ਗ੍ਰਾਮ ਪੰਚਾਇਤ ਕੋਲ ਰਾਖਵਾਂ ਹੋਵੇਗਾ।
ਵੱਲੋਂ : ਸ੍ਰੀਮਤੀ ਸ਼ਮਿੰਦਰ ਕੌਰ, ਸਰਪੰਚ ਗ੍ਰਾਮ ਪੰਚਾਇਤ ਪਿੰਡ ਅਲਕੜਾ ਮੋਬਾਇਲ ਨੰਬਰ : 98551-40828

### Court Notice

In the Court of, District Marriage Officer, Amritsar V/s General Public
Subject: Issuance of Marriage Ability Certificate



Applicant Name : SUNITA Wife Name : Late SH. CHAMAN LAL, R/o: 130, Gali No. 4, Gopal Nagar, Majitha Road, Amritsar-143001, Punjab, India has applied (submitted the application) in Suwidha Center for Issuance of Marriage Ability Certificate for his son whose details are given as follows: Name: ANUBHAV THAKUR Permanent Address: 130, Gali No. 4, Gopal Nagar, Majitha Road, Amritsar-143001, Punjab, India Foreign Address : MOSCHATO, AGISILIOU 6, ATHENS GREECE 18344 AGE/DOB: 32 (14/09/1992). The applicant has stated that he/she has no marital relation in India. Notice is given to the general public that if there is any objection to any person regarding issuance of above said certificate that the person or his representative can put their objection (grievance) within 30 days from the issuance of this notice. No objection shall be entertained thereafter. The advertisement issued on 08-02-2017 through my signature under court seal.
No./ MA-1(3)/212/PB Dated: 08-02-2017
District Marriage Officer, Amritsar, Punjab, India

### Court Notice

(U/o 5 Rule 20 CPC)
IN THE COURT OF
**Sh. Sh. Tanveer Singh Madhav**
Civil Judge (Junior Division), Kharar
CNR No. PBSAA0-000637-2025
Next Date : 19-05-2025
Sham Singh
Vs.
General Public
Publication issued to : General Public
In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 19-05-2025 at 10:00 a.m.
For details logon to https://highcourtchd.gov.in/?mod=district_notice&district=Mogacourt
Civil Judge (Junior Division), Kharar
Dated, this day of 07-05-2025

### ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਮਨਜੀਤ ਸਿੰਘ ਤਹਿਸੀਲਦਾਰ-ਕਮ-ਸਬ ਰਜਿਸਟਰਾਰ, ਜਲਾਲਾਬਾਦ

ਵਿਸ਼ਾ : ਅਣ-ਰਜਿਸਟਰਡ ਵਸੀਅਤ ਵੱਲੋਂ ਸੀਮਾ ਰਾਣੀ ਪੁੱਤਰੀ ਜੀਤ ਸਿੰਘ ਵਾਸੀ ਕਮਰੇ ਵਾਲਾ ਦਾਖਲੀ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਜੇਰ ਧਾਰਾ 40-41 ਰਜਿਸਟ੍ਰੇਸ਼ਨ ਐਕਟ ਅਧੀਨ ਰਜਿਸਟਰਡ ਕਰਨ ਸੰਬੰਧੀ।

ਨੋਟਿਸ ਬਨਾਮ ਜਨਰਲ ਪਬਲਿਕ

ਹਰ ਆਮ ਵਾ ਖਾਸ ਨੂੰ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਸੀਮਾ ਰਾਣੀ ਪੁੱਤਰੀ ਜੀਤ ਸਿੰਘ ਵਾਸੀ ਕਮਰੇ ਵਾਲਾ ਦਾਖਲੀ, ਤਹਿਸੀਲ ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ ਨੇ ਇੱਕ ਅਣ-ਰਜਿਸਟਰਡ ਵਸੀਅਤ ਜੀਤ ਸਿੰਘ ਪੁੱਤਰ ਦੁਲਾ ਸਿੰਘ ਵੱਲੋਂ ਆਪਣੀ ਲੜਕੀ ਸ੍ਰੀਮਤੀ ਸੀਮਾ ਰਾਣੀ ਵਾਸੀ ਕਮਰੇ ਵਾਲ ਦਾਖਲੀ ਤਹਿਸੀਲ ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ ਦੇ ਹੱਕ ਵਿੱਚ ਮਿਤੀ 18.09.2023 ਦੀ ਹੱਥ ਲਿਖਤ ਲਿਖੀ ਹੋਈ ਵਸੀਅਤ (ਜ਼ੁਬਾਨੀ ਵਸੀਅਤ) ਭਾਰਤੀ ਸਟੈਂਪ ਐਕਟ ਦੀ ਧਾਰਾ 40-41 ਅਧੀਨ ਰਜਿਸਟਰਡ ਕਰਨ ਲਈ ਪੇਸ਼ ਕੀਤੀ ਹੈ। ਜੀਤ ਸਿੰਘ ਦੀ ਮੌਤ ਮਿਤੀ 28.11.2024 ਨੂੰ ਹੋ ਚੁੱਕੀ ਹੈ। ਅਗਰ ਇਸ ਵਸੀਅਤ ਦੇ ਰਜਿਸਟਰਡ ਕਰਨ ਵਿੱਚ ਕਿਸੇ ਨੂੰ ਕੋਈ ਇੰਤਰਾਜ਼ ਹੈ ਤਾਂ ਉਹ ਅਸਲਤਨ/ਵਕਾਲਤਨ ਜਾਂ ਡਾਕ ਰਾਹੀਂ ਇਸ ਅਦਾਲਤ ਵਿੱਚ ਇਸ਼ਤਿਆਰ ਛਪਣ 'ਤੇ 15 ਦਿਨ ਦੇ ਅੰਦਰ-ਅੰਦਰ ਆਪਣਾ ਉਜਰ ਪੇਸ਼ ਕਰ ਸਕਦਾ ਹੈ। ਜੇਕਰ ਨਿਸ਼ਚਿਤ ਸਮੇਂ ਤੱਕ ਕੋਈ ਉਜਰ ਪੇਸ਼ ਨਾ ਹੋਇਆ ਤਾਂ ਇਹ ਵਸੀਅਤ ਭਾਰਤੀ ਰਜਿਸਟ੍ਰੇਸ਼ਨ ਐਕਟ ਦੀ ਧਾਰਾ 40-41 ਅਧੀਨ ਰਜਿਸਟਰਡ ਕਰਨ ਲਈ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਇਹ ਨੋਟਿਸ ਪਟਵਾਰੀ ਹਲਕਾ ਜਲਾਲਾਬਾਦ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਨੋਟਿਸ ਸੰਬੰਧੀ ਮੁਨਾਦੀ ਕਰਵਾਈ ਜਾਵੇ।

ਅੱਜ ਮਿਤੀ 28.4.25 ਨੂੰ ਦਫ਼ਤਰ ਮੋਹਰ ਅਤੇ ਮੇਰੇ ਦਸਤਖਤਾਂ ਹੇਠ ਜਾਰੀ ਕੀਤਾ ਗਿਆ।

ਤਹਿਸੀਲਦਾਰ-ਕਮ-ਸਬ-ਰਜਿਸਟਰਾਰ, ਜਲਾਲਾਬਾਦ।
ਪਿੰਠ: ਅੰ: ਨੰ: 61/ਆਰ-2 ਮਿਤੀ : 28.4.25

### ਅਦਾਲਤੀ ਇਸ਼ਤਿਹਾਰ

ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਨਵਾਂਸ਼ਹਿਰ
ਮਿਸਲ ਨੰ. 19, ਐਨ.ਟੀ ਕਿਸਮ : ਤਕਸੀਮ — ਪਿੰਡ -: ਸਨਾਵਾ/ਕਿਸ਼ਨਪੁਰਾ/ਜੈਤਪੁਰ
ਅਨੁਵਾਨ ਮੁਕੱਦਮਾ-: ਸੁਰਜੀਤ ਕੌਰ ਵਗੈਰਾ ਬਨਾਮ ਸਰਦਾਰਾ ਸਿੰਘ ਵਗੈਰਾ
ਦਾਇਰ ਮਿਤੀ-10/12/2024 — ਫੈਸਲਾ ਮਿਤੀ -12-5-2025

1.ਸੁਰਜੀਤ ਕੌਰ ਵਿਧਵਾ ਪਾਖਰ ਸਿੰਘ ਪੁੱਤਰ ਰਾਮ ਕਿਸ਼ਨ ਵਾਸੀ ਪਿੰਡ ਕਿਸ਼ਨਪੁਰਾ 2. ਗੁਰਪ੍ਰੀਤ ਸਿੰਘ ਪੁੱਤਰ ਪਾਖਰ ਸਿੰਘ ਪੁੱਤਰ ਰਾਮ ਕਿਸ਼ਨ ਵਾਸੀ ਪਿੰਡ ਕਿਸ਼ਨਪੁਰਾ ਬਾ ਮੁਖਤਾਰੀ ਆਮ ਸੁਰਜੀਤ ਕੌਰ ਵਿਧਵਾ ਪਾਖਰ ਸਿੰਘ ਪੁੱਤਰ ਰਾਮ ਤਹਿਸੀਲ ਨਵਾਂਸ਼ਹਿਰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ। ........ਫਰੀਕ ਅੱਵਲ

ਬਨਾਮ

1. ਸਰਦਾਰਾ ਸਿੰਘ 2. ਸਿੰਗਾਰਾ ਸਿੰਘ 3. ਜਸਵਿੰਦਰ ਸਿੰਘ ਪੁੱਤਰਾਨ ਦੁਮਨ ਸਿੰਘ ਪੁੱਤਰ ਸਿਆਮ ਸਿੰਘ 4 ਬਲਦੇਵ ਸਿੰਘ 5. ਸ਼ਕਤੀ ਸਿੰਘ 6. ਮੱਖਣ ਸਿੰਘ ਪੁੱਤਰਾਨ ਬੁਝਾ ਸਿੰਘ ਪੁੱਤਰ ਧੰਨਾ ਸਿੰਘ 7. ਰੇਸ਼ਮ ਦੇਵੀ ਵਿਧਵਾ ਪ੍ਰੇਮਸਵਰ ਸਿੰਘ ਪੁੱਤਰ ਗੁਲਾਬ 8. ਜਸਵਿੰਦਰ ਸਿੰਘ ਪੁੱਤਰ ਰੇਵਲ ਸਿੰਘ ਪੁੱਤਰ ਸਾਧੂ ਸਿੰਘ 9. ਗੁਰਮੀਤ ਕੌਰ ਵਿਧਵਾ ਰੇਵਲ ਸਿੰਘ ਪੁੱਤਰ ਸਾਧੂ ਸਿੰਘ 10. ਮਲਕੀਤ ਸਿੰਘ ਪੁੱਤਰ ਰਾਮ ਕਿਸ਼ਨ ਪੁੱਤਰ ਵਜੀਰ11.ਸਰਦਾਰੀ ਰਾਮ ਪੁੱਤਰ ਸੰਸਾਰ ਪੁੱਤਰ ਲੱਭੂ 12. ਹਰਦਿਆਲ ਰਾਮ ਪੁੱਤਰ ਮੂਲਾ ਰਾਮ ਪੁੱਤਰ ਸੰਸਾਰਾ 13. ਪਰਗਣ ਸਿੰਘ ਪੁੱਤਰ ਮੱਲਾ ਪੁੱਤਰ ਸੰਸਾਰਾ 14. ਸੁਲੱਖਣ ਸਿੰਘ 15. ਕੁਲਵਿੰਦਰ ਸਿੰਘ 16. ਮੱਖਣ ਸਿੰਘ ਪੁੱਤਰਾਨ ਨਿਰਮਲ ਸਿੰਘ ਪੁੱਤਰ ਦੁਮਨ ਸਿੰਘ 17. ਬਲਦੇਵ ਸਿੰਘ 18. ਸ਼ਕਤੀ ਸਿੰਘ 19. ਧਰਮ ਸਿੰਘ ਪੁੱਤਰ ਹਾਕਮ ਸਿੰਘ ਪੁੱਤਰ ਗੁਲਾਬ 20, ਕੁਲਵਿੰਦਰ ਕੌਰ ਪਤਨੀ ਲਖਵਿੰਦਰ ਰਾਮ ਪੁੱਤਰ ਬਕਸ਼ੀ ਰਾਮ 21. ਬੀਨਾ ਪਤਨੀ ਮਨਜੀਤ ਕੁਮਾਰ ਪੁੱਤਰ ਸਰਵਨ ਰਾਮ 22. ਗੁਰਪ੍ਰਤਾਪ ਸਿੰਘ ਪੁੱਤਰ ਸ਼ਕਤੀ ਸਿੰਘ ਪੁੱਤਰ ਹਾਕਮ ਸਿੰਘ ਸਾਰੇ ਵਾਸੀਆਨ ਪਿੰਡ ਕਿਸ਼ਨਪੁਰਾ ਤਹਿਸੀਲ ਨਵਾਂਸ਼ਹਿਰ 23. ਚਰਨ ਕੌਰ ਵਿਧਵਾ ਕੇਵਲ ਸਿੰਘ ਪੁੱਤਰ ਸਾਧੂ 24. ਜੋਗਾ ਸਿੰਘ 25. ਸੰਤੋਖ ਸਿੰਘ ਪੁੱਤਰਾਨ ਕੇਵਲ ਸਿੰਘ ਪੁੱਤਰ ਸਾਧੂ ਸਾਰੇ ਵਾਸੀਆਂਨ ਪਿੰਡ ਨਾਈ ਮਜਾਰਾ ਤਹਿਸੀਲ ਨਵਾਂਸ਼ਹਿਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ। 25. ਸਿਆਮ ਸਿੰਘ ਪੁੱਤਰ ਹਾਕਮ ਸਿੰਘ ਪੁੱਤਰ ਗੁਲਾਬ 26.ਅਵਤਾਰ ਸਿੰਘ 27 ਬਖਤਾਵਰ ਸਿੰਘ 28. ਜੁਝਾਰ ਸਿੰਘ 29. ਜਸਵਿੰਦਰ ਸਿੰਘ ਪੁੱਤਰਾਨ ਮਲਕੀਤ ਸਿੰਘ ਪੁੱਤਰ ਰਾਮ ਕਿਸ਼ਨ 30. ਧਰਮ ਸਿੰਘ ਪੁੱਤਰ ਬੁਝਾ ਸਿੰਘ 31.ਦਿਲਬਾਗ ਸਿੰਘ ਪੁੱਤਰ ਸਵਰਨ ਸਿੰਘ ਪੁੱਤਰ ਜੈਸੀ 32. ਸੁਰਜੀਤ ਕੌਰ ਵਿਧਵਾ ਪਾਖਰ ਸਿੰਘ ਪੁੱਤਰ ਰਾਮ ਕਿਸ਼ਨ 33. ਕੁਲਵਿੰਦਰ ਕੌਰ ਪਤਨੀ ਲਖਵਿੰਦਰ ਰਾਮ ਪੁੱਤਰ ਬਖਸ਼ੀ ਰਾਮ 34, ਸੋਮਾ ਰਾਣੀ ਪਤਨੀ ਪਰਕਾਸ਼ ਰਾਮ ਪੁੱਤਰ ਜਵਾਲਾ ਰਾਮ ਵਾਸੀ ਪਿੰਡ ਲੰਗੜੋਆ ਤਹਿਸੀਲ ਨਵਾਂਸ਼ਹਿਰ। 35. ਨਾਜਰ ਸਿੰਘ ਪੁੱਤਰ ਮੁਨਸਾ ਸਿੰਘ ਪੁੱਤਰ ਈਸ਼ਰ 36.ਜੀਤ ਪੁੱਤਰ ਬੂਝਾ ਪੁੱਤਰ ਪੁਨੂੰ 37. ਮੱਖਣ ਸਿੰਘ 38. ਮਦਨ ਲਾਲ 39. ਗੁਰਿੰਦਰ ਪਾਲ 40. ਚਮਨ ਲਾਲ ਪੁੱਤਰਾਨ ਲੱਭੂ 41.ਗੁਰਦਾਸ ਪੁੱਤਰ ਬੰਤਾ 42. ਹਰੀ ਰਾਮ ਪੁੱਤਰ ਰਾਮ ਆਸਰਾ ਪੁੱਤਰ ਭਗਤ ਰਾਮ 43. ਪ੍ਰੇਮ ਪਾਲ 44. ਮੰਗਤ ਰਾਮ ਪੁੱਤਰਾਨ ਪ੍ਰਮੇਸਵਰੀਆ ਪੁੱਤਰ ਗੁਲਾਬ 45.ਬਖਸ਼ੋ ਵਿਧਵਾ ਜੀਤ ਰਾਮ ਪੁੱਤਰ ਧੰਨੂ ਰਾਮ 46.ਜਸਵੀਰ ਸਿੰਘ 47. ਜਸਵਿੰਦਰ ਲਾਲ ਪੁੱਤਰਾਨ ਜੀਤ ਰਾਮ ਪੁੱਤਰ ਧੰਨੂ ਰਾਮ 48.ਕੁਲਵਿੰਦਰ ਕੌਰ 49. ਸੁਨੀਤਾ ਰਾਣੀ ਪੁੱਤਰੀਆਂ ਜੀਤ ਰਾਮ ਪੁੱਤਰ ਧੰਨੂ ਰਾਮ 50 ਸੰਤੋਖ ਸਿੰਘ ਪੁੱਤਰਾਨ ਕੇਵਲ ਸਿੰਘ ਪੁੱਤਰ ਸਾਧੂ ਸਾਰੇ ਵਾਸੀਆ ਪਿੰਡ ਨਾਈ ਮਜਾਰਾ 51.ਰੇਸ਼ਮ ਦੇਵੀ ਵਿਧਵਾ ਪ੍ਰਮੇਸਵਰੀਆ ਰਾਮ ਪੁੱਤਰ ਗੁਲਾਬ52. ਜਸਵਿੰਦਰ ਸਿੰਘ 53. ਰੇਵਲ ਸਿੰਘ 54.ਜੋਗਾ ਸਿੰਘ 55. ਸੰਤੋਖ ਸਿੰਘ ਬੇਟੇ ਕੇਵਲ ਸਿੰਘ 56.ਊਸ਼ਾ ਰਾਣੀ ਵਿਧਵਾ ਗਿਆਨ ਸਿੰਘ ਪੁੱਤਰ ਹਰਬਲਾਸ 57. ਉਪਿੰਦਰ ਸਿੰਘ 58.ਨਵਜੋਤ ਬੰਗੜ ਪੁੱਤਰਾਨ ਗਿਆਨ ਸਿੰਘ ਪੁੱਤਰ ਹਰਬਲਾਸ 59.ਨਵਨੀਤ ਕੌਰ ਪੁੱਤਰੀ ਗਿਆਨ ਸਿੰਘ ਪੁੱਤਰ ਹਰਬਲਾਸ 60, ਸੋਹਣ 61. ਰਕੇਸ਼ ਪੁੱਤਰਾਨ ਜੀਤ ਪੁੱਤਰ ਦਲੀਪਾ 62. ਬਲਵੀਰ ਸਿੰਘ 63. ਜਸਵੀਰ ਸਿੰਘ ਪੁੱਤਰਾਨ ਅਮਰ ਸਿੰਘ ਪੁੱਤਰ ਦਲੀਪ ਸਿੰਘ 64.ਸੀਲਾ ਦੇਵੀ 65 ਸੱਤਿਆ ਦੇਵੀ 66. ਸੁਨੀਤਾ ਦੇਵੀ ਪੁੱਤਰੀਆਂ ਅਮਰ ਸਿੰਘ ਪੁੱਤਰ ਦਲੀਪਾ 67.ਰਕਸ਼ਾ ਰਾਣੀ 68.ਕਾਂਤਾ ਰਾਣੀ ਪੁੱਤਰੀਆ ਪਰਕਾਸ਼ ਪੁੱਤਰ ਦਲੀਪਾ 69. ਕਮਲਾ ਦੇਵੀ ਵਿਧਵਾ ਜਗਰੂਪ ਸਿੰਘ ਪੁੱਤਰ ਕਰਮ ਚੰਦ 70.ਰਾਜ ਦੁਲਾਰੀ 71 ਦਇਆ ਦੇਵੀ 72.ਸਨੇਹ ਲਤਾ ਪੁੱਤਰੀਆ ਜਗਰੂਪ ਸਿੰਘ ਪੁੱਤਰ ਕਰਮ ਚੰਦ 73.ਪ੍ਰਮੋਦ ਸਿੰਘ 74.ਸੂਰਤ ਸਿੰਘ 75.ਰਜਿੰਦਰ ਕੁਮਾਰ 76.ਨਰੰਜਨ ਸਿੰਘ ਪੁੱਤਰਾਨ ਜਗਰੂਪ ਸਿੰਘ ਪੁੱਤਰ ਕਰਮ ਚੰਦ 77.ਸੋਡੀ ਸਿੰਘ 78.ਸ਼ੇਰ ਸਿੰਘ 79.ਜਗਤਾਰ ਸਿੰਘ 80.ਗੁਰਬਖਸ਼ ਸਿੰਘ 81.ਗਿਆਨ ਸਿੰਘ ਪੁੱਤਰਾਨ ਅਨੰਤਾ ਪੁੱਤਰ ਨਾਮਾ 82 ਜਸਵੀਰ ਸਿੰਘ ਪੁੱਤਰ ਹਰਭਜਨ ਸਿੰਘ ਪੁੱਤਰ ਅਨੰਤਾ 83.ਰਤਨ ਸਿੰਘ ਪੁੱਤਰ ਨਾਮਾ ਪੁੱਤਰ ਕਿਰਪਾ 84.ਕੁਲਵਿੰਦਰ ਸਿੰਘ 85.ਹਾਕਮ 86. ਕਿਸ਼ਨਾ ਪੁੱਤਰਾਨ ਗੁਲਾਬ ਪੁੱਤਰ ਚੜਤ ਸਿੰਘ 87 ਸੱਤਿਆ ਦੇਵੀ ਪੁੱਤਰੀ ਪਰਮੇਸ਼ਵਰੀਆ ਪੁੱਤਰ ਗੁਲਾਬ 88. ਪਵਨ ਕੁਮਾਰ ਪੁੱਤਰ ਪਰਮੇਸਵਰੀਆ ਪੁੱਤਰ ਗੁਲਾਬ 89. ਰਾਮ ਜੀ ਦਾਸ 90, ਮੁਲਖ ਰਾਜ ਪੁੱਤਰਾਨ ਦੇਵ ਰਾਜ 91.ਮਹਿੰਦਰ ਸਿੰਘ 92.ਰਘੁਨੰਦਨ ਸਿੰਘ 93.ਰਘੂਨਾਥ ਸਿੰਘ ਪੁੱਤਰਾਨ ਮੁਲਖ ਰਾਜ 94.ਸੁਰਜੀਤ ਸਿੰਘ 95.ਕੁਲਦੀਪ ਸਿੰਘ 96. ਰਣਜੀਤ ਸਿੰਘ ਪੁੱਤਰਾਨ ਬਤਨ ਸਿੰਘ ਪੁੱਤਰ ਜਮਾਂਦਾਰ 97.ਸੁਦੇਸ਼ ਰਾਣੀ ਵਿਧਵਾ ਦਲਜੀਤ ਸਿੰਘ ਪੁੱਤਰ ਬਤਨ ਸਿੰਘ 98. ਮਨਵੀਰ ਸਿੰਘ ਪੁੱਤਰ ਦਲਜੀਤ ਸਿੰਘ ਪੁੱਤਰ ਬਤਨ ਸਿੰਘ 99. ਬਚਿੱਤਰ ਸਿੰਘ ਪੁੱਤਰ ਬਾਬੂ 100.ਸੋਢੀ ਸਿੰਘ 101 ਜਗਤਾਰ ਸਿੰਘ 102.ਸ਼ੇਰ ਸਿੰਘ 103. ਗੁਰਬਖਸ਼ ਸਿੰਘ ਪੁੱਤਰਾਨ ਅਨੰਤਾ ਪੁੱਤਰ ਨਾਮਾ 104. ਜੋਗਿੰਦਰ ਸਿੰਘ 105 ਸੁੱਚਾ ਸਿੰਘ ਪੁੱਤਰਾਨ ਮਿਲਖੀ ਪੁੱਤਰ ਅੱਛਰੂ 106.ਮੱਖਣ ਸਿੰਘ ਪੁੱਤਰ ਦਿਲਬਾਗ ਪੁੱਤਰ ਮਿਲਖੀ ਸਾਰੇ ਵਾਸੀਆਨ ਪਿੰਡ ਕਿਸ਼ਨਪੁਰਾ ਤਹਿਸੀਲ ਨਵਾਂਸ਼ਹਿਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ 107. ਮੋਹਣ ਲਾਲ ਪੁੱਤਰ ਬਤਨਾ ਰਾਮ 108. ਕਰਮ ਸਿੰਘ ਪੁੱਤਰ ਬੰਤਾ 109. ਭਗਤ ਰਾਮ 110, ਦੌਲਤ ਰਾਮ ਪੁੱਤਰਾਨ ਤਰਸੇਮ ਲਾਲ 111.ਦੁਰਗੀ ਪੁੱਤਰੀ ਤਰਸੇਮ ਲਾਲ 112. ਤਰਸੇਮ ਲਾਲ ਪੁੱਤਰ ਭਗਤ ਰਾਮ 113. ਬੂਝਾ ਪੁੱਤਰ ਧੰਨਾ ਪੁੱਤਰ ਨਿੱਕਾ 114. ਹਰੀ ਰਾਮ ਪੁੱਤਰ ਰਾਮ ਆਸਰਾ ਪੁੱਤਰ ਭਗਤ ਰਾਮ 115. ਤਰਸੇਮ 116. ਪਰਕਾਸ 117, ਦੌਲਤੀ ਪੁਤਰਾਨ ਭਗਤਾ ਪੁੱਤਰ ਨਿੱਕਾ 118. ਸਗਲੀ ਮੱਲ 119. ਪਰਕਾਸ਼ ਪੁੱਤਰਾਨ ਸੰਸਾਰਾ ਪੁੱਤਰ ਲੱਭੂ 120.ਕਾਲੂ ਪੁੱਤਰ ਗੋਪੀ ਪੁੱਤਰ ਕਾਹਨਾ 121. ਗੁਰਮੁੱਖ ਸਿੰਘ ਪੁੱਤਰ ਸਵਰਨਾ ਪੁੱਤਰ ਬਿਧੀਆ 122.ਦੀਦਾਰ ਸਿੰਘ ਪੁੱਤਰ ਉਜਾਗਰ ਸਿੰਘ 123. ਗੁਰਨੇਕ ਸਿੰਘ ਪੁੱਤਰ ਨਿਰਮਲ ਸਿੰਘ ਪੁੱਤਰ ਇੰਦਰ 124.ਨਿਰਮਲ ਸਿੰਘ ਪੁੱਤਰ ਇੰਦਰ ਸਿੰਘ 125. ਕਮਲਾ ਦੇਵੀ ਵਿਧਵਾ ਰਾਜ ਕੁਮਾਰ ਪੁੱਤਰ ਸਵਰਨਾ 126.ਗੁਰਪ੍ਰੀਤ ਸਿੰਘ ਪੁੱਤਰ ਰਾਜ ਕੁਮਾਰ ਪੁੱਤਰ ਸਵਰਨਾ 127.ਮਨਦੀਪ ਸਿੰਘ ਪੁੱਤਰ ਦਿਲਾਵਰ ਸਿੰਘ ਪੁੱਤਰ ਉਜਾਗਰ ਸਿੰਘ 128.ਸੁਰਿੰਦਰ ਕੌਰ ਪਤਨੀ ਜੋਗਿੰਦਰ ਸਿੰਘ ਪੁੱਤਰ ਚੈਨ ਰਾਮ 129. ਮਦਨ ਲਾਲ ਪੁੱਤਰ ਬੁੱਝਾ ਰਾਮ ਪੁੱਤਰ ਧੰਨਾ ਰਾਮ 130. ਚਮਨ ਲਾਲ ਪੁੱਤਰ ਲਛਮਣ ਦਾਸ ਪੁੱਤਰ ਬਿਧੀਆ ਰਾਮ 131. ਕ੍ਰਿਸ਼ਨਾ ਦੇਵੀ ਪਤਨੀ ਹਰੀ ਰਾਮ ਪੁੱਤਰ ਰਾਮ ਆਸਰਾ 132. ਕਿਰਨ ਕੁਮਾਰੀ ਪਤਨੀ ਵਿਜੈ ਸਰੀਨ ਪੁੱਤਰ ਫੂਲ ਚੰਦ 133. ਨਿਰਮਲ ਕੌਰ ਪਤਨੀ ਗੁਰਮੇਲ ਰਾਮ ਪੁੱਤਰ ਪੋਹਲੋ ਰਾਮ 134. ਨੀਟਾ ਰਾਣੀ ਪਤਨੀ ਕਸ਼ਮੀਰੀ ਲਾਲ ਪੁੱਤਰ ਗੁਰਬਚਨ ਰਾਮ 135.ਬਰਿੰਦਰ ਕੁਮਾਰ 136. ਰਾਜ ਕੁਮਾਰ ਪੁੱਤਰਾਨ ਅਮਰ ਨਾਥ ਪੁੱਤਰ ਮਨਸ਼ਾ ਰਾਮ 137. ਸੋਢੀ ਪੁੱਤਰ ਸਗਲੀ ਰਾਮ ਪੁੱਤਰ ਸੰਸਾਰਾ ਰਾਮ ਸਾਰੇ ਵਾਸੀਆਨ ਪਿੰਡ ਕਿਸ਼ਨਪੁਰਾ ਤਹਿਸੀਲ ਨਵਾਂਸ਼ਹਿਰ 138.ਰਾਜ ਰਾਣੀ ਪਤਨੀ ਸੀਤਾ ਰਾਮ ਪੁੱਤਰ ਸੇਵਾ ਰਾਮ ਵਾਸੀ ਪਿੰਡ ਨਾਈ ਮਜਾਰਾ ਤਹਿਸੀਲ ਨਵਾਂਸ਼ਹਿਰ 139.ਗੁਰਬਖਸ਼ ਕੌਰ ਪਤਨੀ ਜਤਿੰਦਰ ਸਿੰਘ ਪੁੱਤਰ ਗੁਰਮੀਤ ਸਿੰਘ ਵਾਸੀ ਪਿੰਡ ਭਾਨ ਮਜਾਰਾ ਤਹਿਸੀਲ ਨਵਾਂਸ਼ਹਿਰ 140.ਚਰਨ ਸਿੰਘ ਪੁੱਤਰ ਲੱਭੂ ਪੁੱਤਰ ਰਾਮੂ ਸਾਰੇ ਵਾਸੀ ਪਿੰਡ ਕਿਸ਼ਨਪੁਰਾ। ... ਫਰੀਕ ਦੋਇਮ

ਦਰਖਾਸਤ ਕੀਏ ਜਾਣ ਤਕਸੀਮ ਅਰਾਜੀ ਖੇਵਟ ਨੰ 36 ਖਤੌਨੀ ਨੰ 40-41(ਰਕਬਾ 15 ਕਨਾਲ 11ਮਰਲੇ, ਖੇਵਟ ਨੰ 39 ਖਤੌਨੀ ਨੰ 44(ਰਕਬਾ 09 ਕਨਾਲ 02 ਮਰਲੇ),ਖੇਵਟ ਨੰ 40 ਖਤੌਨੀ ਨੰ 45 (ਰਕਬਾ 16 ਕਨਾਲ 00 ਮਰਲੇ),ਖੇਵਟ ਨੰ 41 ਖਤੌਨੀ ਨੰ 46 (ਰਕਬਾ 16ਕਨਾਲ 00 ਮਰਲੇ),ਖੇਵਟ ਨੰ. 42, ਖਤੌਨੀ ਨੰ 47 (ਰਕਬਾ 03 ਕਨਾਲ 08 ਮਰਲੇ),ਖੇਵਟ ਨੰ 43ਖਤੌਨੀ ਨੰ 48(ਰਕਬਾ 18ਕਨਾਲ 07 ਮਰਲੇ),ਖੇਵਟ ਨੰ 44ਖਤੌਨੀ ਨੰ 49-50-51 (ਰਕਬਾ 11 ਕਨਾਲ 112 ਮਰਲੇ),ਖੇਵਟ ਨੰ. 56 ਖਤੌਨੀ ਨੰ 73 ਤੋਂ 79/1-80 ਤੋਂ 88 (ਰਕਬਾ 37ਕਨਾਲ 05 ਮਰਲੇ),ਖੇਵਟ ਨੰ 109 ਖਤੌਨੀ ਨੰ 149 (ਰਕਬਾ 0 ਕਨਾਲ 09 ਮਰਲੇ),ਖੇਵਟ ਨੰ. 115 ਖਤੌਨੀ ਨੰ. 169(ਰਕਬਾ 05ਕਨਾਲ 14 ਮਰਲੇ),ਖੇਵਟ ਨੰ 121ਖਤੌਨੀ ਨੰ 178 (ਰਕਬਾ 16 ਕਨਾਲ 00 ਮਰਲੇ),ਖੇਵਟ ਨੰ 122 ਖਤੌਨੀ ਨੰ 179 (ਰਕਬਾ 7ਕਨਾਲ 11 ਮਰਲੇ),ਖੇਵਟ ਨੰ 123 ਖਤੌਨੀ ਨੰ 180 (ਰਕਬਾ 11 ਕਨਾਲ 04 ਮਰਲੇ),ਖੇਵਟ ਨੰ 168 ਖਤੌਨੀ ਨੰ 238(ਰਕਬਾ 21 ਕਨਾਲ 05 ਮਰਲੇ),ਰਕਬਾ ਪਿੰਡ ਸਨਾਵਾ ਬਰੂਏ ਜਮਾਂਬੰਦੀ ਸਾਲ 2011-2012.ਖੇਵਟ ਨੰ 109ਖਤੌਨੀ ਨੰ 144 (ਰਕਬਾ 19 ਕਨਾਲ 09 ਮਰਲੇ),ਖੇਵਟ ਨੰ 48 ਖਤੌਨੀ ਨੰ 66 (ਰਕਬਾ 12ਕਨਾਲ 14 ਮਰਲੇ),ਰਕਬਾ ਕਿਸ਼ਨਪੁਰਾ ਬਰੂਏ ਜਮਾਂਬੰਦੀ ਸਾਲ 2017-2018 ਅਤੇ ਖੇਵਟ ਨੰ 22 ਖਤੌਨੀ ਨੰ 34(ਰਕਬਾ 02 ਕਨਾਲ 18 ਮਰਲੇ),ਖੇਵਟ ਨੰ 24 ਖਤੌਨੀ ਨੰ 36-37(ਰਕਬਾ 27 ਕਨਾਲ 11 ਮਰਲੇ), ਰਕਬਾ ਪਿੰਡ ਜੈਤਪੁਰ ਬਰੂਏ ਜਮਾਂਬੰਦੀ ਸਾਲ 2018-2019.

ਉਕਤ ਮੁਕੱਦਮੇ ਵਿੱਚ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਮੁਦਾਇਲਾ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਲ ਹੈ। ਇਸ ਲਈ ਅਗਲੀ ਮਿਤੀ 12-5-2025 ਦੀ ਤਾਰੀਖ ਪੇਸ਼ੀ ਨੀਅਤ ਕਰਕੇ ਇਸ ਇਤਿਹਾਰ ਰਾਹੀ ਮੁਦਾਇਲਾ ਨੂੰ ਸੂਚਿਤ ਕੀਤਾ ਜਾਂਦਾ ਹੈ ਸਹਾਇਕ ਕਿ ਉਹ ਤਾਰੀਖ ਪੇਸ਼ੀ 'ਤੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਆਉਂਣ। ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਦੀ ਜਾਵੇਗੀ।

ਅੱਜ ਮਿਤੀ 01/04/2025 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਅਦਾਲਤ ਨਾਲ ਇਹ ਪਬਲੀਕੇਸ਼ਨ ਨੋਟਿਸ ਜਾਰੀ ਕੀਤਾ ਜਾਂਦਾ ਹੈ।

ਨਾਇਬ ਤਹਿਸੀਲਦਾਰ-ਕਮ ਸਹਾਇਕ ਕੁਲੈਕਟਰ ਦਰਜਾ ਅੱਵਲ ਨਵਾਂਸ਼ਹਿਰ
ਨੰਬਰ 6, ਰੀਡਰ/2-ਮਿਤੀ 1.4.2025




### Public Notice

It is hereby inform to general Public that, I Raj Kumar S/o Rajinder Pal Sharma have misplace the original GPA from Sansar singh S/o kartar singh in favour of dilbagh singh s/o Raghbir singh Property Measuring 2 Marla 77 sft situated at Jalandhar at the time of photo copy I miss Original GPA No. 1642 date 06-03-2018 S.R. Jalandhar any person has any Right, title for interest in the said property or other wise has any objection can make representations to the bank/Advocate with in 15 days for the date of publication notice. Harjit kohali (adv)9888275744 LIC HFL 0181-5002940-47

We, Devinder Kumar S/o Hansraj & Jyoti Mehta W/o Devinder Kumar both R/o H.No. 263, Near Kukki Dhab, Bank Enclave, Kurala, Jalandhar declare that our son Dr. Nikhil Mehta and his wife Dr. Hitakshi Mahajan are out of our control. We disinherit them from our moveable and immovable properties. We and our family shall not be held responsible for any of them acts, deeds and things. All Please Note.

### ਆਮ ਸੂਚਨਾ

ਮੈਂ, ਸਤਿੰਦਰਜੀਤ ਕੌਰ ਪਤਨੀਂ ਕੌਰ ਸਿੰਘ ਵਾਸੀ ਦੌਲਤਪੁਰ ਵਾਰਡ ਨੰਬਰ 21 ਧੂਰੀ (ਸੰਗਰੂਰ) ਆਪਣੇ ਲੜਕਿਆਂ ਅਮਨਪ੍ਰੀਤ ਸਿੰਘ, ਅੰਮ੍ਰਿਤ ਸਿੰਘ ਦੀ ਨਵਾਂ ਜਮਾਨਾ ਅਖ਼ਬਾਰ ਮਿਤੀ 22.06.2021 ਰਾਹੀਂ ਕੀਤੀ ਬੇਦਖਲੀ ਰੱਦ ਕਰਦੀ ਹਾਂ। ਮੇਰੇ ਪੁੱਤਰ ਮੇਰੇ ਫੌਤ ਹੋਣ ਤੋਂ ਬਾਅਦ ਮੇਰੀ ਚੱਲ ਅਚੱਲ ਜਾਇਦਾਦ ਦੇ ਬਰਾਬਰ ਹਿੱਸਿਆਂ ਵਿੱਚ ਮਾਲਕ ਵਾ ਕਾਬਜ਼ ਹੋਣਗੇ।

ਮੋਟਰ ਕਨੈਕਸ਼ਨ ਖਾਤਾ ਨੰਬਰ 3007636148 ਗੁਰਵਿੰਦਰ ਕੌਰ ਪਤਨੀ ਹਰਦੇਵ ਸਿੰਘ ਵਾਸੀ ਪਿੰਡ ਰਸੂਲਪੁਰ ਤੋਂ ਨਾਂਅ ਬਦਲੀ ਕਰਕੇ ਮਹਿੰਦਰ ਕੌਰ ਪਤਨੀ ਫਕੀਰ ਸਿੰਘ ਵਾਸੀ ਗੋਬਿੰਦਪੁਰ, ਲੋਹਗੜ੍ਹ (ਜਲੰਧਰ) ਦੇ ਨਾਂਅ ਪਰ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮਟਿਡ ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ। (ਮਹਿਤਪੁਰੀ)

ਮੋਟਰ ਕੁਨੈਕਸ਼ਨ ਖਾਤਾ ਨੰਬਰ ਸੀ.ਏ. ਏ.ਪੀ-88 ਜੋ ਕਿ ਪਿੰਡ ਭਾਵਾ ਵਿਖੇ ਧਰਮ ਸਿੰਘ ਪੁੱਤਰ ਪਾਲਾ ਸਿੰਘ ਵਾਸੀ ਚੱਕ ਅਲੀਸ਼ੇਰ ਦੇ ਨਾਮ ਤੇ ਚਲਦਾ ਹੈ। ਇਸ ਕੁਨੈਕਸ਼ਨ ਨੂੰ ਹੁਣ ਜਗਜੀਤ ਸਿੰਘ ਪੁੱਤਰ ਜਗਦੇਵ ਸਿੰਘ ਵਾਸੀ ਭਾਵਾ ਆਪਣੇ ਨਾਮ ਕਰਵਾਉਣਾ ਚਾਹੁੰਦਾ ਹੈ।ਇਸ ਸੰਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ.ਐਸ.ਪੀ.ਸੀ.ਐਲ. ਦਫਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ।ਸਹਾਇਕ ਕਾਰਜਕਾਰੀ ਇੰਜ., (ਵੰਡ) ਉਪ ਮੰਡਲ,ਬਰੇਟਾ।

ਮੈਂ ਬਖਸ਼ੋ ਅਧਾਰ ਕਾਰਡ ਨੰਬਰ 8066-1669-8305 ਪਤਨੀ ਲੇਟ ਦਰਸ਼ਨ ਸਿੰਘ ਉਰਫ ਦਰਸ਼ਨ ਰਾਮ ਪਿੰਡ ਤੇ ਡਾਕਖਾਨਾ ਹਕੂਮਤਪੁਰ ਤਹਿਸੀਲ ਗੜ੍ਹਸ਼ੰਕਰ ਜਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰੇ ਬੈਂਕ ਖਾਤੇ ਵਿੱਚ ਮੇਰਾ ਨਾਮ ਗੁਰਬਖਸ਼ ਕੌਰ ਅਤੇ ਮੇਰੇ ਅਧਾਰ ਕਾਰਡ ਵਿਚ ਮੇਰਾ ਨਾਲ ਬਖਸ਼ੋ ਲਿਖਿਆ ਗਿਆ ਹੈ। ਮੈਂ ਬਿਆਨ ਕਰਦੀ ਹਾਂ ਕਿ ਇਹ ਦੋਵੇ ਨਾਮ ਬਖਸ਼ੋ ਤੇ ਗੁਰਬਖਸ਼ ਕੌਰ ਮੇਰੇ ਹਨ।

### ਬੇਦਖਲੀ ਨੋਟਿਸ

ਮੈਂ ਮੰਗਤ ਸਿੰਘ ਪੁੱਤਰ ਮੱਲ ਸਿੰਘ ਵਾਸੀ ਝੁੱਗੇ ਛਿੱਲੀਆਂ ਵਾਲੇ ਤਹਿਸੀਲ ਗੁਰੂਹਰਸਹਾਏ ਜਿ਼ਲ੍ਹਾ ਫਿਰੋਜਪੁਰ ਹਲਫੀਆ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਨਿਰਮਲਾ ਰਾਣੀ ਹੈ। ਜੋ ਮੇਰੇ ਕਹਿਣੇ ਤੋਂ ਬਾਹਰ ਹੈ। ਸੋ ਮੈ ਇਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾਂ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਗੁਰਜੰਟ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਮੀਨੀਆ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਅਮਰਦੀਪ ਸਿੰਘ ਅਤੇ ਮੇਰੀ ਪਤਨੀ ਰਣਜੀਤ ਕੌਰ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੇ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਅਮਰ ਚੰਦ ਪੁੱਤਰ ਲੇਟ ਸ੍ਰੀ ਪ੍ਰਕਾਸ਼ ਰਾਮ ਵਾਸੀ ਮਕਾਨ ਨੰ. 518/1 ਪਿੰਡ ਤੇ ਡਾਕਖਾਨਾ ਚੁਗਿੱਟੀ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਨੀਲ ਕੁਮਾਰ ਅਤੇ ਉਸ ਦੀ ਪਤਨੀ ਸੀਮਾ (ਮਨੁ) ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸੁਰਜਨ ਦਾਸ ਪੁੱਤਰ ਮਿਲਖੀ ਰਾਮ ਵਾਸੀ ਪਿੰਡ ਟਿੱਲੂਵਾਲ, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਪੁੱਤਰ ਬਲਕਾਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਸੁਭਾਸ਼ ਸ਼ਰਮਾ ਪੁੱਤਰ ਗਿਰਧਾਰੀ ਲਾਲ ਸ਼ਰਮਾ ਵਾਸੀ ਮਕਾਨ ਨੰ. 127, ਗੁਰੂ ਅਮਰ ਦਾਸ ਨਗਰ ਐਕਸਟੇਂਸ਼ਨ, ਜ਼ਿਲ੍ਹਾ ਜਲੰਧਰ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਧੀਰਜ ਸ਼ਰਮਾ ਅਤੇ ਉਸਦੀ ਪਤਨੀ ਰਸ਼ਮਾ ਅਤੇ ਉਹਨਾਂ ਦੇ ਬੱਚੇ ਨਵਿਆ ਤੇ ਵਿਹਾਨ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਸਾਰਿਆਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਰਮੇਸ਼ ਲਾਲ ਪੁੱਤਰ ਮਨਸਾ ਰਾਮ ਵਾਸੀ ਮਕਾਨ ਨੰ. 169, ਆਰ. ਸੀ. ਐਫ ਕਲੋਨੀ, ਖਾਂਬਰਾਂ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜੀਵਨ ਕੁਮਾਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈ ਅਮਰਜੀਤ ਸਿੰਘ ਪੁੱਤਰ ਸਿੰਗਾਰਾ ਸਿੰਘ ਵਾਸੀ-ਅਜਨਾਲਾ, ਤਹਿਸੀਲ ਅਜਨਾਲਾ, ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਪਾਲ ਸਿੰਘ ਪੁੱਤਰ ਅਮਰਜੀਤ ਸਿੰਘ ਅਤੇ ਨੂੰਹ ਕੰਵਲ ਮੇਰੇ ਕਹਿਣੇ ਵਿੱਚ ਨਹੀ ਹਨ ਜੇਕਰ ਇਹ ਕਿਸੇ ਨਾਲ ਲੈਣ ਦੇਣ ਕਰਨ ਉਹ ਆਪ ਖੁੱਦ ਜ਼ਿੰਮੇਵਾਰ ਹੋਣਗੇ ਇਸ ਨਾਲ ਮੇਰਾ ਜਾਂ ਮੇਰੇ ਬਾਕੀ ਪਰਿਵਾਰ ਦਾ ਕੋਈ ਸਬੰਧ ਨਹੀ ਹੋਵੇਗੇ ਮੈਂ ਆਪਣੇ ਪੁੱਤਰ ਪਾਲ ਸਿੰਘ ਅਤੇ ਨੂੰਹ ਕੰਵਲ ਨੂੰ ਆਪਣੀ ਕੁੱਲ ਜਮੀਨ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਇਹਨਾ ਨਾਲ ਮੇਰਾ ਜਾਂ ਮੇਰੇ ਪਰਿਵਾਰ ਦਾ ਕੋਈ ਸਬੰਧ ਵਾਸਤਾ ਨਹੀ ਹੋਵੇਗਾ।

ਮੈਂ, ਸਵਿੰਦਰ ਸਿੰਘ ਪੁੱਤਰ ਅਮਰ ਸਿੰਘ ਵਾਸੀ ਪਿੰਡ ਬਾਦਸ਼ਾਹਪੁਰ, ਡਾਕਖਾਨਾ ਲਾਂਬੜਾ ਤਹਿਸੀਲ ਤੇ ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸੰਦੀਪ ਸਿੰਘ ਮੇਰੇ ਕਹਿਣੇਕਾਰ ਤੋਂ ਬਾਹਰ ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਮਾਇਆ ਰਾਮ ਪੁੱਤਰ ਬਿਸਾਖਾ ਰਾਮ ਵਾਸੀ ਮਕਾਨ ਨੰਬਰ 4288/89, ਅਸਮਾਨੀ ਮੁਹੱਲਾ, ਨੇੜੇ ਸ਼ਿਵ ਮੰਦਰ, ਜਗਰਾਉਂ, ਜ਼ਿਲ੍ਹਾ ਲੁਧਿਆਣਾ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਸੰਬੋਧਨੀ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਸਮੂਹ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੰਤੋਸ਼ ਕੁਮਾਰ ਪੁੱਤਰ ਰਾਮੂ ਵਾਸੀ ਗਹਿਰੀ ਮੰਡੀ, ਧੀਰੇ ਕੋਟ ਰੋਡ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਭਰਾ ਅਸ਼ੋਕ ਕੁਮਾਰ ਮੇਰੇ ਕਹਿਣੇਕਾਰ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ, ਤਰਸੇਮ ਸਿੰਘ ਪੁੱਤਰ ਭਜਨ ਸਿੰਘ ਵਾਸੀ ਪਿੰਡ ਪੰਜਵੜ ਕਲਾਂ ਤਹਿਸੀਲ ਉਜਿਲ੍ਹਾ ਤਰਨ ਤਾਰਨ ਮੇਰਾ ਲੜਕਾ ਰਣਜੀਤ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ।ਮੈ ਇਸਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿਚੋ ਬੇਦਖਲ ਕਰਦਾ ਹਾਂ।ਇਸ ਦੇ ਨਾਲ ਕਿਸੇ ਵੀ ਕਿਸਮ ਦਾ ਲੈਣ ਦੇਣ ਕਰਨ ਵਾਲਾ ਹਰ ਕਿਸਮ ਦੇ ਨਫਾ ਨੁਕਸਾਨ (ਜਾਨੀ/ਮਾਲੀ), ਝਗੜਾ/ਪੁਲਿਸ ਕੇਸ/ਕੋਰਟ ਕੇਸ ਦਾ ਇਹ ਖੁਦ ਜਿਮੇਵਾਰ ਹੋਵੇਗਾ। ਮੇਰਾ ਇਸ ਨਾਲ ਕੋਈ ਰਿਸ਼ਤਾ ਨਹੀ ਹੈ।

ਮੈਂ, ਨਿਰਮਲਾ ਪਤਨੀਂ ਜਗਰਾਜ, ਵਾਸੀ ਨੇੜੇ ਬੱਸ ਸਟੈਂਡ, ਧੂਰੀ (ਸੰਗਰੂਰ) ਆਪਣੇ ਲੜਕੇ ਕੋਮਲ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜ਼ਿੰਮੇਵਾਰ ਹੋਣਗੇ।

ਮੈਂ ਬਲਵਿੰਦਰ ਕੌਰ ਪਤਨੀ ਸਵ.ਇਕਬਾਲ ਸਿੰਘ ਵਾਸੀ ਮਕਾਨ ਨੰ.62, ਨੌਸ਼ਹਿਰਾ ਕਲਾਂ, ਵਾਰਡ ਨੰ.79, ਨੌਸ਼ਹਿਰਾ, ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਪ੍ਰਤਾਪ ਸਿੰਘ ਅਤੇ ਉਸਦੀ ਪਤਨੀ ਕੰਵਲਜੀਤ ਕੌਰ ਦੋਵੇਂ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹਨ, ਆਪਣੀ ਮਨ ਮਰਜੀ ਕਰਦੇ ਹਨ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਅਸੀਂ, ਵਰਿੰਦਰ ਸਿੰਘ ਪੁੱਤਰ ਮੁਨਸ਼ਾ ਸਿੰਘ, ਪਰਮਜੀਤ ਕੌਰ ਪਤਨੀ ਵਰਿੰਦਰ ਸਿੰਘ ਵਾਸੀ ਪਿੰਡ ਘੱਲ ਕਲਾਂ ਤਹਿਸੀਲ ਤੇ ਜ਼ਿਲ੍ਹਾ ਮੋਗਾ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਮਨਪ੍ਰੀਤ ਸਿੰਘ (ਸ਼ਾਦੀਸ਼ੁਦਾ) ਸਾਡੇ ਕਹਿਣੇਕਾਰ ਤੋਂ ਬਾਹਰ ਹੈ। ਇਸ ਲਈ ਅਸੀਂ ਇਸ ਨੂੰ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫ਼ੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਦਰਸ਼ਨ ਸਿੰਘ ਪੁੱਤਰ ਤੀਰ ਸਿੰਘ ਵਾਸੀ ਪਿੰਡ ਮੰਨਣ, ਤਹਿਸੀਲ ਅਤੇ ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਰਲਾਲ ਸਿੰਘ (ਸ਼ਾਦੀਸ਼ੁਦਾ) ਮੇਰੇ ਕਹਿਣੇਕਾਰ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫ਼ੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਲਛਮਣ ਸਿੰਘ ਪੁੱਤਰ ਭੁੱਲਾ ਸਿੰਘ ਵਾਸੀ ਖੁਰਲਾ ਕਿੰਗਰਾ, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰੀ ਨੂੰਹ ਪਾਲੋ ਪਤਨੀ ਸਤਨਾਮ ਸਿੰਘ, ਉਸ ਦੇ ਬੱਚੇ ਬਲਜੀਤ ਸਿੰਘ, ਵਿੱਕੀ, ਲਵਪ੍ਰੀਤ ਪੁਤਰਾਨ ਸਤਨਾਮ ਸਿੰਘ ਸਾਡੇ ਕਹਿਣੇਕਾਰ ਤੋਂ ਬਾਹਰ ਹਨ। ਇਨ੍ਹਾਂ ਨੂੰ ਮੈਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫ਼ੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਸਾਰਥਕ ਹਾਂਡਾ ਪੁੱਤਰ ਵਿਪਨ ਕੁਮਾਰ ਵਾਸੀ ਮਕਾਨ ਨੰਬਰ 64/1 ਵਾਰਡ ਨੰਬਰ 56 ਕਿਸ਼ਨ ਕੋਟ, ਨੀਵੀਂ ਆਬਾਦੀ ਇਸਲਾਮਬਾਦ, ਸਾਹਮਣੇ ਆਦਿ ਸ਼ਕਤੀ ਮੰਦਰ, ਅੰਮ੍ਰਿਤਸਰ-1 ਸੂਚਿਤ ਕਰਦਾ ਹਾਂ ਕਿ ਮੇਰਾ ਭਰਾ ਕਾਰਤਿਕ ਹਾਂਡਾ ਅਤੇ ਉਸ ਦੀ ਪਤਨੀ ਹਿਮਾਨੀ ਸ਼ਰਮਾ ਸਾਡੇ ਕਹਿਣੇਕਾਰ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫ਼ੇ-ਨੁਕਸਾਨ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀਂ, ਸੀਮਾ ਪਤਨੀ ਵਿਪਨ ਕੁਮਾਰ ਅਤੇ ਵਿਪਨ ਕੁਮਾਰ ਪੁੱਤਰ ਅਮਰਨਾਥ ਦੋਵੇਂ ਵਾਸੀ ਮਕਾਨ ਨੰਬਰ 64/1 ਵਾਰਡ ਨੰਬਰ 56 ਕਿਸ਼ਨ ਕੋਟ, ਨੀਵੀਂ ਆਬਾਦੀ ਇਸਲਾਮਬਾਦ, ਸਾਹਮਣੇ ਆਦਿ ਸ਼ਕਤੀ ਮੰਦਰ, ਅੰਮ੍ਰਿਤਸਰ-1 ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਕਾਰਤਿਕ ਹਾਂਡਾ ਅਤੇ ਉਸ ਦੀ ਪਤਨੀ ਹਿਮਾਨੀ ਸ਼ਰਮਾ ਸਾਡੇ ਕਹਿਣੇਕਾਰ ਤੋਂ ਬਾਹਰ ਹਨ ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫ਼ੇ-ਨੁਕਸਾਨ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਸਾਵਨ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ 44 ਧੱਤਲ, ਡਾਕਖਾਨਾ ਖਾਪੜਖੇੜੀ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜਸਪਿੰਦਰ ਸਿੰਘ (ਕੁਆਰਾ) ਮੇਰੇ ਕਹਿਣੇਕਾਰ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਹਰਵਿੰਦਰ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਮਕਾਨ ਨੰਬਰ 87 ਈ, 011 ਕਾਲੇ ਰੋਡ, ਨੇੜੇ ਨਿਹੰਗਾਂ ਵਾਲਾ ਡੇਰਾ ਆਨੰਦਪੁਰੀ, ਡਾਕਖਾਨਾ ਛੇਹਰਟਾ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਮਨਪ੍ਰੀਤ ਸਿੰਘ ਮੇਰੇ ਕਹਿਣੇਕਾਰ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਗੁਰਮੀਤ ਕੌਰ ਪਤਨੀ ਸਵਰਨ ਸਿੰਘ ਵਾਸੀ ਮਕਾਨ ਨੰਬਰ ਐੱਲ-4/694 ਸਾਹਮਣੇ ਤੂਤ ਸਾਹਿਬ ਗੁਰਦੁਆਰਾ, ਨਿਊ ਕੋਰਟ ਆਤਮਾ ਰਾਮ ਸੁਲਤਾਨਵਿੰਡ ਰੋਡ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਜਸਪਾਲ ਸਿੰਘ (ਵਿਦੇਸ਼ ਵਿੱਚ) ਮੇਰੇ ਕਹਿਣੇਕਾਰ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

### ਨਾਂਅ ਦੀ ਬਦਲੀ

ਇਹ ਸਾਰਵਜਨਿਕ ਜਾਣਕਾਰੀ ਦੇ ਲਈ ਹੈ ਕਿ ਮੈਂ, ਸਾਹਿਲ ਪੁੱਤਰ ਰਾਮ ਲੁਭਾਇਆ ਵਾਸੀ ਪਿੰਡ ਅੌਜਲਾ, ਡਾਕ ਘਰ ਬਿਲਗਾ, ਤਹਿਸੀਲ ਫ਼ਿਲੌਰ, ਜਲੰਧਰ (144036), ਹੁਣ ਤੋਂ ਆਪਣਾ ਨਾਮ ਸਾਹਿਲ ਅੌਜਲਾ ਰੱਖਿਆ ਹੈ। ਇਹ ਤਬਦੀਲੀ ਨੋਟਰੀ ਐਡਵੋਕੇਟ ਅਨੁਰਾਧਾ ਸ਼ਰਮਾ ਅੱਗੇ ਮਿਤੀ 06/05/2025 ਨੂੰ ਦਿੱਤੇ ਗਏ ਹਲਫਨਾਮੇ ਦੇ ਅਧਾਰ 'ਤੇ ਕੀਤੀ ਗਈ ਹੈ।

ਇਹ ਸਾਰਵਜਨਿਕ ਜਾਣਕਾਰੀ ਦੇ ਲਈ ਹੈ ਕਿ ਮੈਂ, ਨਿਰਮਲਾ ਦੇਵੀ ਪੁੱਤਰੀ ਗਿਆਨ ਚੰਦ ਵਾਸੀ ਪਿੰਡ ਅੌਜਲਾ, ਡਾਕ ਘਰ ਬਿਲਗਾ, ਤਹਿਸੀਲ ਫ਼ਿਲੌਰ, ਜਲੰਧਰ (144036), ਹੁਣ ਤੋਂ ਆਪਣਾ ਨਾਮ ਨਿਰਮਲ ਰੰਧਾਵਾ ਰੱਖਿਆ ਹੈ। ਇਹ ਤਬਦੀਲੀ ਨੋਟਰੀ ਐਡਵੋਕੇਟ ਅਨੁਰਾਧਾ ਸ਼ਰਮਾ ਅੱਗੇ ਮਿਤੀ 06/05/2025 ਨੂੰ ਦਿੱਤੇ ਗਏ ਹਲਫਨਾਮੇ ਦੇ ਅਧਾਰ 'ਤੇ ਕੀਤੀ ਗਈ ਹੈ।

ਮੈਂ, ਹਰਸ਼ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਹਾਰਟਾ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਨੇ ਆਪਣਾ ਨਾਂਅ ਹਰਸ਼ ਤੋਂ ਬਦਲ ਕੇ ਹਰਸ਼ ਸਿੰਘ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

### Change of Name

I, Balkar Singh Sachraj s/o Harbhajan Singh r/o VPO. Begowal, Teh.Bholath, Distt. Kapurthala have changed my name to Balkar Singh. All Please Note.

I, Malkit s/o Jagir Singh r/o Village Depewal, Distt. Kapurthala, Punjab have changed my name from Malkit to Malkit Singh. All Please Note.

I, Youg Raj Singh Bhogal S/o Surjit Singh R/o H.No.82, Near Lamba Pind Chowk, Vinay Nagar, Jalandhar-144004 declare that Youg Raj Singh Bhogal and Yog Raj Singh Bhogal are name of the same person i.e. myself.

I, Rajinder Kumar Sharma S/o Dharam Pal Sharma R/o H.No.57, Circular Road, Mansoorwal Dona, Rajiv Gandhi Enclave, Kapurthala have changed my name to Given name as Rajinder Kumar & Surname as Sharma. All Please Note.

### CHANGE OF NAME

I, Satnam Singh S/o Jaswant Singh R/o V.P.O. Munak Kalan, Tehsil Tanda (Hoshiarpur), Punjab-144204, have changed my name and shall hereafter be known as Singh Satnam. Please note.

I, Bharpur Kaur W/o Jaswant Singh R/o V.P.O. Munak Kalan, Tehsil Tanda (Hoshiarpur), Punjab-144204, have changed my name and shall hereafter be known as Kaur Bharpur. Please note.

I Harpreet Singh S/o Parmjit Singh R/o Dalanwal Teh Khadoor Sahib, Tarn Taran. have changed my name from Harpreet Singh to Singh is my surname and Given name is Harpreet

I, Charnjit Singh S/o Palman Singh R/o Village Vain Poin, Distt. Tarn Taran have changed my name from Charnjit Singh To Charan Singh

I, Parmjit Kaur W/o Gureet Singh R/o Radha Swami Road, Sathiala District Amritsar have changed my name from Parmjit Kaur to Paramjit Kaur

I,Rajesh Kumar S/O Om Parkash Khanna R/O Kothi No.37,Chand Avenue,Daya Nand Nagar,Amritsar, Punjab have changed my name from Rajesh Kumar to Rajesh Khanna. Concerned note.

I, Arshdeep S/o. Sh. Lal Chand, Resident Of Village & Post Office Randhawa Masandan, District- Jalandhar, Punjab, India, have changed my name from Arshdeep to Arshdeep Gahat. Please note.

I Gurjot Singh S/o Gurmukh Singh R/o vill. Bassarpura Tehsil Batala, Distt Gurdaspur. I have changed my name from Gurjot Singh to Singh Gurjot. My given name is Gurjot and surname is Singh. Please concerned note.

I,Gurcharan Singh alias Charan Singh S/O Teja Singh R/O VPO Sarhali Kalan,Pati Dhundakee Distt.Tarn Taran,Punjab have changed my name to Gurcharan Singh.Concerned note.

I, Sudarshan Kumar Bakshi S/o Amritsaria Ram R/o VPO. Lambra, Distt.Jalandhar, Punjab have changed my name from Sudarshan Kumar to Sudarshan Kumar Bakshi.(Bakshi as Surname). All Please Note.

I, Parmjeet Kaur W/o Bikrambir Singh R/o L-13/554, Gali No. 1, Kot Ralia Ram, Sultanwind Road, Amritsar, Punjab have changed my name from Parmjeet Kaur to Paramjit Kaur.

I Harjit Kaur Pannu W/O Pargat Singh Pannu R/O Vill Khalwan, P.O. Bhatal Bhai Distt Tarn Taran Have Chnaged The Name Of My Minor Son From Gurasis Singh To Gurasis Singh Pannu

I, Kajal w/o Sukhchain Singh R/o 22, Chabhal Road Bb Enclave Near Saint Joseph, School, Fatahpur, Amritsar, 143001, Punjab, have changed my name from Kajal to Khushpreet Kaur

I, Manpreet Kaur D/o Kulwinder Singh R/o VPO Chutala District Tarn Taran have declare that Manpreet is my Given name and Kaur is my Surname

I, Anita Benvait W/o Manjit Singh,R/o H.no. 87, Hardev Nagar, Jalandhar have changed my name from Anita Benvait to Anita Saini.

I Chakarverty S/O Balwinder Kumar R/O Vpo. Kandhali Naurangpur, Hoshiarpur, Punjab 144212 Have Changed My Name To Chakarverty Mehra And Mehra As A Surname

I Prabhajot Kumari D/o Ram Parkash, R/o H.NO EB-163,Near Atari Bazar, Quzi Moholla, Jalandhar City Pb have charged my name from Prabhajot Kumari to Jyoti after Marriage. In future I should be Called by New name Jyoti All Concerned please note.

I, Jaspreet Kaur W/o Randeep Singh Kooner R/o Gol Kothi Old Bus Stand, Nurmahal, Distt. Jalandhar, have changed my name from Jaspreet Kaur to Jaspreet Kaur Kooner.

I, Balbir Raj S/o Jagdish Raj R/o 104-L, Model town jalandhar Punjab declare that I have changed my name from Balbir Raj to Balbir Raj Sehdev.

I, Tripta Rani W/o Balbir Raj Sehdev R/o 104-L, Model town jalandhar Punjab declare that I have changed my name from Tripta Rani to Tripta Sehdev.

I, Ankita Mahajan W/o Prable Savara R/o S-87, Industrial Area, Jalandhar -144004, have changed my name from Ankita Mahajan to Ankita , after marriage. All concerned noted.

I, hitherto known as: MOHINDER SINGH S/O JAGIR SINGH R/O VILLAGE DESALPUR PO ATHOULA, JALANDHAR-144002 (PUNJAB), have changed my name and shall hereafter be known as :MOHINDER SINGH GILL.

I, Krishan Chand s/o Nand Lal r/o Gali No.6, Jhapar Colony, Basant Nagar, Phagwara, Distt. Kapurthala have changed the name of my minor son from Abhiraj to Abhiraj Pal. All Please Note.

## 530 ਗ੍ਰਾਮ ਹੈਰੋਇਨ, 2 ਪਿਸਟਲ, 3 ਮੈਗਜ਼ੀਨ, ਇਕ ਮੋਟਰਸਾਈਕਲ ਤੇ ਦੋ ਮੋਬਾਇਲ ਫੋਨ ਬਰਾਮਦ

**• ਪੁਲਸ ਨੇ 15 ਤਸਕਰਾਂ ਨੂੰ ਗ੍ਰਿਫਤਾਰ ਕਰਕੇ ਕੀਤਾ ਮਾਮਲਾ ਦਰਜ**

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਜ਼ਿਲ੍ਹਾ ਪੁਲਸ ਮੁਖੀ ਭੁਪਿੰਦਰ ਸਿੰਘ ਦੀਆਂ ਹਦਾਇਤਾਂ 'ਤੇ ਜ਼ਿਲ੍ਹਾ ਫ਼ਿਰੋਜ਼ਪੁਰ ਪੁਲਸ ਨੇ ਨਸ਼ੇ ਦੇ ਤਸਕਰਾਂ ਖਿਲਾਫ਼ ਮੁਹਿੰਮ ਵਿੱਢੀ ਹੋਈ ਹੈ। ਇਸ ਮੁਹਿੰਮ ਨੂੰ ਉਦੋਂ ਸਫ਼ਲਤਾ ਮਿਲੀ, ਜਦੋਂ ਫ਼ਿਰੋਜ਼ਪੁਰ ਪੁਲਿਸ ਨੇ ਵੱਖ-ਵੱਖ ਥਾਂਵਾਂ ਤੋਂ 530 ਗ੍ਰਾਮ ਹੈਰੋਇਨ, 2 ਪਿਸਟਲ ਸਮੇਤ 3 ਮੈਗਜ਼ੀਨ, ਇਕ ਮੋਟਰਸਾਈਕਲ ਤੇ ਦੋ ਮੋਬਾਇਲ ਫੋਨ ਸਮੇਤ 15 ਤਸਕਰਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਵੱਖ-ਵੱਖ ਥਾਣਿਆਂ ਵਿਚ ਐੱਨਡੀਪੀਐੱਸ ਐਕਟ ਤਹਿਤ ਮਾਮਲੇ ਦਰਜ ਕੀਤੇ ਹਨ।

ਜ਼ਿਲ੍ਹਾ ਪੁਲਸ ਮੁਖੀ ਭੁਪਿੰਦਰ ਸਿੰਘ ਨੇ ਦੱਸਿਆ ਕਿ ਥਾਣਾ ਸਿਟੀ ਫਿਰੋਜ਼ਪੁਰ ਪੁਲਿਸ ਦੇ ਸਹਾਇਕ ਥਾਣੇਦਾਰ ਸੁਖਚੈਨ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕ੍ਰਮਚਾਰੀਆਂ ਦੇ ਦੌਰਾਨ ਗਸ਼ਤ ਸੀ ਤਾਂ ਆਸ਼ੂ ਪੁੱਤਰ ਸੁਰਿੰਦਰਪਾਲ ਵਾਸੀ ਗਲੀ ਕੁਮਾਰ ਵਾਲੀ ਬਸਤੀ ਭੱਟੀਆਂ ਵਾਲੀ ਫ਼ਿਰੋਜ਼ਪੁਰ ਸ਼ਹਿਰ ਨੂੰ ਕਾਬੂ ਕਰਕੇ ਉਸ ਕੋਲੋਂ 5 ਗ੍ਰਾਮ ਹੈਰੋਇਨ ਬਰਾਮਦ ਕੀਤੀ। ਇਸੇ ਥਾਣੇ ਦੇ ਸਹਾਇਕ ਥਾਣੇਦਾਰ ਸੁਖਚੈਨ ਸਿੰਘ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਦੌਰਾਨੇ ਗਸ਼ਤ ਸੀ ਤਾਂ ਸ਼ੱਕ ਦੀ ਬਿਨ੍ਹਾ 'ਤੇ ਵਿਸ਼ਾਲ ਪੁੱਤਰ ਰਾਜੂ ਵਾਸੀ ਬਸਤੀ ਸ਼ੇਖਾਂ ਵਾਲੀ ਨੂੰ ਕਾਬੂ ਕਰਕੇ ਉਸ ਕੋਲੋਂ 3 ਗ੍ਰਾਮ ਹੈਰੋਇਨ ਬਰਾਮਦ ਕੀਤੀ। ਥਾਣਾ ਕੈਂਟ ਫਿਰੋਜ਼ਪੁਰ ਦੇ ਸਹਾਇਕ ਥਾਣੇਦਾਰ ਪਰਮਿੰਦਰ ਸਿੰਘ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਗਸ਼ਤ ਕਰਦੇ ਹੋਏ ਚੁੰਗੀ ਨੰਬਰ 7 ਤੋਂ ਬਿਜਲੀ ਘਰ ਰੋਡ, ਫਿਰੋਜ਼ਪੁਰ ਕੈਂਟ ਨੂੰ ਜਾ ਰਹੇ ਸੀ ਤਾਂ ਸਾਹਮਣੇ ਤੋਂ ਇੱਕ ਮੋਨਾ ਨੌਜਵਾਨ ਸੰਨੀ ਪੁੱਰਤ ਰੇਸ਼ਮ ਵਾਸੀ ਮਕਾਨ ਨੰਬਰ 31 ਗਲੀ ਨੰਬਰ 14 ਬਸਤੀ ਟੈਂਕਾਂਵਾਲੀ ਫ਼ਿਰੋਜ਼ਪੁਰ ਕੈਂਟ ਨੂੰ ਕਾਬੂ ਕਰਕੇ ਉਸ ਕੋਲੋਂ 3 ਗ੍ਰਾਮ ਹੈਰੋਇਨ ਬਰਾਮਦ ਕੀਤੀ। ਥਾਣਾ ਮਮਦੋਟ ਪੁਲਸ ਦੇ ਐੱਸਆਈ ਪਰਮਜੀਤ ਕੌਰ ਨੇ ਦੱਸਿਆ ਕਿ ਉਹ ਸਮੇਤ ਸਾਥੀ ਕ੍ਰਮਚਾਰੀਆਂ ਦੌਰਾਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿਚ ਮਮਦੋਟ ਤੋਂ ਪਿੰਡ ਘੋੜੇ ਚੱਕ ਨੂੰ ਜਾਂਦੀ ਸੜਕ 'ਤੇ ਸਥਿਤ ਸਿਟੀ ਹਾਰਟ ਸਕੂਲ ਤੋਂ ਥੋੜ੍ਹਾ ਅੱਗੇ ਸੀ ਤਾਂ ਇਸ ਦੌਰਾਨ ਦੋਸ਼ੀ ਮੇਜਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਮਮਦੋਟ ਹਿਠਾੜ ਨੂੰ ਗ੍ਰਿਫ਼ਤਾਰ ਕਰਕੇ ਉਸ ਦੇ ਕਬਜ਼ੇ 'ਚੋਂ 5 ਗ੍ਰਾਮ ਹੈਰੋਇਨ ਬਰਾਮਦ ਕੀਤੀ। ਥਾਣਾ ਮਮਦੋਟ ਪੁਲਿਸ ਦੇ ਇੰਸਪੈਕਟਰ ਗੁਰਵਿੰਦਰ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਨੇੜੇ ਟੀ ਪੁਆਇੰਟ ਖਾਈ ਫੇਮੇ ਕੀ ਪੁੱਜੀ ਤਾਂ ਇਸ ਦੌਰਾਨ ਸੇਵਕ ਸਿੰਘ ਪੁੱਰਤ ਸਾਰਜ ਸਿੰਘ ਵਾਸੀ ਗਾਮੇ ਵਾਲਾ ਤੇ ਗੁਰਜੰਟ ਸਿੰਘ ਉਰਫ ਜੰਟੀ ਪੁੱਤਰ ਬੂਟਾ ਸਿੰਘ ਵਾਸੀ ਗਾਮੇ ਵਾਲਾ ਨੂੰ ਗ੍ਰਿਫਤਾਰ ਕਰਕੇ ਉਸ ਦੇ ਕਬਜ਼ੇ ਵਿਚੋਂ 10 ਗ੍ਰਾਮ ਹੈਰੋਇਨ ਬਰਾਮਦ ਕੀਤੀ।

ਥਾਣਾ ਕੁੱਲਗੜ੍ਹੀ ਪੁਲਿਸ ਦੇ ਐੱਸਆਈ ਅਰਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਨੂੰ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਸੰਦੀਪ ਸਿੰਘ ਪੁੱਤਰ ਹਰਮੇਸ਼ ਸਿੰਘ ਅਤੇ ਜੱਜ ਸਿੰਘ ਪੁੱਤਰ ਬਗੀਚਾ ਸਿੰਘ ਵਾਸੀਅਨ ਪਿੰਡ ਕਾਮਲ ਵਾਲਾ ਜ਼ਿਲ੍ਹਾ ਫਿਰੋਜ਼ਪੁਰ ਜੋ ਹੈਰੋਇਨ ਤੇ ਅਸਲਾ/ਐਮੂਨੇਸ਼ਨ ਦੀ ਸਮਗਲਿੰਗ ਕਰਦੇ ਹਨ। ਅੱਜ ਇਹ ਦੋਵੇਂ ਜਣੇ ਮੋਟਰਸਾਈਕਲ ਹੀਰੋ ਹਾਂਡਾ ਸੀਡੀ ਡੀਲਕਸ ਨੰਬਰ ਪੀਬੀ 05 ਆਰ 3298 ਸਮੇਤ ਸਰਕਾਰੀ ਕਾਲਜ ਪਿੰਡ ਮੋਹਕਮ ਖਾਂ ਵਾਲਾ ਦੀ ਬੈਕਸਾਈਡ ਲਿੰਕ ਰੋਡ ਪਿੰਡ ਕੋਤ ਵਾਲ ਪਾਸ ਖੜੇ ਹਨ, ਜਿਨ੍ਹਾਂ ਪਾਸ ਹੁਣ ਵੀ ਹੈਰੋਇਨ ਤੇ ਅਸਲਾ/ਐਮੂਨੇਸ਼ਨ ਹੈ, ਜੇਕਰ ਹੁਣੇ ਛਾਪੇਮਾਰੀ ਕਰਕੇ ਕਾਬੂ ਕੀਤਾ ਜਾਵੇ ਤਾਂ ਇਨ੍ਹਾਂ ਪਾਸੋਂ ਹੈਰੋਇਨ ਅਤੇ ਅਸਲਾ/ਐਮੂਨੇਸ਼ਨ ਬਰਾਮਦ ਹੋ ਸਕਦਾ ਹੈ।

ਪੁਲਸ ਨੇ ਦੱਸਿਆ ਕਿ ਉਕਤ ਜਗ੍ਹਾ 'ਤੇ ਛਾਪੇਮਾਰੀ ਕਰਕੇ ਦੋਸ਼ੀਅਨ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਪਾਸੋਂ 465 ਗ੍ਰਾਮ ਹੈਰੋਇਨ, 2 ਪਿਸਟਲ 7.62 ਐੱਮਐੱਮ ਸਮੇਤ 3 ਮੈਗਜ਼ੀਨ, 1 ਮੋਟਰਸਾਈਕਲ ਹੀਰੋ ਹਾਂਡਾ ਤੇ ਇੱਕ ਮੋਬਾਇਲ ਫੋਨ ਵੀਵੋ ਵਾਈ 21ਐੱਸ ਬਰਾਮਦ ਕੀਤਾ। ਥਾਣਾ ਘੱਲ ਖੁਰਦ ਦੇ ਸਹਾਇਕ ਥਾਣੇਦਾਰ ਰੇਸ਼ਮ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕ੍ਰਮਚਾਰੀਆਂ ਦੇ ਰਵਾਨਾ ਸੀ ਤਾਂ ਨੇੜੇ ਪਿੰਡ ਫਿਰੋਜ਼ਸ਼ਾਹ ਕੋਲ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਪਾਰਸ ਪੁੱਤਰ ਗਹਿਗਲ, ਧਰੁਵ ਪੁੱਤਰ ਧੰਨਾ ਅਤੇ ਸੌਰਭ ਪੁੱਤਰ ਸਤਪਾਲ ਵਾਸੀਅਨ ਪਿੰਡ ਸੋਢੀ ਨਗਰ ਹੈਰੋਇਨ ਪੀਣ ਅਤੇ ਵੇਚਣ ਦੇ ਆਦੀ ਹਨ। ਦੋਸ਼ੀਅਨ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ 9 ਗ੍ਰਾਮ ਹੈਰੋਇਨ, ਇਕ ਪੰਨੀ, ਲੇਟਰ, ਢੱਕਣ ਬਰਾਮਦ ਕੀਤਾ। ਥਾਣਾ ਘੱਲ ਖੁਰਦ ਪੁਲਸ ਦੇ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਨੇੜੇ ਓਵਰ ਬਰਿਜ ਮੁੱਦਕੀ ਪਾਸ ਸੀ ਤਾਂ ਇਸ ਦੌਰਾਨ ਦੋਸ਼ੀ ਸਵਰਨ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਲੋਹਾਮ ਰੋਡ ਮੁੱਦਕੀ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ 10 ਗ੍ਰਾਮ ਹੈਰੋਇਨ ਬਰਾਮਦ ਕੀਤੀ।

ਥਾਣਾ ਮੱਲਾਂਵਾਲਾ ਪੁਲਸ ਦੇ ਸਹਾਇਕ ਥਾਣੇਦਾਰ ਸਤਪਾਲ ਨੇ ਦੱਸਿਆ ਕਿ ਉਹ ਸਮੇਤ ਸਾਥੀ ਕ੍ਰਮਚਾਰੀਆਂ ਦੇ ਗਸ਼ਤ ਰਵਾਨਾ ਸੀ ਤਾਂ ਜਦ ਪੁਲਸ ਪਾਰਟੀ ਬਸਤੀ ਤਾਰਾ ਸਿੰਘ ਤੋਂ ਅੱਗੇ ਪੁੱਜੀ ਤਾਂ ਖੇਤਾਂ ਵਿਚ ਇਕ ਦਰੱਖਤ ਦੇ ਉਹਲੇ ਇਕ ਮੋਨਾ ਨੌਜਵਾਨ ਬੋਹੜ ਸਿੰਘ ਪੁੱਤਰ ਪ੍ਰਤਾਪ ਸਿੰਘ ਵਾਸੀ ਲੋਹੁਕੇ ਖੁਰਦ ਬੈਠਾ ਵਿਖਾਈ ਦਿੱਤਾ, ਜੋ ਕੋਈ ਨਸ਼ੀਲੀ ਚੀਜ਼ ਸੁੰਘ ਰਿਹਾ ਸੀ ਤੇ ਧੂੰਆਂ ਨਿਕਲ ਰਿਹਾ ਸੀ, ਜੋ ਪੁਲਸ ਪਾਰਟੀ ਨੂੰ ਵੇਖ ਕੇ ਖਿਸਕਣ ਲੱਗਾ ਤਾਂ ਜਿਸ ਨੂੰ ਕਾਬੂ ਕਰਕੇ ਉਸ ਕੋਲੋਂ ਇਕ ਲਾਈਟਰ, 10 ਰੁਪਏ ਦਾ ਨੋਟ, ਪੰਨੀ ਬਰਾਮਦ ਹੋਈ। ਪੁਲਸ ਦੇ ਸਹਾਇਕ ਥਾਣੇਦਾਰ ਗੁਰਕੰਵਲਜੀਤ ਕੌਰ ਨੇ ਦੱਸਿਆ ਕਿ ਉਹ ਸਮੇਤ ਸਾਥੀ ਕ੍ਰਮਚਾਰੀਆਂ ਦੇ ਗਸ਼ਤ ਰਵਾਨਾ ਸੀ, ਜਦ ਪੁਲਿਸ ਗਸ਼ਤ ਕਰਦੀ ਹੋਈ ਟੀ ਪੁਆਇੰਟ ਕਾਮਲ ਵਾਲਾ ਖੁਰਦ ਫ਼ਿਰੋਜ਼ਪੁਰ ਰੋਡ ਮੱਲਾਂਵਾਲਾ ਪੁੱਜੀ ਤਾਂ ਸਾਹਮਣੇ ਤੋਂ ਇਕ ਨੌਜਵਾਨ ਤਰਸੇਮ ਸਿੰਘ ਉਰਫ ਲਾਡੀ ਪੁੱਤਰ ਦੇਸਾ ਵਾਸੀ ਫਰੀਦੇਵਾਲਾ ਉਤਾੜ ਨੂੰ ਕਾਬੂ ਕਰਕੇ ਤਲਾਸ਼ੀ ਲਈ ਤਾਂ ਇਸ ਕੋਲੋਂ 16 ਗ੍ਰਾਮ ਹੈਰੋਇਨ, 60 ਰੁਪਏ ਜਾਮਾ ਤਲਾਸ਼ੀ ਤੇ ਇਕ ਮੋਬਾਇਲ ਫੋਨ ਬਰਾਮਦ ਹੋਇਆ। ਥਾਣਾ ਗੁਰੂਹਰਸਹਾਏ ਪੁਲਸ ਦੇ ਸਹਾਇਕ ਥਾਣੇਦਾਰ ਮਹੇਸ਼ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰ ਰਹੀ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਸ਼ੇਰ ਚੰਦ ਪੁੱਤਰ ਵਿਜੈ ਕੁਮਾਰ ਵਾਸੀ ਰੇਲਵੇ ਬਸਤੀ ਗੁਰੂਹਰਸਹਾਏ ਜੋ ਬਾਹਰੋਂ ਹੈਰੋਇਨ ਲਿਆ ਕੇ ਗੁਰੂਹਰਸਹਾਏ ਦੇ ਆਸ-ਪਾਸ ਦੇ ਪਿੰਡਾਂ ਵਿਚ ਵੇਚਣ ਦਾ ਆਦੀ ਹੈ ਤੇ ਇਹ ਅਕਸਰ ਹੀ ਦਾਨਾ ਮੰਡੀ ਗੁਰੂਹਰਸਹਾਏ ਦੇ ਬਣੀ ਸਬਜ਼ੀ ਮੰਡੀ ਦੇ ਸ਼ੈੱਡ ਕੋਲ ਬੈਠ ਕੇ ਹੈਰੋਇਨ ਸੇਲ ਕਰਦਾ ਆ ਰਿਹਾ ਹੈ ਤੇ ਅੱਜ ਦਾਨਾ ਮੰਡੀ ਵਿਚ ਸਬਜ਼ੀ ਮੰਡੀ ਦੇ ਸ਼ੈੱਡ ਪਾਸ ਬੈਠ ਕੇ ਹੈਰੋਇਨ ਸੇਲ ਕਰਨ ਲਈ ਆਪਣੇ ਗਾਹਕਾਂ ਦਾ ਇੰਤਜ਼ਾਰ ਕਰ ਰਿਹਾ ਹੈ। ਦੋਸ਼ੀ ਨੂੰ ਗ੍ਰਿਫਤਾਰ ਕਰਕੇ ਉਸ ਦੇ ਕਬਜ਼ੇ ਵਿਚੋਂ 5 ਗ੍ਰਾਮ ਹੈਰੋਇਨ ਬਰਾਮਦ ਕੀਤੀ। ਪੁਲਸ ਨੇ ਦੱਸਿਆ ਕਿ ਦੋਸ਼ੀਆਂ ਖਿਲਾਫ ਮਾਮਲੇ ਦਰਜ ਕਰ ਲਏ ਗਏ ਹਨ।

## 14 ਦਿਨਾਂ ਤੋਂ ਪਾਕਿ ਹਿਰਾਸਤ 'ਚ ਬੀ ਐੱਸ ਐੱਫ ਜਵਾਨ ਪੀ ਕੇ ਸਾਹੂ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਭਾਰਤ-ਪਾਕਿਸਤਾਨ ਅੰਤਰਰਾਸ਼ਟਰੀ ਸਰਹੱਦ 'ਤੇ ਤਾਇਨਾਤ ਸੀਮਾ ਸੁਰੱਖਿਆ ਬਲ (ਬੀਐੱਸਐੱਫ) ਦਾ ਜਵਾਨ ਪੀਕੇ ਸਾਹੂ ਪਿਛਲੇ 14 ਦਿਨਾਂ ਤੋਂ ਪਾਕਿਸਤਾਨ ਦੀ ਹਿਰਾਸਤ ਵਿੱਚ ਹੈ। 23 ਅਪ੍ਰੈਲ ਨੂੰ ਸਾਹੂ, ਜਿਸ ਨੇ ਡਿਊਟੀ ਦੌਰਾਨ ਗ਼ਲਤੀ ਨਾਲ ਕੰਟਰੋਲ ਰੇਖਾ ਪਾਰ ਕਰ ਲਈ ਸੀ, ਨੂੰ ਪਾਕਿ ਰੇਂਜਰਾਂ ਨੇ ਗ੍ਰਿਫ਼ਤਾਰ ਕਰ ਲਿਆ। ਹਾਲਾਂਕਿ ਏਨੇ ਦਿਨ ਬੀਤ ਜਾਣ ਤੋਂ ਬਾਅਦ ਵੀ ਪਾਕਿਸਤਾਨ ਨੇ ਨਾ ਤਾਂ ਉਸਦੀ ਰਿਹਾਈ ਬਾਰੇ ਕੋਈ ਠੋਸ ਪਹਿਲ ਕੀਤੀ ਹੈ ਤੇ ਨਾ ਹੀ ਭਾਰਤ ਦੀਆਂ ਫਲੈਗ ਮੀਟਿੰਗ ਦੀਆਂ ਮੰਗਾਂ ਦਾ ਕੋਈ ਜਵਾਬ ਦਿੱਤਾ ਹੈ। ਇਨ੍ਹਾਂ ਘਟਨਾਵਾਂ ਦੇ ਵਿਚਕਾਰ ਜਵਾਨ ਦੀ ਪਤਨੀ ਫ਼ਿਰੋਜ਼ਪੁਰ ਪਹੁੰਚੀ ਅਤੇ ਬੀਐੱਸਐੱਫ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਭਾਵੁਕ ਆਵਾਜ਼ ਵਿੱਚ ਉਸ ਨੇ ਕਿਹਾ, 'ਮੇਰੇ ਪਤੀ ਨੇ ਕੋਈ ਅਪਰਾਧ ਨਹੀਂ ਕੀਤਾ ਹੈ, ਉਹ ਦੇਸ਼ ਦੀ ਸੇਵਾ ਕਰਦੇ ਹੋਏ ਗ਼ਲਤੀ ਨਾਲ ਸਰਹੱਦ ਪਾਰ ਕਰ ਗਿਆ ਸੀ। ਮੈਂ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨੂੰ ਅਪੀਲ ਕਰਦੀ ਹਾਂ ਕਿ ਮੇਰੇ ਪਤੀ ਨੂੰ ਜਲਦੀ ਤੋਂ ਜਲਦੀ ਸੁਰੱਖਿਅਤ ਵਾਪਸ ਲਿਆਂਦਾ ਜਾਵੇ।' ਬੀਐੱਸਐੱਫ ਦੇ ਸੂਤਰਾਂ ਅਨੁਸਾਰ ਪਾਕਿਸਤਾਨੀ ਰੇਂਜਰਾਂ ਨੂੰ ਸਰਹੱਦ 'ਤੇ ਦਿਨ ਵਿੱਚ 2 ਤੋਂ 3 ਵਾਰ ਸੀਟੀਆਂ ਵਜਾ ਕੇ ਅਤੇ ਝੰਡੇ ਦਿਖਾ ਕੇ ਗੱਲਬਾਤ ਲਈ ਸੱਦਾ ਦਿੱਤਾ ਜਾ ਰਿਹਾ ਹੈ। ਕਈ ਵਾਰ ਫਲੈਗ ਮੀਟਿੰਗਾਂ ਦੀ ਪੇਸ਼ਕਸ਼ ਵੀ ਕੀਤੀ ਗਈ ਸੀ, ਪਰ ਪਾਕਿਸਤਾਨ ਵੱਲੋਂ ਹੁਣ ਤੱਕ ਕੋਈ ਸਕਾਰਾਤਮਕ ਜਵਾਬ ਨਹੀਂ ਮਿਲਿਆ ਹੈ। ਸੂਤਰਾਂ ਦਾ ਕਹਿਣਾ ਹੈ ਕਿ ਪਾਕਿਸਤਾਨੀ ਰੇਂਜਰਾਂ ਨੇ ਮੰਨਿਆ ਹੈ ਕਿ ਸਿਪਾਹੀ ਉਨ੍ਹਾਂ ਦੀ ਹਿਰਾਸਤ ਵਿੱਚ ਹੈ, ਪਰ ਉਹ ਉਸਦੀ ਰਿਹਾਈ ਲਈ ਕੋਈ ਖਾਸ ਸਮਾਂ ਸੀਮਾ ਜਾਂ ਪ੍ਰਕਿਰਿਆ ਨਹੀਂ ਦੇ ਰਹੇ ਹਨ। ਪਾਕਿਸਤਾਨ ਦਾ ਕਹਿਣਾ ਹੈ ਕਿ ਕੋਈ ਵੀ ਫ਼ੈਸਲਾ ਉੱਚ ਲੀਡਰਸ਼ਿਪ ਤੋਂ ਇਜਾਜ਼ਤ ਲੈਣ ਤੋਂ ਬਾਅਦ ਹੀ ਲਿਆ ਜਾਵੇਗਾ। ਬੀਐਸਐਫ਼ ਨੇ ਪੁਸ਼ਟੀ ਕੀਤੀ ਕਿ ਇਸ ਮਾਮਲੇ ਨੂੰ ਹੁਣ ਪੂਰੀ ਤਰ੍ਹਾਂ ਕੂਟਨੀਤਕ ਪੱਧਰ 'ਤੇ ਚੁੱਕਿਆ ਜਾ ਰਿਹਾ ਹੈ ਅਤੇ ਵਿਦੇਸ਼ ਵਿਭਾਗ ਰਾਹੀਂ ਲਗਾਤਾਰ ਦਬਾਅ ਪਾਇਆ ਜਾ ਰਿਹਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਕਿਉਂਕਿ ਪਾਕਿਸਤਾਨ ਨੇ ਸੈਨਿਕ ਦੀ ਹਿਰਾਸਤ ਸਵੀਕਾਰ ਕਰ ਲਈ ਹੈ, ਇਸ ਲਈ ਉਹ ਉਸਦੀ ਸੁਰੱਖਿਆ ਅਤੇ ਸੁਰੱਖਿਅਤ ਵਾਪਸੀ ਲਈ ਵੀ ਜ਼ਿੰਮੇਵਾਰ ਹੈ। ਜੇਕਰ ਸੈਨਿਕ ਨੂੰ ਕੋਈ ਨੁਕਸਾਨ ਹੁੰਦਾ ਹੈ, ਤਾਂ ਪਾਕਿਸਤਾਨ ਅੰਤਰਰਾਸ਼ਟਰੀ ਪੱਧਰ 'ਤੇ ਜ਼ਿੰਮੇਵਾਰ ਹੋਵੇਗਾ। ਇਸ ਦੌਰਾਨ ਰਾਜਸਥਾਨ ਸੈਕਟਰ ਵਿੱਚ ਬੀਐੱਸਐੱਫ ਨੇ ਜਾਸੂਸੀ ਦੇ ਦੋਸ਼ ਵਿੱਚ ਇੱਕ ਪਾਕਿਸਤਾਨੀ ਰੇਂਜਰ ਨੂੰ ਹਿਰਾਸਤ ਵਿੱਚ ਲਿਆ ਹੈ। ਹਾਲਾਂਕਿ ਅਜੇ ਤੱਕ ਇਸਦੀ ਅਧਿਕਾਰਤ ਤੌਰ 'ਤੇ ਪੁਸ਼ਟੀ ਨਹੀਂ ਹੋਈ ਹੈ, ਪਰ ਸੁਰੱਖਿਆ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਕਾਰਵਾਈ ਪਾਕਿਸਤਾਨ 'ਤੇ ਦਬਾਅ ਪਾਉਣ ਦੀ ਰਣਨੀਤੀ ਦਾ ਹਿੱਸਾ ਹੋ ਸਕਦੀ ਹੈ।

### ਬੇਦਖਲੀ ਨੋਟਿਸ

ਮੈਂ, ਸਮਪਤੀ ਦੇਵੀ ਪਤਨੀ ਯੋਧ ਸਿੰਘ ਵਾਸੀ ਮਕਾਨ ਨੰ. 73, ਪਿੰਡ ਦਕੋਹਾ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰੀਆਂ ਲੜਕੀਆਂ ਆਸ਼ਾ ਦੇਵੀ ਪਤਨੀ ਰਾਜਪਾਲ ਬਿਨੈਤ, ਕਿਰਨ ਲਤਾ ਪਤਨੀ ਦੇਵ ਰਾਜ, ਦਮੰਤੀ ਪਤਨੀ ਰਵਿੰਦਰ ਭੰਡਾਰੀ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।

### ਆਮ ਸੂਚਨਾ

ਮੈਂ ਸੁਖਦੇਵ ਸਿੰਘ ਪੁੱਤਰ ਸੋਹਨ ਸਿੰਘ ਵਾਸੀ ਪਿੰਡ ਢਿੱਲਵਾਂ, ਤਹਿਸੀਲ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਭਰਾ ਹਰਦੇਵ ਸਿੰਘ ਪੁੱਤਰ ਸੋਹਨ ਸਿੰਘ 1982 ਵਿੱਚ ਬਿਨਾ ਦੱਸੇ ਕੀਤੇ ਚਲਾ ਗਿਆ ਸੀ ਤੇ ਅੱਜ ਤਕ ਕਦੇ ਵੀ ਵਾਪਿਸ ਨਹੀਂ ਆਇਆ ਤੇ ਸਾਨੂੰ ਇਹ ਵੀ ਨਹੀਂ ਪਤਾ ਕਿ ਉਹ ਜੀਵਤ ਹੈ ਜਾਂ ਨਹੀਂ। ਇਸ ਲਈ ਅਸੀਂ ਉਸਦੇ ਹਿੱਸੇ ਦੀ ਜੱਦੀ ਜਮੀਨ ਨੂੰ ਵਾਰਸਾਂ ਦੇ ਨਾਮ ਤੇ ਕਰਵਾਉਣਾ ਚਾਹੁੰਦੇ ਹਾਂ, ਜੇ ਕਰ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਵਿੱਚ-ਵਿੱਚ ਇਸਤਿਆਰ ਦੇਣ ਵਾਲੇ ਜਾ ਮਾਲ ਵਿਭਾਗ ਡੇਰਾ ਬਾਬਾ ਨਾਨਕ ਵਿਚ ਹਾਜਰ ਹੋ ਕੇ ਜਾਣਕਾਰੀ ਦੇ ਸਕਦਾ ਹੈ। ਬਾਅਦ ਵਿਚ ਕੋਈ ਉਜਰ ਨਹੀਂ ਸੁਣਿਆ ਜਾਵੇਗਾ ਤੇ ਹਰਦੇਵ ਸਿੰਘ ਦੇ ਅਖਰਾਜਨਾਮਾ ਦਾ ਇੰਤਕਾਲ ਉਸਦੇ ਕਾਨੂੰਨੀ ਵਾਰਸਾ ਦੇ ਨਾਮ ਤੇ ਦਰਜ ਕਰ ਦਿੱਤਾ ਜਾਵੇਗਾ।

### CHANGE OF NAME

I, Jasbir Singh S/o Lachman Singh R/o Vill. Adnawali, Po. Bhawanipur, Distt.Kapurthala, Punjab have changed my name from Jasbir Singh to Jasvir Singh. All Please Note.

I, Kulbir S/o Jagtar R/o B-2 33/6, Heeran Jattan Mohalla, Nawanshahr, SBS Nagar, Punjab, 144514 changed my name from Kulbir to Kulvir Singh.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

### ਉੱਤਰ ਰੇਲਵੇ

**ਈ-ਟੈਂਡਰ ਸੂਚਨਾ**

ਸੀਨੀ. ਮੰਡਲ ਵਿਯੁਤ ਇੰਜੀਨੀਅਰ/ਟੀ.ਆਰ./ਉੱਤਰ ਰੇਲਵੇ ਫ਼ਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ ਟੈਂਡਰ (www.ireps.gov.in) ਮੰਗ ਕੀਤੀ ਜਾਂਦੀ ਹੈ। ਟੈਂਡਰਕਾਰ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| |
|---|
| ਟੈਂਡਰ ਨੰਬਰ : 251-J-ਵਿਯੁਤ-T-04-2025-26 |
| ਕੰਮਾਂ ਦਾ ਵੇਰਵਾ : ਦੋ ਸਾਲਾਂ ਦੇ ਲਈ ਪੀਰ-ਪੰਜਾਲ ਸੁਰੰਗ ਟੀ-80 ਦੇ ਲਈ ਐਸ ਸੀ ਏ ਡੀ ਏ (SCADA) ਪ੍ਰਣਾਲੀ ਦੇ ਦੁਆਰਾ ਤੋਂ 33 ਕੇਵੀ, 11 ਕੇਵੀ, ਵੇਂਟਿਲੇਸ਼ਨ, ਈ ਐਂਡ ਐਮ ਪ੍ਰਣਾਲੀ ਦੇ ਦੂਰਸਥ ਸੰਚਾਲਨ ਦੇ ਲਈ ਸੁਰੰਗ ਨਿਯੰਤਰਣ ਕੇਂਦਰ ਬਨਿਹਾਲ ਅਤੇ ਉਪਕਰਣ ਕਮਰਿਆਂ (ਦਖਿਣ ਅਤੇ ਉੱਤਰ ਪੋਰਟਲ0 ਵਿਚ ਐਸ ਸੀ ਏ ਡੀ ਏ (SCADA) ਪ੍ਰਣਾਲੀ ਦਾ ਪੂਰਾ ਸੰਚਾਲਨ ਅਤੇ ਨਿਵਾਰਕ ਰੱਖ-ਰੱਖਾਵ। |
| ਅਨੁਮਾਨਿਤ ਲਾਗਤ (₹) :1,89,40,251.84 |
| ਬਿਆਨਾ ਰਾਸ਼ੀ (₹): 2,44,700.00 |
| ਕੰਮ ਦਾ ਸਮਾਂ : 24 ਮਹੀਨੇ |
| ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ : 29.05.2025, 15:00 Hrs ਦੇ ਬਾਦ |
| ਵੈੱਬਸਾਈਟ : www.ireps.gov.in |

ਨੰ: 251-J-ਵਿਯੁਤ ਟੈਂਡਰ ਨੋਟਿਸ ਨੰ: /04/ਵਿਯੁਤ-2025-26 ਮਿਤੀ : 06.05.2025 1348/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਰੇਹੜੀ ਚਾਲਕ ਦੀ ਮੌਤ 'ਤੇ 4 ਲੋਕਾਂ ਵਿਰੁੱਧ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**- ਬੀਤੇ ਕੱਲ੍ਹ ਵਾਪਰੇ ਹਾਦਸੇ ਦੌਰਾਨ ਰੇਹੜੀ ਚਾਲਕ ਵਿਅਕਤੀ ਦੀ ਮੌਤ ਹੋ ਜਾਣ ਦੇ ਸਬੰਧ ਵਿੱਚ ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ 4 ਲੋਕਾਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ, ਜਿਸ ਵਿੱਚ 2 ਅਣਪਛਾਤੇ ਵਿਅਕਤੀ ਵੀ ਸ਼ਾਮਲ ਹਨ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਜਸਪਾਲ ਸਿੰਘ ਨੇ ਦੱਸਿਆ ਕਿ ਸ਼ਿਕਾਇਤ ਕਰਤਾ ਗੌਰਵ ਕੁਮਾਰ ਪੁੱਤਰ ਗੁਰਚਰਨ ਲਾਲ ਵਾਸੀ ਕਮਰੇਵਾਲਾ ਰੋਡ ਜਲਾਲਾਬਾਦ ਨੇ ਪੁਲਸ ਨੂੰ ਲਿਖਤੀ ਪੱਤਰ ਦਿੱਤਾ ਗਿਆ ਕਿ 6 ਮਈ ਨੂੰ ਸਵੇਰੇ ਕਰੀਬ 6 ਵਜੇ ਉਸ ਦਾ ਭਰਾ ਗਗਨ ਕੁਮਾਰ ਰੇਹੜੀ 'ਤੇ ਸਬਜ਼ੀ ਮੰਡੀ ਜਲਾਲਾਬਾਦ ਵਿਚੋਂ ਸਬਜ਼ੀ ਖਰੀਦ ਕਰਨ ਲਈ ਜਾ ਰਿਹਾ ਸੀ ਅਤੇ ਜਦੋਂ ਉਸ ਦਾ ਭਰਾ ਹਰਕ੍ਰਿਸ਼ਨ ਪੰਪ ਦੇ ਸਾਹਮਣੇ ਐਫ ਐਫ ਮੁੱਖ ਮਾਰਗ 'ਤੇ ਪੁੱਜਾ ਤਾਂ ਪਿੱਛੋਂ ਇਕ ਤੇਜ਼ ਰਫਤਾਰ ਕਾਰ ਆਈ। ਇਹ ਕਾਰ ਬੜੀ ਤੇਜ਼ ਰਫਤਾਰ ਅਤੇ ਲਾਪ੍ਰਵਾਹੀ ਨਾਲ ਪਿੱਛੋਂ ਦੀ ਉਸ ਦੇ ਭਰਾ ਵਿੱਚ ਵੱਜ ਗਈ ਅਤੇ ਉਸ ਦਾ ਭਰਾ ਸੜਕ ਤੇ ਡਿੱਗ ਕੇ ਗੰਭੀਰ ਰੂਪ ਵਿੱਚ ਫੱਟੜ ਹੋ ਗਿਆ। ਇਸ ਹਾਦਸੇ ਦੌਰਾਨ ਕਾਰ ਡਰਾਈਵਰ ਅਖਿਲ ਮੱਕੜ ਅਤੇ ਇਸ ਦੇ ਨਾਲ ਬੈਠਾ ਵਿਅਕਤੀ ਅਨਿਲ ਕੁੱਕੜ ਪੁੱਤਰ ਅਮਰ ਲਾਲ ਵਾਸੀ ਬਾਗ ਕਲੋਨੀ ਅਤੇ 2 ਹੋਰ ਅਣਪਛਾਤੇ ਵਿਅਕਤੀ, ਜੋ ਗੱਡੀ ਵਿੱਚ ਪਿਛਲੀ ਸੀਟ 'ਤੇ ਬੈਠੇ ਸਨ, ਇਹ ਗੱਡੀ ਵਿਚੋਂ ਬਾਹਰ ਨਿਕਲ ਕੇ ਉਸ ਦੇ ਭਰਾ ਗਗਨ ਕੁਮਾਰ ਨੂੰ ਜ਼ਖ਼ਮੀ ਹਾਲਤ ਵਿੱਚ ਮਿੰਡਾ ਹਸਪਤਾਲ ਜਲਾਲਾਬਾਦ ਵਿਖੇ ਲੈ ਗਏ ਅਤੇ ਇਸ ਦੇ ਬਾਅਦ ਉਥੋਂ ਫਰਾਰ ਹੋ ਗਏ। ਇਥੇ ਹਸਪਤਾਲ ਨੇ ਆਪਣੀ ਐਂਬੂਲੈਂਸ 'ਤੇ ਉਸ ਦੇ ਭਰਾ ਗਗਨ ਕੁਮਾਰ ਨੂੰ ਸਰਕਾਰੀ ਹਸਪਤਾਲ ਜਲਾਲਾਬਾਦ ਵਿਖੇ ਭੇਜ ਦਿੱਤਾ ਗਿਆ, ਜਿੱਥੇ ਉਸ ਨੂੰ ਡਾਕਟਰਾਂ ਵੱਲੋਂ ਮ੍ਰਿਤਕ ਘੋਸ਼ਿਤ ਕਰ ਦਿੱਤਾ ਗਿਆ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਜਸਪਾਲ ਸਿੰਘ ਨੇ ਦੱਸਿਆ ਕਿ ਮੁਦੱਈ ਗੌਰਵ ਕੁਮਾਰ ਦੇ ਬਿਆਨਾਂ ਦੇ ਅਧਾਰ 'ਤੇ ਅਖਿਲ ਮੱਕੜ ਪੁੱਤਰ ਪ੍ਰਦੀਪ ਮੱਕੜ ਵਾਸੀ ਡਾਕਟਰ ਚੁੱਘ ਵਾਲੀ ਗਲੀ ਦਸ਼ਮੇਸ਼ ਨਗਰੀ ਜਲਾਲਾਬਾਦ, ਅਨਿਲ ਕੁੱਕੜ ਪੁੱਤਰ ਅਮਰ ਲਾਲ ਵਾਸੀ ਬਾਗ ਕਲੋਨੀ ਜਲਾਲਾਬਾਦ ਅਤੇ 2 ਹੋਰ ਅਣਪਛਾਤੇ ਵਿਅਕਤੀਆਂ ਦੇ ਵਿਰੁੱਧ ਥਾਣਾ ਸਿਟੀ ਜਲਾਲਾਬਾਦ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਬੀਤੇ ਮੰਗਲਵਾਰ ਸਵੇਰੇ ਵਾਪਰੇ ਹਾਦਸੇ ਦੌਰਾਨ ਪੁਲਸ ਵੱਲੋਂ ਕਾਰਵਾਈ ਨਾ ਕਰਨ ਦੇ ਦੋਸ਼ ਲਗਾਉਂਦੇ ਹੋਏ ਮ੍ਰਿਤਕ ਗਗਨ ਕੁਮਾਰ ਦੇ ਪਰਿਜਨਾਂ ਅਤੇ ਹੋਰਨਾਂ ਵੱਖ ਵੱਖ ਸੰਗਠਨਾਂ ਵੱਲੋਂ ਐਫ ਐਫ ਮੁੱਖ ਮਾਰਗ 'ਤੇ ਸਥਿਤ ਸਥਾਨਕ ਸ਼ਹੀਦ ਊਧਮ ਸਿੰਘ ਚੌਕ ਦੇ ਕੋਲ ਚੱਕਾ ਜਾਮ ਕਰਕੇ ਧਰਨਾ ਲਾਇਆ ਗਿਆ ਅਤੇ ਇਹ ਧਰਨਾ ਦੇਰ ਸ਼ਾਮ ਤੱਕ ਜਾਰੀ ਰਿਹਾ ਦੇਰ ਸ਼ਾਮ ਨੂੰ ਪੁਲਸ ਵੱਲੋਂ ਕਾਰਵਾਈ ਕਰਨ ਦੇ ਬਾਅਦ ਇਹ ਧਰਨਾ ਸਮਾਪਤ ਹੋਇਆ।

## ਗੋਲਡੀ ਤੇ ਸਵਨਾ ਵੱਲੋਂ ਮੁੱਖ ਮੰਤਰੀ ਨਾਲ ਹਲਕੇ ਦੇ ਵਿਕਾਸ ਕਾਰਜਾਂ ਸੰਬੰਧੀ ਚਰਚਾ

**ਜਲਾਲਾਬਾਦ (ਜੰਗੀਰ ਕੌਰ/ਜੀਤ ਕੌਰ)**- ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਚੰਡੀਗੜ੍ਹ ਵਿਖੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੁਲਾਕਾਤ ਕਰਕੇ ਉਹਨਾਂ ਨਾਲ ਹਲਕੇ ਦੇ ਵਿਕਾਸ ਕਾਰਜਾਂ ਸੰਬੰਧੀ ਚਰਚਾ ਕੀਤੀ। ਇਸ ਮੌਕੇ ਉਹਨਾਂ ਨੇ ਵਿਸ਼ੇਸ਼ ਤੌਰ 'ਤੇ ਮੁੱਖ ਮੰਤਰੀ ਮਾਨ ਦਾ ਫਿਰੋਜ਼ਪੁਰ ਫੀਡਰ ਨਹਿਰ ਦੇ ਨਵੀਨੀਕਰਨ ਦੇ ਪ੍ਰੋਜੈਕਟ ਨੂੰ ਪਾਸ ਕਰਵਾਉਣ ਲਈ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਇਸ ਪ੍ਰੋਜੈਕਟ ਦੇ ਬਣਨ ਨਾਲ ਫਾਜ਼ਿਲਕਾ ਅਤੇ ਜਲਾਲਾਬਾਦ ਇਲਾਕੇ ਦੇ ਕਿਸਾਨਾਂ ਨੂੰ ਜ਼ਿੱਥੇ ਕਾਲੇ ਪਾਣੀ ਤੋਂ ਮੁਕਤੀ ਮਿਲੇਗੀ ਉੱਥੇ ਹੀ ਇਸ ਨਾਲ ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ, ਫਿਰੋਜ਼ਪੁਰ ਅਤੇ ਫਰੀਦਕੋਟ ਜ਼ਿਲ੍ਹੇ ਦੇ ਕਿਸਾਨਾਂ ਨੂੰ ਪੂਰਾ ਪਾਣੀ ਮਿਲੇਗਾ। ਵਿਧਾਇਕ ਗੋਲਡੀ ਨੇ ਹਲਕੇ ਵਿੱਚ ਚੱਲ ਰਹੇ ਵੱਖ-ਵੱਖ ਵਿਕਾਸ ਕਾਰਜਾਂ ਦੀ ਜਾਣਕਾਰੀ ਵੀ ਮੁੱਖ ਮੰਤਰੀ ਨੂੰ ਦਿੱਤੀ। ਉਹਨਾਂ ਦੱਸਿਆ ਕਿ ਪੰਜਾਬ ਸਿੱਖਿਆ ਕ੍ਰਾਂਤੀ ਪ੍ਰੋਗਰਾਮ ਦੇ ਤਹਿਤ ਜਲਾਲਾਬਾਦ ਹਲਕੇ ਵਿੱਚ ਸਕੂਲਾਂ ਵਿੱਚ ਵੱਡੇ ਪੱਧਰ 'ਤੇ ਬੁਨਿਆਦੀ ਢਾਂਚੇ ਦਾ ਸੁਧਾਰ ਹੋਇਆ ਹੈ। ਇਸੇ ਤਰ੍ਹਾਂ ਹੀ ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਬੁੱਧਵਾਰ ਚੰਡੀਗੜ੍ਹ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਹਨਾਂ ਫਾਜ਼ਿਲਕਾ ਹਲਕੇ ਵਿੱਚ 42 ਕਰੋੜ ਰੁਪਏ ਨਾਲ ਬਣਾਈਆਂ ਗਈਆਂ ਕੰਕਰੀਟ ਵਾਲੀਆਂ ਨਵੀਆਂ ਨਹਿਰਾਂ ਅਤੇ 37 ਕਰੋੜ ਨਾਲ ਬਣਾਏ ਜਾ ਰਹੇ ਖਾਲਿਆਂ ਲਈ ਉਹਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਉਹਨਾਂ ਫਾਜ਼ਿਲਕਾ ਹਲਕੇ ਵਿੱਚ ਹੋਣ ਵਾਲੇ ਵਿਕਾਸ ਕਾਰਜਾਂ ਬਾਰੇ ਵੀ ਚਰਚਾ ਕੀਤੀ। ਵਿਧਾਇਕ ਸਵਨਾ ਨੇ ਕਿਹਾ ਕਿ ਫਾਜ਼ਿਲਕਾ ਜ਼ਿਲ੍ਹਾ ਮੁੱਖ ਤੌਰ 'ਤੇ ਖੇਤੀ ਅਧਾਰਤ ਹੈ ਅਤੇ ਖੇਤੀ ਨਹਿਰੀ ਪਾਣੀ ਤੇ ਆਧਾਰਤ ਹੈ। ਇਸ ਕਰਕੇ ਪੰਜਾਬ ਸਰਕਾਰ ਵੱਲੋਂ ਟੇਲਾਂ ਤੱਕ ਪੂਰਾ ਪਾਣੀ ਪੁੱਜਦਾ ਕਰਨ ਲਈ ਕੀਤੇ ਉਪਰਾਲਿਆਂ ਦਾ ਸਭ ਤੋਂ ਵੱਧ ਲਾਹਾ ਫਾਜ਼ਿਲਕਾ ਹਲਕੇ ਦੇ ਲੋਕਾਂ ਨੂੰ ਪਹੁੰਚਿਆ ਹੈ, ਕਿਉਂਕਿ ਇਹ ਪੂਰਾ ਇਲਾਕਾ ਹੀ ਟੇਲਾਂ 'ਤੇ ਪੈਂਦਾ ਹੈ। ਉਹਨਾਂ ਇਸ ਲਈ ਮੁੱਖ ਮੰਤਰੀ ਮਾਨ ਦਾ ਧੰਨਵਾਦ ਕੀਤਾ। ਵਿਧਾਇਕ ਨੇ ਮੀਟਿੰਗ ਤੋਂ ਬਾਅਦ ਦੱਸਿਆ ਕਿ ਮੁੱਖ ਮੰਤਰੀ ਨਾਲ ਉਹਨਾਂ ਵੱਲੋਂ ਇਲਾਕੇ ਦੇ ਵੱਖ ਵੱਖ ਵਿਕਾਸ ਕਾਰਜਾਂ ਸਬੰਧੀ ਚਰਚਾ ਕੀਤੀ ਗਈ ਤਾਂ ਜੋ ਹਲਕੇ ਦੇ ਰਹਿੰਦੇ ਕੰਮਾਂ ਨੂੰ ਵੀ ਛੇਤੀ ਤੋਂ ਛੇਤੀ ਪੂਰਾ ਕਰਵਾਇਆ ਜਾ ਸਕੇ।



## ਲੋਕਾਂ ਨੂੰ ਸਾਈਬਰ ਧੋਖਾਧੜੀ ਤੋਂ ਬਚਾਉਣ ਦੇ ਯਤਨ ਜਾਰੀ

**ਸਿਰਸਾ (ਸੁਰਿੰਦਰ ਪਾਲ ਸਿੰਘ)** ਪੁਲਸ ਸੁਪਰਡੈਂਟ ਨੇ ਆਮ ਲੋਕਾਂ ਨੂੰ ਸਾਈਬਰ ਧੋਖਾਧੜੀ ਤੋਂ ਬਚਣ ਲਈ ਸਾਵਧਾਨ ਰਹਿਣ ਦੀ ਸਲਾਹ ਦਿੰਦੇ ਹੋਏ ਕਿਹਾ ਕਿ ਆਨਲਾਈਨ ਧੋਖਾਧੜੀ ਵਿੱਚ ਬੈਂਕ ਲੋਨ, ਲਾਟਰੀ ਜਾਂ ਹੋਰ ਇਨਾਮ ਜਿੱਤਣ ਦੇ ਬਹਾਨੇ ਆਪਣੇ ਬੈਂਕ ਨਾਲ ਸਬੰਧਤ ਵੇਰਵੇ ਸਾਂਝੇ ਨਾ ਕਰੋ, ਕਿਉਂਕਿ ਅਜਿਹੇ ਸਾਈਬਰ ਅਪਰਾਧੀ ਬਹੁਤ ਸਰਗਰਮ ਹਨ, ਜੋ ਲੋਕਾਂ ਨੂੰ ਬੈਂਕ ਲੋਨ, ਲਾਟਰੀ, ਮੁਫ਼ਤ ਰੀਚਾਰਜ ਜਾਂ ਹੋਰ ਇਨਾਮ ਦਿਵਾਉਣ ਦੇ ਝੂਠੇ ਵਾਅਦੇ ਕਰਕੇ ਧੋਖਾ ਦੇ ਰਹੇ ਹਨ। ਪੁਲਸ ਸੁਪਰਡੈਂਟ ਨੇ ਕਿਹਾ ਕਿ ਅਕਸਰ ਦੇਖਿਆ ਗਿਆ ਹੈ ਕਿ ਸਾਈਬਰ ਠੱਗ ਆਮ ਲੋਕਾਂ ਨੂੰ ਕਰਜ਼ਾ ਮਨਜ਼ੂਰ ਕਰਾਉਣ, ਲਾਟਰੀ ਜਿੱਤਣ ਜਾਂ ਹੋਰ ਇਨਾਮ ਜਿੱਤਣ ਦਾ ਲਾਲਚ ਦੇ ਕੇ ਪੈਸੇ ਜਮ੍ਹਾਂ ਕਰਾਉਣ ਲਈ ਕਹਿੰਦੇ ਹਨ। ਉਨ੍ਹਾਂ ਕਿਹਾ ਕਿ ਅਜਿਹੀ ਸਥਿਤੀ ਵਿੱਚ ਸਾਵਧਾਨ ਰਹੋ ਤੇ ਲਾਲਚ ਵਿੱਚ ਨਾਂਅ ਤੇ ਦੱਸੇ ਗਏ ਬੈਂਕ ਖਾਤਿਆਂ ਵਿੱਚ ਪੈਸੇ ਜਮ੍ਹਾਂ ਨਾ ਕਰਾਓ, ਸਗੋਂ ਇਸ ਬਾਰੇ ਪੁਲਸ ਨੂੰ ਸੂਚਿਤ ਕਰੋ। ਜੇਕਰ ਕੋਈ ਸਾਈਬਰ ਧੋਖਾਧੜੀ ਦਾ ਸ਼ਿਕਾਰ ਹੈ ਤਾਂ ਤੁਰੰਤ ਸਾਈਬਰ ਹੈਲਪਲਾਈਨ ਨੰਬਰ ਤੇ ਕਾਲ ਕਰੋ।

**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

ਜਾਇਦਾਦ ਵਿਕਰੀ ਸੂਚਨਾ

[illegible]

| | |
|---|---|
| ਖਾਤੇ ਦਾ ਨਾਂਅ | ਸ੍ਰੀ ਰਜਿੰਦਰ ਸਿੰਘ ਪੁੱਤਰ ਸ੍ਰੀ ਮਾਮ ਚੰਦ ਵਾਸੀ ਰਾਮ ਨਗਰ ਕਲੋਨੀ, ਪਿੰਡ ਡੇਰਾ, ਤਹਿਸੀਲ ਨਰੈਣਗੜ੍ਹ, ਡੇਰਾ (190), ਜ਼ਿਲ੍ਹਾ ਅੰਬਾਲਾ, ਹਰਿਆਣਾ-134203 ਸ੍ਰੀਮਤੀ ਪੁਸ਼ਪਾ ਰਾਣੀ ਪਤਨੀ ਰਜਿੰਦਰ ਸਿੰਘ ਵਾਸੀ ਰਾਮ ਨਗਰ ਕਲੋਨੀ, ਪਿੰਡ ਡੇਰਾ, ਤਹਿਸੀਲ ਨਰੈਣਗੜ੍ਹ, ਡੇਰਾ (190) ਜ਼ਿਲ੍ਹਾ ਅੰਬਾਲਾ, ਹਰਿਆਣਾ-134203 (ਕਰਜ਼ਦਾਰ) ਸ੍ਰੀ ਨਰੇਸ਼ ਕੁਮਾਰ ਪੁੱਤਰ ਕੇਹਰ ਸਿੰਘ ਵਾਸੀ ਬੀਬੀਪੁਰ (59) ਸ਼ਾਹਬਾਦਪੁਰ, ਜ਼ਿਲ੍ਹਾ ਅੰਬਾਲਾ, ਹਰਿਆਣਾ-134202 (ਗਰੰਟਰ) |
| ਬਕਾਇਆ ਰਕਮ ODT/093400000043 | 1. ਰੁਪਏ 7,79,431/- ਅਤੇ ਮਿਤੀ 01-05-2025 ਤੋਂ ਭਵਿੱਖੀ ਵਿਆਜ |
| ਜਾਇਦਾਦ ਦਾ ਵੇਰਵਾ | ਅਚੱਲ ਜਾਇਦਾਦ : ਬੈਨਾਮਾ ਰਜਿਸਟਰਡ ਨੰ. 320 ਮਿਤੀ 25-04-2019 ਅਨੁਸਾਰ ਪੁਸ਼ਪਾ ਰਾਣੀ ਪਤਨੀ ਰਜਿੰਦਰ ਸਿੰਘ ਦੀ ਮਲਕੀਅਤ ਰਕਬਾ 2.5 ਮਰਲੇ, ਵਾਕਿਆ ਰਕਬਾ ਮੌਜਾ ਪੰਜ ਸਾਲਾ, ਹਦਬਸਤ ਨੰ. 96, ਤਹਿਸੀਲ ਨਰੈਣਗੜ੍ਹ-ਜ਼ਿਲ੍ਹਾ ਅੰਬਾਲਾ |
| ਰਾਖਵੀਂ ਕੀਮਤ | 1. ਰੁਪਏ 6.50 ਲੱਖ (ਛੇ ਲੱਖ ਅਤੇ ਪੰਜਾਹ ਹਜ਼ਾਰ ਰੁਪਏ ਕੇਵਲ) |
| ਈ ਐਮ ਡੀ (ਬਿਆਨਾ ਰਾਸ਼ੀ) | [illegible] |

[illegible] ਵਿੱਚ ਅਦਾਇਗੀਯੋਗ, ਈ ਐਮ ਡੀ (ਬਿਆਨਾ ਰਾਸ਼ੀ) ਅਰਥਾਤ 25% ਸਮੇਤ ਟੈਂਡਰ ਪ੍ਰਾਪਤ ਕਰਨ ਦੀ ਅੰਤਿਮ ਮਿਤੀ/ਸਮਾਂ 12-06-2025 ਨੂੰ ਸਵੇਰੇ 11.00 ਵਜੇ ਤੱਕ ਹੈ। ਟੈਂਡਰ ਦਰਸਾਈ ਮਿਤੀ ਨੂੰ ਸਵੇਰੇ 11.00 ਵਜੇ ਤੋਂ ਬਾਅਦ ਸਾਰੇ ਪੇਸ਼ਕਾਰਾਂ/ਉਨ੍ਹਾਂ ਦੇ ਪ੍ਰਤੀਨਿਧੀਆਂ ਦੀ ਹਾਜ਼ਰੀ ਵਿੱਚ ਮੁੱਖ ਦਫ਼ਤਰ : ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਵਿਖੇ ਖੋਲ੍ਹੇ ਜਾਣਗੇ। ਟੈਂਡਰ ਫਾਰਮ ਸਹਿਤ ਵਿਕਰੀ ਦੇ ਵਿਸਥਾਰਤ ਨਿਯਮਾਂ ਅਤੇ ਜਾਇਦਾਦ ਦੀ ਪੜਤਾਲ ਲਈ ਬਰਾਂਚ ਦਫ਼ਤਰ, ਪੰਚਕੂਲਾ ਨਾਲ ਸੰਪਰਕ ਕੀਤਾ ਜਾਵੇ। ਵਿਕਰੀ ਸਕਿਓਰਟਾਈਜੇਸ਼ਨ ਐਂਡ ਰਿਕੰਸਟਰੱਕਸ਼ਨ ਆਫ਼ ਫਾਈਨਾਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰੈਸਟ ਐਕਟ 2002 ਅਧੀਨ ਨਿਰਧਾਰਤ ਨਿਯਮਾਂ/ਸ਼ਰਤਾਂ ਦਾ ਵਿਸ਼ਾ ਹੋਵੇਗੀ। ਅਧਿਕਾਰਤ ਅਫਸਰ ਨੂੰ ਬਿਨਾ ਕੋਈ ਕਾਰਨ ਦੱਸਿਆ ਵਿਕਰੀ ਦੀ ਪੁਸ਼ਟੀ ਕਰਨ ਤੋਂ ਪਹਿਲਾਂ ਕਿਸੇ ਵੀ ਸਮੇਂ ਵਿਕਰੀ ਮੁਲਤਵੀ ਕਰਨ/ਨਿਯਮਾਂ ਅਤੇ ਸ਼ਰਤਾਂ ਵਿੱਚ ਬਦਲਾਅ ਕਰਨ ਦਾ ਹੱਕ ਪ੍ਰਾਪਤ ਹੈ।

ਮਿਤੀ : 07-05-2025 — ਅਧਿਕਾਰਤ ਅਫਸਰ

## ਐਜੂਕੇਸ਼ਨ ਕਾਲਜ 'ਚ ਰੋਜ਼ਗਾਰ ਮੇਲੇ ਨੇ ਵਿਦਿਆਰਥੀਆਂ ਲਈ ਰੋਜ਼ਗਾਰ ਦੇ ਨਵੇਂ ਰਾਹ ਖੋਲ੍ਹੇ



**ਜਲਾਲਾਬਾਦ (ਜੀਤ ਕੁਮਾਰ)**- ਸ੍ਰੀ ਮੁਕਤਸਰ ਸਾਹਿਬ ਰੋਡ 'ਤੇ ਪਿੰਡ ਫਲੀਆਂਵਾਲਾ ਵਿਖੇ ਸਥਿਤ ਲਾਲਾ ਜਗਤ ਨਾਰਾਇਣ ਐਜੂਕੇਸ਼ਨ ਕਾਲਜ ਜਲਾਲਾਬਾਦ ਵਿਖੇ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਅਸ਼ੋਕ ਕੁਮਾਰ ਅਨੇਜਾ, ਪ੍ਰਧਾਨ ਪ੍ਰਦੀਪ ਕੁਮਾਰ ਚੁੱਘ, ਖਜ਼ਾਨਚੀ ਚੰਦਰ ਸ਼ੇਖਰ ਗੁੰਬਰ, ਸਿੱਖਿਆ ਸ਼ਾਸਤਰੀ ਗੁਰਬਖਸ਼ ਸਿੰਘ ਖੁਰਾਣਾ, ਪ੍ਰਿੰਸੀਪਲ ਡਾ. ਨੀਤਿਕਾ ਦੀ ਯੋਗ ਅਗਵਾਈ ਹੇਠ ਕਾਲਜ ਵਿਖੇ ਜਲਾਲਾਬਾਦ ਦੇ ਵੱਖ ਵੱਖ ਸਕੂਲਾਂ ਦੇ ਸਹਿਯੋਗ ਨਾਲ ਰੋਜ਼ਗਾਰ ਮੇਲਾ ਆਯੋਜਿਤ ਹੋਇਆ। ਇਸ ਰੋਜ਼ਗਾਰ ਮੇਲੇ ਵਿੱਚ ਬੀ ਐੱਡ ਚੌਥੇ ਸਮੈਸਟਰ ਦੇ ਸਾਰੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਅਤੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਕਾਲਜ ਵੱਲੋਂ ਇਨ੍ਹਾਂ ਵਿਦਿਆਰਥੀਆਂ ਤੋਂ ਬਾਇਓ ਡਾਟਾ ਮੰਗਵਾਇਆ ਗਿਆ ਅਤੇ ਕਾਲਜ ਵਿੱਚ ਉਨ੍ਹਾਂ ਦੀ ਇੰਟਰਵਿਊ ਅਤੇ ਅਧਿਆਪਨ ਪ੍ਰਦਰਸ਼ਨ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਕਾਲਜ ਦੇ 20 ਵਿਦਿਆਰਥੀਆਂ ਨੂੰ ਵੱਖ ਵੱਖ ਸਕੂਲਾਂ ਨੇ ਪਲੇਸਮੈਂਟ ਲਈ ਸ਼ਾਰਟਲਿਸਟ ਕੀਤਾ ਗਿਆ। ਕਾਲਜ ਪ੍ਰਿੰਸੀਪਲ ਡਾ. ਨੀਤਿਕਾ ਨੇ ਦੱਸਿਆ ਕਿ ਪਲੇਸਮੈਂਟ ਸੈਲ ਵਿਦਿਆਰਥੀਆਂ ਨੂੰ ਯੋਗ ਨੌਕਰੀ ਲੱਭਣ ਤੇ ਹਾਸਲ ਕਰਨ ਵਿੱਚ ਮਦਦ ਕਰਦਾ ਹੈ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਨੀਤਿਕਾ ਨੇ ਚੁਣੇ ਹੋਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

## ਭਾਰਤ-ਪਾਕਿਸਤਾਨ ਤਣਾਅ ਵਿਚਾਲੇ ਅਟਾਰੀ ਬਾਰਡਰ 'ਤੇ ਰਿਟਰੀਟ ਸੈਰੇਮਨੀ ਬੰਦ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਭਾਰਤ-ਪਾਕਿਸਤਾਨ ਤਣਾਅ ਵਿਚਾਲੇ ਅਟਾਰੀ ਬਾਰਡਰ 'ਤੇ ਰਿਟਰੀਟ ਸੈਰੇਮਨੀ ਬੰਦ ਕਰ ਦਿੱਤੀ ਗਈ ਹੈ। ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਆਪ੍ਰੇਸ਼ਨ 'ਸਿੰਦੂਰ' ਤੋਂ ਬਾਅਦ ਅਟਾਰੀ ਸਰਹੱਦ ਅਤੇ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ।ਇਸ ਦਰਮਿਆਨ ਹੀ ਖ਼ਬਰ ਸਾਹਮਣੇ ਆਈ ਹੈ ਕਿ ਸਾਵਧਾਨੀ ਦੇ ਤੌਰ 'ਤੇ ਅਟਾਰੀ ਬਾਰਡਰ 'ਤੇ ਰਿਟਰੀਟ ਸੈਰੇਮਨੀ ਨੂੰ ਅਗਲੇ ਹੁਕਮਾਂ ਤੱਕ ਬੰਦ ਕਰ ਦਿੱਤਾ ਗਿਆ ਹੈ। ਅੰਮ੍ਰਿਤਸਰ ਤੋਂ 22 ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ।ਅਗਲੇ ਹੁਕਮਾਂ ਤੱਕ ਹਵਾਈ ਅੱਡੇ ਨੂੰ ਬੰਦ ਰੱਖਣ ਦੇ ਹੁਕਮ ਦਿੱਤੇ ਗਏ ਹਨ।ਉਡਾਣਾਂ ਰੱਦ ਕਰਨ ਸੰਬੰਧੀ ਯਾਤਰੀਆਂ ਨੂੰ ਸੁਨੇਹਿਆਂ ਰਾਹੀਂ ਭੇਜੀ ਗਈ ਹੈ।ਏਅਰਪੋਰਟ ਅਥਾਰਟੀ ਵੱਲੋਂ ਇੱਕ ਸੁਨੇਹਾ ਸਾਂਝਾ ਕੀਤਾ ਗਿਆ, ਜਿਸ 'ਚ ਕਿਹਾ ਗਿਆ ਹੈ ਕਿ ਸਾਰੇ ਸਬੰਧਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ, ਅੰਮ੍ਰਿਤਸਰ ਹਵਾਈ ਅੱਡੇ ਤੋਂ ਸਾਰੀਆਂ ਵਪਾਰਕ/ਘਰੇਲੂ ਤੇ ਅੰਤਰਰਾਸ਼ਟਰੀ ਉਡਾਣ ਸੇਵਾਵਾਂ 10 ਮਈ ਨੂੰ ਸਵੇਰੇ 05:30 ਵਜੇ ਤੱਕ ਮੁਅੱਤਲ ਕਰ ਦਿੱਤੀਆਂ ਗਈਆਂ ਹਨ। ਇੰਡੀਗੋ ਸਮੇਤ ਹੋਰ ਸਾਰੀਆਂ ਏਅਰਲਾਈਨਾਂ ਨੇ ਵੀ ਇੱਕ ਅਡਵਾਈਜ਼ਰੀ ਜਾਰੀ ਕੀਤੀ ਹੈ, ਜਿਸ ਵਿੱਚ ਸਾਰੇ ਯਾਤਰੀਆਂ ਨੂੰ ਹਵਾਈ ਅੱਡੇ ਲਈ ਰਵਾਨਾ ਹੋਣ ਤੋਂ ਪਹਿਲਾਂ ਆਪਣੀ ਉਡਾਣ ਦੀ ਸਥਿਤੀ ਦੀ ਪੁਸ਼ਟੀ ਕਰਨ ਲਈ ਏਅਰਲਾਈਨ ਨਾਲ ਸੰਪਰਕ ਕਰਨ ਲਈ ਕਿਹਾ ਗਿਆ ਹੈ।



## ਕੇ ਐੱਸ ਬੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ




**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**- ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਕੇ ਐੱਸ ਬੀ ਵਰਲਡ ਸਕੂਲ ਦੇ ਵਿਦਿਆਰਥੀਆਂ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਕੱਢੀ ਗਈ। ਵਿਦਿਆਰਥੀਆਂ ਨੇ ਨਸ਼ੇ ਦੇ ਦੁਰਪ੍ਰਭਾਵਾਂ ਨੂੰ ਦਰਸਾਉਂਦਾ ਇੱਕ ਨੁੱਕੜ ਨਾਟਕ ਵੀ ਪੇਸ਼ ਕੀਤਾ।ਇਸ ਦੌਰਾਨ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਨਸ਼ਾ ਮੁਕਤੀ ਮੁਹਿੰਮ ਦੇ ਕੋਆਰਡੀਨੇਟਰ ਅਤੇ ਟਰੱਕ ਯੂਨੀਅਨ ਦੇ ਪ੍ਰਧਾਨ ਰਣਜੀਤ ਸਿੰਘ ਵਿਰਕ, ਡਾਕਟਰ ਦੁਰਗਾ ਦਾਸ ਸਿੰਗਲਾ, ਸੋਨੀ ਜਲੂਰ ਨੇ ਰੈਲੀ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਰੈਲੀ ਦੌਰਾਨ ਟਰੈਫਿਕ ਪੁਲਸ ਪਾਤੜਾਂ ਦੇ ਇੰਚਾਰਜ ਦਰਸ਼ਨ ਸਿੰਘ ਅਤੇ ਏ ਐੱਸ ਆਈ ਜਸਵਿੰਦਰ ਸਿੰਘ ਵੱਲੋਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਰੈਲੀ ਸ਼ਹਿਰ ਦੇ ਸ਼ਹੀਦ ਭਗਤ ਸਿੰਘ ਚੌਂਕ ਤੋਂ ਸ਼ੁਰੂ ਹੋ ਕੇ ਸੁੰਦਰ ਬਸਤੀ ਹੁੰਦੀ ਹੋਈ ਪਾਤੜਾਂ ਦੇ ਪੁਰਾਣੇ ਬੱਸ ਅੱਡੇ ਵਿਖੇ ਸਮਾਪਤ ਹੋਈ। ਸਕੂਲ ਦੇ ਪ੍ਰੈਜ਼ੀਡੈਂਟ ਗੁਰਲਾਡ ਸਿੰਘ ਕਾਹਲੋਂ, ਚੇਅਰਮੈਨ ਨਰੇਸ਼ ਕੁਮਾਰ, ਮੈਨੇਜਰ ਮੈਡਮ ਰੀਨਾ ਚੀਮਾ ਤੇ ਸਕੂਲ ਦੇ ਪ੍ਰਿੰਸੀਪਲ ਅਨੀਤਾ ਸਹੂਜਾ ਨੇ ਭਵਿੱਖ ਵਿੱਚ ਵੀ ਵਿਦਿਆਰਥੀਆਂ ਨੂੰ ਸਮਾਜ ਦੀਆਂ ਕੁਰੀਤੀਆਂ ਵਿਰੁੱਧ ਅਜਿਹੀਆਂ ਰੈਲੀਆਂ ਕੱਢਣ ਲਈ ਪ੍ਰੇਰਿਤ ਕੀਤਾ।

**AXIS BANK**
Axis Bank Ltd., Retail Asset Centre, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001.

[ਰੂਲ-8(1)] ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿਮ. ਰਿਟੇਲ ਐੱਸਟ ਸੈਂਟਰ, ਐੱਸ ਸੀ ਓ 367-368, ਸੈਕਟਰ 34-ਏ, ਚੰਡੀਗੜ੍ਹ-160022 ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 (2002 ਦਾ 54) ਅਧੀਨ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 30.01.2022 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਮੈਸਰਜ਼ ਸੰਯੋਗ ਸਿਉਂਗ ਮਸ਼ੀਨ ਰਾਹੀਂ ਇਸ ਦੇ ਮਾਲਕ ਰਮੇਸ਼ ਕੁਮਾਰ ਨੂੰ ਨੋਟਿਸ 'ਚ ਵਰਨਣ ਬਕਾਇਆ ਨਿਕਲਦੀ ਰਕਮ ਰੁਪਏ 5,02,04,598/- (ਰੁਪਏ ਪੰਜ ਕਰੋੜ ਦੋ ਲੱਖ ਚਾਰ ਹਜ਼ਾਰ ਪੰਜ ਸੌ ਅਠਾਨਵੇਂ ਰੁਪਏ ਕੇਵਲ) ਅਤੇ 30 ਜਨਵਰੀ 2022 ਤੋਂ ਇਸ ਉੱਪਰ ਅਦਾਇਗੀ ਦੀ ਮਿਤੀ ਤੱਕ ਇਕਰਾਰਨਾਮੇ ਦੀ ਦਰ 'ਤੇ ਅਣਲਾਗੂ ਵਿਆਜ ਦੇ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਅਦਾਇਗੀ ਕਰਨ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਿਹਾ ਹੈ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਕਰਜ਼ਦਾਰ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠਾਂ ਵਰਨਣ ਜਾਇਦਾਦ ਦਾ 05 ਮਈ 2025 ਨੂੰ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦਾ ਲੈਣ-ਦੇਣ ਰਕਮ ਰੁਪਏ 5,02,04,598/-(ਪੰਜ ਕਰੋੜ ਦੋ ਲੱਖ ਚਾਰ ਹਜ਼ਾਰ ਪੰਜ ਸੌ ਅਠਾਨਵੇਂ ਰੁਪਏ ਕੇਵਲ (ਐਕਸਿਸ ਬੈਂਕ ਲਿਮਟਿਡ ਰਿਟੇਲ ਐੱਸਟ ਸੈਂਟਰ, ਐੱਸ ਸੀ ਓ 367-368, ਸੈਕਟਰ-34 ਏ, ਚੰਡੀਗੜ੍ਹ-160022 ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ। ਤੁਸੀਂ 30 ਜਨਵਰੀ 2022 ਤੋਂ ਇਸ ਉੱਪਰ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼/ਖਰਚੇ ਦੇਣ ਦੇ ਵੀ ਪਾਬੰਦ ਹੋਵੋਗੇ।

ਕਰਜ਼ਦਾਰ ਦਾ ਸਕਿਉਰਡ ਐੱਸਟ ਦੇ ਪੁਨਰਗ੍ਰਹਿਣ ਲਈ ਉਪਲੱਬਧ ਸਮੇਂ ਦੇ ਸੰਬੰਧ 'ਚ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਪ੍ਰਤੀ ਧਿਆਨ ਦਿਵਾਇਆ ਜਾਂਦਾ ਹੈ।

ਅਚੱਲ ਜਾਇਦਾਦ ਦਾ ਵੇਰਵਾ

ਬੈਨਾਮਾ ਨੰ. 1726 ਮਿਤੀ 22.04.2013 ਦੇ ਵੇਰਵੇ ਅਨੁਸਾਰ ਸ੍ਰੀ ਰਮੇਸ਼ ਗੁਪਤਾ ਵੱਲੋਂ ਰਹਿਣ ਅਚੱਲ ਇੰਡਸਟ੍ਰੀਅਲ ਜਾਇਦਾਦ (ਦੋ ਮੰਜ਼ਿਲਾ ਇੰਡਸਟ੍ਰੀਅਲ ਯੂਨਿਟ), ਰਕਬਾ 1496 ਵਰਗ ਗਜ਼, ਖਸਰਾ ਨੰ. 40//6-15/1, 41//7-8-9-10/1-10/2-11/1-12/2-13/1, ਖੱਤਾ ਨੰ. 137/146, ਜਮ੍ਹਾਂਬੰਦੀ ਨਾਲ 2006-07, ਸੀਰਾ ਰੋਡ, ਪਿੰਡ ਸੀਰਾ, ਰਾਹੋਂ ਰੋਡ, ਲੁਧਿਆਣਾ, ਹਦਬਸਤ ਨੰ. 72, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : (ਬੈਨਾਮੇ ਅਨੁਸਾਰ) ਪੂਰਬ : ਗਲੀ, ਪੱਛਮ : ਗੁਆਂਢ, ਉੱਤਰ : ਰਸਤਾ 75 ਫੁੱਟ, ਦੱਖਣ : ਗੁਆਂਢ ਰਸਤਾ 75 ਫੁੱਟ

ਮਿਤੀ : 05 ਮਈ 2025 — (ਅਧਿਕਾਰਤ ਅਫਸਰ)
ਸਥਾਨ : ਲੁਧਿਆਣਾ — ਐਕਸਿਸ ਬੈਂਕ ਲਿਮਟਿਡ

## ਅਧਿਕਾਰੀਆਂ ਤੇ ਠੇਕਦਾਰ ਦੀ ਲਾਪ੍ਰਵਾਹੀ ਕਾਰਨ ਤਿੰਨ ਮਜ਼ਦੂਰਾਂ ਦੀ ਮੌਤ, ਇੱਕ ਜ਼ਖ਼ਮੀ

**ਸਿਰਸਾ (ਸੁਰਿੰਦਰ ਪਾਲ ਸਿੰਘ)** ਗੁਰੂ ਗੋਬਿੰਦ ਸਿੰਘ ਰਿਫਾਇਨਰੀ ਵਿਖੇ ਸੀਵਰੇਜ ਟਰੀਟਮੈਂਟ ਪਲਾਂਟ ਦੀ ਸਫ਼ਾਈ ਕਰਦੇ ਸਮੇਂ ਗੈਸ ਦੇ ਜ਼ਹਿਰ ਕਾਰਨ ਤਿੰਨ ਲੋਕਾਂ ਦੀ ਮੌਤ ਹੋ ਗਈ, ਜਦੋਂਕਿ ਇੱਕ ਦੀ ਹਾਲਤ ਗੰਭੀਰ ਹੈ, ਜਦੋਂ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਦਾ ਠੇਕੇਦਾਰ ਰਿਫਾਇਨਰੀ ਟਾਊਨਸ਼ਿਪ ਵਿਖੇ ਮਜ਼ਦੂਰਾਂ ਤੋਂ ਸੀਵਰੇਜ ਦੀ ਸਫ਼ਾਈ ਕਰਾ ਰਿਹਾ ਸੀ। ਇਸ ਦੌਰਾਨ ਗੈਸ ਦੀ ਜ਼ਹਿਰ ਕਾਰਨ ਚਾਰ ਮਜ਼ਦੂਰ ਬੇਹੋਸ਼ ਹੋ ਗਏ ਤਾਂ ਫਾਇਰ ਬ੍ਰਿਗੇਡ ਨੂੰ ਬੁਲਾਕੇ ਸੀਵਰੇਜ ਵਿੱਚ ਵੜੇ ਮਜ਼ਦੂਰਾਂ ਨੂੰ ਬਾਹਰ ਕੱਢਿਆ ਗਿਆ ਤੇ ਬਠਿੰਡਾ ਏਮਜ਼ ਲਿਜਾਇਆ ਗਿਆ, ਜਿਥੇ ਤਿੰਨ ਨੌਜਵਾਨ ਮਜ਼ਦੂਰਾਂ ਦੀ ਮੌਤ ਹੋ ਗਈ, ਜਦੋਂ ਕਿ ਕ੍ਰਿਸ਼ਨ ਕੁਮਾਰ ਨਾਂਅ ਦੇ ਇੱਕ ਮਜ਼ਦੂਰ ਦਾ ਇਲਾਜ ਚੱਲ ਰਿਹਾ ਹੈ। ਇਸ ਹਾਦਸੇ ਵਿੱਚ ਸਿਰਸਾ ਜ਼ਿਲ੍ਹੇ ਦੇ ਹੈਬੂਆਣਾ ਪਿੰਡ ਦਾ 24 ਸਾਲਾ ਰਾਜਵਿੰਦਰ ਸਿੰਘ ਹੈ ਤੇ ਕ੍ਰਿਸ਼ਨ ਕੁਮਾਰ ਵਾਸੀ ਨੌਰੰਗ ਸ਼ਾਮਲ ਹੈ। ਡੀਐਸਪੀ ਨੇ ਕਿਹਾ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਲੋਕਾਂ ਦਾ ਕਹਿਣਾ ਹੈ ਕਿ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਦੇ ਅਧਿਕਾਰੀਆਂ ਦੀ ਲਾ ਪ੍ਰਵਾਹੀ ਕਾਰਨ ਕੀਮਤੀ ਮਨੁੱਖੀ ਜਾਨਾਂ ਜਾਣ 'ਤੇ ਕੋਈ ਸਖਤ ਐਕਸ਼ਨ ਨਾ ਲੈਣਾ ਆਮ ਗੱਲ ਹੈ।



## ਸ਼ਹਿਰ 'ਚ ਕੂੜੇ ਦੀ ਸਮੱਸਿਆ ਨੂੰ ਲੈ ਕੇ ਕਾਂਗਰਸ ਪਾਰਟੀ ਨੇ ਐੱਸ ਡੀ ਐੱਮ ਨੂੰ ਸੌਂਪਿਆ ਮੰਗ ਪੱਤਰ



**ਜਗਰਾਉਂ (ਸੰਜੀਵ ਅਰੋੜਾ)**- ਸ਼ਹਿਰ ਅੰਦਰ ਥਾਂ-ਥਾਂ ਲੱਗੇ ਕੂੜੇ ਦੇ ਢੇਰਾਂ ਤੋਂ ਪ੍ਰੇਸ਼ਾਨ ਲੋਕਾਂ ਵੱਲੋਂ ਵਾਰ-ਵਾਰ ਨਗਰ ਕੌਂਸਲ ਅਧਿਕਾਰੀਆਂ ਅਤੇ ਕੌਂਸਲਰਾਂ ਨੂੰ ਅਪੀਲ ਕਰਨ ਵਾਲੇ ਬਾਵਜੂਦ ਕੋਈ ਹੱਲ ਨਹੀਂ ਹੋਇਆ, ਜਿਸ ਕਾਰਨ ਸ਼ਹਿਰ ਅੰਦਰ ਕੂੜੇ ਦੇ ਢੇਰ ਲੱਗੇ ਹੋਏ ਹਨ। ਬੀਤੇ ਦਿਨੀਂ ਸਮੂਹ ਕੌਂਸਲਰਾਂ ਨੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਅਮਰਿੰਦਰ ਸਿੰਘ ਰਾਜਾ ਵੜਿੰਗ ਅੱਗੇ ਆਪਣੇ ਦੁਖੜੇ ਰੋਏ ਅਤੇ ਵਾਰਡਾਂ 'ਚ ਕੰਮ ਕਰਵਾਉਣ ਲਈ ਅਪੀਲ ਕੀਤੀ, ਜਿਸ ਤੋਂ ਤਹਿਤ ਮੈਂਬਰ ਪਾਰਲੀਮੈਂਟ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਿਸ਼ਾ-ਨਿਰਦੇਸ਼ ਹੇਠ ਹਲਕਾ ਇੰਚਾਰਜ ਜਗਤਾਰ ਸਿੰਘ ਜੱਗਾ ਹਿੱਸੋਵਾਲ ਦੀ ਅਗਵਾਈ 'ਚ ਨਗਰ ਕੌਂਸਲ ਪ੍ਰਧਾਨ ਜਤਿੰਦਰਪਾਲ ਰਾਣਾ ਅਤੇ ਸਮੂਹ ਕੌਂਸਲਰਾਂ ਨੇ ਕੂੜੇ ਦੀ ਸਮੱਸਿਆ ਨੂੰ ਲੈ ਕੇ ਐਸ. ਡੀ. ਐਮ. ਨੂੰ ਮੰਗ ਪੱਤਰ ਸੌਂਪਿਆ। ਇਸ ਮੌਕੇ ਹਲਕਾ ਇੰਚਾਰਜ ਜਗਤਾਰ ਸਿੰਘ ਜੱਗਾ ਹਿੱਸੋਵਾਲ, ਸਾਬਕਾ ਜ਼ਿਲ੍ਹਾ ਪ੍ਰਧਾਨ ਸੋਨੀ ਗਾਲਿਬ ਅਤੇ ਨਗਰ ਕੌਂਸਲ ਪ੍ਰਧਾਨ ਜਤਿੰਦਰਪਾਲ ਰਾਣਾ ਨੇ ਕਿਹਾ ਕਿ ਸ਼ਹਿਰ ਅੰਦਰ ਕੂੜੇ ਦੇ ਢੇਰ ਲੱਗੇ ਹੋਏ ਹਨ ਤੇ ਕੰਮਾਂ ਦਾ ਬੁਰਾ ਹਾਲ ਹੈ, ਜਿਸ ਕਾਰਨ ਲੋਕ ਪ੍ਰੇਸ਼ਾਨ ਹਨ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਵਿਕਾਸ ਕਾਰਜਾਂ 'ਚ ਹਲਕਾ ਵਿਧਾਇਕ ਸਰਵਜੀਤ ਕੌਰ ਮਾਣੂੰਕੇ ਅੜਿੱਕਾ ਪਾ ਰਹੇ ਹਨ, ਕੋਈ ਕੰਮ ਨਹੀਂ ਹੋਣ ਦਿੱਤਾ ਜਾ ਰਿਹਾ, ਜਿਸ ਕਾਰਨ ਸ਼ਹਿਰ ਦਾ ਹਾਲ ਬੇਹੱਦ ਖ਼ਰਾਬ ਹੋ ਚੁੱਕਾ ਹੈ। ਉਨ੍ਹਾਂ ਐਸ. ਡੀ. ਐਮ. ਨੂੰ ਮੰਗ ਪੱਤਰ ਸੌਂਪ ਕੂੜੇ ਦੀ ਸਮੱਸਿਆ ਦੇ ਹੱਲ ਕਰਨ ਦੀ ਅਪੀਲ ਕੀਤੀ। ਇਸ ਮੌਕੇ ਬਲਾਕ ਦਿਹਾਤੀ ਪ੍ਰਧਾਨ ਨਵਦੀਪ ਸਿੰਘ ਗਰੇਵਾਲ, ਬਲਾਕ ਸ਼ਹਿਰੀ ਪ੍ਰਧਾਨ ਹਰਪ੍ਰੀਤ ਸਿੰਘ ਧਾਲੀਵਾਲ, ਸਾਬਕਾ ਕੌਂਸਲਰ ਅਜੀਤ ਸਿੰਘ ਠੁਕਰਾਲ, ਕੌਂਸਲਰ ਅਮਨ ਕਪੂਰ ਬੌਬੀ, ਕੌਂਸਲਰ ਹਿਮਾਂਸ਼ੂ ਮਲਿਕ, ਕੌਂਸਲਰ ਵਿਕਰਮ ਜੱਸੀ, ਰੋਹਿਤ ਗੋਇਲ, ਸਾਬਕਾ ਕੌਂਸਲਰ ਡਾ. ਇਕਬਾਲ ਸਿੰਘ ਧਾਲੀਵਾਲ, ਸੰਜੂ ਕੱਕੜ, ਰਾਜ ਭਾਰਦਵਾਜ, ਵਰਿੰਦਰ ਸਿੰਘ ਕਲੇਰ, ਕੌਂਸਲਰ ਜਰਨੈਲ ਸਿੰਘ ਲੋਹਟ, ਕੌਂਸਲਰ ਮੇਸ਼ੀ ਸਹੋਤਾ, ਸਾਬਕਾ ਕੌਂਸਲਰ ਕਾਲਾ ਕਲਿਆਣ, ਬਲਵੀਰ ਸਿੰਘ, ਸੁਖਵਿੰਦਰ ਸਿੰਘ ਭਸੀਣ, ਸਰਬਜੀਤ ਸਿੰਘ ਬੋਪਾਰਾਏ, ਸਾਬਕਾ ਪ੍ਰਧਾਨ ਗੋਪਾਲ ਸ਼ਰਮਾ, ਸੁਖਚੈਨ ਸਿੰਘ, ਸਨੀ ਕੱਕੜ, ਰਾਜੇਸ਼ਇੰਦਰ ਸਿੰਘ ਸਿੱਧੂ, ਯੋਧਾ ਪਹਿਲਵਾਨ ਤੇ ਮੋਹਿਤ ਜੈਨ ਆਦਿ ਹਾਜ਼ਰ ਸਨ।

## ਹਾਲਾਤ ਦੇ ਮੱਦੇਨਜ਼ਰ ਚੈਕਿੰਗ ਕੀਤੀ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)** ਮੌਜੂਦਾ ਹਾਲਾਤ ਨੂੰ ਦੇਖਦੇ ਹੋਏ ਸਪੈਸ਼ਲ ਡੀਜੀਪੀ ਰੇਲਵੇ ਪੰਜਾਬ ਸ਼ਸ਼ੀ ਪ੍ਰਭਾ ਦਿਵੇਦੀ ਵੱਲੋਂ ਮਿਲੀਆਂ ਹਦਾਇਤਾਂ ਮੁਤਾਬਕ ਡੀਵਾਈ. ਐੱਸਪੀ ਜਗਮੋਹਨ ਸਿੰਘ ਸਬ ਡਵੀਜ਼ਨ ਫ਼ਿਰੋਜ਼ਪੁਰ ਦੀਆਂ ਹਦਾਇਤਾਂ 'ਤੇ ਨਵੀਨ ਕੁਮਾਰ ਮੁੱਖ ਅਫਸਰ ਥਾਣਾ ਜੀਆਰਪੀ ਦੀ ਨਿਗਰਾਨੀ ਹੇਠ ਸਮੇਤ ਆਰਪੀਐੱਫ ਸਟਾਫ, ਐਂਟੀ ਸਾਬੋਤਾਜ ਟੀਮ ਵੱਲੋਂ ਰੇਲਵੇ ਸਟੇਸ਼ਨ ਫ਼ਿਰੋਜ਼ਪੁਰ ਕੈਂਟ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਰੇਲਵੇ ਯਾਰਡ, ਪਾਰਕਿੰਗ ਏਰੀਆ, ਬੁਕਿੰਗ ਖਿੜਕੀ, ਸਾਇਕਲ/ਸਕੂਟਰ ਸਟੈਂਡ, ਪਾਰਸਲ ਘਰ, ਆਉਣ ਜਾਣ ਵਾਲੇ ਮੁਸਾਫਰਾਂ ਤੇ ਰੇਲ ਗੱਡੀਆਂ ਦੀ ਚੈਕਿੰਗ ਬਹੁਤ ਬਾਰੀਕੀ ਨਾਲ ਕੀਤੀ ਗਈ ਤਾਂ ਜੁ ਭਵਿੱਖ ਵਿੱਚ ਹੋਣ ਵਾਲੀ ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਚਿਆ ਜਾ ਸਕੇ।

**AXIS BANK**
Axis Bank Ltd., Retail Asset Centre, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001.
Registered Office: "Trishul"- 3rd Floor Opp. Samartheswar Temple, Near Law Garden, Ellisbridge, Ahmedabad- 380006.

[ਰੂਲ-8 (1)] ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ 2002 ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ/ਰਹਿਣਕਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਰੂਲ ਦੇ ਨਿਯਮ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਵਰਨਣ ਜਾਇਦਾਦ ਦਾ ਹੇਠਾਂ ਦਰਸਾਈਆਂ ਮਿਤੀਆਂ ਨੂੰ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦਾ ਲੈਣ-ਦੇਣ 'ਤੇ ਐਕਸਿਸ ਬੈਂਕ ਲਿ. ਦੀ ਦੇਣਦਾਰੀ ਦਾ ਵਿਸ਼ਾ ਹੋਵੇਗੀ।

ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| | ਕਰਜ਼ਦਾਰ ਅਤੇ ਸਹਿ-ਕਰਜ਼ਦਾਰ ਦਾ ਨਾਂਅ | ਡਿਮਾਂਡ ਨੋਟਿਸ ਦੀ ਮਿਤੀ / ਰਹਿਣ ਕੀਤੀ ਜਾਇਦਾਦ ਦਾ ਵੇਰਵਾ / ਡਿਮਾਂਡ ਨੋਟਿਸ 'ਚ ਰਾਸ਼ੀ (ਰੁਪਏ) |
|---|---|---|
| 1. | ਸਿੱਧੀ ਵਿਨਾਇਕ ਏਜੰਸੀਜ਼ ਰਾਹੀਂ ਇਸਦੇ ਮਾਲਕ ਸ੍ਰੀ ਅਜੇ ਸ਼ਰਮਾ | 27-01-2022 / 05-May-2025 / ਰੁ.5,15,36,188/- (ਪੰਜ ਕਰੋੜ ਪੰਦਰਾਂ ਲੱਖ ਛੱਤੀ ਹਜ਼ਾਰ ਇੱਕ ਸੌ ਅਠਾਸੀ ਰੁਪਏ ਕੇਵਲ) |

ਅਚੱਲ ਜਾਇਦਾਦ ਦਾ ਵੇਰਵਾ :- ਬੈਨਾਮਾ ਨੰ. 22211, 21-03-2018 ਨੂੰ ਰਜਿਸਟਰਡ, ਸ੍ਰੀ ਅਜੇ ਸ਼ਰਮਾ ਪੁੱਤਰ ਸ੍ਰੀ ਮੰਨਾ ਲਾਲ ਸ਼ਰਮਾ ਦੀ ਮਲਕੀਅਤ ਇੰਡਸਟ੍ਰੀਅਲ ਜਾਇਦਾਦ ਰਕਬਾ 3ਕੇ-6-1/4 ਐੱਮ, 2002 ਵਰਗ ਗਜ਼, ਖਸਰਾ ਨੰ. 38//1, 9/2, 10,11, 12/2, 26, ਖੱਤਾ ਨੰ. 199/209, 200/210,201/211,202,212, 193/203, ਜਮ੍ਹਾਂਬੰਦੀ ਸਾਲ 2011-12, ਨੇੜੇ ਪ੍ਰਿੰਸ ਫੂਡ ਐਗਰੋ ਇੰਡਸਟਰੀ, ਪਿੰਡ ਨੂਰਵਾਲਾ, ਅਬਾਦੀ ਜੈਨ ਹੌਜ਼ਰੀ ਕੰਪਲੈਕਸ ਲੁਧਿਆਣਾ ਦਾ ਉਚਿਤ ਗਿਰਵੀਨਾਮਾ । ਹੱਦਾਂ ਦਸਤਾਵੇਜ਼ ਅਨੁਸਰ :- ਉੱਤਰ ਮਾਲਕ/ਵੇਚਣ ਵਾਲਾ 92'-6'', ਪੂਰਬ :- ਸੜਕ 30' ਚੌੜੀ+18 '198', ਦੱਖਣ : ਹੋਰ ਮਾਲਕ/ਗੁਆਂਢੀ 92'-6'', ਪੱਛਮ : ਹੋਰ ਮਲਕੀਅਤ/ਵੇਚਣ ਵਾਲਾ 198'

ਉਕਤ ਦਰਜ ਕਰਜ਼ਦਾਰ (ਕਰਜ਼ਦਾਰਾਂ)/ਸਹਿ-ਕਰਜ਼ਦਾਰ (ਸਹਿ-ਕਰਜ਼ਦਾਰਾਂ)/ਗਰੰਟਰ (ਗਰੰਟਰਾਂ)/ਰਹਿਣਕਾਰ (ਰਹਿਣਕਾਰਾਂ) ਨੂੰ ਰਕਮ ਦੀ ਅਦਾਇਗੀ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ। ਨਹੀਂ ਤਾਂ ਰਹਿਣ ਕੀਤੀ ਜਾਇਦਾਦ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 30 ਦਿਨਾਂ ਦਾ ਸਮਾਂ ਖਤਮ ਹੋ ਜਾਣ 'ਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀ ਜਾਵੇਗੀ।

ਮਿਤੀ : 08-05-2025 — ਸਹੀ/-ਅਧਿਕਾਰਤ ਅਫਸਰ
ਸਥਾਨ : ਲੁਧਿਆਣਾ — ਐਕਸਿਸ ਬੈਂਕ ਲਿਮਟਿਡ

## ਨਗਰ ਕੌਂਸਲ ਦਫ਼ਤਰ ਅੱਗੇ ਲੱਗਣ ਵਾਲਾ ਰੋਸ ਧਰਨਾ ਰੱਦ



**ਨਾਭਾ (ਵਰਿੰਦਰ ਵਰਮਾ)** ਅਕਾਲੀ ਦਲ ਸੁਤੰਤਰ ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੋਲੀ ਵੱਲੋਂ 8 ਮਈ ਨੂੰ ਨਗਰ ਕੌਂਸਲ ਖਿਲਾਫ ਰੋਸ ਧਰਨਾ ਲਾਇਆ ਜਾਣਾ ਸੀ।ਇਸ ਧਰਨੇ ਨੂੰ ਲੈ ਕੇ ਐਸਡੀਐਮ ਇਸ਼ਮਤ ਵਿਜੇ ਸਿੰਘ ਵੱਲੋਂ ਪਰਮਜੀਤ ਸਿੰਘ ਸਹੋਲੀ ਕੌਮੀ ਪ੍ਰਧਾਨ ਨੂੰ ਸੱਦਾ ਭੇਜ ਕੇ ਗੱਲਬਾਤ ਕਰਨ ਲਈ ਬੁਲਾਇਆ ਗਿਆ।ਇਸ ਮੌਕੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੋਲੀ ਨੇ ਕਿਹਾ ਕਿ ਸਾਡੀਆਂ ਮੰਗਾਂ ਨੂੰ ਲੈ ਕੇ ਐਸਡੀਐਮ ਨੇ ਵਿਸ਼ੇਸ਼ ਤੌਰ 'ਤੇ ਧਿਆਨ ਦਿੱਤਾ ਤੇ ਸੁਣਿਆ। ਸਹੋਲੀ ਨੇ ਕਿਹਾ ਕਿ ਪੱਥਰਾਂ ਵਾਲੀ ਰੋਡ ਤੇ ਬਣਨ ਵਾਲੀ ਸੜਕ ਅਧੂਰੀ ਹੈ। ਨਾ ਹੀ ਉੱਥੇ ਸੜਕ ਤੇ ਲਾਈਟਾਂ ਦਾ ਕੋਈ ਪ੍ਰਬੰਧ ਹੈ।ਇੱਥੇ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਹੁੰਦੀਆਂ ਰਹਿੰਦੀਆਂ ਹਨ।ਉਨ੍ਹਾਂ ਕਿਹਾ ਕਿ ਸੜਕ ਦੇ ਆਲੇ ਦੁਆਲੇ ਗੰਦਗੀ ਹੈ।ਇਸ ਰੋਡ 'ਤੇ ਗੁਰੂ ਘਰ ਹੈ, ਜਿੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਰੋਜ਼ਾਨਾ ਸੰਗਤਾਂ ਮੱਥਾ ਟੇਕਣ ਆਉਂਦੀਆਂ ਹਨ।ਉਨ੍ਹਾਂ ਕਿਹਾ ਕਿ ਨਗਰ ਕੌਂਸਲ ਨਾਲ ਸੰਬੰਧਤ ਹੋਰ ਵੀ ਮੰਗਾਂ ਹਨ। ਸਹੋਲੀ ਨੇ ਕਿਹਾ ਕਿ ਨਗਰ ਕੌਂਸਲ ਦਾ ਇਸ ਵੱਲ ਕੋਈ ਧਿਆਨ ਨਹੀਂ ਹੈ।ਉਨ੍ਹਾਂ ਕਿਹਾ ਕਿ ਐਸਡੀਐਮ ਨਾਭਾ ਨੇ ਵਿਸ਼ਵਾਸ ਦਿਵਾਇਆ ਹੈ ਕਿ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਨੂੰ ਬੁਲਾ ਕੇ ਜਲਦੀ ਹੀ ਮੀਟਿੰਗ ਕੀਤੀ ਜਾਵੇਗੀ ਤਾਂ ਜੁ ਇਨ੍ਹਾਂ ਸਮੱਸਿਆਵਾਂ ਦਾ ਹੱਲ ਕਰਾਇਆ ਜਾ ਸਕੇ। ਪਰਮਜੀਤ ਸਿੰਘ ਸਹੋਲੀ ਨੇ ਕਿਹਾ ਕਿ ਐਸਡੀਐਮ ਦੇ ਵਿਸ਼ਵਾਸ ਦਿਵਾਣ 'ਤੇ ਧਰਨੇ ਨੂੰ ਰੱਦ ਕੀਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਗੁਰਦੁਆਰਾ ਬਾਬਾ ਅਜਾਪਾਲ ਸਿੰਘ ਜੀ ਘੋੜਿਆਂ ਵਾਲਾ ਦੀ ਪੱਥਰਾਂ ਵਾਲੀ ਸੜਕ ਦਾ ਤੇ ਲਾਈਟਾਂ ਦਾ ਜਲਦੀ ਪ੍ਰਬੰਧ ਨਾ ਕੀਤਾ ਗਿਆ ਤਾਂ ਅਕਾਲੀ ਸੁਤੰਤਰ ਵੱਲੋਂ ਰੋਜ਼ਾਨਾ ਹੀ ਨਗਰ ਕੌਂਸਲ ਦਫਤਰ ਅੱਗੇ ਰੋਸ ਧਰਨਾ ਲਾਇਆ ਜਾਵੇਗਾ।

## ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ 'ਤੇ ਨੈਤਿਕ ਸਿੱਖਿਆ ਇਮਤਿਹਾਨ

**ਸੰਗਰੂਰ (ਪ੍ਰਵੀਨ ਸਿੰਘ)**- ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਹਰ ਸਾਲ ਦੇਸ਼ ਭਰ ਵਿੱਚ ਕਰਵਾਏ ਜਾਂਦੇ ਸਕੂਲ ਵਿਦਿਆਰਥੀਆਂ ਦੇ ਨੈਤਿਕ ਸਿੱਖਿਆ ਇਮਤਿਹਾਨ ਅਧੀਨ ਸੰਗਰੂਰ-ਬਰਨਾਲਾ-ਮਾਲੇਰਕੋਟਲਾ-ਮਾਨਸਾ ਜ਼ੋਨ ਦੇ ਵੱਖ ਵੱਖ ਸਕੂਲਾਂ ਵਿੱਚ 22 ਅਗਸਤ, 2025 ਨੂੰ ਸਵੇਰੇ ਇਹ ਇਮਤਿਹਾਨ ਕਰਵਾਇਆ ਜਾ ਰਿਹਾ ਹੈ। ਇਸ ਸਬੰਧ ਵਿੱਚ ਸਟੱਡੀ ਸਰਕਲ ਦੇ ਇੱਕ ਵਫਦ ਜਿਸ ਵਿੱਚ ਲਾਭ ਸਿੰਘ, ਸੁਰਿੰਦਰ ਪਾਲ ਸਿੰਘ ਸਿਦਕੀ ਡਿਪਟੀ ਚੀਫ਼ ਆਰਗੇਨਾਈਜ਼ਰ, ਬਲਵੰਤ ਸਿੰਘ ਭਿੱਖੀ ਸਲਾਹਕਾਰ, ਹਰਵਿੰਦਰ ਕੌਰ, ਅਮਨਦੀਪ ਕੌਰ ਐਡੀਸ਼ਨਲ ਸਕੱਤਰ ਜ਼ੋਨਲ ਇਸਤਰੀ ਕੌਂਸਲ ਸ਼ਾਮਲ ਹੋਏ, ਨੇ ਮੈਡਮ ਤਰਵਿੰਦਰ ਕੌਰ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਅਤੇ ਮੈਡਮ ਬਲਜਿੰਦਰ ਕੌਰ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਿੱਖਿਆ ਨਾਲ ਮੁਲਾਕਾਤ ਕੀਤੀ ਅਤੇ ਸਟੱਡੀ ਸਰਕਲ ਦੀਆਂ ਕਾਰਜਵਿਧੀਆਂ ਅਤੇ ਇਸ ਸਾਲ ਵਿਸ਼ੇਸ਼ ਤੌਰ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਸ਼ਤਾਬਦੀ ਨੂੰ ਸਮਰਪਤ ਕਰਵਾਏ ਜਾ ਰਹੇ ਨੈਤਿਕ ਸਿੱਖਿਆ ਇਮਤਿਹਾਨ ਬਾਰੇ ਜਾਣਕਾਰੀ ਦਿੱਤੀ। ਜ਼ਿਲ੍ਹਾ ਸੰਗਰੂਰ ਦੇ ਸਕੂਲਾਂ ਨੂੰ ਇਹ ਇਮਤਿਹਾਨ ਕਰਵਾਉਣ ਵਿੱਚ ਸਹਿਯੋਗ ਦੇਣ ਲਈ ਨਿਰਦੇਸ਼ ਪੱਤਰ ਜਾਰੀ ਕਰਨ ਦੀ ਬੇਨਤੀ ਕੀਤੀ। ਜਿਸ 'ਤੇ ਦੋਵਾਂ ਅਧਿਕਾਰੀਆਂ ਨੇ ਖੁਸ਼ੀ ਜ਼ਾਹਰ ਕੀਤੀ ਅਤੇ ਇਮਤਿਹਾਨ ਸਬੰਧੀ ਸਕੂਲਾਂ ਨੂੰ ਪੱਤਰ ਵੀ ਜਾਰੀ ਕਰ ਦਿੱਤੇ ਹਨ।ਇਸ ਉਪਰੰਤ ਜ਼ੋਨਲ ਦਫਤਰ ਵਿਖੇ ਹੋਈ ਮੀਟਿੰਗ ਵਿੱਚ ਅਜਮੇਰ ਸਿੰਘ ਜ਼ੋਨਲ ਸਕੱਤਰ ਅਤੇ ਕੁਲਵੰਤ ਸਿੰਘ ਨਾਗਰੀ ਜ਼ੋਨਲ ਪ੍ਰਧਾਨ ਅਤੇ ਹਾਜ਼ਰ ਮੈਂਬਰਾਂ ਨੇ ਦੋਹਾਂ ਸਿੱਖਿਆ ਅਧਿਕਾਰੀਆਂ ਵੱਲੋਂ ਦਿੱਤੇ ਸਤਿਕਾਰ ਅਤੇ ਸਹਿਯੋਗ ਲਈ ਧੰਨਵਾਦ ਕੀਤਾ। ਇਸ ਮੌਕੇ ਉਪਰੋਕਤ ਮੈਂਬਰਾਂ ਦੇ ਨਾਲ ਗੁਰਮੇਲ ਸਿੰਘ ਵਿੱਤ ਸਕੱਤਰ, ਗੁਲਜ਼ਾਰ ਸਿੰਘ ਜਥੇਬੰਦਕ ਸਕੱਤਰ, ਗਿਆਨ ਸਿੰਘ ਭਵਾਨੀਗੜ੍ਹ, ਰਾਵਿੰਦਰ ਸਿੰਘ ਦਿੜ੍ਹਬਾ, ਅਵਤਾਰ ਸਿੰਘ ਬਰਨਾਲਾ, ਮੈਡਮ ਗੁਰਮੀਤ ਕੌਰ ਮਾਲੇਰਕੋਟਲਾ, ਅਮਰੀਕ ਸਿੰਘ ਬਾਸੀਅਰਖ 'ਤੇ ਆਧਾਰਿਤ ਸੰਪਰਕ ਟੀਮਾਂ ਬਣਾਈਆਂ ਗਈਆਂ। ਜ਼ੋਨਲ ਸਕੱਤਰ ਨੇ ਦੱਸਿਆ ਕਿ ਇਮਤਿਹਾਨ ਸਬੰਧੀ ਬਣਾਏ ਪਹਿਲੇ ਦਰਜੇ ਵਿੱਚ ਤੀਸਰੀ ਤੋਂ ਪੰਜਵੀਂ, ਦੂਸਰੇ ਦਰਜੇ ਵਿੱਚ ਛੇਵੀਂ ਤੋਂ ਅੱਠਵੀਂ ਅਤੇ ਤੀਸਰੇ ਦਰਜੇ ਵਿੱਚ ਨੌਵੀਂ ਤੋਂ ਬਾਰ੍ਹਵੀਂ ਦੇ ਵਿਦਿਆਰਥੀ ਭਾਗ ਲੈਣਗੇ। ਇਸ ਇਮਤਿਹਾਨ ਲਈ ਬਾਲ ਵਿਰਸਾ ਪਹਿਲੇ ਦਰਜੇ ਲਈ ਅਤੇ ਦੂਸਰੇ ਤੇ ਤੀਸਰੇ ਦਰਜੇ ਲਈ ਤੇਗ ਬਹਾਦਰ ਸਿਮਰਿਐ ਪੁਸਤਕ ਨਿਰਧਾਰਤ ਕੀਤੀ ਗਈ ਹੈ। ਸੁਰਿੰਦਰ ਪਾਲ ਸਿੰਘ ਸਿਦਕੀ ਨੇ ਦੱਸਿਆ ਕਿ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਵਿਦਿਆਰਥੀਆਂ ਦੇ ਸੁੰਦਰ ਲਿਖਾਈ ਮੁਕਾਬਲੇ, ਕੁਇਜ਼ ਮੁਕਾਬਲੇ ਅਤੇ ਸਲਾਈਡ ਸ਼ੋ ਆਦਿ ਵੱਖ ਵੱਖ ਖੇਤਰਾਂ ਵਿੱਚ ਕਰਵਾਉਣ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।



**AB COTSPIN**
**A B COTSPIN INDIA LIMITED**
CIN : L17111PB1997PLC020118
Registered Address : NH-54, Goniana Road, Near Lake-3 Bathinda, Punjab-151001
Factory Address : Bathinda Road, Jaitu, Faridkot, Punjab-151202
Email : info@abcotspin.in, Website : www.abcotspin.co.in, Phone : 01635232670,

ਪੋਸਟਲ ਬੈਲਟ ਦਾ ਨੋਟਿਸ

[illegible]


ਮਿਤੀ : 07.05.2025
ਸਥਾਨ : ਬਠਿੰਡਾ, ਪੰਜਾਬ
ਨਿਰਦੇਸ਼ਕ ਬੋਰਡ ਦੇ ਹੁਕਮ ਅਨੁਸਾਰ ਵਾਸਤੇ ਏ ਬੀ ਕੋਟਸਪਿਨ ਇੰਡੀਆ ਲਿਮਟਿਡ
ਸਹੀ/- ਅਨੂੰ ਸ਼ਰਮਾ
ਕੰਪਨੀ ਸੈਕਟਰੀ ਅਤੇ ਕੰਪਲਾਇੰਸ ਅਫਸਰ
ਏ ਸੀ ਐਸ-64063

## ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਨੇ ਮੁੱਖ ਮੰਤਰੀ ਦੀ ਸਾੜੀ ਅਰਥੀ

**ਬੁਢਲਾਡਾ (ਅਸ਼ੋਕ ਲਾਕੜਾ)** ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਪੰਜਾਬ ਵੱਲੋਂ ਸੰਘਰਸ਼ਸ਼ੀਲ ਜਥੇਬੰਦੀਆਂ ਨੂੰ ਧਮਕੀ ਦੇਣ ਖਿਲਾਫ਼ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਰਥੀ ਸਾੜੀ ਗਈ।ਇਸ ਮੌਕੇ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਨਿੱਕਾ ਸਿੰਘ ਤੇ ਜ਼ਿਲ੍ਹਾ ਆਗੂ ਸੁਖਵਿੰਦਰ ਸਿੰਘ ਬੋਹਾ ਨੇ ਕਿਹਾ ਕਿ ਧਰਨਿਆਂ ਵਿੱਚੋਂ ਨਿਕਲੀ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁੱਖ ਮੰਤਰੀ ਮਾਨ ਨਾਦਰਸ਼ਾਹੀ ਫਰਮਾਨ ਜਾਰੀ ਕਰਕੇ ਮੋਦੀ ਦੀਆਂ ਨਜ਼ਰਾਂ 'ਚ ਪੰਜਾਬ ਦਾ ਯੋਗੀ ਬਣ ਰਿਹਾ ਹੈ।ਉਨ੍ਹਾਂ ਕਿਹਾ ਕਿ ਭਗਤ ਸਿੰਘ ਤੇ ਅੰਬੇਡਕਰ ਦੀਆਂ ਫੋਟੋਆਂ ਲਾ ਕੇ ਵੋਟਾਂ ਲੈਣ ਵਾਲਾ ਭਗਵੰਤ ਮਾਨ ਲੋਕ ਅਵਾਜ਼ ਦਬਾਉਣ ਤੁਰ ਪਿਆ ਹੈ।ਉਨ੍ਹਾਂ ਕਿਹਾ ਕਿ ਸੰਘਰਸ਼ਸ਼ੀਲ ਜਥੇਬੰਦੀਆਂ ਨੂੰ ਧਮਕੀ ਦੇਣਾ 'ਆਪ' ਸਰਕਾਰ ਨੂੰ ਮਹਿੰਗਾ ਪਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸੰਘਰਸ਼ਸ਼ੀਲ ਮਜ਼ਦੂਰ, ਕਿਸਾਨ, ਮੁਲਾਜ਼ਮ ਮੁੱਖ ਮੰਤਰੀ ਦੀਆਂ ਧਮਕੀਆਂ ਤੋਂ ਡਰਨ ਵਾਲੇ ਨਹੀਂ।ਉਨ੍ਹਾਂ ਕਿਹਾ ਕਿ ਜਦੋਂ ਅਫ਼ਸਰਸ਼ਾਹੀ ਤੇ ਸੱਤਾਧਾਰੀ ਹਾਕਮ ਲੋਕ ਮੁੱਦਿਆਂ 'ਤੇ ਅੱਖਾਂ ਬੰਦ ਕਰ ਲੈਣ ਤੇ ਧਰਨਕਾਰੀਆਂ ਦੀ ਗੱਲ ਨਹੀਂ ਸੁਣਦੇ ਫੇਰ ਹਾਕਮਾਂ ਦੇ ਬੋਲੇ ਕੰਨਾਂ ਤੱਕ ਆਪਣੀ ਅਵਾਜ਼ ਪੁਚਾਉਣ ਲਈ ਉਦੋਂ ਮਜਬੂਰ ਹੋ ਕੇ ਸੜਕਾਂ ਜਾਮ ਕਰਨੀਆਂ ਪੈਂਦੀਆਂ ਹਨ।ਇਸ ਲਈ ਸੰਘਰਸ਼ਸ਼ੀਲ ਜਥੇਬੰਦੀਆਂ ਵੱਲੋਂ ਸੜਕਾਂ ਜਾਮ ਕਰਨ ਦੇ ਮੁੱਖ ਦੋਸ਼ੀ ਹਾਕਮ ਤੇ ਅਫ਼ਸਰਸ਼ਾਹੀ ਹੀ ਨੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਆਪਣੀ ਮਾੜੀ ਬੋਲਚਾਲ ਨਾਲ ਪੰਜਾਬ 'ਚ ਆਮ ਆਦਮੀ ਪਾਰਟੀ ਦਾ ਪੱਤਾ ਸਾਫ਼ ਕਰਨ 'ਤੇ ਲੱਗਾ ਹੋਇਆ ਹੈ।



## ਵਿੱਦਿਆ ਰਤਨ ਕਾਲਜ 'ਚ ਸੈਮੀਨਾਰ ਕਰਾਇਆ



**ਲਹਿਰਾਗਾਗਾ (ਪਵਨ ਸ਼ਰਮਾ)** ਵਿੱਦਿਆ ਰਤਨ ਕਾਲਜ ਖੋਖਰ ਕਲਾਂ ਥਾਣਾ ਲਹਿਰਾ ਵਿਖੇ ਯੁੱਧ ਨਸ਼ਿਆਂ ਵਿਰੁੱਧ, ਟ੍ਰੈਫ਼ਿਕ, ਸਾਈਬਰ ਕ੍ਰਾਈਮ ਦੇ ਵਿਸ਼ੇ ਨਾਲ ਸੰਬੰਧਤ ਪ੍ਰਭਾਵਸ਼ਾਲੀ ਸੈਮੀਨਾਰ ਕਰਾਇਆ ਗਿਆ। ਇਸ ਸਮੇਂ ਇੰਸ: ਸਿਮਰਨਜੋਤ ਸਿੰਘ ਇੰਚਾਰਜ ਪੈਰਵੀ ਸੈੱਲ, ਸ.ਥ. ਹਰਪਾਲ ਸਿੰਘ ਸਬ ਡਵੀਜ਼ਨ ਸਾਂਝ ਕੇਂਦਰ ਲਹਿਰਾ ਵੱਲੋਂ ਹਾਜ਼ਰੀਨ ਨੂੰ ਸਾਂਝ ਸੇਵਾਵਾਂ, ਟ੍ਰੈਫ਼ਿਕ ਦੇ ਨਿਯਮ, ਨਸ਼ਿਆਂ ਦੇ ਮਾੜੇ ਪ੍ਰਭਾਵ, ਸ਼ਕਤੀ ਤੇ ਨੋ ਯੋਅਰ ਪੁਲਸ ਐਪ 181, 112, ਬਾਰੇ ਸਾਈਬਰ ਹੈਲਪ ਲਾਈਨ ਨੰਬਰ 1930, ਔਰਤਾਂ ਤੇ ਬੱਚਿਆਂ ਪ੍ਰਤੀ ਅਪਰਾਧ ਬਾਰੇ ਵਿਸਥਾਪੂਰਵਕ ਜਾਣਕਾਰੀ ਦਿੱਤੀ। ਕਾਲਜ ਦੇ ਚੇਅਰਮੈਨ ਚੈਰੀ ਗੋਇਲ ਤੇ ਪ੍ਰਿੰਸੀਪਲ ਮੈਡਮ ਮਨਦੀਪ ਸ਼ਰਮਾ, ਐਚ.ਓ.ਡੀ ਮੈਡਮ ਮਨਦੀਪ ਕੌਰ, ਮਨਜੀਤ ਸਿੰਘ ਹਾਜ਼ਰ ਸਨ, ਜੁਝਾਰ ਸਿੰਘ ਥੀਏਟਰ ਆਰਟਿਸਟ ਵੱਲੋਂ 'ਨਾਟਕ ਸੁਲਗਦੀ ਧਰਤੀ' ਪੇਸ਼ ਕੀਤਾ ਗਿਆ। ਐਚ.ਓ. ਡੀ ਮਨਦੀਪ ਕੌਰ ਵੱਲੋਂ ਹਾਜ਼ਰੀਨ ਨੂੰ ਜੀ ਆਇਆਂ ਕਿਹਾ ਤੇ ਧੰਨਵਾਦ ਕੀਤਾ।

## ਮਹੰਤ ਅੰਮ੍ਰਿਤ ਮੁਨੀ ਦੇ ਦਿਹਾਂਤ ਨਾਲ ਫੈਲੀ ਸੋਗ ਦੀ ਲਹਿਰ

**ਭੀਖੀ (ਧਰਮਵੀਰ ਸ਼ਰਮਾ)** ਡੇਰਾ ਬਾਬਾ ਭਾਈ ਗੁਰਦਾਸ ਜੀ ਦੇ ਗੱਦੀਨਸ਼ੀਨ ਮਹੰਤ ਅੰਮ੍ਰਿਤ ਮੁਨੀ ਜੀ ਦੇ ਦਿਹਾਂਤ ਦੀ ਮਿਲੀ ਖ਼ਬਰ ਤੋਂ ਬਾਅਦ ਭੀਖੀ ਇਲਾਕੇ ਦੇ ਧਾਰਮਿਕ, ਰਾਜਨੀਤਕ ਤੇ ਸਮਾਜ ਸੇਵੀ ਆਗੂਆਂ ਵਿੱਚ ਸੋਗ ਦੀ ਲਹਿਰ ਹੈ। ਦੁੱਖ ਦਾ ਪ੍ਰਗਟਾਵਾ ਕਰਦਿਆਂ ਡੇਰਾ ਬਾਬਾ ਬਲਵੰਤ ਮੁਨੀ ਦੇ ਮਹੰਤ ਦਰਸ਼ਨ ਮੁਨੀ ਜੀ, ਵਪਾਰ ਮੰਡਲ ਭੀਖੀ ਦੇ ਪ੍ਰਧਾਨ ਲਾਜਪਤ ਰਾਏ ਸ਼ਰਮਾ, ਭਾਰਤੀ ਅੰਬੇਦਕਰ ਮਿਸ਼ਨ ਦੇ ਸੂਬਾ ਯੂਥ ਪ੍ਰਧਾਨ ਰਜਨੀਸ਼ ਸ਼ਰਮਾ, ਬੂਟਾ ਸਮਾਉਂ, ਸੁਖਵਿੰਦਰ ਸਿੰਘ, ਡਾ. ਸੁਰਿੰਦਰ ਸਿੰਘ ਹੀਰੋਂ, ਜਸਵੰਤ ਸ਼ਰਮਾ, ਕੱਪੜਾ ਯੂਨੀਅਨ ਦੇ ਪ੍ਰਧਾਨ ਵਿਨੋਦ ਕੁਮਾਰ ਗਾਂਧੀ, ਬਾਬਾ ਹਰਜਿੰਦਰ ਸਿੰਘ ਖਾਲਸਾ, ਭਾਜਪਾ ਮੰਡਲ ਹਮੀਰਗੜ੍ਹ ਢੈਪਈ ਦੇ ਪ੍ਰਧਾਨ ਡਾ. ਗੁਰਤੇਜ ਸਿੰਘ ਚਹਿਲ, ਰਜਿੰਦਰ ਰਾਜੀ, ਭਾਜਪਾ ਮੰਡਲ ਭੀਖੀ ਦੇ ਪ੍ਰਧਾਨ ਰੋਬਿਨ ਜਿੰਦਲ, ਬਾਬਾ ਸੁਖਰਾਜ ਦਾਸ ਕੌਂਸਲਰ, ਸਮਾਜ ਸੇਵੀ ਗੁਰਇਕਬਾਲ ਸਿੰਘ ਬਾਲੀ, ਕਾਂਗਰਸੀ ਆਗੂ ਸੰਦੀਪ ਮਹਿਤਾ, ਧਰਮਵੀਰ ਮਿੰਟਾ, ਵਿਕਾਸ ਸ਼ਰਮਾ ਵਿੱਕੀ, ਨੀਟਾ ਜੋਸ਼ੀ, ਆਲ ਇੰਡੀਆ ਕਿਸਾਨ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਬਲਜੀਤ ਰਿਸ਼ੀ ਖੀਵਾ, ਸਰਪੰਚ ਜਤਿੰਦਰ ਚਹਿਲ ਸਮਾਉਂ, ਗੋਰਾ ਨੰਬਰਦਾਰ ਸਮਾਉਂ, ਕੌਂਸਲਰ ਹਰਪ੍ਰੀਤ ਸਿੰਘ ਚਹਿਲ, ਕੌਂਸਲਰ ਸੁਰੇਸ਼ ਕੁਮਾਰ ਬਿੰਦਲ, ਅਕਾਲੀ ਆਗੂ ਭੀਮ ਸੈਨ ਬਾਂਸਲ, ਯੂਥ ਅਕਾਲੀ ਦਲ ਦੇ ਰਾਸ਼ਟਰੀ ਪ੍ਰਧਾਨ ਕੁਲਸ਼ੇਰ ਸਿੰਘ ਰੂਬਲ, ਲਖਵੀਰ ਸੀਰਾ ਕੋਟੜਾ, ਰਜਿੰਦਰ ਸਿੰਘ ਚਹਿਲ, ਹਰਬੰਸ ਬਾਂਸਲ, ਰਜਿੰਦਰ ਬਾਂਸਲ ਮਿੱਠੂ, ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਸਿਕੰਦਰ ਸਿੰਘ ਚਹਿਲ, ਪ੍ਰਸ਼ੋਤਮ ਗੋਇਲ ਬਿੱਲੂ, ਅਮਰਿੰਦਰ ਸਿੰਘ ਜੱਸੜ ਢੈਪਈ, ਵਰਿੰਦਰ ਜਿੰਦਲ, ਰਾਵਲ ਕੋਟੜਾ, ਭੁਪਿੰਦਰ ਰਿੰਕੂ ਆਦਿ ਨੇ ਕਿਹਾ ਕਿ ਉਨ੍ਹਾਂ ਦੇ ਦਿਹਾਂਤ ਨਾਲ ਇਕੱਲੇ ਮਾਨਸਾ ਨੂੰ ਹੀ ਨਹੀਂ, ਸਗੋਂ ਪੂਰੇ ਇਲਾਕੇ ਨੂੰ ਹੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

## ਰਤਨ ਲਾਲ ਇੰਸਪੈਕਟਰ ਵਜੋਂ ਪ੍ਰਮੋਟ ਹੋਏ

**ਸਰਹੱਦ ਮੰਡੀ (ਪ੍ਰਮੋਦ ਭਾਰਦਵਾਜ)**- ਸਰਹੰਦ ਰੇਲਵੇ ਪੁਲਸ ਥਾਣੇ ਦੇ ਐਸ ਐਚ ਓ ਵਜੋਂ ਸ਼ਾਨਦਾਰ ਸੇਵਾਵਾਂ ਨਿਭਾਉਣ ਕਾਰਨ ਸਬ ਇੰਸਪੈਕਟਰ ਰਤਨ ਲਾਲ ਨੂੰ ਪੁਲਸ ਮਹਿਕਮੇ ਵੱਲੋਂ ਇੰਸਪੈਕਟਰ ਅਹੁਦੇ 'ਤੇ ਤਰੱਕੀ ਦੇ ਕੇ ਸਨਮਾਨਤ ਕੀਤਾ।



ਉੱਤਰ ਰੇਲਵੇ

ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵੱਲੋਂ ਤੋਂ ਸੀਨੀਅਰ ਮੰਡਲ ਵਣਜ ਪ੍ਰਬੰਧਕ/ਮਾਲਭਾੜਾ, ਉੱਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੋਣ ਵਾਲੇ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ [illegible]

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR25-67 | 22/05/2025 ਨੂੰ 11:00 Hrs. | [illegible] |
| EAFZR-SLR25-68 | 23/05/2025 ਨੂੰ 11:00 Hrs. | [illegible] |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਕਰਕੇ ਵੈੱਬਸਾਈਟ www.ireps.gov.in 'ਤੇ ਜਾਓ। 1343/2025

# ਪਹਿਲਗਾਮ ਹੱਤਿਆ ਕਾਂਡ ਦੇ ਰੋਸ ਵਜੋਂ ਕਾਲਾ ਹਫਤਾ ਮਨਾਇਆ

ਬੰਗਾ (ਅਵਤਾਰ ਕਲੇਰ)-ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਪਹਿਲਗਾਮ ਵਿਚ ਮਾਰੇ ਗਏ 28 ਸੈਲਾਨੀਆਂ ਦੇ ਰੋਸ ਵਜੋਂ ਅਲੱਗ-ਅਲੱਗ ਸੰਸਥਾਵਾਂ ਤੇ ਪਿੰਡਾਂ ਵਿੱਚ ਰੋਸ ਵਜੋਂ ਸ਼ਰਧਾਂਜਲੀ ਭੇਟ ਕੀਤੀ ਗਈ,



ਜਿਸ ਵਿੱਚ ਸਰਕਾਰੀ ਆਈ ਟੀ ਆਈ ਸਾਹਿਬਾ ਬਲਾਚੌਰ ਆਈ.ਟੀ.ਆਈ ਬਗਵਾਈ, ਆਈ ਟੀ ਆਈ (ਲੜਕੀਆਂ) ਨਵਾਂਸ਼ਹਿਰ, ਬਰਨਾਲਾ ਕਲਾਂ, ਬਸਿਆਲਾ, ਮਹਾਲੋਂ, ਜਾਡਲਾ ਦੇ ਵਿਦਿਆਰਥੀ ਅਤੇ ਨੌਜਵਾਨਾਂ ਆਦਿ ਸ਼ਾਮਲ ਸਨ।ਇਸ ਮੌਕੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਰਾਜੂ ਬਰਨਾਲਾ ਅਤੇ ਜ਼ਿਲ੍ਹਾ ਕਮੇਟੀ ਮੈਂਬਰ ਯਸ਼ ਨੇ ਸੰਬੋਧਨ ਕਰਦੇ ਕਿਹਾ ਕਿ ਕਸ਼ਮੀਰ ਦੇ ਪਹਿਲਗਾਮ ਇਲਾਕੇ ਵਿੱਚ 22 ਅਪ੍ਰੈਲ ਨੂੰ ਹੋਏ ਹਮਲੇ, ਜਿਸ ਵਿੱਚ 28 ਸੈਲਾਨੀ ਮਾਰੇ ਗਏ ਅਤੇ ਕਈ ਜ਼ਖਮੀ ਹੋਏ ਸਨ, ਇਸ ਵਿੱਚ ਪਹਿਲਗਾਮ ਤੇ ਕਸ਼ਮੀਰੀਆਂ ਵੱਲੋਂ ਵੀ ਰੋਸ ਜ਼ਾਹਰ ਕੀਤਾ ਗਿਆ ਅਤੇ ਇਸ ਘਟਨਾ ਦੀ ਨਿੰਦਿਆ ਕੀਤੀ। ਇਹ ਘਟਨਾ ਕੇਂਦਰ ਸਰਕਾਰ 'ਤੇ ਕਈ ਸਵਾਲ ਖੜ੍ਹੇ ਕਰਦੀ ਹੈ, ਜਿਵੇਂ ਪਹਿਲਗਾਮ ਕਸ਼ਮੀਰ ਦੇ ਮੁੱਖ ਘੁੰਮਣ ਫਿਰਨ ਵਾਲੇ ਇਲਾਕੇ ਵਿੱਚ ਆਉਂਦਾ ਹੈ, ਪਰ ਇੱਥੇ ਸੁਰੱਖਿਆ ਦੇ ਪ੍ਰਬੰਧ ਕਿਉਂ ਨਹੀਂ ਕੀਤੇ ਗਏ। ਪ੍ਰਧਾਨ ਮੰਤਰੀ ਵੱਲੋਂ ਸਾਊਦੀ ਅਰਬ ਦਾ ਦੌਰਾ ਰੱਦ ਕੀਤਾ, ਪਰ ਬਿਹਾਰ ਦੀ ਰੈਲੀ ਕਿਉਂ ਨਹੀਂ ਰੱਦ ਕੀਤੀ, ਜਦਕਿ ਮਨੀਪੁਰ ਵਿੱਚ ਕਈ ਮਹੀਨੇ ਹੋਗੇ ਜਿੱਥੇ ਅਣਗਿਣਤ ਮੌਤਾਂ ਤੇ ਦਿਲ ਨੂੰ ਦਹਿਲਾਅ ਦੇਣ ਵਾਲੀਆਂ ਘਟਨਾਵਾਂ ਵਾਪਰੀਆਂ। ਆਗੂਆਂ ਵੱਲੋਂ ਮੰਗ ਕੀਤੀ ਗਈ ਕਿ ਇਸ ਘਟਨਾ ਦੀ ਪੱਖਪਾਤੀ ਜਾਂਚ ਕਰਨ ਦੀ ਬਜਾਏ ਨਿਰਪੱਖ ਉੱਚ ਪੱਧਰੀ ਨਿਆਇਕ ਜਾਂਚ ਕਰਨੀ ਚਾਹੀਦੀ ਹੈ, ਮ੍ਰਿਤਕ ਪਰਵਾਰਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ, ਫਿਰਕਾਪ੍ਰਸਤੀ ਦੀ ਰਾਜਨੀਤੀ ਬੰਦ ਕੀਤੀ ਜਾਵੇ, ਭਵਿੱਖ ਵਿੱਚ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਈ ਹੈ।ਇਸ ਮੌਕੇ ਸਮੀਰ ਨਵਾਂਸ਼ਹਿਰ, ਹਰਪ੍ਰੀਤ ਸਿੰਘ, ਸੌਰਵ, ਲਵਪ੍ਰੀਤ ਬਸਿਆਲਾ, ਅਜੇ, ਨਵੀ, ਨਵਦੀਪ ਬਰਨਾਲਾ, ਰੋਹਨ ਕੁਮਾਰ, ਜਸ਼ਨਪ੍ਰੀਤ ਸਿੰਘ, ਸਾਹਿਲ ਜਾਡਲਾ, ਅਜੇ, ਮੇਸ਼ੀ, ਜਸ਼ਨ ਸ਼ਹਾਬਪੁਰ ਆਦਿ ਹਾਜ਼ਰ ਸਨ।

# ਫਲਾਈਓਵਰ ਦੇ ਨੇੜੇ ਆਰਜ਼ੀ ਬੱਸ ਸਟੈਂਡ 'ਤੇ ਮੁਢਲੀਆਂ ਸੁਵਿਧਾਵਾਂ ਦੀ ਮੰਗ

ਨੰਗਲ (ਸੁਰਜੀਤ ਸਿੰਘ)

ਇੱਥੇ ਸਥਾਨਕ ਉਪ ਮੰਡਲ ਮਜਿਸਟਰੇਟ ਨੂੰ ਮੰਗ ਪੱਤਰ ਦੇ ਕੇ ਮੰਗ ਕੀਤੀ ਗਈ ਕਿ ਫਲਾਈ ਓਵਰ ਦੇ ਨੇੜੇ ਆਰਜ਼ੀ ਬੱਸ ਸਟੈਂਡ 'ਤੇ ਲੋਕਾਂ ਨੂੰ ਮੁਢਲੀਆਂ ਸੁਵਿਧਾਵਾਂ ਦਿੱਤੀਆਂ ਜਾਣ। ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੇ ਆਗੂ ਕਾਮਰੇਡ ਸੁਰਜੀਤ ਸਿੰਘ ਢੇਰ, ਤਹਿਸੀਲ ਸਕੱਤਰ ਸਤਨਾਮ ਸਿੰਘ, ਕੇਵਲ ਕ੍ਰਿਸ਼ਨ ਦੁਬੇਟਾ ਦੀ ਅਗਵਾਈ ਹੇਠ ਇਕ ਮੰਗ ਪੱਤਰ ਉਪ ਮੰਡਲ ਮਜਿਸਟਰੇਟ ਦੇ ਹਾਜ਼ਰ ਨਾ ਹੋਣ ਕਰਕੇ ਸੁਪਰਡੈਂਟ ਹਰਨੇਕ ਕੌਰ ਨੂੰ ਦਿੱਤਾ ਗਿਆ। ਜਿਸ ਵਿੱਚ ਮੰਗ ਕੀਤੀ ਗਈ ਕਿ ਫਲਾਈ ਓਵਰ ਦੇ ਨੇੜੇ ਆਰਜ਼ੀ ਬੱਸ



ਸਟੈਂਡ ਉੱਤੇ ਲੰਬੇ ਰੂਟ ਦੀਆਂ ਬੱਸਾਂ ਰੁਕਦੀਆਂ ਹਨ ਤੇ ਇਹੀ ਬੱਸਾਂ ਬੱਸ ਸਟੈਂਡ ਨਾ ਜਾਣ ਕਰਕੇ ਲੋਕਾਂ ਨੂੰ ਮਜਬੂਰੀ ਬਸ ਫਲਾਈਓਵਰ ਦੇ ਪਾਸ ਹੀ ਖੜ੍ਹਨਾ ਪੈਂਦਾ ਹੈ ।ਪਰ ਉੱਥੇ ਗਰਮੀ, ਸਰਦੀ ਵਰਖਾ ਵਿੱਚ ਕੋਈ ਵੀ ਢੁਕਵੀਂ ਥਾਂ ਨਹੀਂ ਹੈ। ਇਸ ਦੇ ਨਾਲ ਹੀ ਨਾ ਹੀ ਉੱਥੇ ਪੀਣ ਵਾਲਾ ਪਾਣੀ ਤੇ ਬਾਥਰੂਮ ਹਨ।ਆਮ ਲੋਕਾਂ ਨੂੰ ਬਹੁਤ ਵੱਡੀ ਮੁਸੀਬਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਫਲਾਈਓਵਰ ਦੇ ਬਣਨ ਤੋਂ ਬਾਅਦ ਜਿੱਥੇ ਸਥਾਨਕ ਨੰਗਲ ਸ਼ਹਿਰ ਉਜੜ ਰਿਹਾ ਹੈ ਉੱਥੇ ਬੱਸ ਸਟੈਂਡ ਵੀ ਸੁੰਨਾ ਹੋ ਗਿਆ ਹੈ।ਕਿਉਂਕਿ ਲੰਬੇ ਰੂਟ ਦੀਆਂ ਬੱਸਾਂ ਬਾਹਰ -ਬਾਹਰ ਹੀ ਚਲੇ ਜਾਂਦੀਆਂ ਹਨ। ਮੰਗ ਪੱਤਰ ਵਿੱਚ ਮੰਗ ਕੀਤੀ ਗਈ ਕਿ ਛੋਟੀ ਤੋਂ ਛੋਟੀ ਉੱਥੇ ਆਰਜ਼ੀ ਬੱਸ ਸਟੈਂਡ 'ਤੇ ਸ਼ੈਡ ਬਣਾਈ ਜਾਵੇ, ਪੀਣ ਵਾਲਾ ਪਾਣੀ ਅਤੇ ਬਾਥਰੂਮ ਬਣਾਏ ਜਾਣ। ਜੇਕਰ ਪ੍ਰਸ਼ਾਸਨ ਨੇ ਇਸ ਮੰਗ ਵੱਲ ਕੋਈ ਵੀ ਧਿਆਨ ਨਹੀਂ ਦਿੱਤਾ ਗਿਆ ਤਾਂ ਸ਼ਹਿਰ ਤੇ ਲੋਕ ਆਉਣ ਵਾਲੇ ਸਮੇਂ ਦੇ ਵਿੱਚ ਸੰਘਰਸ਼ ਕਰਨ ਲਈ ਮਜਬੂਰ ਹੋਣਗੇ। ਅੱਤ ਦੀ ਗਰਮੀ ਵਿੱਚ ਉੱਥੇ ਬੱਸ ਦੀ ਉਡੀਕ ਖੜ੍ਹ ਕੇ ਨਹੀਂ ਕੀਤੀ ਜਾ ਸਕਦੀ। ਇੱਥੋਂ ਤੱਕ ਕਿ ਪੰਜਾਬ ਰੋਡਵੇਜ਼ ਨੰਗਲ ਡੀਪੂ ਆਪਣੀ ਬੱਸ ਸਟੈਂਡ ਦੀ ਫੀਸ ਵੀ ਲੈ ਰਿਹਾ ਹੈ ਤੇ ਉਹਨਾਂ ਦੇ ਵੀ ਕਰਮਚਾਰੀ ਭਾਰੀ ਪਰੇਸ਼ਾਨੀ ਵਿੱਚੋਂ ਗੁਜ਼ਰ ਰਹੇ ਹਨ।ਕਮਿਊਨਿਸਟ ਆਗੂਆਂ ਨੇ ਮੰਗ ਕੀਤੀ ਕਿ ਪ੍ਰਸ਼ਾਸਨ ਫੌਰੀ ਤੌਰ 'ਤੇ ਲੋਕਾਂ ਦੀ ਇਸ ਭਖਦੀ ਦੀ ਮੰਗ ਵੱਲ ਧਿਆਨ ਦੇਵੇ ਤੇ ਮੰਗਾਂ ਦੀ ਪੂਰਤੀ ਕਰੇ।ਇਸ ਮੌਕੇ ਸ਼ਿਵ ਕੁਮਾਰ ਰਾਣਾ, ਬਾਬੂ ਕਪਲਾ ਸਮੇਤ ਹੋਰ ਸਾਥੀ ਵੀ ਹਾਜ਼ਰ ਸਨ।

# ਸਿੱਖਿਆ ਕ੍ਰਾਂਤੀ ਦੇ ਦੌਰ 'ਚ ਤਨਖਾਹਾਂ ਨੂੰ ਵੀ ਤਰਸੇ ਅਧਿਆਪਕ : ਜੀ ਟੀ ਯੂ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਵਿੱਤ ਸਕੱਤਰ ਅਮਨਦੀਪ ਸ਼ਰਮਾ ਅਤੇ ਜਨਰਲ ਸਕੱਤਰ ਜਸਵੀਰ ਤਲਵਾੜਾ ਨੇ ਕਿਹਾ ਕਿ ਇੱਕ ਪਾਸੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਵੱਲੋਂ ਸਕੂਲ-ਸਕੂਲ ਜਾ ਕੇ ਸਿੱਖਿਆ ਕ੍ਰਾਂਤੀ ਦੇ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਹਨ, ਦੂਜੇ ਪਾਸੇ ਸਿੱਖਿਆ ਵਿਭਾਗ ਦੇ ਅਸਪੱਸ਼ਟ ਨਿਰਦੇਸ਼ਾਂ ਕਾਰਨ ਅਨੇਕਾਂ ਸਰਕਾਰੀ ਸਕੂਲ ਅਧਿਆਪਕ ਅਪਰੈਲ ਮਹੀਨੇ ਦੀਆਂ ਤਨਖ਼ਾਹਾਂ ਤੋਂ ਵਾਂਝੇ ਰਹਿ ਗਏ ਹਨ। ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਪ੍ਰਿਤਪਾਲ ਸਿੰਘ ਚੌਟਾਲਾ ਅਤੇ ਅਮਰ ਸਿੰਘ ਨੇ ਕਿਹਾ ਕਿ ਸਿੱਖਿਆ ਵਿਭਾਗ ਆਪਣੇ ਅਸਪੱਸ਼ਟ ਨਿਰਦੇਸ਼ਾਂ ਕਾਰਨ ਅਕਸਰ ਚਰਚਾ ਵਿੱਚ ਰਹਿੰਦਾ ਹੈ। ਬੀਤੇ ਮਹੀਨੇ ਵੱਖੋ-ਵੱਖਰੀਆਂ ਭਰਤੀਆਂ ਤਹਿਤ ਭਰਤੀ ਅਧਿਆਪਕਾਂ ਨੂੰ ਲੱਖਾਂ ਰੁਪਏ ਬਕਾਇਆ ਜਾਰੀ ਕਰਨ ਦਾ ਹੁਕਮ ਉੱਚ ਅਦਾਲਤ ਦੇ ਫ਼ੈਸਲੇ ਰਾਹੀਂ ਹੋਇਆ ਹੈ। ਇਸ ਸਬੰਧੀ ਸਿੱਖਿਆ ਵਿਭਾਗ ਨੇ ਇੱਕ ਪੱਤਰ ਜਾਰੀ ਕਰ ਕੇ ਸਮੂਹ ਡੀਡੀਓਜ਼ ਨੂੰ ਬੰਨ੍ਹ ਦਿੱਤਾ ਹੈ ਕਿ ਤਨਖ਼ਾਹਾਂ ਤੋਂ ਪਹਿਲਾਂ ਸਬੰਧਤ ਅਧਿਆਪਕਾਂ ਦਾ ਬਕਾਇਆ ਜਾਰੀ ਕੀਤਾ ਜਾਵੇ ਪਰ ਤਕਨੀਕੀ ਪੱਖ ਹੈ ਕਿ ਬਕਾਏ ਸਬੰਧੀ ਬਿੱਲ ਖ਼ਜ਼ਾਨਾ ਦਫ਼ਤਰਾਂ ਵੱਲੋਂ ਪੰਜ ਤਾਰੀਕ ਤੋਂ ਬਾਅਦ ਹੀ ਲਏ ਜਾਂਦੇ ਹਨ। ਇਨ੍ਹਾਂ ਹਾਲਾਤ ਦੇ ਚੱਲਦਿਆਂ ਕਈ ਡੀਡੀਓਜ਼ ਨੇ ਅਧਿਆਪਕਾਂ ਦੀ ਤਨਖ਼ਾਹ ਦੇ ਬਿੱਲ ਵੀ ਰੋਕ ਲਏ ਹਨ ਅਤੇ ਜ਼ਿਲ੍ਹਾ ਸਿੱਖਿਆ ਦਫ਼ਤਰ ਤੋਂ ਲੋੜੀਂਦੇ ਬਜਟ ਦੀ ਮੰਗ ਵੀ ਨਹੀਂ ਕੀਤੀ। ਅਧਿਆਪਕ ਆਗੂਆਂ ਨੇ ਮੰਗ ਕੀਤੀ ਕਿ ਲੋੜੀਂਦਾ ਬਜਟ ਜਾਰੀ ਕਰਦੇ ਹੋਏ ਅਧਿਆਪਕ ਵਰਗ ਦੀਆਂ ਅਪਰੈਲ ਮਹੀਨੇ ਦੀਆਂ ਤਨਖ਼ਾਹਾਂ ਤੁਰੰਤ ਜਾਰੀ ਕੀਤੀਆਂ ਜਾਣ। ਇਸ ਮੌਕੇ ਸੀਨੀਅਰ ਆਗੂ ਸੰਜੀਵ ਧੂਤ, ਪ੍ਰਿੰਸ ਗੜ੍ਹਦੀਵਾਲ, ਵਿਕਾਸ ਸ਼ਰਮਾ, ਸਰਬਜੀਤ ਸਿੰਘ, ਸਚਿਨ ਕੁਮਾਰ, ਦਵਿੰਦਰ ਹੁਸ਼ਿਆਰਪੁਰ, ਵਰਿੰਦਰ ਵਿੱਕੀ, ਰਜਤ ਮਹਾਜਨ, ਰਾਜ ਕੁਮਾਰ ਆਦਿ ਹਾਜ਼ਰ ਸਨ।

# ਕੇਂਦਰ ਸਰਕਾਰ ਦੀ ਅਣਗਹਿਲੀ ਕਰਕੇ ਮੰਡੀਆਂ 'ਚ ਲੱਗੇ ਕਣਕ ਦੇ ਅੰਬਾਰ : ਬਰਸਟ

ਮੋਹਾਲੀ, (ਗੁਰਜੀਤ ਬਿੱਲਾ)

ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੀਆਂ ਮੰਡੀਆਂ ਵਿੱਚ ਕੀਤੇ ਪੁਖਤਾ ਪ੍ਰਬੰਧਾਂ ਸਦਕਾ ਕਣਕ ਦੇ ਖਰੀਦ ਕਾਰਜ ਸੁਚਾਰੂ ਢੰਗ ਨਾਲ ਚੱਲ ਰਹੇ ਹਨ। ਕਿਸਾਨਾਂ ਨੂੰ ਫਸਲ ਦੀ ਅਦਾਇਗੀ ਵੀ ਨਾਲੋਂ-ਨਾਲ ਕੀਤੀ ਜਾ ਰਹੀ ਹੈ, ਪਰ ਕੇਂਦਰ ਸਰਕਾਰ ਆਪਣੀ ਜ਼ਿੰਮੇਵਾਰੀਆਂ ਨੂੰ ਸਹੀ ਢੰਗ ਨਾਲ ਨਹੀਂ ਨਿਭਾਅ ਰਹੀ। ਮੰਡੀਆਂ ਵਿੱਚੋਂ ਖਰੀਦੀ ਗਈ ਕਣਕ ਦੀ ਲਿਫਟਿੰਗ ਕਰਵਾਉਣ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਬਣਦੀ ਹੈ, ਪਰ ਕੇਂਦਰ ਸਰਕਾਰ ਅਤੇ ਐਫ.ਸੀ.ਆਈ ਵੱਲੋਂ ਮੰਡੀਆਂ ਵਿੱਚੋਂ ਕਣਕ ਦੀ ਲਿਫਟਿੰਗ ਕਰਵਾਉਣ ਵਿੱਚ ਅਣਗਹਿਲੀ ਵਰਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਹੁਣ ਤੱਕ ਮੰਡੀਆਂ ਵਿੱਚ 124.05 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ ਅਤੇ 123.35 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਹੋ ਚੁੱਕੀ ਹੈ, ਜਿਸ ਵਿੱਚੋਂ 79.36 ਲੱਖ ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਹੋ ਚੁੱਕੀ ਹੈ ਅਤੇ 43.99 ਲੱਖ ਮੀਟ੍ਰਿਕ ਟਨ ਕਣਕ ਮੰਡੀਆਂ ਵਿੱਚ ਪਈ ਹੈ। ਉਨ੍ਹਾਂ ਦੱਸਿਆ ਕਿ 5 ਮਈ ਨੂੰ ਸੂਬੇ ਦੀਆਂ ਮੰਡੀਆਂ ਵਿੱਚ 1.10 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋਈ, ਜਦਕਿ 1.19 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਹੋਈ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ 25821.71 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ।ਚੇਅਰਮੈਨ ਨੇ ਕਿਹਾ ਕਿ ਸੂਬੇ ਵਿੱਚ ਮੌਸਮ ਖਰਾਬ ਹੋ ਰਿਹਾ ਹੈ ਅਤੇ ਲਿਫਟਿੰਗ ਘੱਟ ਹੋਣ ਕਾਰਨ ਮੰਡੀਆਂ ਵਿੱਚ ਕਣਕ ਦੇ ਢੇਰ ਲੱਗੇ ਹੋਏ ਹਨ। ਕੇਂਦਰ ਸਰਕਾਰ ਦੀ ਮਾੜੀ ਕਾਰਗੁਜਾਰੀ ਦੇ ਚਲਦਿਆਂ ਮੰਡੀਆਂ ਵਿੱਚ ਕਣਕ ਭਿੱਜ ਰਹੀ ਹੈ, ਹਾਲਾਂਕਿ ਪੰਜਾਬ ਸਰਕਾਰ ਵੱਲੋਂ ਮੰਡੀਆਂ ਵਿੱਚ ਪੁਖਤਾ ਪ੍ਰਬੰਧ ਕੀਤੇ ਗਏ ਹਨ, ਪਰ ਮੌਸਮ ਖਰਾਬ ਹੋਣ ਕਰਕੇ ਜੇਕਰ ਖਰੀਦ ਕੀਤੀ ਕਣਕ ਭਿੱਜ ਜਾਂਦੀ ਹੈ, ਤਾਂ ਉਸਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਹੋਵੇਗੀ।

# ਨਸ਼ੀਲੇ ਕੈਪਸੂਲ ਤੇ ਨਸ਼ੀਲੀਆਂ ਗੋਲੀਆਂ ਸਮੇਤ ਕਾਬੂ



ਕਿਸ਼ਨਗੜ੍ਹ (ਸੁਖਜੀਤ ਕੁਮਾਰ)-ਪੁਲਸ ਚੌਂਕੀ ਕਿਸ਼ਨਗੜ੍ਹ ਦੇ ਇੰਚਾਰਜ ਏ ਐਸ ਆਈ ਬਲਵੀਰ ਸਿੰਘ ਬੁੱਟਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹ ਪੁਲਸ ਪਾਰਟੀ ਨਾਲ ਗਸ਼ਤ 'ਤੇ ਸਨ। ਗਸ਼ਤ ਦੌਰਾਨ ਬੱਲਾਂ ਪਿੰਡ ਦੀ ਨਹਿਰ 'ਤੇ ਇਕ ਪੈਦਲ ਨੌਜਵਾਨ ਆਉਂਦਾ ਮਿਲਿਆ। ਸ਼ੱਕ ਦੇ ਅਧਾਰ ਤੇ ਜਦ ਉਸ ਨੂੰ ਰੋਕ ਕੇ ਪੁੱਛਗਿੱਛ ਕੀਤੀ ਤਾਂ ਉਸ ਨੇ ਕੋਈ ਤਸੱਲੀਬਖਸ਼ ਜਵਾਬ ਨਹੀਂ ਦਿੱਤਾ। ਜਦ ਉਸਦੀ ਤਲਾਸ਼ੀ ਲਈ ਤੇ ਉਸ ਦੀ ਕੋਲੋਂ 11 ਸੌ ਨਸ਼ੀਲੇ ਕੈਪਸੂਲ ਅਤੇ 33 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਜਿਸ 'ਤੇ ਮਾਮਲਾ ਦਰਜ ਕਰਕੇ ਅਦਾਲਤ ਪੇਸ਼ ਕਰਕੇ ਜੇਲ ਭੇਜ ਦਿੱਤਾ।

# ਮਸੀਤੀ 'ਚ ਡਾ. ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਤ ਸਮਾਗਮ

ਅੱਡਾ ਸਰਾਂ, (ਜਸਵੀਰ ਕਾਜਲ)

ਪਿੰਡ ਮਸੀਤੀ ਵਿਖੇ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਨੂੰ ਸਮਰਪਤ ਸਲਾਨਾ ਸਮਾਗਮ ਕਰਵਾਇਆ ਗਿਆ। ਡਾ. ਅੰਬੇਡਕਰ ਕਲੱਬ ਵੱਲੋਂ ਗ੍ਰਾਮ ਪੰਚਾਇਤ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਪ੍ਰਾਇਮਰੀ ਸਕੂਲ ਵਿਖੇ ਕਰਵਾਏ ਗਏ ਇਸ ਸਮਾਗਮ ਦੌਰਾਨ ਬੱਚਿਆਂ ਨੇ ਗੀਤ, ਕਵਿਤਾਵਾਂ ਤੇ ਸਮਾਜਿਕ ਬੁਰਾਈਆਂ 'ਤੇ ਕਰਾਰੀ ਸੱਟ ਮਾਰਦੀਆਂ ਸਕਿੱਟਾਂ ਪੇਸ਼ ਕੀਤੀਆਂ। ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਐਡਵੋਕੇਟ ਦਲਜੀਤ ਸਿੰਘ



ਗਿਲਜੀਆਂ ਮੈਂਬਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੇ ਕਿਹਾ ਕਿ ਡਾਕਟਰ ਭੀਮ ਰਾਓ ਅੰਬੇਡਕਰ ਨੇ ਸਮਾਜ ਵਿੱਚ ਸਭਨਾਂ ਨੂੰ ਬਰਾਬਰ ਜੀਣ ਦਾ ਅਧਿਕਾਰ ਦਿਵਾਇਆ ਅਤੇ ਉਨ੍ਹਾਂ ਨੌਜਵਾਨਾਂ ਨੂੰ ਡਾ. ਅੰਬੇਡਕਰ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ। ਉਹਨਾਂ ਪਿੰਡ ਦੇ ਹੋਣਹਾਰ ਬੱਚਿਆਂ ਨੂੰ ਸਨਮਾਨਤ ਵੀ ਕੀਤਾ। ਸਮੁੱਚੇ ਸਮਾਗਮ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਗੁਰਦੇਵ ਸਿੰਘ ਨੇ ਨਿਭਾਈ। ਇਸ ਮੌਕੇ ਕਲੱਬ ਮੈਂਬਰਾਂ ਨੇ ਐਡਵੋਕੇਟ ਗਿਲਜੀਆਂ ਤੇ ਹੋਰ ਪਹੁੰਚੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਸਨਮਾਨਤ ਕੀਤਾ। ਇਸ ਮੌਕੇ ਸੰਤ ਨਰੇਸ਼ ਗਿਰ ਜੀ, ਡਾ. ਕੇਵਲ ਸਿੰਘ, ਸੁਰਜੀਤ ਪਾਲ, ਪ੍ਰੇਮਪਾਲ ਸਿੰਘ, ਐਡਵੋਕੇਟ ਹਰਦੀਪ ਸਿੰਘ, ਜਸਵਿੰਦਰ ਦੁੱਗਲ, ਸਰਪੰਚ ਸਰਬਜੀਤ ਸਿੰਘ ਵਿੱਕੀ, ਕਰਮਜੀਤ ਸਿੰਘ, ਦਲਜੀਤ ਸਿੰਘ, ਸੰਦੀਪ ਸਿੰਘ, ਗੁਰਮੁਖ ਸਿੰਘ, ਗੁਰਬਚਨ ਸਿੰਘ, ਪਵਨਦੀਪ ਸਿੰਘ, ਸਕੂਲ ਮੁਖੀ ਸੰਦੀਪ ਸਿੰਘ ਤੁਲੀ, ਸਕੂਲ ਮੁਖੀ ਨਰਿੰਦਰ ਕੌਰ, ਮਹਾਂਵੀਰ ਸਿੰਘ, ਕੈਪਟਨ ਚੰਨਣ ਸਿੰਘ, ਮਨਜੀਤ ਸਿੰਘ, ਕੈਪਟਨ ਬਲਵੰਤ ਸਿੰਘ, ਤਰਲੋਕ ਸਿੰਘ ਆਦਿ ਤੋਂ ਇਲਾਵਾ ਹੋਰ ਪ੍ਰਮੁੱਖ ਸ਼ਖਸੀਅਤਾਂ ਮੌਜੂਦ ਸਨ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪ੍ਰੋਗਰਾਮ ਕਰਵਾਇਆ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਕ੍ਰਿਸ਼ਨ ਗਰਗ)— ਸਰਕਾਰੀ ਕਾਲਜ ਡੇਰਾਬੱਸੀ ਵਿਖੇ ਪ੍ਰਿੰਸੀਪਲ ਸ੍ਰੀਮਤੀ ਗਿਤਾਂਜਲੀ ਕਾਲੜਾ ਦੀ ਸਰਪ੍ਰਸਤੀ ਹੇਠ ਕਾਲਜ ਦੇ ਰੈੱਡ ਰਿਬਨ ਕਲੱਬ, ਬਡੀ ਗਰੁੱਪ ਤੇ ਐੱਨ.ਐੱਸ.ਐੱਸ. ਵੱਲੋਂ ਪੰਜਾਬ ਸਰਕਾਰ ਦੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਪ੍ਰੋਗਰਾਮ ਕਰਵਾਇਆ ਗਿਆ।ਇਹ ਪ੍ਰੋਗਰਾਮ ਉਪ-ਮੰਡਲ ਮੈਜਿਸਟਰੇਟ ਡੇਰਾਬੱਸੀ ਵੱਲੋਂ ਜਾਰੀ ਸ਼ਡਿਊਲ ਅਨੁਸਾਰ ਕਰਵਾਇਆ ਗਿਆ ਜਿਸ ਵਿਚ ਤਹਿਸੀਲਦਾਰ ਸੁਮਿਤ ਸਿੰਘ ਢਿੱਲੋਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋਗਰਾਮ ਦੌਰਾਨ



ਨਸ਼ਿਆਂ ਵਿਰੁੱਧ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ਼ ਕਾਲਜ ਦੇ ਵਿਦਿਆਰਥੀਆਂ ਵੱਲੋਂ ਗੀਤ, ਭਾਸ਼ਣਾਂ ਅਤੇ ਨੁੱਕੜ ਨਾਟਕ ਦੀ ਪੇਸ਼ਕਾਰੀ ਕੀਤੀ ਗਈ। ਢਿੱਲੋਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ਾ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਖੋਖਲਾ ਕਰ ਰਿਹਾ ਹੈ। ਨਸ਼ਿਆਂ ਦੇ ਚੁੰਗਲ ਵਿਚ ਫਸੇ ਨੌਜਵਾਨ ਪੜ੍ਹਾਈ ਤੋਂ ਟੁੱਟ ਜਾਂਦੇ ਹਨ ਅਤੇ ਰੁਜ਼ਗਾਰ ਪ੍ਰਾਪਤੀ ਲਈ ਹੋਣ ਵਾਲੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿਚ ਵੀ ਭਾਗ ਨਹੀਂ ਲੈਂਦੇ। ਇਸ ਤਰ੍ਹਾਂ ਨਸ਼ੇ, ਬੇਰੁਜ਼ਗਾਰੀ ਅਤੇ ਅਪਰਾਧ ਉਹਨਾਂ ਦੀ ਜ਼ਿੰਦਗੀ ਨੂੰ ਮੌਤ ਵੱਲ ਲੈ ਜਾਂਦੇ ਹਨ। ਉਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਆਰੰਭੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਸਾਥ ਦੇ ਕੇ ਪੰਜਾਬ ਨੂੰ ਨਸ਼ਾ ਮੁਕਤ ਕਰਨ 'ਚ ਸਹਿਯੋਗ ਮੰਗਿਆ।ਪ੍ਰਿੰਸੀਪਲ ਸ੍ਰੀਮਤੀ ਗਿਤਾਂਜਲੀ ਕਾਲੜਾ ਨੇ ਮੁਖ਼ਾਤਿਬ ਹੁੰਦਿਆਂ ਕਿਹਾ ਕਿ ਵਿਦਿਆਰਥੀਆਂ ਨੇ ਆਪਣੀਆਂ ਕਲਾਤਮਕ ਪੇਸ਼ਕਾਰੀਆਂ ਰਾਹੀਂ ਨਸ਼ਿਆਂ ਵਿਰੁੱਧ ਜੋ ਸੁਨੇਹਾ ਦਿੱਤਾ ਹੈ, ਉਸਨੂੰ ਘਰ ਘਰ ਪਹੁੰਚਾਉਣਾ ਅਤੇ ਸਮਾਜ ਨੂੰ ਨਸ਼ਾ ਮੁਕਤ ਬਣਾਉਣਾ ਸਮੇਂ ਦੀ ਲੋੜ ਹੈ।

# ਮੁੱਖ ਮੰਤਰੀ ਦਾ ਕਾਲੀਆਂ ਝੰਡੀਆਂ ਨਾਲ ਹੋਵੇਗਾ ਵਿਰੋਧ : ਪ੍ਰਿੰਸ ਗੜ੍ਹਦੀਵਾਲਾ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਹੁਸ਼ਿਆਰਪੁਰ ਦੇ ਵਾਈਸ ਪ੍ਰਧਾਨ ਪ੍ਰਿੰਸ ਗੜ੍ਹਦੀਵਾਲਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 18 ਨਵੰਬਰ 2022 ਨੂੰ



ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਇਸ ਨੋਟੀਫਿਕੇਸ਼ਨ ਨੂੰ ਜਾਰੀ ਕੀਤਿਆਂ ਤਿੰਨ ਸਾਲ ਹੋਣ ਵਾਲੇ ਹਨ ਪਰ ਅਜੇ ਤੱਕ ਪੰਜਾਬ ਸਰਕਾਰ ਇਸ ਨੂੰ ਲਾਗੂ ਨਹੀਂ ਕਰ ਸਕੀ। ਉਹਨਾਂ ਕਿਹਾ ਕਿ 2 ਸਾਲ ਪਹਿਲਾਂ ਦਿਵਾਲੀ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਲਾਈਵ ਹੋ ਕੇ ਕਿਹਾ ਕਿ ਜੋ ਅਸੀਂ ਕਹਿੰਦੇ ਹਾਂ, ਉਹ ਕਰਦੇ ਹਾਂ ਅਤੇ ਜੋ ਅਸੀਂ ਨਹੀਂ ਕਰਨਾ ਉਹ ਕਹਿੰਦੇ ਹੀ ਨਹੀਂ, ਦੋ ਮਹੀਨਿਆਂ ਵਿੱਚ ਐਸ.ਓ.ਪੀ. ਬਣਾ ਕੇ ਪੁਰਾਣੀ ਪੈਨਸ਼ਨ ਲਾਗੂ ਕਰ ਦੇਵਾਂਗੇ ਪਰ ਪੁਰਾਣੀ ਪੈਨਸ਼ਨ ਦੀ ਬਹਾਲੀ ਐਲਾਨ ਤੱਕ ਹੀ ਸੀਮਤ ਰਹੀ। ਜਦ ਕਿ ਧਰਾਤਲ 'ਤੇ ਪੰਜਾਬ ਦੇ ਕਿਸੇ ਕਰਮਚਾਰੀ ਨੂੰ ਵੀ ਇਸ ਦਾ ਲਾਭ ਨਹੀਂ ਮਿਲਿਆ। ਰਿਟਾਇਰ ਹੋਏ ਐਨ.ਪੀ.ਐਸ. ਕਰਮਚਾਰੀ 3500 ਰੁਪਏ ਪੈਨਸ਼ਨ ਲੈ ਰਹੇ ਹਨ, ਜਿਸ ਨਾਲ ਉਹਨਾਂ ਨੂੰ ਆਪਣੇ ਘਰ ਦਾ ਗੁਜ਼ਾਰਾ ਚਲਾਉਣ ਦੇ ਲਈ ਸੜਕਾਂ 'ਤੇ ਰੇਹੜੀਆਂ ਲਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ । ਉਹਨਾਂ ਕਿਹਾ ਕਿ ਸਰਕਾਰ ਦੀ ਡੰਗ ਟਪਾਊ ਨੀਤੀ ਤੋਂ ਦੁਖੀ ਹੋ ਕੇ ਪੰਜਾਬ ਦੇ 2 ਲੱਖ ਤੋਂ ਵੱਧ ਐਨ.ਪੀ.ਐਸ. ਮੁਲਾਜ਼ਮ ਮੁੱਖ ਮੰਤਰੀ ਦਾ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਆਉਣ 'ਤੇ ਅਤੇ ਹਰ ਜ਼ਿਲ੍ਹੇ ਵਿੱਚ ਜਾਣ 'ਤੇ ਹਰ ਦੌਰੇ ਸਮੇਂ ਕਾਲੀਆਂ ਝੰਡੀਆਂ ਨਾਲ ਵਿਰੋਧ ਕਰਨਗੇ ਅਤੇ ਸੰਘਰਸ਼ ਨੂੰ ਤੇਜ਼ ਕਰਨਗੇ. ਇਸ ਦੀ ਨਿਰੋਲ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਪੰਜਾਬ ਸਰਕਾਰ ਨੇ ਨਾ ਤਾਂ ਪੁਰਾਣੀ ਪੈਨਸ਼ਨ ਨੂੰ ਲਾਗੂ ਕੀਤਾ ਹੈ ਅਤੇ ਨਾ ਹੀ ਕਿਸੇ ਪ੍ਰਕਾਰ ਦਾ ਕੋਈ ਡੀ.ਏ. ਮੁਲਾਜ਼ਮਾਂ ਨੂੰ ਦਿੱਤਾ ਗਿਆ ਅਤੇ ਨਾ ਹੀ ਕੱਚੇ ਮੁਲਾਜ਼ਮਾਂ ਨੂੰ ਪੱਕੇ ਕੀਤਾ ਗਿਆ ਅਤੇ ਨਾ ਹੀ ਕੰਪਿਊਟਰ ਅਧਿਆਪਕਾਂ ਦੀ ਕੋਈ ਗੱਲ ਸੁਣੀ ਗਈ। ਆਪ ਸਰਕਾਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੇ ਜੋ ਮੁਲਾਜ਼ਮਾਂ ਨਾਲ ਪੁਰਾਣੀ ਪੈਨਸ਼ਨ ਦੇਣ ਦਾ ਵਾਅਦਾ ਕੀਤਾ ਹੈ, ਉਸ ਨੂੰ ਜਲਦੀ ਪੂਰਾ ਕਰੇ ਨਹੀਂ ਤਾਂ ਆਉਣ ਵਾਲੀਆਂ ਚੋਣਾਂ ਦੇ 'ਚ ਮੁਲਾਜ਼ਮ, ਮਾਪੇ ਅਤੇ ਉਹਨਾਂ ਦੇ ਰਿਸ਼ਤੇਦਾਰ ਸਰਕਾਰ ਵਿਰੁੱਧ ਭੁਗਤਣਗੇ।

# ਨਸ਼ੇ ਦੇ ਕਾਰੋਬਾਰੀ ਮਕਾਨ ਮਾਲਕਾਂ ਖਿਲਾਫ ਹੋਵੇਗੀ ਸਖਤ ਕਾਰਵਾਈ : ਜੀਤਾ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)- ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਤੋਂ ਨਸ਼ਿਆਂ ਦਾ ਮੁਕੰਮਲ ਸਫਾਇਆ ਕਰਵਾਇਆ ਜਾਵੇਗਾ। ਇਹ ਗੱਲ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਨੇ ਕਹੀ। ਉਹਨਾਂ ਕਿਹਾ ਬੀਤੇ ਕੱਲ੍ਹ ਨਸ਼ੇ ਦਾ ਵਪਾਰ ਕਰਨ ਵਾਲੇ 100 ਦੇ ਕਰੀਬ ਝੁੱਗੀਆਂ ਨੂੰ ਬੁਲਡੋਜ਼ਰ ਦੀ ਮਦਦ ਨਾਲ ਢਹਿ ਢੇਰੀ ਕਰ ਦਿੱਤਾ ਗਿਆ ਸੀ। ਇਸੇ ਤਰ੍ਹਾਂ ਚਰਨ ਗੰਗਾ ਪੁਲ ਤੋਂ ਪਾਰ ਪਈਆਂ ਹੋਈਆਂ ਝੁੱਗੀਆਂ ਜਿਨ੍ਹਾਂ ਵਿੱਚ ਨਸ਼ਿਆਂ ਦੇ ਵਪਾਰ ਦੀਆਂ ਖਬਰਾਂ ਮਿਲੀਆਂ ਸਨ, ਨੂੰ ਵੀ ਉਥੋਂ ਹਟਾ ਦਿੱਤਾ ਗਿਆ ਹੈ। ਕੌਂਸਲ ਪ੍ਰਧਾਨ ਨੇ ਸਖਤ ਚੇਤਾਵਨੀ ਦਿੰਦਿਆਂ ਕਿਹਾ ਕਿ ਸਾਨੂੰ ਪਤਾ ਲੱਗਾ ਹੈ ਕਿ ਸ਼ਹਿਰ ਦੇ ਕੁਝ ਘਰਾਂ ਵਿੱਚ ਨਸ਼ਿਆਂ ਦਾ ਕਾਰੋਬਾਰ ਚੱਲ ਰਿਹਾ ਹੈ। ਉਹਨਾਂ ਕਿਹਾ ਜਿੱਥੇ ਨਸ਼ਿਆਂ ਦੇ ਕਾਰੋਬਾਰੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ, ਉਥੇ ਉਹਨਾਂ ਮਕਾਨ ਮਾਲਕਾਂ ਦੇ ਖਿਲਾਫ ਵੀ ਕਾਰਵਾਈ ਹੋਵੇਗੀ ਜਿਨ੍ਹਾਂ ਨੇ ਨਸ਼ੇ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਆਪਣੇ ਮਕਾਨ ਕਿਰਾਏ 'ਤੇ ਦਿੱਤੇ ਹੋਏ ਹਨ। ਉਹਨਾਂ ਕਿਹਾ ਜਿਸ ਮਕਾਨ ਵਿੱਚੋਂ ਨਜਾਇਜ਼ ਸ਼ਰਾਬ, ਚਿੱਟਾ ਜਾਂ ਕੋਈ ਹੋਰ ਨਸ਼ਾ ਫੜ ਹੁੰਦਾ ਹੈ ਤਾਂ ਉਸ ਮਕਾਨ ਮਾਲਕ ਖਿਲਾਫ ਵੀ ਕਾਰਵਾਈ ਹੋਵੇਗੀ। ਏਨਾ ਹੀ ਨਹੀਂ, ਮਕਾਨ ਮਾਲਕ ਨੂੰ ਮੁੱਖ ਦੋਸ਼ੀ ਵਜੋਂ ਮੰਨਿਆ ਜਾਵੇਗਾ। ਇੱਕ ਸਵਾਲ ਦੇ ਜਵਾਬ ਵਿੱਚ ਹਰਜੀਤ ਸਿੰਘ ਜੀਤਾ ਨੇ ਕਿਹਾ ਕਿ ਅਸੀਂ ਨਸ਼ੇ ਦਾ ਕਾਰੋਬਾਰ ਕਰਨ ਵਾਲਿਆਂ ਦੀਆਂ ਵੋਟਾਂ 'ਤੇ ਵੀ ਨਜ਼ਰ ਰੱਖ ਰਹੇ ਹਾਂ, ਜਿਸ ਸਬੰਧੀ ਅਫਸਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਨਸ਼ੇ ਦੇ ਕਾਰੋਬਾਰ ਵਿੱਚ ਸ਼ਾਮਲ ਵਿਅਕਤੀਆਂ ਦੀਆਂ ਵੋਟਾਂ ਵੀ ਕਟਾਈਆਂ ਜਾਣਗੀਆਂ ਤਾਂ ਜੋ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ। ਨਗਰ ਕੌਂਸਲ ਦੇ ਪ੍ਰਧਾਨ ਨੇ ਸਮੁੱਚੇ ਸ਼ਹਿਰ ਵਾਸੀਆਂ ਤੋਂ ਸਹਿਯੋਗ ਦੀ ਮੰਗ ਕਰਦਿਆਂ ਕਿਹਾ ਕਿ ਨਸ਼ੇ ਨੂੰ ਇਸ ਗੁਰੂ ਨਗਰੀ ਚੋਂ ਜੜ੍ਹ ਤੋਂ ਖਤਮ ਕਰਨ ਲਈ ਆਪਣਾ ਸਹਿਯੋਗ ਦਿਓ ਤਾਂ ਜੋ ਸਾਡੇ ਬੱਚੇ ਨਸ਼ਿਆਂ ਦੇ ਵਿੱਚ ਗਲਤਾਨ ਹੋ ਕੇ ਆਪਣੀ ਜਵਾਨੀ ਨੂੰ ਬਰਬਾਦ ਨਾ ਕਰਨ ।

# ਨਿਖਲੇਸ਼ ਜਸਰਾ ਤੇ ਉਨ੍ਹਾ ਦੇ ਸਾਥੀਆਂ ਨੂੰ 'ਆਪ' 'ਚ ਸ਼ਾਮਲ ਕਰਕੇ ਕੀਤਾ ਸਨਮਾਨਤ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)

ਚੋਣਾਂ ਦੌਰਾਨ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਕਰਕੇ ਰੰਗਲਾ ਪੰਜਾਬ ਬਣਾਉਣ ਦੇ ਵਾਅਦੇ ਨੂੰ ਪੂਰਾ ਕਰਨ ਲਈ ਮਾਨ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ ਨਸ਼ਾ ਮੁਕਤੀ ਯਾਤਰਾ ਨੂੰ ਆਮ ਜਨਤਾ ਦਾ ਭਰਪੂਰ ਸਹਿਯੋਗ ਮਿਲ ਰਿਹਾ ਹੈ। ਨਸ਼ਿਆਂ ਤੋਂ ਹੋਣ ਵਾਲੇ ਨੁਕਸਾਨ ਪ੍ਰਤੀ ਲੋਕਾਂ ਵਿੱਚ ਜਿਸ ਤਰ੍ਹਾਂ ਜਾਗ੍ਰਿਤੀ ਪੈਦਾ ਹੋ ਰਹੀ ਹੈ ਉਸ ਨੂੰ ਵੇਖਦੇ ਹੋਏ ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਪੰਜਾਬ ਹੁਣ ਹਮੇਸ਼ਾ ਲਈ ਨਸ਼ਾ ਮੁਕਤ ਹੋ ਜਾਵੇਗਾ ਅਤੇ ਨਸ਼ੇ ਕਾਰਨ ਬਰਬਾਦ ਹੋ ਰਹੇ ਪਰਵਾਰਾਂ ਦੇ ਘਰਾਂ ਵਿੱਚ ਮੁੜ ਖੁਸ਼ਹਾਲੀ ਆ ਜਾਵੇਗੀ।



ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸਨਾਤਨ ਧਰਮ ਸਭਾ ਅਹੀਆਪੁਰ ਦੇ ਪ੍ਰਧਾਨ ਅਤੇ ਉੱਘੇ ਸਮਾਜ ਸੇਵੀ ਨਿਖਲੇਸ਼ ਜਸਰਾ ਨੈਨੂੰ ਵੱਲੋਂ ਖੋਲ੍ਹੇ ਗਏ ਨਵੇਂ ਦਫਤਰ ਵਿੱਚ ਹਲਕਾ ਟਾਂਡਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਆਪਣੇ ਸਾਥੀਆਂ ਕੌਂਸਲਰ ਹਰਿ ਕ੍ਰਿਸ਼ਨ ਸੈਣੀ, ਸੀਨੀਅਰ ਆਪ ਨੇਤਾ ਸੋਨੂੰ ਖੰਨਾ, ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਗੁਰਦੀਪ ਸਿੰਘ ਹੈਪੀ, ਕੌਂਸਲਰ ਸੁਰਿੰਦਰਜੀਤ ਸਿੰਘ ਬਿੱਲੂ, ਲਖਵਿੰਦਰ ਸਿੰਘ ਮੁਲਤਾਨੀ ਦੇ ਨਾਲ ਦਫ਼ਤਰ ਦਾ ਉਦਘਾਟਨ ਕਰਦੇ ਹੋਏ ਕੀਤਾ। ਇਕੱਠ ਨੂੰ ਸੰਬੋਧਨ ਕਰਦੇ ਹੋਏ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਕਿਹਾ ਕਿ ਨਸ਼ੇ ਜਿਹੇ ਕੋਹੜ ਨੂੰ ਖਤਮ ਕਰਕੇ ਪੰਜਾਬ ਨੂੰ ਖੁਸ਼ਹਾਲੀ ਦੀਆਂ ਲੀਹਾਂ 'ਤੇ ਲਿਆਉਣ ਲਈ ਮਾਨ ਸਰਕਾਰ ਦੇ ਉਪਰਾਲਿਆਂ ਸਦਕਾ ਅੱਜ ਪੰਜਾਬ ਦੇ ਕਈ ਜ਼ਿਲ੍ਹੇ ਨਸ਼ਾ ਮੁਕਤ ਹੋ ਚੁੱਕੇ ਹਨ ਅਤੇ ਬਾਕੀ ਰਹਿੰਦੇ ਇਲਾਕਿਆਂ ਦੇ ਨਸ਼ੇ ਸੌਦਾਗਰਾਂ 'ਤੇ ਸਖ਼ਤ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਪੰਜਾਬ ਦੇ ਲੋਕਾਂ ਨਾਲ ਕੀਤਾ ਹੋਇਆ ਵਾਅਦਾ ਨਸ਼ਾ ਮੁਕਤ ਪੰਜਾਬ ਪੂਰਾ ਹੋ ਸਕੇ।ਆਖਿਰ ਵਿੱਚ ਵਿਧਾਕ ਜਸਵੀਰ ਸਿੰਘ ਰਾਜਾ ਨੇ ਨਿਖਲੇਸ਼ ਜਸਰਾ ਨੈਨੂੰ, ਅਸ਼ਵਨੀ ਕੁਮਾਰ ਗੋਗਾ, ਰਾਜੂ ਖੋਸਲਾ, ਤਰਲੋਕ ਚਾਵਲਾ ਅਤੇ ਉਨ੍ਹਾਂ ਦੇ ਹੋਰ ਸਾਥੀਆਂ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਦੇ ਹੋਏ ਸਿਰੋਪੇ ਪਾ ਕੇ ਸਨਮਾਨਤ ਕੀਤਾ ਅਤੇ ਕਿਹਾ ਕਿ ਨਿਖਲੇਸ਼ ਜਸਰਾ ਦੇ ਪਾਰਟੀ 'ਚ ਸ਼ਾਮਿਲ ਹੋਣ ਨਾਲ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੇਗੀ। ਨੈਨੂੰ ਨੇ ਵਿਧਾਇਕ ਰਾਜਾ ਨੂੰ ਭਰੋਸਾ ਦਿੱਤਾ ਕਿ ਪਾਰਟੀ ਮੈਨੂੰ ਜਿਹੜੀਆਂ ਵੀ ਜ਼ਿੰਮੇਦਾਰੀਆਂ ਸੌਂਪੇਗੀ ਮੈਂ ਉਨ੍ਹਾਂ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਵਾਂਗਾ। ਇਸ ਮੌਕੇ ਹਰਵਿੰਦਰ ਸਿੰਘ ਕਲੋਟੀ, ਹਰਮੀਤ ਸਿੰਘ ਵੜੈਚ, ਰਾਜਨ ਸੌਂਧੀ, ਸਚਿਨ ਪੁਰੀ, ਵਿਕਾਸ ਮਰਵਾਹਾ, ਹੀਰਾ ਪੁਰੀ, ਰਾਜੂ ਜਸਰਾ, ਵਿਪਨ ਜਸਰਾ, ਗੋਲਡੀ ਕਪਿਲਾ, ਚੰਦਰ ਮੋਹਨ ਲਾਡੀ, ਲੇਖਰਾਜ, ਪ੍ਰੇਮ ਪਡਵਾਲ ਅਤੇ ਹੋਰ ਹਾਜ਼ਰ ਸਨ।

# ਪ੍ਰਾਈਵੇਟ ਪਲੇਅ-ਵੇਅ ਸਕੂਲਾਂ ਦੀ ਰਜਿਸਟ੍ਰੇਸ਼ਨ ਲਾਜ਼ਮੀ

ਮੋਹਾਲੀ, (ਗੁਰਜੀਤ ਬਿੱਲਾ)-ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਸਰਕਾਰ ਵੱਲੋਂ ਪ੍ਰਾਈਵੇਟ ਸਕੂਲ/ ਸੰਸਥਾਵਾਂ/ ਪਲੇਅ-ਵੇਅ ਸਕੂਲ ਜੋ ਕਿ 'ਅਰਲੀ ਚਾਈਲਡ ਕੇਅਰ ਐਂਡ ਐਜੂਕੇਸ਼ਨ' ਦੇ ਖੇਤਰ ਵਿੱਚ ਕੰਮ ਕਰ ਰਹੀਆਂ ਹਨ, ਨੂੰ ਰਜਿਸਟਰ ਕਰਨ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ। ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗਗਨਦੀਪ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਜ਼ਿਲ੍ਹਾ ਐੱਸ ਏ ਐੱਸ ਨਗਰ ਅਧੀਨ 3-6 ਸਾਲ ਦੇ ਬੱਚਿਆ ਲਈ ਈ.ਸੀ.ਸੀ.ਈ ਖੇਤਰ ਵਿੱਚ ਕੰਮ ਕਰ ਰਹੀਆਂ ਸੰਸਥਾਵਾਂ ਦੀ ਵਿਭਾਗ ਵੱਲੋਂ ਰਜਿਸਟ੍ਰੇਸ਼ਨ ਸ਼ੁਰੂ ਕੀਤੀ ਗਈ ਹੈ ਅਤੇ ਰਜਿਸਟ੍ਰੇਸ਼ਨ ਲਾਜ਼ਮੀ ਬਣਾਉਣ ਲਈ ਤੁਰੰਤ ਦਫ਼ਤਰ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਐੱਸ.ਏ.ਐੱਸ.ਨਗਰ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸੈਕਟਰ-76 ਮੋਹਾਲੀ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।ਜ਼ਿਲ੍ਹੇ ਅਧੀਨ ਚੱਲ ਰਹੇ ਪਲੇਅ-ਵੇਅ ਸਕੂਲਾਂ ਲਈ ਰਜਿਸਟ੍ਰੇਸ਼ਨ ਕਰਵਾਉਣਾ ਲਾਜ਼ਮੀ ਹੈ।

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਹਾੜਾ ਸ਼ਰਧਾ ਨਾਲ ਮਨਾਇਆ



ਬਸਤੀ ਸ਼ੇਖ (ਲਖਵਿੰਦਰ ਸਿੰਘ)

ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ 302ਵਾਂ ਜਨਮ ਦਿਹਾੜਾ ਤਹਿਸੀਲ ਕੰਪਲੈਕਸ ਜੱਸਾ ਸਿੰਘ ਰਾਮਗੜ੍ਹੀਆ ਚੌਂਕ ਜਲੰਧਰ ਵਿਖੇ ਬੜੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਪੂਰਵਕ ਮਨਾਇਆ ਗਿਆ। ਇਸ ਮੌਕੇ ਨਰੇਸ਼ ਡੋਗਰਾ ਏ ਡੀ ਸੀ ਪੀ ਅਤੇ ਏ ਡੀ ਸੀ ਜਸਵੀਰ ਸਿੰਘ ਜਲੰਧਰ ਨੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਤਸਵੀਰ 'ਤੇ ਫੁੱਲਮਾਲਾ ਭੇਟ ਕੀਤੀ। ਉਨ੍ਹਾਂ ਕਿਹਾ ਕਿ ਪਹਿਲੇ ਤੇ ਇਕਲੌਤੇ ਸਿੱਖ ਜਰਨੈਲ ਮਿਸਲਦਾਰ (ਫੌਜੀ ਜਥੇ ਦੇ ਆਗੂ) ਮਹਾਰਾਜਾ ਹੋਏ ਹਨ। ਜਿਹਨਾਂ ਨੇ ਆਪਣੇ ਗੁਰੂ ਸਾਹਿਬ ਦਾ ਸਤਿਕਾਰ ਬਰਕਰਾਰ ਰੱਖਿਆ। ਇਸ ਮੌਕੇ ਜਰਨਲਿਸਟ ਪ੍ਰੈਸ ਕਲੱਬ ਰਜਿ ਪੰਜਾਬ ਦੇ ਮੁੱਖ ਬੁਲਾਰੇ ਰਾਮ ਸਿੰਘ ਭੱਟੀ, ਰਜਿੰਦਰ ਸਿੰਘ ਡਾਇਰੈਕਟਰ ਟਰਾਂਸਪੋਰਟ, ਅਮਰਜੀਤ ਸਿੰਘ ਕਿਸ਼ਨਪੁਰਾ, ਰਾਜਕਰਨ ਸਿੰਘ ਮਰਵਾਹਾ, ਵਰਿੰਦਰ ਸਿੰਘ, ਅਮਨਬੀਰ ਸਿੰਘ ਮਰਵਾਹਾ, ਸਤਿੰਦਰ ਸਿੰਘ ਪੀਤਾ, ਜਸਦੀਪ ਸਿੰਘ ਵਿਰਦੀ, ਇੰਦਰਪ੍ਰੀਤ ਸਿੰਘ ਪਾਇਲਟ, ਜਸਪਾਲ ਸਿੰਘ, ਜਥੇਦਾਰ ਕੁਲਦੀਪ ਸਿੰਘ ਤਰਨਾ ਦਲ, ਉਪਿੰਦਰ ਪਾਲ ਸਿੰਘ, ਨਿਰਮਲ ਸਿੰਘ ਸੱਗੂ, ਦਵਿੰਦਰ ਸਿੰਘ ਰਿਆੜ, ਪ੍ਰਦੀਪ ਸਿੰਘ, ਅਮਰਜੀਤ ਸਿੰਘ ਬਰਮੀ, ਅਵਤਾਰ ਸਿੰਘ ਸੈਂਹਬੀ, ਸੁਰਜੀਤ ਸਿੰਘ ਮੁਰਵਾਹਾ, ਸਰਬਜੀਤ ਸਿੰਘ, ਹਰਵਿੰਦਰ ਸਿੰਘ ਨਾਗੀ, ਅਤੇ ਇੰਦਰਜੀਤ ਸਿੰਘ ਬਾਂਸਲ ਹਾਜ਼ਰ ਸਨ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਟੀਕਾਕਰਨ ਦੀ 100 ਫੀਸਦੀ ਕਵਰੇਜ ਪ੍ਰਾਪਤੀ ਕੀਤੀ ਜਾਵੇ : ਡਾ. ਕੁਲਵਿੰਦਰ ਮਾਨ



ਬਲਾਚੌਰ (ਜਸਵਿੰਦਰ ਬੈਂਸ)

ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫ਼ਸਰ ਡਾ. ਕੁਲਵਿੰਦਰ ਮਾਨ ਨੇ ਸਿਹਤ ਬਲਾਕ ਬਲਾਚੌਰ ਅਧੀਨ ਪਿੰਡ ਬੀੜ ਕਾਠਗੜ੍ਹ ਤੇ ਮਹਿੰਦੀਪੁਰ ਵਿੱਚ ਮਨਾਏ ਗਏ ਮਮਤਾ ਦਿਵਸ ਦਾ ਨਿਰੀਖਣ ਕੀਤਾ ਅਤੇ ਛੋਟੇ ਬੱਚਿਆਂ ਤੇ ਗਰਭਵਤੀ ਔਰਤਾਂ ਨੂੰ ਜ਼ਰੂਰੀ ਟੀਕੇ ਲਗਾਏ ਜਾਣ ਸਬੰਧੀ ਹਦਾਇਤਾਂ ਦਿੱਤੀਆਂ। ਇਸ ਮੌਕੇ ਆਯੂਸ਼ਮਾਨ ਆਰੋਗਿਆ ਸੈਂਟਰ ਪੁਰਾਣਾ ਹਸਪਤਾਲ ਬਲਾਚੌਰ ਦਾ ਵੀ ਨਿਰੀਖਣ ਕੀਤਾ ਗਿਆ। ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਡਾ. ਕੁਲਵਿੰਦਰ ਮਾਨ ਨੇ ਐੱਲ ਐੱਚ ਵੀਜ਼ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਏਰੀਏ ਵਿੱਚ ਮਾਈਕ੍ਰੋਪਲਾਨ ਅਨੁਸਾਰ ਸਾਰੇ ਸੈਸ਼ਨਾਂ ਦੀ ਯੋਜਨਾ ਬਣਾਉਣ, ਚਾਹੇ ਉੱਥੇ ਘੱਟ ਲਾਭਪਾਤਰੀ ਹੀ ਕਿਉਂ ਨਾ ਹੋਣ। ਸਭ ਸੈਸ਼ਨ ਯੋਜਨਾ ਅਨੁਸਾਰ ਬਣੇ ਹੋਣੇ ਚਾਹੀਦੇ ਹਨ। ਜਿੰਨੇ ਵੀ ਸੈਸ਼ਨ ਯੋਜਨਾ ਅਨੁਸਾਰ ਪਲਾਨ ਕੀਤੇ ਜਾਣ, ਉਹ ਸਭ ਸੈਸ਼ਨ 100 ਫੀਸਦੀ ਲਗਾਏ ਜਾਣ। ਜਿੰਨੇ ਸੈਸ਼ਨ ਪਲਾਨ ਕੀਤੇ ਜਾਣ, ਉਹ ਨਿਰਧਾਰਤ ਸਮੇਂ ਅਨੁਸਾਰ ਸ਼ੁਰੂ ਕੀਤੇ ਜਾਣ। ਆਨਲਾਈਨ ਐਂਟਰੀ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਜਿੰਨੇ ਵੀ ਲਾਭਪਾਤਰੀ ਵੈਕਸੀਨ ਲਗਵਾਉਣ ਲਈ ਆਉਣ, ਉਨ੍ਹਾਂ ਸਭ ਦੀ 100 ਫੀਸਦੀ ਆਨਲਾਈਨ ਐਂਟਰੀ ਕੀਤੀ ਜਾਵੇ।ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਬੱਚਿਆਂ ਤੇ ਗਰਭਵਤੀ ਔਰਤਾਂ ਦੇ ਸੰਪੂਰਨ ਟੀਕਾਕਰਨ ਦੀ ਮੁਕੰਮਲ ਪ੍ਰਾਪਤੀ ਯਕੀਨੀ ਬਣਾਈ ਜਾਵੇ ਅਤੇ ਟੀਕਾਕਰਨ ਦੀ 100 ਫੀਸਦੀ ਕਵਰੇਜ ਦੇ ਟੀਚੇ ਦੀ ਮੁਕੰਮਲ ਪ੍ਰਾਪਤੀ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨੇੜਲੇ ਸਬ-ਸੈਂਟਰ ਜਾਂ ਸਰਕਾਰੀ ਡਿਸਪੈਂਸਰੀ ਵਿੱਚ ਹਰ ਬੁੱਧਵਾਰ ਨੂੰ ਬੱਚਿਆਂ ਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਜ਼ਰੂਰ ਕਰਵਾਉਣ।ਇਸ ਮੌਕੇ ਬਲਾਕ ਐਕਸਟੈਂਸ਼ਨ ਐਜੂਕੇਟਰ ਨਿਰਮਲ ਸਿੰਘ, ਸਿਹਤ ਇੰਸਪੈਕਟਰ ਦਿਲਬਾਗ ਸਿੰਘ, ਐੱਲ ਐੱਚ ਵੀ ਰਣਜੀਤ ਕੌਰ, ਸੀ ਐੱਚ ਓ ਡਾ. ਪੂਜਾ, ਨਰਿੰਦਰ ਸਿੰਘ, ਸੀਮਾ ਰਾਣੀ, ਦਜਿੰਦਰ ਕੌਰ ਤੇ ਸੁਰਿੰਦਰ ਸਿੰਘ ਸਮੇਤ ਹੋਰ ਸਿਹਤ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

# ਸੰਤਾਂ-ਮਹਾਂਪੁਰਸ਼ਾਂ ਦੇ ਉਪਦੇਸ਼ ਨਾਲ ਸਾਨੂੰ ਸੇਧ ਮਿਲਦੀ ਹੈ : ਜੱਸਲ



ਆਦਮਪੁਰ (ਪਰਮਜੀਤ ਸਿੰਘ)- ਆਦਮਪੁਰ ਹਲਕੇ ਦੇ ਪਿੰਡ ਹਜ਼ਾਰਾ ਵਿਖੇ ਸੰਤ ਰਾਮਦਾਸ ਪਬਲਿਕ ਸਕੂਲ ਦੇ 25 ਸਾਲ ਸਿਲਵਰ ਜੁਬਲੀ ਪੂਰੇ ਹੋਣ ਕਰਕੇ ਸੰਤ ਹਰਚਰਨ ਦਾਸ ਜੀ ਉੱਚਾ ਅਤੇ ਬਖਸ਼ੀਸ਼ ਕੌਰ ਪ੍ਰਿੰਸੀਪਲ ਦੀ ਅਗਵਾਈ ਵਿੱਚ ਸਕੂਲ ਵਿਚ ਸਮਾਗਮ ਦੌਰਾਨ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ। ਭੋਗ ਉਪਰੰਤ ਸੰਤ ਗੁਰਵਿੰਦਰ ਸਿੰਘ ਕੁਟੀਆ ਵਾਲੇ ਵਲੋਂ ਸੰਗਤ ਨੂੰ ਗੁਰਬਾਣੀ ਨਾਲ ਜੋੜਿਆ। ਉਹਨਾਂ ਕਿਹਾ ਰੱਬ ਦੇ ਨਾਮ ਜਪਣ ਵਾਲਾ ਇਨਸਾਨ ਲੋਕ ਭਲਾਈ ਕਰਨ ਵਿੱਚ ਵਿਸ਼ਵਾਸ ਰੱਖਦਾ ਹੈ। ਉਹ ਮਾੜੇ ਕਰਮਾਂ ਤੋਂ ਬੱਚਿਆਂ ਨੂੰ ਬਚਾਉਂਦਾ ਹੈ। ਉਹਨਾਂ ਸਾਰੀ ਸੰਗਤ ਅਤੇ ਸਕੂਲ ਸਿਲਵਰ ਜੁਬਲੀ ਹੋਣ ਕਰਕੇ ਸਟਾਫ ਨੂੰ ਬੱਚਿਆਂ ਨੂੰ ਵਧਾਈ ਦਿੱਤੀ। ਇਸ ਮੌਕੇ ਜਗਦੀਸ਼ ਕੁਮਾਰ ਜੱਸਲ ਕਨਵੀਨਰ ਭਾਰਤੀ ਜਨਤਾ ਪਾਰਟੀ ਨੇ ਦੱਸਿਆ ਸੰਤਾਂ ਮਹਾਂਪੁਰਸ਼ਾਂ ਦੇ ਉਪਦੇਸ਼ ਸਦਕਾ ਸਾਨੂੰ ਇਕ ਚੰਗੀ ਸੇਧ ਮਿਲਦੀ ਹੈ। ਇਸ ਕਰਕੇ ਅਸੀਂ ਆਪਣੇ ਜੀਵਨ ਨੂੰ ਚੰਗੇ ਪਾਸੇ ਲਗਾਉਂਦੇ ਹਾਂ ਤੇ ਸਾਡਾ ਜੀਵਨ ਲੋਕਾਂ ਦੀ ਸੇਵਾ ਕਰਨ ਲਈ ਪ੍ਰੇਰਤ ਹੁੰਦਾ ਹੈ। ਇਸ ਮੌਕੇ ਸੰਤ ਸਰਵਣ ਦਾਸ ਬੰਬੇ ਵਾਲੇ, ਬਾਬਾ ਕੁਲਦੀਪ ਸਿੰਘ, ਸਾਬਕਾ ਸਰਪੰਚ ਸੁਖਵਿੰਦਰ ਕੌਰ, ਮਦਨ ਲਾਲ ਬੈਂਸ, ਸੂਬੇਦਾਰਨੀ ਨਰਿੰਦਰ ਕੌਰ, ਪੰਚ ਪੂਰਨ ਸਿੰਘ, ਪੰਚ ਜਸਪਾਲ ਸਿੰਘ, ਅਸ਼ੋਕ ਕੁਮਾਰ, ਬਲਦੇਵ ਸਿੰਘ ਬਾਹੀਆ, ਅਮਰਜੀਤ ਸਿੰਘ, ਮੈਡਮ ਪੂਜਾ, ਮੈਡਮ ਹਰਜੀਤ ਕੌਰ, ਮੈਡਮ ਸਲੀਨਾ, ਮੈਡਮ ਜਸਪ੍ਰੀਤ ਕੌਰ ਅਤੇ ਸਕੂਲ ਦੇ ਬੱਚਿਆਂ ਦੇ ਮਾਤਾ ਪਿਤਾ ਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਜਥੇਬੰਦੀਆਂ ਨੇ ਕਾਰਲ ਮਾਰਕਸ ਦੇ ਜਨਮ ਦਿਨ 'ਤੇ ਕੀਤੀ ਵਿਚਾਰ-ਗੋਸ਼ਟੀ



ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)- ਇੱਥੇ ਗਾਂਧੀ ਪਾਰਕ ਵਿਖੇ ਸਥਿਤ ਸਰਦਾਰ ਮੇਜਰ ਸਿੰਘ ਮੌਜੀ ਯਾਦਗਾਰੀ ਲਾਇਬਰੇਰੀ ਵਿੱਚ ਵੱਖ-ਵੱਖ ਜਥੇਬੰਦੀਆਂ ਡੈਮੋਕਰੇਟਿਕ ਟੀਚਰਜ਼ ਫਰੰਟ, ਕਿਰਤੀ ਕਿਸਾਨ ਯੂਨੀਅਨ ਅਤੇ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਸਾਂਝੇ ਤੌਰ 'ਤੇ ਮਹਾਨ ਦਾਰਸ਼ਨਿਕ, ਸਮਾਜ ਸ਼ਾਸਤਰੀ ਅਤੇ ਮਜ਼ਦੂਰਾਂ ਦੇ ਅਧਿਆਪਕ ਕਾਰਲ ਮਾਰਕਸ ਦੇ ਜਨਮ ਦਿਨ 'ਤੇ ਵਿਚਾਰ ਗੋਸ਼ਟੀ ਕੀਤੀ, ਜਿਸ ਦੀ ਪ੍ਰਧਾਨਗੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਬਗੀਚਾ ਸਿੰਘ ਸਹੂੰਗੜਾ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਹਰਮੇਸ਼ ਢੇਸੀ ਅਤੇ ਡੀ ਟੀ ਐਫ ਦੇ ਆਗੂ ਸੁਖਦੇਵ ਡਾਨਸੀਵਾਲ ਨੇ ਕੀਤੀ। ਇਸ ਮੌਕੇ ਡੀ ਟੀ ਐੱਫ ਆਗੂ ਮੁਕੇਸ਼ ਕੁਮਾਰ, ਮਜ਼ਦੂਰ ਆਗੂ ਬਗੀਚਾ ਸਿੰਘ ਸਹੂੰਗੜਾ ਅਤੇ ਕਿਸਾਨ ਆਗੂ ਹਰਮੇਸ਼ ਢੇਸੀ ਨੇ ਕਿਹਾ ਕਿ ਕਾਰਲ ਮਾਰਕਸ ਤੇ ਫਰੈਡਰਿਕ ਏਂਗਲਜ਼ ਤੋਂ ਪਹਿਲਾਂ ਦਾਰਸ਼ਨਿਕਾਂ ਨੇ ਦੁਨੀਆਂ ਦੀ ਸਿਰਫ ਵਿਆਖਿਆ ਹੀ ਕੀਤੀ ਪਰ ਇਸ ਨੂੰ ਬਦਲਣਾ ਕਿਵੇਂ ਹੈ, ਇਸ ਵਾਰੇ ਇਹਨਾਂ ਨੇ ਵਿਸਥਾਰ ਨਾਲ ਅਤੇ ਡੂੰਘਾ ਅਧਿਐਨ ਕਰਕੇ ਇਸ ਦੀਆਂ ਚਾਲਕ ਸ਼ਕਤੀਆਂ ਬਾਰੇ ਦੱਸਿਆ ਕਿ ਸਮਾਜ ਦਾ ਵਿਕਾਸ, ਇਸ ਵਿੱਚ ਕਿਰਤ ਦਾ ਰੋਲ ਤੇ ਪੂੰਜੀਪਤੀ ਵਰਗ ਮਜ਼ਦੂਰਾਂ ਦੀ ਲੁੱਟ ਅਤੇ ਇਸ ਲੁੱਟ ਖਿਲਾਫ ਸ਼ੰਘਰਸ਼ ਕਰਕੇ ਮਜ਼ਦੂਰ ਕਿਵੇਂ ਆਪਣਾ ਰਾਜ ਲਿਆ ਸਕਦੇ ਹਨ, ਬਾਰੇ ਜਾਣਕਾਰੀ ਦਿੱਤੀ। ਜਿਸ ਤੋਂ ਪ੍ਰੇਰਨਾ ਲੈ ਕੇ ਦੁਨੀਆ ਭਰ ਦੇ ਮਜ਼ਦੂਰਾਂ ਨੇ ਮਾਰਕਸ ਦੀ ਵਿਚਾਰਧਾਰਾ ਤੋਂ ਅਗਵਾਈ ਲੈ ਕੇ ਵੱਡੀਆਂ ਤਬਦੀਲੀਆਂ ਕੀਤੀਆਂ ਅਤੇ ਇਨਕਲਾਬ ਕੀਤੇ। ਇਸ ਮੌਕੇ ਡੀ ਟੀ ਐਫ ਆਗੂ ਸੁਖਦੇਵ ਡਾਨਸੀਵਾਲ ਮਨਪ੍ਰੀਤ ਬੋਹਾ, ਬਲਕਾਰ ਸਿੰਘ ਮਗਾਣੀਆਂ, ਸਤਿਨਾਮ ਸਿੰਘ ਸੂਨੀ, ਗੁਰਨਾਮ ਸਿੰਘ ਅਤੇ ਹੰਸ ਰਾਜ ਗੜ੍ਹਸ਼ੰਕਰ ਆਦਿ ਨੇ ਵੀ ਮਾਰਕਸਵਾਦ ਦੀ ਵਿਚਾਰਧਾਰਾ ਦੀ ਮਹੱਤਤਾ ਬਾਰੇ ਗੱਲ ਕਰਦਿਆਂ ਜਮਾਤੀ ਸੰਘਰਸ਼ 'ਤੇ ਜ਼ੋਰ ਦਿੱਤਾ। ਇਸ ਵਿਚਾਰ ਗੋਸ਼ਟੀ ਵਿੱਚ ਬਲਵੀਰ ਸਿੰਘ ਖਾਨਪੁਰੀ, ਸਤਪਾਲ ਕਲੇਰ, ਮਨਦੀਪ ਕੁਮਾਰ, ਜਰਨੈਲ ਸਿੰਘ, ਜਗਦੀਪ ਕੁਮਾਰ, ਸੰਦੀਪ ਸਿੰਘ ਗਿੱਲ, ਹਰਭਜਨ ਸਿੰਘ ਉਟਾਲਾਂ, ਜਸਵਿੰਦਰ ਸਿੰਘ, ਹਰਭਜਨ ਸਿੰਘ ਸਹੂੰਗੜਾ, ਸਤਨਾਮ ਸਿੰਘ, ਭੁਪਿੰਦਰ ਸਿੰਘ ਸੜੋਆ, ਜਸਵਿੰਦਰ ਸਿੰਘ ਜੱਸੋਵਾਲ, ਮਨਜੀਤ ਬੰਗਾ ਤੇ ਰਮੇਸ਼ ਮਲਕੋਵਾਲ ਨੇ ਵੀ ਭਾਗ ਲਿਆ।

# 'ਆਪ ਦੀ ਸਰਕਾਰ ਆਪ ਦੇ ਦੁਆਰ' ਮੁਹਿੰਮ ਤਹਿਤ ਲਾਏ 265 ਕੈਂਪ : ਰੰਧਾਵਾ



ਜ਼ੀਰਕਪੁਰ (ਕ੍ਰਿਸ਼ਨ ਗਰਗ)- ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ 'ਆਪ ਦੀ ਸਰਕਾਰ ਆਪ ਦੇ ਦੁਆਰ' ਮੁਹਿੰਮ ਤਹਿਤ ਹੁਣ ਤੱਕ ਡੇਰਾਬੱਸੀ ਹਲਕੇ ਵਿੱਚ 265 ਕੈਂਪ ਲੋਕਾਂ ਦੀ ਸੁਵਿਧਾ ਲਈ ਲਾਏ ਜਾ ਚੁੱਕੇ ਹਨ, ਜਿਨ੍ਹਾਂ ਦਾ ਹਜ਼ਾਰਾਂ ਹੀ ਲੋਕ ਲਾਭ ਉਠਾ ਚੁੱਕੇ ਹਨ। ਇਹ ਪ੍ਰਗਟਾਵਾ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਜ਼ੀਰਕਪੁਰ ਦੇ ਵਾਰਡ ਨੰਬਰ 12, ਢਕੋਲੀ ਖੇਤਰ ਵਿੱਚ ਲੱਗੇ ਕੈਂਪ ਦੌਰਾਨ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਉਪਰੰਤ ਕੀਤਾ। ਉਹਨਾਂ ਕਿਹਾ ਕਿ ਇਹਨਾਂ ਕੈਂਪਾਂ ਦਾ ਉਦੇਸ਼ ਲੋਕਾਂ ਨੂੰ ਉਹਨਾਂ ਦੇ ਘਰਾਂ ਦੇ ਨੇੜੇ ਹੀ ਸਰਕਾਰੀ ਸਰਟੀਫਿਕੇਟ ਤੇ ਹੋਰ ਕੰਮ ਕਰਵਾਉਣ ਦੀ ਸਹੂਲਤ ਦੇਣਾ ਹੈ। ਉਹਨਾਂ ਦੱਸਿਆ ਕਿ ਸਰਕਾਰ ਵੱਲੋਂ ਸੇਵਾ ਕੇਂਦਰਾਂ ਰਾਹੀਂ ਦਿੱਤੀਆਂ ਜਾਂਦੀਆਂ ਸੇਵਾਵਾਂ ਵਿੱਚੋਂ 406 ਸੇਵਾਵਾਂ ਹੁਣ ਕੇਵਲ ਇੱਕ ਟੋਲ ਫਰੀ ਨੰਬਰ 1076 ਡਾਇਲ ਕਰਕੇ ਹੀ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

ਉਪ ਮੰਡਲ ਮੈਜਿਸਟਰੇਟ, ਡੇਰਾਬਸੀ, ਅਮਿਤ ਗੁਪਤਾ ਨੇ ਦੱਸਿਆ ਕਿ ਡੇਰਾਬਸੀ ਦੇ ਜ਼ੀਰਕਪੁਰ ਦੇ ਢਕੋਲੀ ਖੇਤਰ ਦੇ ਵਾਰਡ ਨੰਬਰ 12 ਅਤੇ ਨੇੜੇ ਦੀਆਂ ਸੁਸਾਇਟੀ ਵਿਖੇ ਲਾਏ ਕੈਂਪ ਵਿਚ ਲੋਕਾਂ ਨੇ ਵੱਡੀ ਗਿਣਤੀ ਵਿਚ ਪਹੁੰਚ ਕੇ ਸੇਵਾਵਾਂ ਦਾ ਲਾਭ ਲਿਆ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਇਸ ਮੌਕੇ ਨੇੜੇ ਲੱਗਦੀਆਂ ਵੱਖ ਵੱਖ ਸੋਸਾਇਟੀਆਂ ਦੇ ਪ੍ਰਧਾਨ ਅਮਿਤ ਕਸ਼ਯਪ,ਸ਼ਿਵਾਨੀ ਭੱਲਾ, ਸਲਿਲ ਬਰਾੜ ਮਿਸਟਰ ਰਾਠੀ, ਅਮਿਤ ਅਗਰਵਾਲ ਅਤੇ ਬੀ ਐਮ ਸ਼ਰਮਾ ਨੇ ਕੈਂਪ ਵਿੱਚ ਸ਼ਾਮਲ ਹੋ ਕੇ ਲਾਭ ਉਠਾਇਆ।

# ਸਰਹੰਦ ਫਤਿਹ ਦਿਵਸ ਮਨਾਉਣ ਸੰਬੰਧੀ ਗੁਰਦੁਆਰਾ ਤਾਲਮੇਲ ਕਮੇਟੀ ਨੇ ਉਲੀਕੀ ਰੂਪ-ਰੇਖਾ

ਮੋਹਾਲੀ (ਗੁਰਜੀਤ ਬਿੱਲਾ)

ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਜਾਬਰ ਸੂਬੇਦਾਰ ਵਜੀਦ ਖਾਂ ਨੂੰ ਸੋਧ ਕੇ ਮਈ ਮਹੀਨੇ ਵਿੱਚ ਸਰਹਿੰਦ ਫ਼ਤਿਹ ਕੀਤਾ ਗਿਆ ਸੀ। ਉਸ ਦਿਨ ਦੀ ਯਾਦ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਰਹਿੰਦ ਫ਼ਤਹਿ ਦਿਵਸ ਗੁਰਦੁਆਰਾ ਸਾਹਿਬ ਚੱਪੜਚਿੜੀ ਕਲਾਂ ਵਿਖੇ 10 ਤੋਂ 12 ਮਈ ਤੱਕ ਮਨਾਇਆ ਜਾ ਰਿਹਾ ਹੈ। ਇਸ ਸੰਬੰਧੀ ਗੁਰਦੁਆਰਾ ਤਾਲਮੇਲ ਕਮੇਟੀ ਮੋਹਾਲੀ ਦੇ ਅਹੁਦੇਦਾਰਾਂ ਦੀ ਇੱਕ ਮੀਟਿੰਗ ਪ੍ਰਧਾਨ ਜੋਗਿੰਦਰ ਸਿੰਘ ਸੋਂਧੀ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਸ਼੍ਰੋਮਣੀ ਅਕਾਲੀ ਦਲ ਹਲਕਾ ਮੋਹਾਲੀ ਦੇ ਮੁੱਖ ਸੇਵਾਦਾਰ ਪਰਵਿੰਦਰ ਸਿੰਘ ਸੋਹਾਣਾ ਤੇ ਚਰਨਜੀਤ ਸਿੰਘ ਕਾਲੇਵਾਲ ਮੈਂਬਰ ਸ਼੍ਰੋਮਣੀ ਪ੍ਰਬੰਧਕ ਕਮੇਟੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਅਤੇ ਇਸ ਪ੍ਰੋਗਰਾਮ ਦੀ ਰੂਪ-ਰੇਖਾ ਉਲੀਕੀ ਗਈ।ਇਸ ਮੌਕੇ ਬੋਲਦਿਆਂ ਪਰਵਿੰਦਰ ਸਿੰਘ ਸੋਹਾਣਾ ਨੇ ਕਿਹਾ ਕਿ ਸਰਹਿੰਦ ਫਤਹਿ ਦਿਵਸ ਸਿੱਖ ਇਤਿਹਾਸ ਦਾ ਇੱਕ ਮਹੱਤਵਪੂਰਨ ਦਿਨ ਹੈ। 1710 ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਨੂੰ ਫਤਹਿ ਕਰ ਕੇ ਵੱਡਾ ਇਤਿਹਾਸਕ ਕੰਮ ਕੀਤਾ।ਉਹਨਾਂ ਕਿਹਾ ਕਿ ਇਹ ਦਿਵਸ ਸਿੱਖ ਸੰਗਤਾਂ ਲਈ ਧਾਰਮਿਕ, ਇਤਿਹਾਸਕ ਅਤੇ ਜਜ਼ਬਾਤੀ ਦ੍ਰਿਸ਼ਟੀਕੋਣ ਤੋਂ ਮਹੱਤਵ ਰੱਖਦਾ ਹੈ, ਕਿਉਂਕਿ ਇਸ ਨਾਲ ਸਾਬਤ ਹੁੰਦਾ ਹੈ ਕਿ ਕਿਵੇਂ ਨਿਆਂ ਅਤੇ ਧਰਮ ਲਈ ਲੜਨ ਵਾਲਿਆਂ ਨੇ ਜ਼ੁਲਮ ਦੇ ਖਿਲਾਫ ਆਵਾਜ਼ ਬੁਲੰਦ ਕੀਤੀ।ਉਹਨਾਂ ਦੱਸਿਆ ਕਿ ਗੁਰਦੁਆਰਾ ਸਾਹਿਬ ਚੱਪੜਚਿੜੀ ਵਿਖੇ ਹੋਣ ਵਾਲੇ ਪ੍ਰੋਗਰਾਮਾਂ ਵਿੱਚ ਉੱਚ ਕੋਟੀ ਦੇ ਰਾਗੀ, ਢਾਡੀ ਅਤੇ ਕਵੀਸ਼ਰੀ ਜਥੇ ਸੰਗਤਾਂ ਨੂੰ ਗੁਰਬਾਣੀ ਨਾਲ ਨਿਹਾਲ ਕਰਨਗੇ। 12 ਮਈ ਨੂੰ ਸਵੇਰ ਪਾਠ ਦੇ ਭੋਗ ਪੈਣ ਉਪਰੰਤ ਨਗਰ ਕੀਰਤਨ ਦੀ ਆਰੰਭਤਾ ਹੋਵੇਗੀ ਜਿਸ ਦੀ ਸਮਾਪਤੀ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ



ਹੋਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਦੁਆਰਾ ਤਾਲਮੇਲ ਕਮੇਟੀ ਦੇ ਆਗੂ ਕਰਮ ਸਿੰਘ ਬਬਰਾ, ਮਨਜੀਤ ਸਿੰਘ ਮਾਨ, ਸਰਬਜੀਤ ਸਿੰਘ ਬਾਜਵਾ ਫੇਜ਼ 2, ਹਰਜੀਤ ਸਿੰਘ ਫੇਜ਼ 11, ਜਗਦੀਤ ਸਿੰਘ ਫੇਜ਼ 11, ਹਰਪਾਲ ਸਿੰਘ, ਹਰਦੀਪ ਸਿੰਘ ਫੇਜ਼ 1, ਇੰਦਰਜੀਤ ਸਿੰਘ, ਪ੍ਰੀਤਮ ਸਿੰਘ, ਸਰਜੀਤ ਸਿੰਘ ਮਠਾੜੂ ਪ੍ਰਧਾਨ ਬੈਰੀਅਰ ਗੁਰਦੁਆਰਾ ਸਾਹਿਬ, ਦਿਆਲ ਸਿੰਘ ਫੇਜ਼ 4, ਭਜਨ ਸਿੰਘ, ਜਸਪਾਲ ਸਿੰਘ, ਕੁਲਵਿੰਦਰ ਸਿੰਘ ਫੇਜ਼ 5, ਰਜਿੰਦਰ ਸਿੰਘ ਟੌਹੜਾ ਮੈਨੇਜਰ ਗੁਰਦੁਆਰਾ ਅੰਬ ਸਾਹਿਬ, ਅਕਾਲੀ ਦਲ ਦੇ ਰਮਨਦੀਪ ਸਿੰਘ ਬਾਵਾ ਤੋਂ ਇਲਾਵਾ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

8-May-PAGE-9.qxd 5/7/2025 10:29 PM Page 1



# ਪੰਜਾਬ ਦੀ ਨਵੀਂ ਮਾਈਨਿੰਗ ਨੀਤੀ : ਰੇਤ-ਬਜਰੀ ਦੇ ਅਧਿਕਾਰ ਹੁਣ ਸਿੱਧੇ ਆਮ ਲੋਕਾਂ ਦੇ ਹੱਥ

## ਜ਼ਮੀਨ ਮਾਲਕ ਹੁਣ ਖ਼ੁਦ ਕਰ ਸਕਣਗੇ ਮਾਈਨਿੰਗ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਐਲਾਨ ਕੀਤਾ ਕਿ ਪੰਜਾਬ ਸਰਕਾਰ ਦੀ ਨਵੀਂ ਮਾਈਨਿੰਗ ਨੀਤੀ ਰੇਤ ਅਤੇ ਬਜਰੀ ਸਰੋਤਾਂ ਦਾ ਕੰਟਰੋਲ ਸਿੱਧੇ ਤੌਰ 'ਤੇ ਲੋਕਾਂ ਦੇ ਹੱਥਾਂ ਵਿੱਚ ਦੇ ਕੇ ਭ੍ਰਿਸ਼ਟਾਚਾਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨੱਥ ਪਾਉਣ ਅਤੇ ਸੂਬੇ ਦੇ ਮਾਲੀਏ ਵਿੱਚ ਚੋਖਾ ਵਾਧਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗੀ। ਵਿੱਤ ਮੰਤਰੀ, ਜਿਨ੍ਹਾਂ ਨਾਲ ਮਾਈਨਿੰਗ ਅਤੇ ਭੂ-ਵਿਗਿਆਨ ਮੰਤਰੀ ਬਰਿੰਦਰ ਕੁਮਾਰ ਗੋਇਲ ਵੀ ਮੌਜੂਦ ਸਨ, ਨੇ ਇਹ ਐਲਾਨ ਪੰਜਾਬ ਮਾਈਨਿੰਗ ਪੋਰਟਲ 'ਤੇ ਲੈਂਡਓਨਰ ਮਾਈਨਿੰਗ ਸਾਈਟਾਂ (ਐਲ.ਐਮ.ਐਸ) ਅਤੇ ਕਰੱਸ਼ਰ ਮਾਈਨਿੰਗ ਸਾਈਟਾਂ (ਸੀ.ਆਰ.ਐਮ.ਐਸ) ਲਈ ਆਨਲਾਈਨ ਅਰਜ਼ੀ ਫਾਰਮਾਂ ਦੀ ਸ਼ੁਰੂਆਤ ਮੌਕੇ ਕੀਤੇ।ਇਸ ਮੌਕੇ ਮੀਡੀਆ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਨਵੀਂ ਨੀਤੀ ਦਾ ਮੁੱਖ ਉਦੇਸ਼ ਜ਼ਮੀਨ ਮਾਲਕਾਂ ਨੂੰ ਸਮਰੱਥ ਬਣਾਉਣਾ ਹੈ ਕਿਉਂਕਿ ਇਸ ਨਵੇਂ ਢਾਂਚੇ ਤਹਿਤ ਜ਼ਮੀਨ ਮਾਲਕਾਂ ਨੂੰ ਹੁਣ ਨਿਲਾਮੀ ਤੋਂ ਬਿਨਾਂ ਆਪਣੀ ਜ਼ਮੀਨ ਤੋਂ ਰੇਤ ਅਤੇ ਬਜਰੀ ਕੱਢਣ ਦਾ ਸਿੱਧਾ ਅਧਿਕਾਰ ਹੋਵੇਗਾ। ਇਸ ਤੋਂ ਇਲਾਵਾ ਨਵੀਂ ਮਾਈਨਿੰਗ ਨੀਤੀ ਵਿੱਚ ਮਾਈਨਿੰਗ ਸਾਈਟਾਂ ਅਤੇ ਆਵਾਜਾਈ ਰੂਟਾਂ 'ਤੇ ਕੈਮਰੇ ਅਤੇ ਰੇਡੀਓ ਫ੍ਰੀਕੁਐਂਸੀ



ਆਇਡੈਂਟੀਫਿਕੇਸ਼ਨ (ਆਰ.ਐਫ.ਆਈ.ਡੀ) ਨਿਗਰਾਨੀ ਦੀ ਲਾਜ਼ਮੀ ਤੈਨਾਤੀ ਨਾਲ ਗ਼ੈਰ-ਕਾਨੂੰਨੀ ਮਾਈਨਿੰਗ ਗਤੀਵਿਧੀਆਂ ਨੂੰ ਖ਼ਤਮ ਕਰਨ ਲਈ ਮਜ਼ਬੂਤ ਤਕਨੀਕੀ ਉਪਾਅ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਹ ਮਹੱਤਵਪੂਰਨ ਤਬਦੀਲੀ ਵਿਚੋਲਿਆਂ ਦੀ ਭੂਮਿਕਾ ਅਤੇ ਇਜ਼ਾਰੇਦਾਰੀ ਦੀ ਸੰਭਾਵਨਾ ਨੂੰ ਖ਼ਤਮ ਕਰੇਗੀ ਜਿਸ ਨਾਲ ਸਿੱਧਾ ਜ਼ਮੀਨ ਦੇ ਅਸਲ ਮਾਲਕਾਂ ਕੋਲ ਅਧਿਕਾਰ ਹੋਣਗੇ।ਉਨ੍ਹਾਂ ਕਿਹਾ ਕਿ ਉੱਨਤ ਨਿਗਰਾਨੀ ਤਕਨੀਕਾਂ ਨੂੰ ਲਾਗੂ ਕਰਨ ਨਾਲ ਗ਼ੈਰ-ਕਾਨੂੰਨੀ ਵਪਾਰ ਨੂੰ ਨੱਥ ਪਾਉਣ ਵਿੱਚ ਮਦਦ ਮਿਲੇਗੀ ਅਤੇ ਇਹ ਸਾਡੇ ਕੁਦਰਤੀ ਸਰੋਤਾਂ ਦੀ ਰਾਖੀ ਕਰਦਿਆਂ ਮਾਈਨਿੰਗ ਦਾ ਲਾਭ ਚੋਣਵੇਂ ਲੋਕਾਂ, ਜੋ ਪੁਰਾਣੀਆਂ ਸਰਕਾਰਾਂ ਦੀ ਪੁਸ਼ਤਪਨਾਹੀ ਤੋਂ ਲਾਭ ਕਮਾਉਂਦੇ ਆਏ ਹਨ, ਦੀ ਥਾਂ ਆਮ ਜਨਤਾ ਤੱਕ ਪਹੁੰਚਣ ਨੂੰ ਯਕੀਨੀ ਬਣਾਏਗਾ।

# 3 ਕਿਲੋਗ੍ਰਾਮ ਚੂਰਾ ਪੋਸਤ ਸਮੇਤ ਕਾਬੂ



**ਬੰਗਾ (ਅਵਤਾਰ ਕਲੇਰ)**- ਥਾਣਾ ਸਿਟੀ ਬੰਗਾ ਨੇ 3 ਕਿਲੋਗ੍ਰਾਮ ਚੂਰਾ ਪੋਸਤ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬੰਗਾ ਸਿਟੀ ਦੇ ਐਸ ਐਚ ਓ ਵਰਿੰਦਰ ਕੁਮਾਰ ਨੇ ਦੱਸਿਆ ਕਿ ਇਹ ਮੁਕੱਦਮਾ ਏ ਐਸ ਆਈ ਲਖਵੀਰ ਸਿੰਘ ਵਲੋਂ ਦਰਜ ਕੀਤਾ ਗਿਆ। ਉਹਨਾਂ ਦੱਸਿਆ ਕਿ ਪੁਲਿਸ ਪਾਰਟੀ ਸ਼ੱਕੀ ਪੁਰਸ਼ਾ ਦੇ ਚੈਕਿੰਗ ਸਬੰਧੀ ਥਾਣਾ ਸਿਟੀ ਬੰਗਾ ਤੋਂ ਬੱਸ ਸਟੈਂਡ ਬੰਗਾ ਹੁੰਦਾ ਹੋਏ, ਪਿੰਡ ਸੋਤਰਾਂ ਤੋ ਪਿੰਡ ਚੱਕ ਕਲਾਲ ਵੱਲ ਨੂੰ ਜਾ ਰਹੇ ਸੀ, ਜਦੋਂ ਪੁਲਸ ਪਾਰਟੀ ਪਿੰਡ ਚੱਕ ਕਲਾਲ ਵਾਲਾ ਮੋੜ ਮੁੜੀ ਤਾਂ ਸਾਹਮਣੇ ਪਿੰਡ ਚੱਕ ਕਲਾਲ ਸਾਈਡ ਤੋਂ ਇੱਕ ਨੌਜਵਾਨ ਪੁਲਸ ਪਾਰਟੀ ਦੀ ਗੱਡੀ ਨੂੰ ਦੇਖ ਕੇ ਹੱਥ 'ਚ ਫੜੇ ਥੈਲਾ ਪਲਾਸਟਿਕ ਨੂੰ ਯਕਦਮ ਹੇਠਾ ਰੱਖ ਕੇ ਪਿੰਡ ਚੱਕ ਕਲਾਲ ਵੱਲ ਨੂੰ ਖਿਸਕਣ ਲੱਗਾ। ਜਿਸ ਨੂੰ ਸ਼ੱਕ ਦੀ ਬਿਨਾਅ ਪਰ ਕਾਬੂ ਕਰਕੇ ਉਸ ਪਾਸੋਂ 03 ਕਿਲੋਗ੍ਰਾਮ ਡੋਡੇ ਚੂਰਾ ਪੋਸਤ ਬ੍ਰਾਮਦ ਹੋਏ। ਪੁਛਗਿੱਛ ਕਰਨ ਤੇ ਉਸਨੇ ਆਪਣਾ ਨਾਮ ਦਵਿੰਦਰ ਕੁਮਾਰ ਉਰਫ ਭੂੰਡੀ ਪੁੱਤਰ ਅਮਰੀਕ ਸਿੰਘ ਨਿਵਾਸੀ ਲੱਖਪੁਰ ਦੇ ਦੱਸਿਆ। ਪੁਲਸ ਨੇ ਕਥਿਤ ਦੋਸ਼ੀ ਦੇ ਖਿਲਾਫ ਮੁਕੱਦਮਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਨਸ਼ੇ ਦੇ ਖਾਤਮੇ ਲਈ ਵਾਰਡ ਪੱਧਰ 'ਤੇ ਬਣਨਗੀਆਂ ਕਮੇਟੀਆਂ : ਮੋਹਿੰਦਰ ਭਗਤ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**

ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਵੱਲੋਂ ਹਲਕਾ ਜਲੰਧਰ ਪੱਛਮੀ ਦੇ ਆਮ ਆਦਮੀ ਪਾਰਟੀ ਦੇ ਅਹੁਦੇਦਾਰਾਂ ਅਤੇ ਵਰਕਰਾਂ ਨਾਲ ਬਸਤੀ ਨੌ ਸਥਿਤ ਆਪਣੇ ਦਫ਼ਤਰ ਵਿਖੇ ਮੀਟਿੰਗ ਕੀਤੀ ਗਈ।ਮੀਟਿੰਗ ਦਾ ਮੁੱਖ ਉਦੇਸ਼ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ 'ਪਿੰਡ ਸੁਰੱਖਿਆ ਕਮੇਟੀਆਂ' ਦੀ ਤਰਜ਼ 'ਤੇ ਸ਼ਹਿਰਾਂ ਵਿੱਚ ਵੀ ਵਾਰਡ ਪੱਧਰ 'ਤੇ ਅਜਿਹੀਆਂ ਕਮੇਟੀਆਂ ਦਾ ਗਠਨ ਕਰਨਾ ਸੀ।ਇਸ ਮੌਕੇ ਆਪਣੇ ਸੰਬੋਧਨ ਵਿੱਚ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਦ੍ਰਿੜ੍ਹ ਸੰਕਲਪ ਹੈ ਅਤੇ ਸਰਕਾਰ ਨੇ 31 ਮਈ ਤੱਕ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀ ਡੈੱਡ ਲਾਈਨ ਨਿਰਧਾਰਤ ਕੀਤੀ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਨੂੰ ਨਸ਼ਾ ਮੁਕਤ ਦੇਖਣਾ ਚਾਹੁੰਦੇ ਹਨ, ਜਿਸ ਦੇ ਲਈ ਪਿੰਡਾਂ ਦੇ ਪਹਿਰੇਦਾਰ ਵਜੋਂ ਪਿੰਡ ਸੁਰੱਖਿਆ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ।ਸ਼੍ਰੀ ਭਗਤ ਨੇ ਕਿਹਾ ਕਿ ਇਹੀ ਮਾਡਲ ਸ਼ਹਿਰੀ ਖੇਤਰਾਂ ਵਿੱਚ ਵੀ ਲਾਗੂ ਕਰਦੇ ਹੋਏ ਵਾਰਡ ਪੱਧਰ 'ਤੇ ਕਮੇਟੀਆਂ ਬਣਾਈਆਂ ਜਾਣਗੀਆਂ, ਤਾਂ ਜੋ ਹਰ ਉਸ ਵਿਅਕਤੀ 'ਤੇ ਨਜ਼ਰ ਰੱਖੀ ਜਾ ਸਕੇ ਜੋ ਨਸ਼ਾ ਵੇਚਦਾ ਜਾਂ ਵਰਤਦਾ ਹੈ। ਉਨ੍ਹਾਂ ਕਿਹਾ ਕਿ ਨਸ਼ਾ ਵੇਚਣ ਵਾਲਿਆਂ ਨੂੰ ਜੇਲ੍ਹਾਂ 'ਚ ਪਹੁੰਚਾਇਆ ਜਾਵੇਗਾ ਅਤੇ ਨਸ਼ਾ ਕਰਨ ਵਾਲਿਆਂ ਨੂੰ ਢੁੱਕਵੇਂ ਇਲਾਜ ਲਈ ਨਸ਼ਾ ਛੁਡਾਊ ਕੇਂਦਰ ਭੇਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਅਸੀਂ ਹਰ ਹਾਲਤ ਵਿੱਚ 31 ਮਈ ਤੱਕ ਪੰਜਾਬ ਨੂੰ ਨਸ਼ਾ ਮੁਕਤ ਕਰਨਾ ਹੈ।ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਇਹ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਜਿਸ ਵੀ ਥਾਣਾ ਖੇਤਰ 'ਚ ਨਸ਼ਾ ਵੇਚਣ ਦੀ ਸੂਚਨਾ ਮਿਲੇਗੀ, ਉਸ ਇਲਾਕੇ ਦਾ ਥਾਣਾ ਇੰਚਾਰਜ ਜਵਾਬਦੇਹ ਹੋਵੇਗਾ ਅਤੇ ਉਸ 'ਤੇ ਸਖ਼ਤ



ਕਾਰਵਾਈ ਕੀਤੀ ਜਾਵੇਗੀ।ਕੈਬਨਿਟ ਮੰਤਰੀ ਨੇ ਨਸ਼ਿਆਂ ਖਿਲਾਫ਼ ਵਿੱਚ ਜੰਗ ਵਿੱਚ ਸਭ ਨੂੰ ਇਮਾਨਦਾਰੀ ਨਾਲ ਜੁਟਣ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਸਾਥ ਦੇਣ ਦੀ ਅਪੀਲ ਕੀਤੀ।ਇਸ ਮੌਕੇ ਯੂਥ ਪ੍ਰਧਾਨ ਰੁਬਲ ਸੰਧੂ, ਪੰਜਾਬ ਖਾਦੀ ਗ੍ਰਾਮ ਉਦਯੋਗ ਬੋਰਡ ਦੇ ਉਪ ਚੇਅਰਮੈਨ ਪਵਨ ਹੰਸ, ਕੌਂਸਲਰ ਰੋਮੀ ਵਧਵਾ, ਜਲੰਧਰ ਪੱਛਮੀ ਇੰਚਾਰਜ ਕਮਲ ਲੋਚ, ਸੰਜੀਵ ਭਗਤ, ਗੁਰਨਾਮ ਸਿੰਘ, ਗੌਰਵ ਜੰਗ, ਸੁਖਵਿੰਦਰ ਸਿੰਘ ਅਤੇ ਆਮ ਆਦਮੀ ਪਾਰਟੀ ਦੇ ਹੋਰ ਵਰਕਰ ਵੀ ਮੌਜੂਦ ਸਨ।

# ਕਾਂਗਰਸ ਸਰਕਾਰ ਦੇ ਬਣਾਏ ਸਮਾਰਟ ਸਕੂਲਾਂ ਚ ਫੀਤੇ ਕੱਟ ਕੇ ਸੁਰਖੀਆਂ ਬਟੋਰ ਰਹੇ 'ਆਪ' ਦੇ ਲੀਡਰ : ਧਾਲੀਵਾਲ

**ਫਗਵਾੜਾ (ਡਾ. ਰਮਨ, ਢੱਡਾ)**

ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਫਗਵਾੜਾ ਤੋਂ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਪੰਜਾਬ ਸਰਕਾਰ ਦੀ ਸਿੱਖਿਆ ਕ੍ਰਾਂਤੀ ਨੂੰ ਫਰਜ਼ੀ ਅਤੇ ਦਿਖਾਵਾ ਕਰਾਰ ਦਿੰਦਿਆਂ ਕਿਹਾ ਕਿ ਸਿੱਖਿਆ ਕ੍ਰਾਂਤੀ ਦੇ ਨਾਂਅ 'ਤੇ ਭਗਵੰਤ ਮਾਨ ਸਰਕਾਰ ਦੇ ਮੰਤਰੀ, ਸੰਸਦ ਮੈਂਬਰ, ਵਿਧਾਇਕ ਅਤੇ ਪਾਰਟੀ ਆਗੂ ਕਾਂਗਰਸ ਪਾਰਟੀ ਦੇ ਰਾਜ ਦੌਰਾਨ ਸਰਕਾਰੀ ਸਕੂਲਾਂ 'ਚ ਹੋਏ ਵਿਕਾਸ ਕਾਰਜਾਂ ਦੇ ਫੀਤੇ ਕੱਟ ਕੇ ਨਾ ਸਿਰਫ ਸਿੱਖਿਆ ਕ੍ਰਾਂਤੀ ਦੇ ਝੂਠੇ ਦਾਅਵੇ ਕਰ ਰਹੇ ਹਨ ਸਗੋਂ ਜਨਤਾ ਦੀਆਂ ਅੱਖਾਂ 'ਚ ਘੱਟਾ ਵੀ ਪਾ ਰਹੇ ਹਨ। ਧਾਲੀਵਾਲ ਨੇ 'ਆਪ' ਸਰਕਾਰ ਵੱਲੋਂ ਸਕੂਲੀ ਵਿਕਾਸ ਅਤੇ ਉਦਘਾਟਨਾਂ ਨੂੰ ਪਬਲੀਸਿਟੀ ਸਟੰਟ ਦੱਸਿਆ ਅਤੇ ਕਿਹਾ ਕਿ ਫੋਕੀ ਸ਼ੋਹਰਤ ਦੇ ਲਾਲਚ 'ਚ ਹਰੇਕ ਪ੍ਰੋਗਰਾਮ ਦੇ ਆਯੋਜਨ ਲਈ ਅਧਿਆਪਕਾਂ ਦੀਆਂ ਜੇਬਾਂ ਵਿੱਚੋਂ 15,000 ਤੋਂ 20,000 ਰੁਪਏ ਖਰਚ ਕਰਵਾਏ ਜਾ ਰਹੇ ਹਨ। ਜੋ ਕਿ ਖਾਸ ਕਰਕੇ ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹਾਉਣ ਵਾਲੇ ਅਧਿਆਪਕਾਂ ਦੀਆਂ ਜੇਬਾਂ 'ਤੇ ਡਾਕਾ ਹੈ। ਉਨ੍ਹਾਂ ਕਿਹਾ ਕਿ ਫਗਵਾੜਾ ਦੇ ਪੁਰਾਣੇ ਡਾਕਖਾਨਾ ਰੋਡ ਸਥਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਅਤੇ ਸਰਕਾਰੀ ਐਲੀਮੈਂਟਰੀ ਸਕੂਲ ਚਾਚੋਕੀ ਤੇ ਖੇੜਾ ਰੋਡ ਸਮੇਤ ਬਹੁਤ ਸਾਰੇ ਸਕੂਲ ਹਨ, ਜਿੱਥੇ ਭਗਵੰਤ ਮਾਨ ਸਰਕਾਰ ਨੇ ਸਕੂਲਾਂ ਦੇ ਵਿਕਾਸ 'ਤੇ ਇੱਕ ਪੈਸਾ ਵੀ ਖਰਚ ਨਹੀਂ ਕੀਤਾ । ਕਈ ਸਾਲ ਪਹਿਲਾਂ ਕਾਂਗਰਸ ਸਰਕਾਰ ਵੱਲੋਂ ਬਣਾਏ ਗਏ ਕਮਰਿਆਂ ਦੇ ਸਾਹਮਣੇ ਨਵੇਂ ਪੱਥਰ ਰੱਖ ਕੇ ਉਦਘਾਟਨ ਕੀਤੇ ਜਾ ਰਹੇ ਹਨ, ਜੋ ਹਾਸੋਹੀਣੀ ਗੱਲ ਹੈ। ਬਿਹਤਰ ਹੁੰਦਾ ਜੇਕਰ ਸਰਕਾਰ ਸਿੱਖਿਆ ਕ੍ਰਾਂਤੀ ਦੇ ਨਾਂਅ 'ਤੇ ਸਕੂਲਾਂ ਨੂੰ ਗ੍ਰਾਂਟਾਂ ਜਾਰੀ ਕਰਦੀ। ਬੱਚਿਆਂ ਨੂੰ ਵਰਦੀਆਂ, ਕਿਤਾਬਾਂ ਅਤੇ ਹੋਰ ਜ਼ਰੂਰੀ ਸਮੱਗਰੀ ਪ੍ਰਦਾਨ ਕੀਤੀ ਜਾਂਦੀ। ਮਿਡ-ਡੇਅ ਮੀਲ ਦੇ ਪ੍ਰਬੰਧਨ ਵਿੱਚ ਸੁਧਾਰ ਕੀਤਾ ਜਾਂਦਾ। ਵਿਦਿਆਰਥੀਆਂ ਅਤੇ ਸਟਾਫ ਦੀ ਸਹੂਲਤ ਲਈ, ਡਿਜੀਟਲ ਬਲੈਕ ਬੋਰਡ, ਵਧੀਆ ਫਰਨੀਚਰ ਆਦਿ 'ਤੇ ਪੈਸਾ ਖਰਚ ਕੀਤਾ ਜਾਂਦਾ ਅਤੇ ਸਿੱਖਿਆ ਦੇ ਨਾਂਅ 'ਤੇ ਕਾਰੋਬਾਰ ਕਰਨ ਵਾਲੇ ਨਿੱਜੀ ਸਕੂਲਾਂ ਦੀ ਲੁੱਟ ਨੂੰ ਰੋਕਿਆ ਜਾਂਦਾ ਤਾਂ ਕੋਈ ਗੱਲ ਬਣਦੀ ਸੀ। ਧਾਲੀਵਾਲ ਨੇ ਕਿਹਾ ਮੌਜੂਦਾ ਰਾਜ ਵਿਚ ਤਾਂ ਪ੍ਰਵਾਸੀ ਭਾਰਤੀ ਪੰਜਾਬ ਦੇ ਪੇਂਡੂ ਵਿਕਾਸ ਅਤੇ ਸਕੂਲਾਂ ਲਈ ਗ੍ਰਾਂਟਾਂ ਭੇਜ ਰਹੇ ਹਨ। ਵਰਦੀਆਂ, ਖੇਡਾਂ ਦਾ ਸਾਮਾਨ, ਬੂਟ, ਮੌਜ਼ੇ ਅਤੇ ਸਟੇਸ਼ਨਰੀ ਆਦਿ ਸਮਾਜ ਸੇਵੀ ਸੰਸਥਾਵਾਂ ਵੱਲੋਂ ਮੁਹੱਈਆ ਕਰਵਾਏ ਜਾ ਰਹੇ ਹਨ। ਪੰਜਾਬ ਦੇ ਖ਼ਜ਼ਾਨੇ ਦਾ ਪੈਸਾ ਅਰਵਿੰਦ ਕੇਜਰੀਵਾਲ ਦੀ ਮਹਿਮਾਨ ਨਿਵਾਜ਼ੀ 'ਤੇ ਖਰਚ ਕੀਤਾ ਜਾ ਰਿਹਾ ਹੈ।

# ਸਿੱਖਿਆ ਮੰਤਰੀ ਦੇ ਹਲਕੇ 'ਚ ਝੰਡਾ ਮਾਰਚ 10 ਨੂੰ



**ਮਹਿਤਪੁਰ (ਰਾਜਾ)**

ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਜ਼ਿਲ੍ਹਾ ਕਨਵੀਨਰ ਸੁਰਿੰਦਰ ਕੁਮਾਰ ਪੁਆਰੀ, ਨਵਪ੍ਰੀਤ ਬੱਲੀ, ਕਰਨੈਲ ਫਿਲੌਰ ਦੀ ਅਗਵਾਈ ਹੇਠ ਸਿੱਖਿਆ ਮੰਤਰੀ ਪੰਜਾਬ ਦਾ ਪੁਤਲਾ ਫੂਕਿਆ ਗਿਆ ਅਤੇ ਸਾਂਝੇ ਬਿਆਨ ਰਾਹੀਂ ਪੰਜਾਬ ਸਰਕਾਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਇੰਦਵਾਲ ਜ਼ਿਲ੍ਹਾ ਤਰਨ ਤਾਰਨ ਦੇ ਸਕੂਲ ਵਿੱਚ ਸਿੱਖਿਆ ਕ੍ਰਾਂਤੀ ਸਮਾਗਮ ਤਹਿਤ ਸਕੂਲ ਵਿੱਚ ਮਾੜਾ ਮੋਟਾ ਕੰਮ ਕਰ ਰਹੇ ਬੱਚਿਆਂ ਦੀ ਆੜ ਹੇਠ ਸਕੂਲ ਮੁਖੀ ਨੂੰ ਮੁਅੱਤਲ ਕਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਹੈ । ਆਗੂਆਂ ਨੇ ਕਿਹਾ ਕਿ ਸਕੂਲ ਵਿੱਚ ਸਮਾਗਮ ਦੌਰਾਨ ਕਈ ਵਾਰ ਬੱਚਿਆਂ ਤੋਂ ਆਓ ਭਗਤ ਕਰਾਈ ਜਾਂਦੀ ਹੈ।ਸਾਂਝੇ ਅਧਿਆਪਕ ਮੋਰਚੇ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਇੰਦਵਾਲ ਦੇ ਪ੍ਰਿੰਸੀਪਲ ਗੁਰਪ੍ਰਤਾਪ ਸਿੰਘ ਨੂੰ ਤੁਰੰਤ ਬਹਾਲ ਕਰਨ ਦੀ ਮੰਗ ਕੀਤੀ ਗਈ। ਇਸ ਤੋਂ ਇਲਾਵਾ ਆਗੂਆਂ ਨੇ ਦੱਸਿਆ ਕਿ ਸਿੱਖਿਆ ਕ੍ਰਾਂਤੀ ਸਮਾਗਮਾਂ ਲਈ ਵਿਭਾਗ ਵੱਲੋਂ ਹਾਲੇ ਤੱਕ ਕੋਈ ਗਰਾਂਟ ਜਾਰੀ ਨਹੀਂ ਕੀਤੀ ਗਈ। ਸਰਕਾਰ ਵੱਲੋਂ ਅਧਿਆਪਕਾਂ ਨੂੰ ਝੂਠੀ ਸਿੱਖਿਆ ਕ੍ਰਾਂਤੀ ਦੇ ਸਮਾਗਮ ਕਰਵਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ।ਇਸ ਮੌਕੇ ਕੰਵਲਜੀਤ ਸਿੰਘ ਸੰਗੋਵਾਲ, ਸੁਖਵਿੰਦਰ ਸਿੰਘ ਮੱਕੜ, ਸੁਖਚਰਨ ਕੁਮਾਰ, ਜਗਵਿੰਦਰ ਸਿੰਘ, ਤੀਰਥ ਸਿੰਘ ਬਾਸੀ, ਮੰਗਤ ਸਿੰਘ, ਸੁਵਿੰਦਰ ਗਿੱਲ, ਮੀਨਾਕਸ਼ੀ, ਬਲਜੀਤ ਸਿੰਘ ਕੁਲਾਰ, ਵੇਦ ਰਾਜ, ਗੁਰਮੇਲ ਸਿੰਘ ਕੁਲਰੀਆਂ, ਨਿਰਮੋਲਕ ਸਿੰਘ ਹੀਰਾ, ਗੁਰਿੰਦਰ ਸਿੰਘ, ਕਮਲਦੇਵ, ਬਖਸ਼ੀ ਰਾਮ, ਲੇਖ ਰਾਜ ਪੰਜਾਬੀ, ਰਾਕੇਸ਼ ਕੁਮਾਰ, ਪਰਮਜੀਤ ਫਿਲੌਰ, ਮਨਿੰਦਰ ਸਿੰਘ, ਲਖਵੀਰ ਪਾਸਲਾ ਰਾਜਵਿੰਦਰ ਕੌਰ, ਸੋਨੀਆ, ਮੋਨਿਕਾ ਸ਼ਰਮਾ, ਅਨੀਤਾ ਰਾਣੀ ਜਮਸ਼ੇਰ, ਪੰਕਜ ਕੁਮਾਰ, ਰਸ਼ਮਿੰਦਰ ਸੋਨੂ ਸਰਵਰਜਬੀਰ ਕੌਰ, ਕੁਲਵੰਤ ਕੌਰ ਲਾਂਬੜੀ ਪੂਨਮ ਰਾਣੀ ਰਮਨ ਗੁਪਤਾ, ਅਸ਼ੋਕ ਕੁਮਾਰ ਮਹਿਮੀ, ਭੁਵਨੇਸ਼ ਬਾਲੀ, ਬਲਵੀਰ ਕੁਮਾਰ, ਵਿਜੇ ਕੁਮਾਰ, ਅਸ਼ਵਨੀ ਕੁਮਾਰ ਤੇਜਿੰਦਰ ਕੁਮਾਰ ਆਦਿ ਆਗੂ ਹਾਜ਼ਰ ਸਨ, ਉਹਨਾਂ ਪੰਜਾਬ ਸਰਕਾਰ ਅਤੇ ਸਿੱਖਿਆ ਮੰਤਰੀ ਦੇ ਅਧਿਆਪਕ ਮਸਲਿਆਂ ਪ੍ਰਤੀ ਅੜੀਅਲ ਵਤੀਰਾ ਅਪਣਾਉਣ ਵਿਰੁੱਧ 10 ਮਈ ਨੂੰ ਸਿੱਖਿਆ ਮੰਤਰੀ ਦੇ ਹਲਕੇ ਵਿੱਚ ਝੰਡਾ ਮਾਰਚ ਵਿੱਚ ਅਧਿਆਪਕ ਅਤੇ ਅਧਿਆਪਕ ਜਥੇਬੰਦੀਆਂ ਨੂੰ ਸ਼ਾਮਲ ਹੋਣ ਦੀ ਅਪੀਲ ਕੀਤੀ।

# ਭੱਠਾ ਮਾਲਕਾਂ ਤੇ ਭੱਠਾ ਮਜ਼ਦੂਰਾਂ 'ਚ ਮਜ਼ਦੂਰੀ ਦੇ ਨਵੇਂ ਰੇਟਾਂ 'ਤੇ ਸਮਝੌਤਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਇੱਥੇ ਨਵਾਂਸ਼ਹਿਰ ਵਿਖੇ ਭੱਠਾ ਮਾਲਕ ਐਸੋਸੀਏਸ਼ਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਤੇ ਭੱਠਾ ਵਰਕਰ ਯੂਨੀਅਨ (ਇਫਟੂ) ਦੇ ਨੁਮਾਇੰਦਿਆਂ ਵਿਚਕਾਰ ਹੋਈ ਗੱਲਬਾਤ ਵਿੱਚ ਭੱਠਾ ਮਜ਼ਦੂਰੀ ਦੇ ਨਵੇਂ ਰੇਟ ਲਾਗੂ ਕਰਨ ਲਈ ਸਮਝੌਤਾ ਹੋ ਗਿਆ।ਸਮਝੌਤੇ ਅਨੁਸਾਰ ਪਥੇਰ ਨੂੰ ਮੋਟੀ ਇੱਟ ਦਾ ਸਰਦੀਆਂ ਦਾ ਰੇਟ (1.9.24 ਤੋਂ 28.2.25 ਤੱਕ) 934 ਰੁਪਏ ਪ੍ਰਤੀ ਹਜ਼ਾਰ,ਟਾਈਲ ਇੱਟ ਦਾ ਸਰਦੀਆਂ ਦਾ ਰੇਟ ਪ੍ਰਤੀ ਹਜ਼ਾਰ ਇੱਟ 974 ਰੁਪਏ ਦਿੱਤਾ ਜਾਵੇਗਾ।ਇਸੇ ਤਰ੍ਹਾਂ ਮੋਟੀ ਇੱਟ ਦਾ ਗਰਮੀਆਂ ਦਾ ਰੇਟ (1.3.25 ਤੋਂ 30.6.25 ਤੱਕ) 967 ਰੁਪਏ ਪ੍ਰਤੀ ਹਜ਼ਾਰ, ਟਾਈਲ ਇੱਟ ਗਰਮੀਆਂ ਦਾ ਰੇਟ 1007 ਰੁਪਏ ਪ੍ਰਤੀ ਹਜ਼ਾਰ ਦੇਣ ਦਾ ਫੈਸਲਾ ਹੋਇਆ।ਜਮਾਦਾਰੀ 40 ਰੁਪਏ, ਨਿਕਾਸੀ ਵਾਲੇ ਨੂੰ 236 ਰੁਪਏ ਪ੍ਰਤੀ ਹਜ਼ਾਰ ਇੱਟ, ਕੇਰੀ ਵਾਲੇ ਨੂੰ 78 ਰੁਪਏ ਪ੍ਰਤੀ ਹਜ਼ਾਰ ਇੱਟ ਦੇਣ ਦਾ ਫੈਸਲਾ ਹੋਇਆ।ਬੇਲਦਾਰ ਦੀ ਮਾਸਿਕ ਤਨਖਾਹ 19500 ਰੁਪਏ, ਹੈਲਪਰ ਬੇਲਦਾਰ 17100 ਰੁਪਏ ਮਾਸਿਕ, ਜਲਾਈ ਵਾਲਾ ਮਿਸਤਰੀ ਨੂੰ 19500 ਰੁਪਏ ਮਾਸਿਕ, ਜਲਾਈ ਵਾਲਾ 19400 ਰੁਪਏ ਮਾਸਿਕ, ਕੋਲੇ ਵਾਲੇ ਨੂੰ 17300 ਰੁਪਏ, ਮੁਣਸ਼ੀ ਨੂੰ 14000 ਮਾਸਿਕ, ਚੌਕੀਦਾਰ ਨੂੰ 12000 ਰੁਪਏ ਮਾਸਿਕ



ਤਨਖਾਹ ਦਿੱਤੀ ਜਾਵੇਗੀ।ਬਿਜਲੀ ਦਾ ਪ੍ਰਬੰਧ ਭੱਠਾ ਮਾਲਕ ਕਰੇਗਾ ਅਤੇ ਹਿਸਾਬ ਕੰਮ ਖਤਮ ਹੋਣ ਦੇ 30 ਦਿਨਾਂ ਦੇ ਅੰਦਰ ਕੀਤਾ ਜਾਵੇਗਾ।ਇਸ ਗੱਲਬਾਤ ਵਿਚ ਭੱਠਾ ਮਾਲਕ ਐਸੋਸੀਏਸ਼ਨ ਵਲੋਂ ਜ਼ਿਲ੍ਹਾ ਪ੍ਰਧਾਨ ਅਸ਼ੋਕ ਕੁਮਾਰ, ਸੈਕਟਰੀ ਪਵਨ ਭੱਲਾ, ਮਨਪ੍ਰੀਤ ਸਿੰਘ, ਰੋਹਿਤ ਚੋਪੜਾ, ਸੰਜੂ ਕੁਮਾਰ ਅਤੇ ਭੱਠਾ ਵਰਕਰ ਯੂਨੀਅਨ (ਇਫਟੂ) ਵਲੋਂ ਅਵਤਾਰ ਸਿੰਘ ਤਾਰੀ, ਗੁਰਦਿਆਲ ਰੱਕੜ ਜ਼ਿਲ੍ਹਾ ਪ੍ਰਧਾਨ ਅਤੇ ਜਗੀਰਾ ਬੈਂਸ ਸ਼ਾਮਲ ਹੋਏ।

# ਸਰਕਾਰੀ ਹਾਈ ਸਮਾਰਟ ਸਕੂਲ ਅੱਪਰਾ ਵਿਖੇ ਨਵੀਂਆਂ ਬਣੀਆਂ ਇਮਾਰਤਾਂ ਦਾ ਉਦਘਾਟਨ



**ਅੱਪਰਾ (ਨਿਰਮਲ ਗੁੜਾ)**

ਸਰਕਾਰੀ ਹਾਈ ਸਮਾਰਟ ਸਕੂਲ ਅੱਪਰਾ ਵਿਖੇ ਸਰਕਾਰੀ ਗ੍ਰਾਂਟਾਂ ਦੀ ਮਦਦ ਨਾਲ ਬਣੀਆਂ ਇਮਾਰਤਾਂ ਦਾ ਉਦਘਾਟਨ ਸਮਾਜ ਸੇਵਕ ਪ੍ਰਿੰਸੀਪਲ ਪ੍ਰੇਮ ਕੁਮਾਰ ਹਲਕਾ ਇੰਚਾਰਜ ਆਮ ਆਦਮੀ ਪਾਰਟੀ ਫਿਲੌਰ ਨੇ ਆਪਣੇ ਕਰ ਕਮਲਾ ਨਾਲ ਕੀਤਾ। ਇਸ ਮੌਕੇ ਵਿਸ਼ੇਸ਼ ਮਹਿਮਾਨ ਅਮਰੀਕ ਸਿੰਘ ਸਹੋਤਾ ਯੂਐਸਏ ਵਿਸ਼ੇਸ਼ ਤੌਰ ਤੇ ਪੁੱਜੇ। ਜਾਣਕਾਰੀ ਦਿੰਦਿਆਂ ਸਕੂਲ ਮੁਖੀ ਮਾ. ਜਸਪਾਲ ਸੰਧੂ ਨੇ ਦੱਸਿਆ ਕਿ ਤਕਰੀਬਨ 3250000 ਰੁਪਏ ਦੇ ਨਾਲ ਉਸਾਰੀ ਲਾਈਬਰੇਰੀ, ਸਾਇੰਸ ਲੈਬ, ਜਮਾਤ ਕਮਰਾ, ਚਾਰਦਵਾਰੀ ਅਤੇ ਬਾਥਰੂਮ ਦਾ ਉਦਘਾਟਨ ਕੀਤਾ ਗਿਆ ਹੈ। ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਕਿਹਾ ਕਿ ਸਰਕਾਰ ਦਾ ਪਹਿਲਾ ਏਜੰਡਾ ਸੂਬਾ ਵਾਸੀਆਂ ਨੂੰ ਮਿਆਰੀ ਵਿਦਿਆ ਦੇਣਾ ਹੈ, ਜਿਸ ਵਾਸਤੇ ਸਰਕਾਰ ਕੋਲ ਪੈਸੇ ਦੀ ਕੋਈ ਕਮੀ ਨਹੀਂ ਹੈ। ਇਸ ਮੌਕੇ ਵਿਦਿਆਰਥੀਆਂ ਨੇ ਦੇਸ਼ ਭਗਤੀ ਅਤੇ ਸੱਭਿਆਚਾਰਕ ਗੀਤਾਂ ਤੇ ਪੇਸ਼ਕਾਰੀਆਂ ਕਰਕੇ ਸਰੋਤਿਆਂ ਨੂੰ ਝੂਮਣ ਲਈ ਮਜਬੂਰ ਕਰ ਦਿੱਤਾ। ਸਕੂਲ ਮਾਸਟਰ ਜਸਪਾਲ ਸੰਧੂ ਨੇ ਪੰਜਾਬ ਸਰਕਾਰ ਅਤੇ ਐਨ ਆਰ ਆਈ ਵੀਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਰਕੇਸ਼ ਕੁਮਾਰ ਬੱਬੂ ਆਸਟਰੇਲੀਆ ਵਾਲਿਆਂ ਨੇ ਸਕੂਲ ਦੀ ਸਾਇੰਸ ਲੈਬ ਵਾਸਤੇ ਲਗਭਗ 50 ਹਜਾਰ ਰੁਪਏ ਦੀ ਟੈਲੀਸਕੋਪ ਕਮ ਮਾਈਕਰੋਸਕੋਪ ਦਾਨ ਕੀਤੀ। ਸਲਾਨਾ ਨਤੀਜੇ ਵਿੱਚ ਮੱਲਾਂ ਮਾਰਨ ਵਾਲੇ ਬੱਚਿਆਂ ਨੂੰ ਆਏ ਮਹਿਮਾਨਾਂ ਨੇ ਵਿਸ਼ੇਸ਼ ਤੌਰ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਸਮਾਗਮ ਵਿੱਚ ਅਮਰੀਕ ਸਿੰਘ ਸਹੋਤਾ ਯੂਐਸਏ, ਸਰਪੰਚ ਵਿਨੇ ਕੁਮਾਰ ਬੰਗੜ ਅਪਰਾ, ਰਕੇਸ਼ ਕੁਮਾਰ ਬੱਬੂ ਆਸਟਰੇਲੀਆ, ਚੇਅਰਮੈਨ ਕਮਲ ਕੁਮਾਰ, ਸੰਤ ਆਤਮਾ ਦਾਸ, ਬਲਵਿੰਦਰ ਕੌਰ ਨੰਬਰਦਾਰ ਚੱਕ ਸਾਬੂ, ਰਚਨਾ ਦੇਵੀ ਸਾਬਕਾ ਸਰਪੰਚ ਚੱਕ ਸਾਬੂ, ਜਗਤ ਰਾਮ ਭੱਟੀ, ਮਾ ਬੂਟਾ ਮਸਾਣੀ, ਬਲਵੀਰ ਸ਼ੋਕਰ, ਤਜਿੰਦਰ ਲਾਲੀ ਅੱਪਰਾ, ਅਮਰਜੀਤ ਸਿੰਘ, ਮੋਹਨ ਲਾਲ ਮੈਂਬਰ ਪੰਚਾਇਤ, ਸਤਨਾਮ ਸਿੰਘ ਜੱਜਾ ਖੁਰਦ, ਮਨਦੀਪ ਸਿੰਘ ਮਾਨ, ਸ਼ਰਨਜੀਤ ਸਿੰਘ, ਅਰਵਿੰਦਰ ਸਿੰਘ, ਹਰਜੀਤ ਸਿੰਘ, ਨੈਨਸੀ ਰਾਣੀ, ਨੀਰੂ ਬਾਲਾ, ਰਮਨਦੀਪ ਕੌਰ ਕੈਂਥ, ਪ੍ਰੋਮਿਲਾ ਦੇਵੀ ਅਤੇ ਗੁਰਨਾਮ ਸਿੰਘ ਆਦੀ ਹਾਜਰ ਸਨ।

# ਭੁੰਗਰਨੀ ਵਿਖੇ ਸਾਲਾਨਾ ਭਗਵਤੀ ਜਾਗਰਣ ਸੰਬਧੀ ਮੀਟਿੰਗ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਭੁੰਗਰਨੀ ਵਿਖੇ ਭੁੰਗਰਨੀ ਧਾਰਮਿਕ ਕਮੇਟੀ ਵੱਲੋਂ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਲਾਨਾ ਵਿਸ਼ਾਲ ਭਗਵਤੀ ਜਾਗਰਣ 10 ਮਈ ਨੂੰ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ।ਇਸ ਮੌਕੇ ਕਮੇਟੀ ਪ੍ਰਧਾਨ ਰਾਜ ਕੁਮਾਰ ਭੁੰਗਰਨੀ, ਡਾਕਟਰ ਪਵਨ ਕੁਮਾਰ, ਮਾਸਟਰ ਹਰਪ੍ਰੀਤ ਸਿੰਘ ਭੁੰਗਰਨੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਾਲਾਨਾ ਵਿਸ਼ਾਲ ਭਗਵਤੀ ਜਾਗਰਣ ਸੰਬੰਧੀ ਸਮੂਹ ਮੈਂਬਰਾਂ ਵੱਲੋਂ ਮੀਟਿੰਗ ਕੀਤੀ ਗਈ।ਜਿਸ ਵਿਚ ਮੈਂਬਰਾਂ ਵੱਲੋਂ ਵਿਸ਼ਾਲ ਭਗਵਤੀ ਜਾਗਰਣ ਸੰਬੰਧੀ ਵਿਚਾਰਾ ਕੀਤੀਆ ਗਈਆ।ਇਸ ਮੌਕੇ ਕਮੇਟੀ ਪ੍ਰਧਾਨ ਰਾਜ ਕੁਮਾਰ ਭੁੰਗਰਨੀ ਨੇ ਦੱਸਿਆ ਕਿ ਸਾਲਾਨਾ ਵਿਸ਼ਾਲ ਭਗਵਤੀ ਜਾਗਰਣ 10 ਮਈ ਨੂੰ ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਪੰਜਾਬ ਦੇ ਨਾਮਵਰ ਕਲਾਕਾਰ ਸਾਰੀ ਰਾਤ ਮਹਾਮਾਈ ਦੇ ਗੁਣਗਾਨ ਕਰਨਗੇ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਸਵਰਗਵਾਸੀ ਡਾਕਟਰ ਅਰਵਿੰਦ ਸ਼ਰਮਾ ਦਾ ਪਰਿਵਾਰ ਵਿਸ਼ਾਲ ਭਗਵਤੀ ਜਾਗਰਣ ਵਿੱਚ ਵਿਸ਼ੇਸ਼ ਸਹਿਯੋਗ ਦੇ ਰਿਹਾ ਹੈ। ਇਸ ਮੌਕੇ ਮੀਟਿੰਗ ਦੌਰਾਨ ਰਾਜ ਕੁਮਾਰ ਭੁੰਗਰਨੀ, ਮਾਸਟਰ ਹਰਪ੍ਰੀਤ ਸਿੰਘ, ਡਾਕਟਰ ਪਵਨ ਕੁਮਾਰ ਖਜਾਨਚੀ, ਮਾਸਟਰ ਪ੍ਰਦੀਪ ਕੁਮਾਰ, ਦਿਲਬਾਗ ਸਿੰਘ ਲੱਕੀ, ਤਿਲਕ ਰਾਜ, ਹਰਬੰਸ ਸਿੰਘ, ਅਮਰੀਕ ਸਿੰਘ, ਧਰਮਿੰਦਰ ਸਿੰਘ, ਭੁਪਿੰਦਰ ਸਿੰਘ ਭਿੰਦਾ, ਰਾਜ ਕੁਮਾਰ ਨੰਬਰਦਾਰ, ਸੁਰਜੀਤ ਕੁਮਾਰ, ਸੰਦੀਪ ਕੁਮਾਰ, ਦਰਸ਼ਨ ਰਾਮ, ਅਵਤਾਰ ਸਿੰਘ ਤਾਰੀ, ਅਮਰੀਕ ਸਿੰਘ ਖਾਲਸਾ, ਬਲਵੀਰ ਸਿੰਘ ਦੀਵਾਨਾ, ਲਖਵਿੰਦਰ ਸਿੰਘ ਲੱਕੀ ਪੰਚ ਆਦਿ ਹਾਜ਼ਰ ਸਨ।

# ਮਲੇਰੀਆ ਤੇ ਡੇਂਗੂ ਦੀ ਰੋਕਥਾਮ ਲਈ ਫੋਗਿੰਗ ਸਪਰੇਅ ਕੀਤੀ



**ਗੁਰਾਇਆ (ਬਿੰਦਰ ਸੁਮਨ)**

ਸਿਵਲ ਸਰਜਨ ਸਾਹਿਬ ਜਲੰਧਰ, ਜਿਨ੍ਹਾਂ ਐਪੀਡਮੋਲਾਜਿਸਟ ਡਾਕਟਰ ਅਦਿਤਿਆਂ ਦੇ ਹੁਕਮਾਂ ਅਨੁਸਾਰ ਗਰਾਮ ਪੰਚਾਇਤ ਰੁੜਕਾ ਕਲਾਂ ਅਤੇ ਵਾਈ ਐਫ ਸੀ ਰੁੜਕਾਂ ਕਲਾਂ ਦੇ ਸਹਿਯੋਗ ਨਾਲ ਜਗਤਾਰ ਸਿੰਘ ਇੰਸਪੈਕਟਰ ਦੀ ਅਗਵਾਈ ਹੇਠ ਪੈਂਦੇ ਪਿੰਡ ਰੁੜਕਾ ਕਲਾਂ ਅਧੀਨ ਪੀ ਐਚ ਸੀ ਜੰਡਿਆਲਾ ਵਿਖੇ ਪੈਰੀਥਰੰਮ ਦੀ ਦਵਾਈ ਦੀ ਫੋਗਿੰਗ ਸਪਰੇ ਕੀਤੀ ਗਈ ਜਿਸ ਦਾ ਮੱਕਸਦ ਆਉਣ ਵਾਲੇ ਦਿਨਾਂ ਵਿੱਚ ਮਲੇਰੀਆ ਅਤੇ ਡੇਂਗੂ ਦੀ ਬਿਮਾਰੀ ਤੋਂ ਲੋਕਾਂ ਨੂੰ ਬਚਾਇਆ ਜਾ ਸਕੇ।ਸਰਪੰਚ ਅਕਵਿੰਦਰ ਕੌਰ ਅਤੇ ਸਮੂਹ ਗ੍ਰਾਮ ਪੰਚਾਇਤ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਆਪਣੇ ਘਰਾਂ ਅਤੇ ਆਲੇ ਦੁਆਲੇ ਸਫਾਈ ਦਾ ਖਾਸ ਧਿਆਨ ਰੱਖਿਆ ਜਾਵੇ ਅਤੇ ਕੂਲਰਾਂ, ਫਰਿਜਾਂ ਗਮਲਿਆਂ ਅਤੇ ਟਾਇਰਾਂ ਵਿੱਚ ਪਾਣੀ ਨਾ ਖੜਾ ਹੋਣ ਦਿੱਤਾ ਜਾਵੇ ਤੇ ਹਰੇਕ ਸ਼ੁੱਕਰਵਾਰ ਨੂੰ ਡਰਾਈ ਡੇ ਵੱਲੋਂ ਮਨਾਇਆ ਜਾਵੇ।ਸਿਹਤ ਵਿਭਾਗ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਸਾਫ ਪਾਣੀ ਦੇ ਛੱਪੜਾਂ ਵਿੱਚ ਗੰਬੋਜੀਆ ਮੱਛੀਆਂ ਛੱਡੀਆਂ ਜਾਣਗੀਆਂ ਜੋ ਕਿ ਡੇਂਗੂ ਫੈਲਾਉਣ ਵਾਲੇ ਲਾਰਵਾ ਨੂੰ ਖਾਂਦੀਆਂ ਹਨ ਇਸ ਨਾਲ ਮੱਛਰਾਂ ਦੀ ਪੈਦਾਵਾਰ ਨੂੰ ਰੋਕਿਆ ਜਾਂਦਾ ਹੈ।

# ਤਹਿਸੀਲ ਦਫ਼ਤਰਾਂ 'ਚ ਅਫ਼ਸਰਸ਼ਾਹੀ 'ਤੇ ਸਖ਼ਤੀ, ਹੁਣ ਨਹੀਂ ਚੱਲੇਗੀ ਮਨਮਰਜ਼ੀ

**ਚੰਡੀਗੜ੍ਹ, (ਗੁਰਜੀਤ ਬਿੱਲਾ)**—ਤਹਿਸੀਲ ਦਫਤਰਾਂ ਵਿੱਚ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਗੈਰ ਹਾਜ਼ਰੀ ਰੋਕਣ ਅਤੇ ਆਮ ਲੋਕਾਂ ਦੀ ਖੱਜਲ ਖੁਆਰੀ ਖਤਮ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਵੱਡਾ ਫੈਸਲਾ ਲੈਂਦਿਆਂ ਸਰਕਾਰੀ ਦਫਤਰਾਂ ਵਿੱਚ ਸਵੇਰ 9 ਵਜੇ ਤੋਂ ਸ਼ਾਮ ਤੱਕ ਤਹਿਸੀਲਦਾਰਾਂ ਤੇ ਨਾਇਬ ਤਹਿਸੀਲਦਾਰਾਂ ਨੂੰ ਹਾਜ਼ਰ ਰਹਿਣ ਦੇ ਸਖਤ ਨਿਰਦੇਸ਼ ਦਿੱਤੇ ਗਏ ਹਨ।ਮਾਲ ਤੇ ਮੁੜ ਵਸੇਬਾ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਡਿਪਟੀ ਕਮਿਸ਼ਨਰਾਂ ਨੂੰ ਤਹਿਸੀਲ ਦਫਤਰਾਂ ਵਿੱਚ ਅਧਿਕਾਰੀਆਂ ਦੀ ਹਾਜ਼ਰੀ ਯਕੀਨੀ ਬਣਾਉਣ ਦੇ ਨਿਰਦੇਸ਼ ਦਿੰਦਿਆਂ ਤਹਿਸੀਲਦਾਰਾਂ, ਨਾਇਬ ਤਹਿਸੀਲਦਾਰਾਂ ਤੇ ਸਬ ਰਜਿਸਟਰਾਰਾਂ ਦੀ ਹਾਜ਼ਰੀ ਐਮ-ਸੇਵਾ ਐਪ ਰਾਹੀਂ ਲਗਾਉਣ ਲਈ ਆਖਿਆ ਹੈ। ਇਸ ਲਈ ਸਾਰੇ ਦਫਤਰਾਂ ਦੀ ਜੀ.ਪੀ.ਐਸ. ਲੋਕੇਸ਼ਨ ਮਾਲ ਵਿਭਾਗ ਨੂੰ ਪਹੁੰਚਦੀ ਕੀਤੀ ਜਾਵੇ। ਮੁੰਡੀਆਂ ਨੇ ਕਿਹਾ ਕਿ ਖਾਲੀ ਸਟੇਸ਼ਨਾਂ ਉਪਰ ਉਥੇ ਲੋੜੀਂਦੇ ਸਟਾਫ ਦੀ ਉਪਲੱਬਧਤਾ ਵਿੱਚੋਂ ਸੀਨੀਅਰਤਾ ਨੂੰ ਮੁੱਖ ਰੱਖ ਕੇ ਬਦਲਵੇਂ ਪ੍ਰਬੰਧ ਕੀਤੇ ਜਾਣ ਤਾਂ ਜੋ ਰਜਿਸਟ੍ਰੇਸ਼ਨ ਲਈ ਆਏ ਕਿਸੇ ਵੀ ਵਿਅਕਤੀ ਨੂੰ ਕੋਈ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਕਿਸੇ ਵੀ ਵਿਅਕਤੀ ਨੇ ਵੈਬਸਾਈਟ ਉਪਰ ਆਨਲਾਈਨ ਸਮਾਂ ਲਿਆ ਹੈ ਤਾਂ ਉਸ ਦੀ ਰਜਿਸਟ੍ਰੇਸ਼ਨ ਉਸੇ ਦਿਨ ਯਕੀਨੀ ਬਣਾਏ ਜਾਵੇ।ਮਾਲ ਵਿਭਾਗ ਵੱਲੋਂ ਜਾਰੀ ਕੀਤੇ ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਲਈ ਵਿੱਤ ਕਮਿਸ਼ਨਰ ਮਾਲ ਅਨੁਰਾਗ ਵਰਮਾ ਨੂੰ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਬਾਕਾਇਦਾ ਪੱਤਰ ਵੀ ਜਾਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮਨੋਰਥ ਹੈ ਕਿ ਆਮ ਲੋਕਾਂ ਨੂੰ ਵਸੀਕੇ ਰਜਿਸਟਰ ਕਰਵਾਉਣ ਵਿੱਚ ਕਿਸੇ ਵੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

# ਐੱਸ ਜੀ ਟੀ ਬੀ ਪਬਲਿਕ ਸਕੂਲ ਸਨੌਰਾ ਵਿਖੇ ਕੌਮਾਂਤਰੀ ਮਜ਼ਦੂਰ ਦਿਵਸ ਮਨਾਇਆ

**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**

ਐਸ ਜੀ ਟੀ ਬੀ ਪਬਲਿਕ ਸਕੂਲ, ਸਨੌਰਾ 'ਚ ਮਜ਼ਦੂਰ ਦਿਵਸ ਬੜੇ ਉਤਸਾਹ ਅਤੇ ਆਦਰ-ਸਨਮਾਨ ਨਾਲ ਮਨਾਇਆ ਗਿਆ। ਇਹ ਸਮਾਗਮ ਸਾਡੀ ਸੰਸਥਾ ਦੇ ਅਟੁੱਟ ਸਹਿਯੋਗੀ ਕਾਮਕਾਜੀ ਵਰਗ ਦੀ ਅਣਥੱਕ ਮਿਹਨਤ ਅਤੇ ਸਮਰਪਣ ਨੂੰ ਸਮਰਪਿਤ ਸੀ। ਇਸ ਮੌਕੇ ਦਾ ਮਕਸਦ ਵਿਦਿਆਰਥੀਆਂ 'ਚ ਮਿਹਨਤਕਸ ਵਰਗ ਲਈ ਸਤਿਕਾਰ ਅਤੇ ਸਵੈ ਮੁੱਲਾਂਦੀ ਭਾਵਨਾ ਨੂੰ ਉਭਾਰਨਾ ਸੀ, ਜੋ ਕਿ ਅਕਸਰ ਬਿਨਾਂ ਮਾਣ-ਸਨਮਾਨ ਦੇ ਆਪਣੇ ਕਰਤੱਵਾਂ ਨੂੰ ਨਿਭਾਉਂਦੇ ਹਨ। ਸਾਡਾ ਵਿਸ਼ਵਾਸ ਹੈ ਕਿ ਛੋਟੇ-ਛੋਟੇ ਦਇਆ ਦੇ ਕਾਰਜ ਹੀ ਸਮਾਜ ਵਿੱਚ ਵੱਡਾ ਪਰਿਵਰਤਨ ਲਿਆਉਂਦੇ ਹਨ, ਅਤੇ ਇਹ ਸਮਾਗਮ ਵੀ ਉਸੇ ਆਦਰਸ ਦੀ ਇੱਕ ਕਸੌਟੀ ਸੀ। ਵਿਦਿਆਰਥੀਆਂ ਨੇ ਆਪਣੀਆਂ ਭਾਵਨਾਵਾਂ ਡਰਾਈਵਰਾਂ, ਕੰਡਕਟਰਾਂ, ਚੌਕੀਦਾਰਾਂ ਅਤੇ ਸਫਾਈ ਕਰਮਚਾਰੀਆਂ ਵੱਲੋਂ ਕੀਤੀ ਜਾ ਰਹੀ ਅਮੂਲ ਮਿਹਨਤ ਲਈ ਕਵਿਤਾਵਾਂ, ਭਾਸਣਾਂ ਰਾਹੀਂ ਪ੍ਰਗਟ ਕੀਤੀਆਂ। ਉਨ੍ਹਾਂ ਵਲੋਂ ਗੀਤ, ਨਾਟਕ ਅਤੇ ਵਿਸ਼ੇਸ਼ ਪੇਸਕਾਰੀਆਂ ਰਾਹੀਂ 'ਮਿਹਨਤ ਦੀ ਇੱਜਤ' ਦਾ ਸੁਨੇਹਾ ਦਿੱਤਾ ਗਿਆ। ਵਿਦਿਆਰਥੀਆਂ ਵਲੋਂ ਸਹਿਯੋਗੀ ਸਟਾਫ ਨੂੰ ਉਪਹਾਰ ਭੇਟ ਕੀਤੇ ਗਏ ਅਤੇ ਨਿਵੇਦਨ ਪੂਰਵਕ ਰਿਫਰੈਸਮੈਂਟ ਵੀ ਪਰੋਸੀਆਂ ਗਈਆਂ। ਇਸ ਸਮਾਗਮ ਨੇ ਵਿਦਿਆਰਥੀਆਂ ਵਿੱਚ ਮਜ਼ਦੂਰ ਵਰਗ ਲਈ ਸਰੋਕਾਰ ਅਤੇ ਸਹਿਯੋਗ ਦੀ ਭਾਵਨਾ ਨੂੰ ਹੋਰ ਮਜ਼ਬੂਤ ਕੀਤਾ। ਮਿਹਨਤਕਸ ਵਰਗ ਨੇ ਆਪਣੇ ਮਨੋਂਭਾਵੀ ਅਨੁਭਵ ਸਾਂਝੇ ਕਰਦੇ ਹੋਏ ਸਕੂਲ ਪ੍ਰਬੰਧਨ, ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਪ੍ਰਿੰਸੀਪਲ ਮੈਡਮ ਨਵਦੀਪ ਕੌਰ ਨੇ ਮਜ਼ਦੂਰ ਵਰਗ ਨੂੰ ਵਧਾਈ ਦਿੱਤੀ ਅਤੇ ਸੰਸਥਾ ਦੀ ਸਫਲਤਾ ਵਿੱਚ ਉਨ੍ਹਾਂ ਦੇ ਅਮੁੱਲ ਯੋਗਦਾਨ ਲਈ ਧੰਨਵਾਦ ਪ੍ਰਗਟਾਇਆ।




# ਹਰਿਆਣਾ ਨੂੰ ਵੱਧ ਪਾਣੀ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ : ਸਤਵੀਰ ਪੱਲੀ ਝਿੱਕੀ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਜਿੰਨਾ ਪੀਣ ਵਾਲਾ ਪਾਣੀ ਪਹਿਲਾਂ ਹਰਿਆਣਾ ਨੂੰ ਜਾ ਰਿਹਾ ਹੈ ਉਸ ਤੋਂ ਵੱਧ ਪਾਣੀ ਹਰਿਆਣਾ ਲੈ ਚੁੱਕਾ ਹੈ, ਇਸ ਲਈ ਹੋਰ ਪਾਣੀ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਸੀਨੀਅਰ ਲੀਡਰ ਸਤਵੀਰ ਪੱਲੀ ਝਿੱਕੀ ਸਾਬਕਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਨੇ ਕੀਤਾ। ਸਤਵੀਰ ਪੱਲੀ ਝਿੱਕੀ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਪਾਣੀਆਂ ਦੇ ਮਸਲੇ ਉੱਪਰ ਪੰਜਾਬੀਆਂ ਨਾਲ ਦੋਹਰੀ ਸਿਆਸਤ ਕਰ ਰਹੀ ਹੈ ਕਿਉਂਕਿ ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸ਼ਰੇਆਮ ਹਰਿਆਣਾ ਨੂੰ ਪਾਣੀ ਦੇਣ ਦੇ ਹੱਕ ਵਿੱਚ ਬਿਆਨ ਦੇ ਚੁੱਕੇ ਹਨ ਤਾਂ ਫਿਰ ਆਪ ਪੰਜਾਬ ਦੇ ਲੀਡਰ ਕਿਵੇਂ ਆਪਣੇ ਆਕਾ ਦੇ ਖਿਲਾਫ ਜਾ ਸਕਦੇ ਹਨ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਪੰਜਾਬ ਵਿੱਚ ਹੋਰ ਹਰਿਆਣਾ ਵਿੱਚ ਹੋਰ ਅਤੇ ਦਿੱਲੀ ਵਿੱਚ ਹੋਰ ਬਿਆਨ ਹੁੰਦੇ ਹਨ ਜਿਸ ਤੋਂ ਇਹ ਸਾਬਤ ਹੁੰਦਾ ਹੈ ਕਿ ਇਹ ਲੋਕ ਪਾਣੀਆਂ ਦੇ ਮਾਮਲੇ ਵਿੱਚ ਪੰਜਾਬੀਆਂ ਨਾਲ ਧੋਖਾ ਕਰ ਰਹੇ ਹਨ। ਸਤਵੀਰ ਪੱਲੀ ਝਿੱਕੀ ਸਾਬਕਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਨੇ ਕਿਹਾ ਕਿ ਪੰਜਾਬ ਕਾਂਗਰਸ ਪਾਣੀਆਂ ਦੇ ਮਸਲੇ ਤੇ ਜਿੱਥੇ ਇੱਕਮੁੱਠ ਹੈ ਉਥੇ ਹੀ ਹਰਿਆਣਾ ਨੂੰ ਪਾਣੀ ਨਾ ਦੇਣ ਲਈ ਪੁਰੀ ਤਰ੍ਹਾਂ ਵਚਨਬੱਧ ਹੈ।



# ਬੀ ਕੇ ਇੰਟਰਨੈਸ਼ਨਲ ਕਾਨਵੈਂਟ ਸਕੂਲ 'ਚ ਲੇਬਰ ਡੇ ਮਨਾਇਆ




**ਲੋਹੀਆਂ ਖਾਸ, (ਯੋਗੇਸ਼ਵਰ)** - ਬੀ ਕੇ ਇੰਟਰਨੈਸ਼ਨਲ ਕਾਨਵੈਂਟ ਸਕੂਲ, ਵਾੜਾ ਜੋਧ ਸਿੰਘ ਵਿਖੇ 'ਲੇਬਰ ਡੇ' ਨੂੰ ਸਮਰਪਿਤ ਵਿਸ਼ੇਸ਼ ਅਸੈਂਬਲੀ ਕਰਵਾਈ ਗਈ ਜਿਸ ਵਿੱਚ ਵਿਦਿਆਰਥੀਆਂ ਵੱਲੋਂ ਲੇਬਰ ਡੇ ਨੂੰ ਬਿਗ ਅਪ ਦਿਵਸ ਦੇ ਰੂਪ ਵਿੱਚ ਮਨਾਇਆ ਗਿਆ ਅਤੇ ਸਕੂਲ ਦੇ ਹੈਲਪਰਾਂ ਨੂੰ ਪ੍ਰੋਤਸਾਹਿਤ ਕਰਦੇ ਹੋਏ 'ਬਿਗ ਅਪ' ਨਾਮ ਦੇ ਕੇ ਬੈਜ ਅਤੇ ਉਪਹਾਰ ਨਾਲ ਸਨਮਾਨਿਤ ਕੀਤਾ ਗਿਆ।ਵਿਦਿਆਰਥੀਆਂ ਨੇ ਵਿਸ਼ੇਸ਼ ਅੰਦਾਜ਼ ਵਿੱਚ ਆਪਣੇ ਸ਼ਬਦਾਂ ਰਾਹੀਂ ਸਾਰੇ ਹੈਲਪਰਾਂ ਦਾ ਉਹਨਾਂ ਦੀ ਅਣਥੱਕ ਸੇਵਾਵਾਂ ਲਈ ਧੰਨਵਾਦ ਕੀਤਾ।ਸਕੂਲ ਦੇ ਐਮ ਡੀ ਸ੍ਰੀ ਸੱਦਾਮ ਖਾਨ, ਪ੍ਰਿੰਸੀਪਲ ਸ਼੍ਰੀਮਤੀ ਨੀਤੀਮਾ ਨੇ ਜੀਵਨ ਵਿੱਚ ਹੈਲਪਰਾਂ ਦੇ ਮਹੱਤਵ ਨੂੰ ਦੱਸਦੇ ਹੋਏ ਉਹਨਾਂ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ ਅਤੇ ਵਿਦਿਆਰਥੀਆਂ ਨੂੰ ਸਾਰੇ ਹੈਲਪਰਾ ਦਾ ਹਮੇਸ਼ਾ ਸਨਮਾਨ ਅਤੇ ਉਹਨਾਂ ਦੀ ਮਦਦ ਕਰਨ ਦੀ ਪ੍ਰੇਰਨਾ ਦਿੱਤੀ।

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ 302ਵਾਂ ਜਨਮ ਦਿਹਾੜਾ ਮਨਾਇਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਖਾਲਸਾ ਪੰਥ ਦੇ ਮਹਾਨ ਸੂਰਬੀਰ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ 302ਵਾਂ ਜਨਮ ਦਿਹਾੜਾ ਮਨਾਉਣ ਹਿੱਤ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਮੈਮੋਰੀਅਲ ਐਜੂਕੇਸ਼ਨਲ ਟਰਸਟ (ਰਜਿ) ਅਤੇ ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ ਦੇ ਪ੍ਰਬੰਧਾਂ ਹੇਠ ਕਿਲ੍ਹਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਸਿੰਘਪੁਰ ਦਸੂਹਾ (ਮੁਕੇਰੀਆਂ) ਵਿਖ਼ੇ ਸਰਪ੍ਰਸਤ ਸੰਤ ਬਾਬਾ ਰਣਜੀਤ ਸਿੰਘ ਹੁਸ਼ਿਆਰਪੁਰ,ਚੇਅਰਮੈਨ ਹਰਦੇਵ ਸਿੰਘ ਕੌਂਸਲ,ਵਾਈਸ ਚੇਅਰਮੈਨ ਪ੍ਰਦੀਪ ਸਿੰਘ ਪਲਾਹਾ ਅਤੇ ਪ੍ਰਧਾਨ ਹਰਬੰਸ ਸਿੰਘ ਟਾਂਡਾ ਦੀ ਅਗਵਾਈ ਹੇਠ ਸੂਬਾ ਪੱਧਰੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਦਿੱਲੀ,ਰਾਜਸਥਾਨ,ਹਰਿਆਣਾ, ਮਹਾਰਾਸ਼ਟਰ, ਜੰਮੂ ਕਸ਼ਮੀਰ, ਉੱਤਰ ਪ੍ਰਦੇਸ਼ ਅਤੇ ਸਮੁੱਚੇ ਪੰਜਾਬ ਭਰ ਦੇ ਵੱਖ-ਵੱਖ ਜਿਲਿਆਂ ਤੋਂ ਰਾਮਗੜ੍ਹੀਆ ਭਾਈਚਾਰੇ ਦੇ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦੇ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ । ਇਸ ਮੌਕੇ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਵਿਸ਼ੇਸ਼ ਕੀਰਤਨ ਦਰਬਾਰ ਸਜਾਏ ਜਿਨਾਂ ਵਿੱਚ ਭਾਈ ਵਰਿੰਦਰ ਸਿੰਘ ਖੱਖ, ਭਾਈ ਨਿਰਮਲ ਸਿੰਘ ਹਰੀਪੁਰ ਅਤੇ ਭਾਈ ਕਰਮਜੀਤ ਸਿੰਘ ਗਾਲੋਵਾਲ ਨੇ ਧੁਰ ਕੀ ਬਾਣੀ ਦਾ ਰਸ ਭਿੰਨਾ ਕੀਰਤਨ ਕੀਤਾ ਉਪਰੰਤ ਖੁਲ੍ਹੇ ਪੰਡਾਲ ਵਿੱਚ ਕਰਵਾਏ ਸੂਬਾ ਪੱਧਰੀ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਡਾ.ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਲੋਕ ਸਭਾ ਹਲਕਾ ਹੁਸ਼ਿਆਰਪੁਰ,ਡਾਕਟਰ ਰਵਜੋਤ ਸਿੰਘ ਕੈਬਨਟ ਮੰਤਰੀ ਪੰਜਾਬ,ਅਵਿਨਾਸ਼ ਰਾਏ ਖੰਨਾ ਸਾਬਕਾ ਮੈਂਬਰ ਰਾਜਸਭਾ, ਸ.ਗੁਰਵਿੰਦਰ ਸਿੰਘ ਬਾਹਰਾ ਚਾਂਸਲਰ ਅਤੇ ਚੇਅਰਮੈਨ ਰਿਆਤ ਬਾਹਰਾ ਗਰੁੱਪ, ਗੁਰਮਿੰਦਰ ਸਿੰਘ ਮਠਾਰੂ ਮੈਂਬਰ ਸ਼੍ਰੋਮਣੀ ਕਮੇਟੀ ਦਿੱਲੀ,ਜੀਐਸ ਮੁਲਤਾਨੀ ਇੰਚਾਰਜ ਹਲਕਾ ਮੁਕੇਰੀਆਂ,ਬੀਬੀ ਇੰਦੂ ਬਾਲਾ ਸਾਬਕਾ ਵਿਧਾਇਕ ਮੁਕੇਰੀਆਂ, ਲਖਵਿੰਦਰ ਸਿੰਘ ਲੱਖੀ ਜਿਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ,ਸੰਜੀਵ ਤਲਵਾੜ ਸੀਨੀਅਰ ਆਗੂ ਸ਼੍ਰੋਮਣੀ ਅਕਾਲੀ ਦਲ ਨੇ ਸ਼ਿਰਕਤ ਕੀਤੀ । ਇਸ ਮੌਕੇ ਆਪਣੇ ਸੰਬੋਧਨ ਵਿੱਚ ਸਰਦਾਰ ਹਰਦੇਵ ਸਿੰਘ ਕੌਂਸਲ ਚੇਅਰਮੈਨ ਨੇ ਇਤਿਹਾਸਿਕ ਕਿਲਾ ਮਹਾਰਾਜਾ ਜੱਸਾ ਸਿੰਘ ਰਾਮਗੜੀਆ ਅਤੇ ਰਾਮਗੜੀਆ ਭਾਈਚਾਰੇ ਨਾਲ ਸੰਬੰਧਿਤ 13 ਨੁਕਾਤੀ ਮਤੇ ਪੇਸ਼ ਕੀਤੇ ਜਿਨਾਂ ਵਿੱਚ ਮਹਾਰਾਜਾ ਜੱਸਾ ਸਿੰਘ ਰਾਮਗੜੀਆ ਦੇ ਜਨਮ ਦਿਹਾੜੇ ਮੌਕੇ 5 ਮਈ ਨੂੰ ਸਮੁੱਚੇ ਪੰਜਾਬ ਭਰ ਵਿੱਚ ਸਰਕਾਰੀ ਛੁੱਟੀ ਕੀਤੇ ਜਾਣ, ਇਤਿਹਾਸਿਕ ਕਿਲਾ ਮਹਾਰਾਜਾ ਜੱਸਾ ਸਿੰਘ ਰਾਮਗੜੀਆ ਨੂੰ ਅਲੀਸ਼ਾਨ ਵਿਰਾਸਤੀ ਦਿੱਖ ਪ੍ਰਦਾਨ ਕਰਨ, ਰਾਮਗੜੀਆ ਭਾਈਚਾਰੇ ਦੇ ਬੱਚਿਆਂ ਨੂੰ ਯੂਪੀਐਸਸੀ ਲੈਵਲ ਦੇ ਇਮਤਿਹਾਨਾਂ ਦੀ ਤਿਆਰੀ ਤੇ ਉਚੇਰੀ ਸਿੱਖਿਆ ਲਈ ਮੁਫਤ ਕੋਚਿੰਗ ਮੁਹਈਆ ਕਰਵਾਉਣ, ਬਾਰਵੀਂ ਤੱਕ ਆਈਸੀਐਸਸੀ ਜਾਂ ਸੀਬੀਐਸਈ ਪੈਟਰਨ ਦਾ ਸਕੂਲ ਖੋਲਣ ਸਮੇਤ 13 ਮਤੇ ਪੇਸ਼ ਕੀਤੇ ਜਿਨਾਂ ਨੂੰ ਸੰਗਤ ਨੇ ਜੈਕਾਰਿਆਂ ਦੀ ਗੂੰਜ ਵਿੱਚ ਪ੍ਰਵਾਨਗੀ ਦਿੱਤੀ । ਇਸ ਮੌਕੇ ਆਪਣੇ ਸੰਬੋਧਨ ਵਿੱਚ ਹਰਦੇਵ ਸਿੰਘ ਕੌਂਸਲ ਨੇ ਰਾਮਗੜੀਆ ਭਾਈਚਾਰੇ ਦੀ ਰਾਜਨੀਤੀ ਤੇ ਧਾਰਮਿਕ ਖੇਤਰਾਂ ਵਿੱਚ ਬਹੁਤ ਘੱਟ ਨੁਮਾਇੰਦਗੀ ਨੂੰ ਵੇਖਦਿਆਂ ਇਹਨਾਂ ਦੋਵਾਂ ਖੇਤਰਾਂ ਵਿੱਚ ਰਾਮਗੜੀਆ ਕੌਮ ਦੀ ਗਿਣਤੀ ਵਧਾਉਣ ਲਈ ਮੁਢਲੇ ਪੜਾਅ ਵਿੱਚ ਸਮੁੱਚੇ ਪੰਜਾਬ ਭਰ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਨ ਦਾ ਐਲਾਨ ਕੀਤਾ ।

# ਐੱਸ ਟੀ ਐੱਸ ਵਰਲਡ ਸਕੂਲ 'ਚ ਮਨਾਇਆ ਗ੍ਰੈਜੂਏਸ਼ਨ ਸਮਾਰੋਹ



**ਗੁਰਾਇਆ (ਬਿੰਦਰ ਸੁਮਨ)**

ਨੰਨੇ- ਮੁੰਨੇ ਬੱਚਿਆਂ ਨੂੰ ਉਹਨਾਂ ਦੇ ਸਫਲਤਾ ਵੱਲ ਪੁੱਟੇ ਅਗਾਂਹ- ਵਧੂ ਕਦਮਾਂ ਲਈ ਉਤਸ਼ਾਹਿਤ ਕਰਨ ਲਈ ਐੱਸ. ਟੀ. ਐੱਸ. ਵਰਲਡ ਸਕੂਲ ਵਿੱਚ ਗ੍ਰੈਜੂਏਸ਼ਨ ਸਮਾਰੋਹ ਮਨਾਇਆ ਗਿਆ ।ਸਮਾਰੋਹ ਦੇ ਮੁੱਖ ਮਹਿਮਾਨ ਸਕੂਲ ਚੇਅਰਪਰਸਨ ਸ਼੍ਰੀਮਤੀ ਮਾਲਤੀ ਜੀ ਸਨ।ਇਸ ਸਮੇਂ ਉਹਨਾਂ ਨਾਲ ਸਕੂਲ ਪ੍ਰਿੰਸੀਪਲ ਸ੍ਰੀਮਤੀ ਪ੍ਰਭਜੋਤ ਗਿੱਲ ਮੌਜੂਦ ਸਨ।ਦਿਨ ਦਾ ਸਭ ਤੋਂ ਮਹੱਤਵਪੂਰਨ ਹਿੱਸਾ- ਗ੍ਰੈਜੂਏਸ਼ਨ ਸਮਾਰੋਹ ਦੀ ਸ਼ੁਰੂਆਤ ਸੀ। ਮੰਚ ਦਾ ਸੰਚਾਲਨ ਮੈਡਮ ਜਸਕੀਰਤ ਕੌਰ ਵਲੋਂ ਕੀਤਾ ਗਿਆ।ਇਸ ਸਮਾਰੋਹ ਦਾ ਹਿੱਸਾ ਬਣੇ ਮਹਿਮਾਨਾਂ ਅਤੇ ਮਾਪਿਆਂ ਦਾ ਸੁਆਗਤ ਕਰਦੇ ਹੋਏ ਨਿੱਕੇ-ਨਿੱਕੇ ਬੱਚਿਆਂ ਨੇ ਵਧੀਆ ਪਹਿਰਾਵੇ ਪਹਿਨ ਕੇ ਸੰਗੀਤ ਅਤੇ ਡਾਂਸ ਵਰਗੀਆਂ ਵੱਖ-ਵੱਖ ਗਤੀਵਿਧੀਆਂ ਪੇਸ਼ ਕੀਤੀਆਂ, ਜਿਸ ਦੀ ਸਾਰੇ ਇਕੱਠੇ ਹੋਏ ਮਾਪਿਆਂ ਨੇ ਸ਼ਲਾਘਾ ਕੀਤੀ।ਪ੍ਰੀ-ਪ੍ਰਾਇਮਰੀ ਦੇ ਛੋਟੇ ਛੋਟੇ ਬੱਚਿਆਂ ਨੇ ਗ੍ਰੈਜੂਏਸ਼ਨ ਪੋਸ਼ਾਕਾਂ ਅਤੇ ਟੋਪੀਆਂ ਪਹਿਨ ਕੇ ਸਟੇਜ 'ਤੇ ਚੱਲ ਕੇ ਵਾਤਾਵਰਣ ਰੰਗੀਨਮਈ ਬਣਾ ਦਿੱਤਾ। ਮੁੱਖ ਮਹਿਮਾਨ ਸਮੇਤ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਗਰੈਜੂਏਸ਼ਨ ਦੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਬੱਚੇ ਆਪਣੇ ਗ੍ਰੈਜੂਏਸ਼ਨ ਪੋਸ਼ਾਕਾਂ ਅਤੇ ਕੈਪਾਂ ਵਿੱਚ ਬਹੁਤ ਸੁੰਦਰ ਲੱਗ ਰਹੇ ਸਨ। ਪ੍ਰਿੰਸੀਪਲ ਸ੍ਰੀਮਤੀ ਪ੍ਰਭਜੋਤ ਗਿੱਲ ਨੇ ਬੱਚਿਆਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਅਤੇ ਬੱਚਿਆ ਨੂੰ ਪੜ੍ਹਾਈ ਦੇ ਨਾਲ ਨਾਲ ਹੋਰ ਗਤਵਿਧੀਆਂ ਵਿੱਚ ਵੀ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।ਇਹ ਦਿਨ ਨਾ ਸਿਰਫ਼ ਛੋਟੇ ਬੱਚਿਆਂ ਲਈ ਇੱਕ ਖੁਸ਼ੀ ਦਾ ਅਤੇ ਯਾਦਗਾਰ ਦਿਨ ਸੀ, ਸਗੋਂ ਮਾਪਿਆਂ ਅਤੇ ਅਧਿਆਪਕਾਂ ਲਈ ਵੀ ਇੱਕ ਮਾਣ ਵਾਲਾ ਪਲ ਸੀ ਕਿਉਂਕਿ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਕੇ. ਜੀ ਗ੍ਰੈਜੂਏਸ਼ਨ ਡਿਪਲੋਮਾ ਪ੍ਰਾਪਤ ਕਰਦੇ ਦੇਖਿਆ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ 'ਚ ਪੁਲਸ ਦਾ ਸਹਿਯੋਗ ਕਰਨ ਆਮ ਲੋਕ : ਰਿਟਾ. ਇੰਸਪੈਕਟਰ ਬੇਦੀ

**ਫਗਵਾੜਾ (ਡਾ.ਰਮਨ, ਜਸਵਿੰਦਰ ਢੱਡਾ)**- ਪੁਲਸ ਪੈਨਸ਼ਨਰਜ ਐਸੋਸੀਏਸ਼ਨ ਫਗਵਾੜਾ ਦੀ ਇਕ ਮੀਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਰਿਟਾਇਰਡ ਇੰਸਪੈਕਟਰ ਹਰਦੀਪ ਸਿੰਘ ਬੇਦੀ ਦੀ ਪ੍ਰਧਾਨਗੀ ਹੇਠ ਹੋਈ। ਇਸ ਦੌਰਾਨ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ 'ਯੁੱਧ ਨਸ਼ੇ ਵਿਰੁੱਧ' ਮੁਹਿੰਮ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਡੀ.ਜੀ.ਪੀ. ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ ਅਤੇ ਐਸ.ਐਸ.ਪੀ. ਕਪੂਰਥਲਾ ਦੀ ਨਿਗਰਾਨੀ ਹੇਠ ਜ਼ਿਲ੍ਹਾ ਕਪੂਰਥਲਾ ਵਿਚ ਪੁਲਸ ਵਲੋਂ ਇਸ ਮੁਹਿਮ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਜਾ ਰਿਹਾ ਹੈ, ਜੋ ਕਿ ਸ਼ਲਾਘਾਯੋਗ ਹੈ। ਉਹਨਾਂ ਸਮੂਹ ਪੰਚਾਇਤਾਂ ਨੂੰ ਖਾਸ ਤੌਰ 'ਤੇ ਅਪੀਲ ਕੀਤੀ ਕਿ ਇਸ ਮੁਹਿਮ ਨੂੰ ਸਫਲ ਬਣਾਉਣ ਵਿਚ ਪੁਲਸ ਦਾ ਪੂਰਾ ਸਹਿਯੋਗ ਕਰਨ। ਕਿਉਂਕਿ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਲਈ ਆਮ ਲੋਕਾਂ ਦੇ ਸਹਿਯੋਗ ਦੀ ਅਹਿਮ ਭੂਮਿਕਾ ਹੁੰਦੀ ਹੈ। ਮੀਟਿੰਗ ਦੌਰਾਨ ਰਿਟਾਇਰਡ ਪੁਲਸ ਮੁਲਾਜ਼ਮਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਸਬੰਧੀ ਵਿਚਾਰ ਵਟਾਂਦਰਾ ਵੀ ਕੀਤਾ ਗਿਆ। ਪ੍ਰਧਾਨ ਹਰਦੀਪ ਸਿੰਘ ਬੇਦੀ ਨੇ ਹਾਜ਼ਰੀਨ ਨੂੰ ਦੱਸਿਆ ਕਿ ਜਨਵਰੀ 2016 ਤੋਂ 30 ਜੂਨ 2021 ਤੱਕ ਜੋ ਕਰਮਚਾਰੀ ਸੇਵਾ ਮੁਕਤ ਹੋਏ ਹਨ, ਉਹਨਾਂ ਦੀ ਕੈਸ਼ ਕ੍ਰੈਡਿਟ ਲੀਵ ਦੇ ਪੈਸਿਆਂ ਦਾ ਬਕਾਇਆ ਐਸ.ਐਸ.ਪੀ. ਦਫਤਰ ਕਪੂਰਥਲਾ ਵਲੋਂ ਜਲਦੀ ਹੀ ਕਿਸ਼ਤਾਂ ਵਿਚ ਰਿਲੀਜ਼ ਕਰ ਦਿੱਤਾ ਜਾਵੇਗਾ। ਉਹਨਾਂ ਭਰੋਸਾ ਦਿੱਤਾ ਕਿ ਰਿਟਾਇਰਡ ਪੁਲਸ ਮੁਲਾਜ਼ਮਾਂ ਦੀਆਂ ਸਾਰੀਆਂ ਮੁਸ਼ਕਲਾਂ ਦਾ ਹੱਲ ਕਰਵਾਇਆ ਜਾਵੇਗਾ। ਇਸ ਮੌਕੇ ਇੰਸਪੈਕਟਰ ਸੁਮਿੰਦਰ ਸਿੰਘ ਭੱਟੀ, ਇੰਸਪੈਕਟਰ ਨਰਿੰਦਰ ਸਿੰਘ, ਐਸ.ਆਈ. ਉਂਕਾਰ ਸਿੰਘ, ਐਸ.ਆਈ. ਜਗਦੀਸ਼ ਲਾਲ, ਐਸ.ਆਈ. ਨਾਰਾਇਣ ਦਾਸ, ਏ.ਐਸ.ਆਈ. ਮਨਜੀਤ ਸਿੰਘ, ਏ.ਐਸ.ਆਈ. ਮੋਹਨ ਲਾਲ, ਏ.ਐਸ.ਆਈ. ਸਤਨਾਮ ਸਿੰਘ, ਏ.ਐਸ.ਆਈ. ਜਸਵਿੰਦਰ ਸਿੰਘ, ਐਚ.ਸੀ. ਬਲਜਿੰਦਰ ਸਿੰਘ, ਐਚ.ਸੀ. ਜਸਵਿੰਦਰ ਸਿੰਘ ਆਦਿ ਹਾਜ਼ਰ ਸਨ।



8 May Page-10.qxd 5/7/2025 10:04 PM Page 1



# ਲਿਫਟਿੰਗ ਨਾ ਹੋਣ ਕਾਰਨ ਪੰਜਾਬ ਦੀਆਂ ਮੰਡੀਆਂ 'ਚ 44 ਲੱਖ ਮੀਟ੍ਰਿਕ ਟਨ ਕਣਕ ਮੀਂਹ 'ਚ ਭਿੱਜੀ

● ਕੇਂਦਰ ਦੀ ਅਣਗਹਿਲੀ ਕਰਕੇ ਮੰਡੀਆਂ 'ਚ ਲੱਗੇ ਕਣਕ ਦੇ ਅੰਬਾਰ-ਬਰਸਟ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਬੇਸ਼ੱਕ ਪੰਜਾਬ ਅੰਦਰ ਖ਼ਰੀਦ ਏਜੰਸੀਆਂ ਵੱਲੋਂ ਕਣਕ ਦੀ ਖ਼ਰੀਦ ਦਾ ਕੰਮ ਨੇਪਰੇ ਚਾੜ੍ਹ ਲਿਆ ਗਿਆ ਹੈ, ਪ੍ਰੰਤੂ ਕਣਕ ਦੀ ਮੰਡੀਆਂ ਵਿੱਚੋਂ ਅਜੇ ਤੱਕ ਲਿਫਟਿੰਗ ਨਾ ਹੋਣ ਕਾਰਨ ਮੰਡੀਆਂ ਵਿੱਚ ਬੋਰੀਆਂ ਦੇ ਅੰਬਾਰ ਲੱਗੇ ਰਹਿਣ ਕਾਰਨ ਮੰਡੀਆਂ ਵਿੱਚ ਸਥਿਤੀ ਵਿਸਫੋਟਕ ਬਣਦੀ ਜਾ ਰਹੀ ਹੈ। ਪਿਛਲੇ ਦਿਨਾਂ ਤੋਂ ਪੰਜਾਬ ਅੰਦਰ ਮੀਂਹ ਪੈਣ ਕਾਰਨ ਮੰਡੀਆਂ 'ਚ ਖੁੱਲ੍ਹੇ ਅਸਮਾਨ ਹੇਠਾਂ ਕਣਕ ਦੀਆਂ ਪਈਆਂ ਲੱਖਾਂ ਬੋਰੀਆਂ ਭਿੱਜਣ ਕਾਰਨ ਆੜ੍ਹਤੀਆਂ ਤੇ ਲੇਬਰ ਦੀਆਂ ਮੁਸ਼ਕਲਾਂ 'ਚ ਵਾਧਾ ਹੋ ਗਿਆ ਹੈ। ਪੰਜਾਬ ਦੀਆਂ ਕਈ ਮੰਡੀਆਂ ਵਿੱਚ ਮੀਂਹ ਦਾ ਪਾਣੀ ਭਰ ਜਾਣ ਕਰਕੇ ਕਣਕ ਦੀਆਂ ਬੋਰੀਆਂ ਖਰਾਬ ਹੋ ਜਾਣ ਕਾਰਨ ਭਾਰੀ ਨੁਕਸਾਨ ਹੋਣ ਦੀ ਖਬਰ ਹੈ। ਆੜ੍ਹਤੀ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਰਾਣਾ ਨੇ ਦੱਸਿਆ ਕਿ ਪੰਜਾਬ ਦੀਆਂ ਜ਼ਿਆਦਾਤਰ ਮੰਡੀਆਂ ਵਿੱਚ ਬੋਰੀਆਂ ਦੀ ਲਿਫਟਿੰਗ ਨਾ ਹੋਣ ਕਾਰਨ ਮੰਡੀਆਂ ਵਿੱਚ ਬੋਰੀਆਂ ਦੀ ਰਾਖੀ ਤੇ ਸਟੇਕ ਕਾਰਨ 'ਤੇ ਆੜ੍ਹਤੀਆਂ ਨੂੰ ਭਾਰੀ ਵਿੱਤੀ ਨੁਕਸਾਨ ਉਠਾਉਣਾ ਪੈ ਰਿਹਾ ਹੈ। ਦੂਸਰੇ ਪਾਸੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ੍. ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੀਆਂ ਮੰਡੀਆਂ ਵਿੱਚ ਕੀਤੇ ਪੁਖਤਾ ਪ੍ਰਬੰਧਾਂ ਸਦਕਾ ਕਣਕ ਦੇ ਖਰੀਦ ਕਾਰਜ ਸੁਚਾਰੂ ਢੰਗ ਨਾਲ ਚੱਲ ਰਹੇ ਹਨ।ਕਿਸਾਨਾਂ ਨੂੰ ਫ਼ਸਲ ਦੀ ਅਦਾਇਗੀ ਵੀ ਨਾਲੋਂ-ਨਾਲ ਕੀਤੀ ਜਾ ਰਹੀ ਹੈ, ਪਰ ਕੇਂਦਰ ਸਰਕਾਰ ਆਪਣੀ ਜ਼ਿੰਮੇਵਾਰੀਆਂ ਨੂੰ ਸਹੀ ਢੰਗ ਨਾਲ ਨਹੀਂ ਨਿਭਾ ਰਹੀ।ਮੰਡੀਆਂ ਵਿੱਚੋਂ ਖਰੀਦੀ ਗਈ ਕਣਕ ਦੀ ਲਿਫਟਿੰਗ ਕਰਵਾਉਣ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਬਣਦੀ ਹੈ, ਪਰ ਕੇਂਦਰ ਸਰਕਾਰ ਤੇ ਐੱਫ.ਸੀ.ਆਈ. ਵੱਲੋਂ ਮੰਡੀਆਂ ਵਿੱਚੋਂ ਕਣਕ ਦੀ ਲਿਫਟਿੰਗ ਕਰਵਾਉਣ ਵਿੱਚ ਅਣਗਹਿਲੀ ਵਰਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਮੰਡੀਆਂ ਵਿੱਚ 124.05 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ ਤੇ 123.35 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਹੋ ਚੁੱਕੀ ਹੈ, ਜਿਸ ਵਿੱਚੋਂ 79.36 ਲੱਖ ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਹੋ ਚੁੱਕੀ ਹੈ ਤੇ 43.99 ਲੱਖ ਮੀਟ੍ਰਿਕ ਟਨ ਕਣਕ ਮੰਡੀਆਂ ਵਿੱਚ ਪਈ ਹੈ। ਉਨ੍ਹਾਂ ਦੱਸਿਆ ਕਿ 5 ਮਈ ਨੂੰ ਸੂਬੇ ਦੀਆਂ ਮੰਡੀਆਂ ਵਿੱਚ 1.10 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋਈ, ਜਦਕਿ 1.19 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਹੋਈ ਹੈ।ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ 25821.71 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਚੇਅਰਮੈਨ ਨੇ ਕਿਹਾ ਕਿ ਸੂਬੇ ਵਿੱਚ ਮੌਸਮ ਖਰਾਬ ਹੋ ਰਿਹਾ ਹੈ ਤੇ ਲਿਫਟਿੰਗ ਘੱਟ ਹੋਣ ਕਾਰਨ ਮੰਡੀਆਂ ਵਿੱਚ ਕਣਕ ਦੇ ਢੇਰ ਲੱਗੇ ਹੋਏ ਹਨ।ਕੇਂਦਰ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਦੇ ਚਲਦਿਆਂ ਮੰਡੀਆਂ ਵਿੱਚ ਕਣਕ ਭਿੱਜ ਰਹੀ ਹੈ, ਹਾਲਾਂਕਿ ਪੰਜਾਬ ਸਰਕਾਰ ਵੱਲੋਂ ਮੰਡੀਆਂ ਵਿੱਚ ਪੁਖਤਾ ਪ੍ਰਬੰਧ ਕੀਤੇ ਗਏ ਹਨ, ਪਰ ਮੌਸਮ ਖਰਾਬ ਹੋਣ ਕਰਕੇ ਜੇਕਰ ਖਰੀਦ ਕੀਤੀ ਕਣਕ ਭਿੱਜ ਜਾਂਦੀ ਹੈ, ਤਾਂ ਉਸ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਹੋਵੇਗੀ।ਕੇਂਦਰ ਸਰਕਾਰ ਦੇ ਰਵੱਈਏ ਨੂੰ ਪੰਜਾਬ ਦੇ ਲੋਕਾਂ ਵੱਲੋਂ ਵਿਤਕਰੇ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ।ਸ੍. ਬਰਸਟ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਮੰਡੀਆਂ ਵਿੱਚੋਂ ਖਰੀਦੀ ਗਈ ਕਣਕ ਦੀ ਲਿਫਟਿੰਗ ਕਰਵਾਉਣ ਲਈ ਪੁਖਤਾ ਪ੍ਰਬੰਧ ਕਰਨੇ ਚਾਹੀਦੇ ਹਨ।ਉਨ੍ਹਾਂ ਕਿਹਾ ਕਿ ਲੋਕਾਂ ਤੱਕ ਸਹੀ ਕਿਸਮ ਦਾ ਅਨਾਜ ਪਹੁੰਚਾਉਣ ਵਾਸਤੇ ਕੇਂਦਰ ਸਰਕਾਰ ਤੇ ਐੱਫ.ਸੀ.ਆਈ. ਆਪਣੀ ਜ਼ਿੰਮੇਵਾਰੀ ਸਮਝੇ ਤੇ ਜਲਦ ਤੋਂ ਜਲਦ ਸਪੈਸ਼ਲ ਟਰੇਨਾਂ ਲਗਾ ਕੇ ਕਣਕ ਦੀ ਲਿਫਟਿੰਗ ਕਰਾਵੇ ਅਤੇ ਜਿੱਥੇ-ਜਿੱਥੇ ਅਨਾਜ ਪਹੁੰਚਾਉਣਾ ਹੈ, ਉੱਥੇ ਤੱਕ ਪੁਚਾਵੇ। ਮੰਡੀ ਬੋਰਡ ਵੱਲੋਂ ਕਣਕ ਦੀ ਖਰੀਦ ਕਰਵਾਉਣ ਲਈ ਕੁੱਲ 1865 ਪੱਕੀਆਂ ਮੰਡੀਆਂ ਘੋਸ਼ਿਤ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ 152 ਮੁੱਖ ਯਾਰਡ, 285 ਸਬ-ਯਾਰਡ ਤੇ 1428 ਖਰੀਦ ਕੇਂਦਰ ਆਉਂਦੇ ਹਨ।ਇਸ ਦੇ ਨਾਲ ਹੀ ਕਣਕ ਦੀ ਫ਼ਸਲ ਦੀ ਆਮਦ ਨੂੰ ਧਿਆਨ ਵਿੱਚ ਰੱਖਦਿਆਂ 1028 ਆਰਜ਼ੀ ਮੰਡੀਆਂ ਘੋਸ਼ਿਤ ਕੀਤੀਆਂ ਜਾ ਚੁੱਕੀਆਂ ਹਨ, ਜਿਨ੍ਹਾਂ ਵਿੱਚ ਕਣਕ ਦੀ ਖਰੀਦ ਜਾਰੀ ਹੈ।

# ਖਾਲਸਾ ਸਾਜਨਾ ਨੂੰ ਸਮਰਪਤ ਵਿਦਿਆਰਥੀ ਸੈਮੀਨਾਰ ਕਰਾਇਆ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਵਿਦਿਆਰਥੀ ਸਾਹਿਤ ਸਭਾ, ਪੰਜਾਬੀ ਵਿਭਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵੱਲੋਂ ਖਾਲਸਾ ਸਾਜਨਾ ਨੂੰ ਸਮਰਪਤ ਵਿਦਿਆਰਥੀ ਸੈਮੀਨਾਰ ਕਰਾਇਆ ਗਿਆ।ਸੈਮੀਨਾਰ ਵਿੱਚ ਡਾ. ਹਰਦੇਵ ਸਿੰਘ ਮੁਖੀ ਧਰਮ ਅਧਿਐਨ ਵਿਭਾਗ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ।ਡਾ. ਸਿਕੰਦਰ ਸਿੰਘ ਮੁਖੀ ਪੰਜਾਬੀ ਵਿਭਾਗ ਨੇ ਵਿਦਿਆਰਥੀਆਂ ਦੇ ਪਰਚਿਆਂ ਦਾ ਮੁਲਾਂਕਣ ਕੀਤਾ।ਵਿਭਾਗ ਦੀ ਵਿਦਿਆਰਥਣ ਸਨਪ੍ਰੀਤ ਕੌਰ ਨੇ ਮਹਿਮਾਨਾਂ, ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਜੀ ਆਇਆਂ ਨੂੰ ਸ਼ਬਦ ਸਾਂਝੇ ਕੀਤੇ।ਪਰਚਾ ਪੇਸ਼ਕਾਰ ਦੇ ਤੌਰ 'ਤੇ ਤਰਕਦੀਪ ਕੌਰ (ਖਾਲਸਾ ਸਿਰਜਣ ਦੀ ਲੋੜ ਕਿਉਂ ਪਈ? ਪ੍ਰਮੁੱਖ ਨੁਕਤੇ ਸੰਦਰਭ ਸਿਰਦਾਰ ਕਪੂਰ ਸਿੰਘ), ਕਮਲਜੀਤ ਕੌਰ (ਖਾਲਸਾ ਪੰਥ ਦੀ ਸਿਰਜਣਾ), ਤਰਨਦੀਪ ਕੌਰ (ਖਾਲਸਾ ਪੰਥ ਦੀ ਸਿਰਜਣਾ), ਨਵਜੋਤ ਸਿੰਘ (ਗੁਰੂ ਗੋਬਿੰਦ ਸਿੰਘ ਜੀ ਦੀ ਵਿਸਾਖੀ ਸੰਦਰਭ ਸਿਰਦਾਰ ਕਪੂਰ ਸਿੰਘ), ਮਨਪ੍ਰੀਤ ਕੌਰ (ਖਾਲਸਾ ਪੰਥ ਸਿਰਜਣਾ ਦਾ ਇਤਿਹਾਸਕ ਮਹੱਤਵ), ਕੁਲਵਿੰਦਰ ਕੌਰ (ਸਿੱਖ ਨੌਜਵਾਨਾਂ ਨੂੰ ਪੰਥ ਖਾਤਰ ਕੀ ਕਰਨਾ ਚਾਹੀਦਾ ਹੈ? ਸੰਦਰਭ ਸਿਰਦਾਰ ਕਪੂਰ ਸਿੰਘ) ਨੇ ਪਰਚੇ ਪੇਸ਼ ਕੀਤੇ।ਡਾ. ਸਿਕੰਦਰ ਸਿੰਘ ਨੇ ਵਿਦਿਆਰਥੀਆਂ ਦੇ ਉਤਸ਼ਾਹ ਤੇ ਆਤਮ-ਵਿਸ਼ਵਾਸ ਦੀ ਸ਼ਲਾਘਾ ਕੀਤੀ ਤੇ ਵਿਦਿਆਰਥੀਆਂ ਨੂੰ ਆਪਣੀ ਖੋਜ ਦ੍ਰਿਸ਼ਟੀ ਨੂੰ ਹੋਰ ਨਿਖਾਰਨ ਲਈ ਪ੍ਰੇਰਤ ਕੀਤਾ।ਡਾ. ਹਰਦੇਵ ਸਿੰਘ ਨੇ ਵੱਖ-ਵੱਖ ਧਰਮਾਂ ਦੇ ਹਵਾਲੇ ਨਾਲ ਪੈਗੰਬਰੀ ਪ੍ਰੰਪਰਾ ਦਾ ਇਤਿਹਾਸਕ ਪ੍ਰਸੰਗ ਤੇ ਖਾਲਸਾ ਪੰਥ ਦੀ ਸਾਜਨਾ ਤੋਂ ਪਹਿਲਾਂ ਸਮਾਜ ਦੀ ਸਥਿਤੀ ਤੇ ਸਮਕਾਲ ਵਿਚ ਖਾਲਸਾ ਸਾਜਨਾ ਦਿਹਾੜੇ ਦੀ ਮਹੱਤਤਾ ਦੀ ਗੱਲ ਕੀਤੀ।ਇਸ ਦੇ ਨਾਲ ਉਨ੍ਹਾਂ ਵਿਦਿਆਰਥੀਆਂ ਨੂੰ ਖੋਜ ਪੇਪਰ ਲਿਖਣ ਲਈ ਮੁੱਲਵਾਨ ਸੁਝਾਅ ਦਿੱਤੇ।ਸੈਮੀਨਾਰ ਵਿਚ ਪੇਪਰ ਪੇਸ਼ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਪ੍ਰਦਾਨ ਕੀਤੇ ਗਏ। ਸਟੇਜ ਸੰਚਾਲਨ ਕਮਲਪ੍ਰੀਤ ਵੱਲੋਂ ਕੀਤਾ ਗਿਆ।ਨਵਦੀਪ ਸਿੰਘ ਵੱਲੋਂ ਸਮਾਗਮ ਵਿੱਚ ਪਹੁੰਚੇ ਮਹਿਮਾਨ, ਅਧਿਆਪਕਾਂ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਗਿਆ।

# 'ਪੰਜਾਬ ਸਰਕਾਰ ਦੀ ਸਿੱਖਿਆ ਕ੍ਰਾਂਤੀ ਸਕੂਲਾਂ ਨੂੰ ਬਣਾ ਰਹੀ ਆਧੁਨਿਕ'



**ਧੂਰੀ (ਪ੍ਰਵੀਨ ਸਿੰਘ)** ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਸਰਕਾਰੀ ਸਕੂਲਾਂ ਨੂੰ ਆਧੁਨਿਕ ਸਹੂਲਤਾਂ ਨਾਲ ਲੈੱਸ ਕਰ ਰਹੀ ਹੈ ਤਾਂ ਬਹੁਤੇ ਸਕੂਲਾਂ ਤਾਂ ਆਧੁਨਿਕ ਹੋ ਚੁੱਕੇ ਹਨ, ਰਹਿੰਦੇ ਸਕੂਲਾਂ ਵਿੱਚ ਵੀ ਉੱਚ ਦਰਜੇ ਦੀਆਂ ਸਹੂਲਤਾਂ ਮੁਹੱਈਆ ਕਰਾਉਣ ਲਈ ਪੰਜਾਬ ਸਰਕਾਰ ਦੇ ਸਿਰਤੋੜ ਯਤਨ ਜਾਰੀ ਹਨ।ਪੰਜਾਬ ਸਰਕਾਰ ਦੀ ਪੰਜਾਬ ਸਿੱਖਿਆ ਕ੍ਰਾਂਤੀ ਨਾਲ ਕਰੋੜਾਂ ਰੁਪਏ ਦੀਆਂ ਗ੍ਰਾਂਟਾਂ ਸਕੂਲਾਂ ਨੂੰ ਆਧੁਨਿਕ ਕਰਨ ਲਈ ਮੁਹੱਈਆ ਕਰਾਈਆਂ ਜਾ ਚੁੱਕੀਆਂ ਹਨ ਤੇ ਇਹ ਅੱਗੇ ਵੀ ਇਸੇ ਤਰ੍ਹਾਂ ਜਾਰੀ ਰਹਿਣਗੀਆਂ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਰਾਜ ਉਦਯੋਗਿਕ ਵਿਕਾਸ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਪਿੰਡ ਕੁੰਬੜਵਾਲ ਅਤੇ ਪਿੰਡ ਰੰਗੀਆਂ ਦੇ ਸਰਕਾਰੀ ਸਕੂਲਾਂ ਵਿੱਚ ਕਰੀਬ 1.22 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ।ਉਕਤ ਰਾਸ਼ੀ ਤਹਿਤ ਕੁੰਬੜਵਾਲ ਦੇ ਸਕੂਲਾਂ ਨੂੰ 39 ਲੱਖ ਰੁਪਏ ਤੇ ਪਿੰਡ ਰੰਗੀਆਂ ਦੇ ਸਕੂਲਾਂ ਨੂੰ 83 ਲੱਖ ਰੁਪਏ ਦੀਆਂ ਗ੍ਰਾਂਟਾਂ ਜਾਰੀ ਕੀਤੀਆਂ ਗਈਆਂ ਸਨ। ਇਨ੍ਹਾਂ ਵਿਕਾਸ ਕਾਰਜਾਂ ਵਿੱਚ ਸਕੂਲਾਂ ਦੀਆਂ ਸੋਹਣੀਆਂ ਚਾਰਦੀਵਾਰੀਆਂ, ਸਾਇੰਸ ਲੈਬ, ਸਮਾਰਟ ਕਲਾਸ ਰੂਮਜ ਤੇ ਹੋਰ ਬੁਨਿਆਦੀ ਵਿਕਾਸ ਸ਼ਾਮਲ ਹਨ।ਢਿੱਲੋਂ ਨੇ ਦੱਸਿਆ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੇ ਦਾਖਲਿਆਂ ਵਿੱਚ ਵਾਧਾ ਵੀ ਇਸ ਗੱਲ ਦਾ ਸਬੂਤ ਹੈ ਕਿ ਪੰਜਾਬ ਸਰਕਾਰ ਨੇ ਸਿੱਖਿਆ ਦੇ ਖੇਤਰ ਵਿੱਚ ਬੇਮਿਸਾਲ ਕੰਮ ਕੀਤੇ ਹਨ ਤੇ ਇਹ ਨਿਰੰਤਰ ਜਾਰੀ ਵੀ ਹਨ।ਪੰਜਾਬ ਸਿੱਖਿਆ ਦੇ ਖੇਤਰ ਵਿੱਚ ਜਲਦ ਹੀ ਦੇਸ਼ ਦਾ ਸਭ ਤੋਂ ਮੋਹਰੀ ਸੂਬਾ ਬਣਨ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹੁਣ ਸਰਕਾਰੀ ਸਕੂਲਾਂ ਨੂੰ ਆਧੁਨਿਕ ਕੀਤਾ ਜਾ ਰਿਹਾ ਹੈ।ਬੱਚੇ ਤੇ ਅਧਿਆਪਕਾਂ ਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆ ਰਹੀ। ਵਧੀਆ ਪਾਣੀ, ਬਿਜਲੀ ਬੁਨਿਆਦੀ ਸਹੂਲਤਾਂ ਤੋਂ ਇਲਾਵਾ ਆਧੁਨਿਕ ਸਹੂਲਤਾਂ ਵੀ ਸਰਕਾਰੀ ਸਕੂਲਾਂ ਵਿੱਚ ਉਪਲਬਧ ਹਨ। ਸਰਕਾਰੀ ਸਕੂਲਾਂ ਦੀਆਂ ਸੋਹਣੀਆਂ ਇਮਾਰਤਾਂ, ਵਧੀਆ ਇਨਫਰਾਸਟਰਕਚਰ, ਸਮਾਰਟ ਕਲਾਸ ਰੂਮ, ਸਾਇੰਸ ਲੈਬਜ, ਖੇਡ ਗਰਾਊਂਡ ਸਕੂਲਾਂ ਦੀ ਦਿੱਖ ਤੇ ਪੜ੍ਹਾਈ ਦੇ ਮਿਆਰ ਨੂੰ ਚਾਰ ਚੰਨ ਲਾ ਰਹੇ ਹਨ। ਇਹ ਸਭ ਕੁਝ ਆਮ ਆਦਮੀ ਪਾਰਟੀ ਦੀ ਸੁਚੱਜੀ ਤੇ ਦੂਰਅੰਦੇਸ਼ੀ ਸੋਚ ਸਦਕਾ ਸੰਭਵ ਹੋਇਆ ਹੈ। ਇਸ ਮੌਕੇ ਉਨ੍ਹਾਂ ਨਾਲ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਤੇ ਹੋਰ ਵੀ ਹਾਜ਼ਰ ਸਨ।

# ਕੇਂਦਰ ਸਰਕਾਰ ਦੀ ਅਣਗਹਿਲੀ ਕਰਕੇ ਮੰਡੀਆਂ 'ਚ ਲੱਗੇ ਕਣਕ ਦੇ ਅੰਬਾਰ : ਬਰਸਟ

**ਸਮਾਣਾ, (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)** ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੀਆਂ ਮੰਡੀਆਂ ਵਿੱਚ ਕੀਤੇ ਪੁਖਤਾ ਪ੍ਰਬੰਧਾਂ ਸਦਕਾ ਕਣਕ ਦੇ ਖਰੀਦ ਕਾਰਜ ਸੁਚਾਰੂ ਢੰਗ ਨਾਲ ਚੱਲ ਰਹੇ ਹਨ।ਕਿਸਾਨਾਂ ਨੂੰ ਫ਼ਸਲ ਦੀ ਅਦਾਇਗੀ ਵੀ ਨਾਲੋ-ਨਾਲ ਕੀਤੀ ਜਾ ਰਹੀ ਹੈ, ਪਰ ਕੇਂਦਰ ਸਰਕਾਰ ਆਪਣੀ ਜ਼ਿੰਮੇਵਾਰੀਆਂ ਨੂੰ ਸਹੀ ਢੰਗ ਨਾਲ ਨਹੀਂ ਨਿਭਾ ਰਹੀ।ਮੰਡੀਆਂ ਵਿੱਚੋਂ ਖਰੀਦੀ ਗਈ ਕਣਕ ਦੀ ਲਿਫਟਿੰਗ ਕਰਾਉਣ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਬਣਦੀ ਹੈ, ਪਰ ਕੇਂਦਰ ਸਰਕਾਰ ਤੇ ਐਫ.ਸੀ.ਆਈ ਵੱਲੋਂ ਮੰਡੀਆਂ ਵਿੱਚੋਂ ਕਣਕ ਦੀ ਲਿਫਟਿੰਗ ਕਰਾਉਣ ਵਿੱਚ ਅਣਗਹਿਲੀ ਵਰਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਮੰਡੀਆਂ ਵਿੱਚ 124.05 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ ਅਤੇ 123.35 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਹੋ ਚੁੱਕੀ ਹੈ, ਜਿਸ ਵਿੱਚੋਂ 79.36 ਲੱਖ ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਹੋ ਚੁੱਕੀ ਹੈ ਤੇ 43.99 ਲੱਖ ਮੀਟ੍ਰਿਕ ਟਨ ਕਣਕ ਮੰਡੀਆਂ ਵਿੱਚ ਪਈ ਹੈ।ਉਨ੍ਹਾਂ ਦੱਸਿਆ ਕਿ 5 ਮਈ ਨੂੰ ਸੂਬੇ ਦੀਆਂ ਮੰਡੀਆਂ ਵਿੱਚ 1.10 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋਈ, ਜਦਕਿ 1.19 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਹੋਈ ਹੈ।ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ 25821.71 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਚੇਅਰਮੈਨ ਨੇ ਕਿਹਾ ਕਿ ਸੂਬੇ ਵਿੱਚ ਮੌਸਮ ਖਰਾਬ ਹੋ ਰਿਹਾ ਹੈ ਤੇ ਲਿਫਟਿੰਗ ਘੱਟ ਹੋਣ ਕਾਰਨ ਮੰਡੀਆਂ ਵਿੱਚ ਕਣਕ ਦੇ ਢੇਰ ਲੱਗੇ ਹੋਏ ਹਨ।ਕੇਂਦਰ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਦੇ ਚਲਦਿਆਂ ਮੰਡੀਆਂ ਵਿੱਚ ਕਣਕ ਭਿੱਜ ਰਹੀ ਹੈ, ਹਾਲਾਂਕਿ ਪੰਜਾਬ ਸਰਕਾਰ ਵੱਲੋਂ ਮੰਡੀਆਂ ਵਿੱਚ ਪੁਖਤਾ ਪ੍ਰਬੰਧ ਕੀਤੇ ਗਏ ਹਨ, ਪਰ ਮੌਸਮ ਖਰਾਬ ਹੋਣ ਕਰਕੇ ਜੇਕਰ ਖਰੀਦ ਕੀਤੀ ਕਣਕ ਭਿੱਜ ਜਾਂਦੀ ਹੈ, ਤਾਂ ਉਸਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਹੋਵੇਗੀ।ਕੇਂਦਰ ਸਰਕਾਰ ਦੇ ਰਵੱਈਏ ਨੂੰ ਪੰਜਾਬ ਦੇ ਲੋਕਾਂ ਵੱਲੋਂ ਵਿਤਕਰੇ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ।ਬਰਸਟ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਮੰਡੀਆਂ ਵਿੱਚੋਂ ਖਰੀਦੀ ਗਈ ਕਣਕ ਦੀ ਲਿਫਟਿੰਗ ਕਰਾਉਣ ਲਈ ਪੁਖਤਾ ਪ੍ਰਬੰਧ ਕਰਨੇ ਚਾਹੀਦੇ ਹਨ।ਉਨ੍ਹਾਂ ਕਿਹਾ ਕਿ ਲੋਕਾਂ ਤੱਕ ਸਹੀ ਕਿਸਮ ਦਾ ਅਨਾਜ ਪੁਚਾਉਣ ਵਾਸਤੇ ਕੇਂਦਰ ਸਰਕਾਰ ਤੇ ਐਫ.ਸੀ.ਆਈ. ਆਪਣੀ ਜ਼ਿੰਮੇਵਾਰੀ ਸਮਝੇ ਤੇ ਜਲਦ ਤੋਂ ਜਲਦ ਸਪੈਸ਼ਲ ਟਰੇਨਾਂ ਲਗਾ ਕੇ ਕਣਕ ਦੀ ਲਿਫਟਿੰਗ ਕਰਾਵੇ ਅਤੇ ਜਿੱਥੇ-ਜਿੱਥੇ ਅਨਾਜ ਪੁਚਾਉਣਾ ਹੈ, ਉੱਥੇ ਤੱਕ ਪੁਚਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਦੇ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ।ਮੰਡੀਆਂ ਵਿੱਚ ਸਾਫ਼-ਸਫਾਈ, ਪੀਣ ਯੋਗ ਪਾਣੀ, ਬਾਥਰੂਮ, ਛਾਂ, ਬੈਠਣ ਆਦਿ ਦੇ ਪੂਰੇ ਪ੍ਰਬੰਧ ਕੀਤੇ ਗਏ ਹਨ, ਤਾਂ ਜੁ ਕਿਸਾਨਾਂ, ਆੜ੍ਹਤੀਆਂ, ਮਜਦੂਰਾਂ ਨੂੰ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।ਮੰਡੀ ਬੋਰਡ ਵੱਲੋਂ ਕਣਕ ਦੀ ਖਰੀਦ ਕਰਾਉਣ ਲਈ ਕੁੱਲ 1865 ਪੱਕੀਆਂ ਮੰਡੀਆਂ ਘੋਸ਼ਿਤ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ 152 ਮੁੱਖ ਯਾਰਡ, 285 ਸਬ-ਯਾਰਡ ਅਤੇ 1428 ਖਰੀਦ ਕੇਂਦਰ ਆਉਂਦੇ ਹਨ।ਇਸ ਦੇ ਨਾਲ ਹੀ ਕਣਕ ਦੀ ਫ਼ਸਲ ਦੀ ਆਮਦ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ 1028 ਆਰਜ਼ੀ ਮੰਡੀਆਂ ਘੋਸ਼ਿਤ ਕੀਤੀਆਂ ਜਾ ਚੁੱਕੀਆਂ ਹਨ, ਜਿਨ੍ਹਾਂ ਵਿੱਚ ਕਣਕ ਦੀ ਖਰੀਦ ਜਾਰੀ ਹੈ।

# ਚਮਕੌਰ ਸਾਹਿਬ ਮੋਰਚਾ ਨੇ ਕਾਗਜ਼ ਮਿੱਲ ਖ਼ਿਲਾਫ਼ ਗਵਰਨਰ ਨੂੰ ਸੌਂਪਿਆ ਮੰਗ ਪੱਤਰ



**ਮੋਗਾ (ਇਕਬਾਲ ਸਿੰਘ ਖਹਿਰਾ)**- ਸ੍ਰੀ ਚਮਕੌਰ ਸਾਹਿਬ ਮੋਰਚਾ ਤੇ ਸਥਾਨਕ ਵਾਸੀਆਂ ਨੇ ਪੰਜਾਬ ਦੇ ਰਾਜਪਾਲ ਨੂੰ ਮੰਗ ਪੱਤਰ ਸੌਂਪਿਆ ਹੈ, ਜਿਸ ਰਾਹੀਂ ਉਨ੍ਹਾਂ ਨੇ ਇਸ ਇਲਾਕੇ ਵਿੱਚ ਬੁੱਢਾ ਦਰਿਆ ਦੇ ਕੰਢੇ ਇੱਕ ਵੱਡੀ 'ਏ' ਕੈਟਾਗਰੀ ਦੀ ਕਾਗਜ਼ ਮਿੱਲ ਲਾਉਣ ਦੇ ਪ੍ਰਸਤਾਵ ਦਾ ਤਿੱਖਾ ਵਿਰੋਧ ਕੀਤਾ ਹੈ ਅਤੇ ਇਸ ਨੂੰ ਵਾਤਾਵਰਨੀ ਕਲੀਅਰੈਂਸ ਨਾ ਦੇਣ ਦੀ ਮੰਗ ਕੀਤੀ ਹੈ। ਨਿਵਾਸੀਆਂ ਨੇ ਚੇਤਾਵਨੀ ਦਿੱਤੀ ਕਿ ਇਹ ਥਾਂ ਗੁਰੂ ਗੋਬਿੰਦ ਸਿੰਘ ਜੀ ਤੇ ਸਾਹਿਬਜ਼ਾਦਿਆਂ ਨਾਲ ਸਬੰਧਤ ਇਤਿਹਾਸਕ ਗੁਰਦੁਆਰਿਆਂ ਦੇ ਬਹੁਤ ਨੇੜੇ ਹੈ। ਇਹ ਬੁੱਢਾ ਦਰਿਆ ਨੂੰ ਹੋਰ ਜ਼ਹਿਰੀਲਾ ਕਰ ਸਕਦੀ ਹੈ, ਜੋ ਪਹਿਲਾਂ ਹੀ ਹੇਠਾਂ ਦੇ ਹਿੱਸਿਆਂ ਵਿੱਚ ਬੁਰੀ ਤਰ੍ਹਾਂ ਪ੍ਰਦੂਸ਼ਤ ਹੈ। ਇਹ ਪ੍ਰੋਜੈਕਟ ਸਰਹਿੰਦ ਨਹਿਰ ਤੋਂ 200 ਮੀਟਰ ਦੇ ਅੰਦਰ ਹੈ, ਜੋ 1.5 ਕਰੋੜ ਲੋਕਾਂ ਨੂੰ ਪੀਣ ਵਾਲਾ ਪਾਣੀ ਪ੍ਰਦਾਨ ਕਰਦੀ ਹੈ। ਪੇਪਰ ਮਿੱਲ ਨੂੰ ਹਰ ਰੋਜ਼ 1.5 ਕਰੋੜ ਲੀਟਰ ਤਾਜ਼ੇ ਪਾਣੀ ਦੀ ਲੋੜ ਹੁੰਦੀ ਹੈ, ਜੋ ਇਹ ਰਸਾਇਣਾਂ ਨਾਲ ਪ੍ਰਦੂਸ਼ਤ ਕਰੇਗੀ ਤੇ ਸਾਡੇ ਖੇਤਰ ਵਿੱਚ ਛੱਡੇਗੀ। ਜ਼ਮੀਨ ਹੇਠਲੇ ਪਾਣੀ, ਹਵਾ ਤੇ ਸਿਹਤ 'ਤੇ ਸਿੱਧਾ ਖਤਰਾ ਹੈ। ਕੋਈ ਚੱਜ ਦਾ ਵਾਤਾਵਰਣੀ ਜਾਂ ਸੰਸਕ੍ਰਿਤਕ ਪ੍ਰਭਾਵ ਅਧਿਐਨ ਨਹੀਂ ਕੀਤਾ ਗਿਆ। ਪ੍ਰੋਜੈਕਟ ਇਲਾਕਾ ਨਾਂ ਤਾਂ ਉਦਯੋਗਿਕ ਹੈ ਤੇ ਨਾਂ ਹੀ ਇਹੋ ਜਿਹੇ ਕੰਮ ਲਈ ਢੁਕਵੀਂ ਹੈ। ਸਿਰਫ਼ ਪ੍ਰਦੂਸ਼ਣ ਦਾ ਮਾਮਲਾ ਨਹੀਂ। ਇਹ ਸਾਡੇ ਧਰਮ, ਇਤਿਹਾਸ ਤੇ ਇਨਸਾਫ਼ ਦਾ ਮਾਮਲਾ ਹੈ। ਚਮਕੌਰ ਸਾਹਿਬ ਇਕ ਪਵਿੱਤਰ ਧਰਤੀ ਹੈ, ਨਾ ਕਿ ਜ਼ਹਿਰੀਲੇ ਉਦਯੋਗਾਂ ਲਈ ਥਾਂ। ਮੰਗ ਪੱਤਰ ਰਾਹੀਂ ਪੰਜਾਬ ਦੇ ਰਾਜਪਾਲ ਨੂੰ ਅਪੀਲ ਕੀਤੀ ਕਿ ਇਸ ਪ੍ਰੋਜੈਕਟ ਨੂੰ ਵਾਤਾਵਰਣੀ ਮਨਜ਼ੂਰੀ ਨਾ ਦੇਣ ਦੀ ਸਿਫਾਰਸ਼ ਕਰਨ, ਬੁੱਢਾ ਦਰਿਆ ਤੇ ਇਤਿਹਾਸਕ ਸ਼ਹਿਰਾਂ ਦੇ ਨੇੜੇ ਲਾਲ-ਕੈਟਾਗਰੀ ਉਦਯੋਗਾਂ ਉੱਤੇ ਰੋਕ ਲਗਾਈ ਜਾਵੇ, ਉਦਯੋਗਿਕ ਸਾਈਟਿੰਗ ਨੀਤੀਆਂ ਦੀ ਪੁਨਰਸਮੀਖਿਆ ਕਰਵਾਈ ਜਾਵੇ।

# ਮੁੱਖ ਮੰਤਰੀ ਵੱਲੋਂ ਅੰਦੋਲਨਾਂ ਖਿਲਾਫ਼ ਦਿੱਤਾ ਬਿਆਨ ਜਮਹੂਰੀ ਅਧਿਕਾਰ ਕੁਚਲਣ ਵਾਲਾ : ਜਮਹੂਰੀ ਅਧਿਕਾਰ ਸਭਾ

**ਸੰਗਰੂਰ (ਪ੍ਰਵੀਨ ਸਿੰਘ)** ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਸੰਗਰੂਰ ਨੇ ਮੁੱਖ ਮੰਤਰੀ ਵੱਲੋਂ ਸੰਘਰਸ਼ਸ਼ੀਲ ਜਥੇਬੰਦੀਆਂ ਨੂੰ ਸੜਕ ਰੋਕੋ ਜਾਂ ਰੇਲ ਰੋਕੋ ਵਰਗੇ ਅੰਦੋਲਨਾਂ ਦੇ ਐਲਾਨ ਉਪਰ ਸਿੱਟੇ ਭੁਗਤਨ ਦੀ ਦਿੱਤੀ ਗਈ ਹੰਕਾਰ ਭਰੀ ਧਮਕੀ ਦਾ ਗੰਭੀਰ ਨੋਟਿਸ ਲੈਂਦਿਆਂ ਇਸ ਨੂੰ ਲੋਕਾਂ ਦੇ ਸ਼ਾਂਤਮਈ ਸੰਘਰਸ਼ ਕਰਨ ਦੇ ਜਮਹੂਰੀ ਤੇ ਸੰਵਿਧਾਨਕ ਹੱਕ ਨੂੰ ਕੁਚਲਣ ਵਾਲਾ ਦੱਸਿਆ ਹੈ। ਸਭਾ ਦੇ ਜ਼ਿਲ੍ਹਾ ਪ੍ਰਧਾਨ ਜਗਜੀਤ ਸਿੰਘ ਭੁਟਾਲ, ਸਕੱਤਰ ਕੁਲਦੀਪ ਸਿੰਘ, ਪ੍ਰੈਸ ਸਕੱਤਰ ਜੁਝਾਰ ਸਿੰਘ ਲੌਂਗੋਵਾਲ, ਸੂਬਾ ਆਗੂ ਸਵਰਨਜੀਤ ਸਿੰਘ, ਮਨਧੀਰ ਸਿੰਘ ਤੇ ਬਲਵਿੰਦਰ ਸਿੰਘ ਬਿਸਾਖਾ ਨੇ ਕਿਹਾ ਕਿ ਲੋਕਾਂ ਨੂੰ ਵਧੀਆ ਸਿਹਤ, ਸਿੱਖਿਆ, ਰੁਜ਼ਗਾਰ ਦੇਣ ਤੇ ਭ੍ਰਿਸ਼ਟਾਚਾਰ ਸਮੇਤ ਲੋਕਾਂ ਦੀਆਂ ਸਮੱਸਿਆਂਵਾਂ ਨੂੰ ਦੂਰ ਕਰਕੇ ਬਦਲਵਾਂ ਰਾਜ ਪ੍ਰਬੰਧ ਦੇਣ ਦਾ ਵਾਅਦਾ ਕਰਕੇ ਆਈ ਸਰਕਾਰ ਦੇ ਬੀਤੇ ਤਿੰਨ ਸਾਲਾਂ ਵਿੱਚ ਸਿਹਤ ਸਿੱਖਿਆ ਤੇ ਹੋਰ ਜਨਤਕ ਸਹੂਲਤਾਂ ਵਿਚ ਹੋਰ ਨਿਘਾਰ ਆਇਆ ਹੈ।ਰਾਜ ਵਿੱਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ।ਬੇਰੁਜ਼ਗਾਰ ਨੌਜਵਾਨਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ।ਕਿਸਾਨਾਂ ਮਜ਼ਦੂਰਾਂ ਤੇ ਹੋਰ ਕਾਰੋਬਾਰੀਆਂ ਦੀ ਜ਼ਿੰਦਗੀ ਲਗਾਤਾਰ ਦੁਭਰ ਹੁੰਦੀ ਜਾ ਰਹੀ ਹੈ। ਥਾਣੇ ਕਚਹਿਰੀਆਂ ਵਿਚ ਆਮ ਲੋਕਾਂ ਨੂੰ ਇਨਸਾਫ਼ ਦੀ ਥਾਂ ਖੱਜਲ ਖ਼ੁਆਰੀ ਮਿਲੀ ਹੈ, ਜਿਸ ਕਾਰਨ ਲੋਕਾਂ ਨੂੰ ਆਪਣੇ ਮਸਲਿਆਂ ਦੇ ਹੱਲ ਲਈ ਸੰਘਰਸ਼ ਕਰਨਾ ਪੈ ਰਿਹਾ ਹੈ।ਪੰਜਾਬ ਸਰਕਾਰ ਇਨ੍ਹਾਂ ਮਸਲਿਆਂ ਦੇ ਹੱਲ ਲਈ ਯੋਗ ਉਪਰਾਲੇ ਕਰਕੇ ਲੋਕਾਂ ਦਾ ਭਰੋਸਾ ਹਾਸਲ ਕਰਨ ਦੀ ਥਾਂ, ਸੰਘਰਸ਼ ਕਰ ਰਹੇ ਲੋਕਾਂ ਉਪਰ ਜਬਰ ਕਰਨ ਦੇ ਰਾਹ ਪੈ ਗਈ ਹੈ। ਕਾਰਪੋਰੇਟ ਕੰਪਨੀਆਂ ਦੀ ਸੇਵਾ ਲਈ ਕੇਂਦਰ ਸਰਕਾਰ ਵੱਲੋਂ ਭਾਰਤ ਮਾਲਾ ਵਰਗੇ ਵਿਕਾਸ ਪ੍ਰਾਜੈਕਟਾਂ ਲਈ ਜ਼ਮੀਨਾਂ ਹਾਸਲ ਕਰਨ ਅਤੇ ਉਨ੍ਹਾਂ ਦੇ ਹਵਾ ਪਾਣੀ ਨੂੰ ਪ੍ਰਦੂਸ਼ਤ ਕਰਨ ਵਾਲੇ ਕਾਰਖਾਨਿਆਂ ਨੂੰ ਚਲਾਉਣ ਲਈ ਰਾਹ ਪੱਧਰਾ ਕਰਨ ਵਾਸਤੇ ਸੰਘਰਸ਼ ਸ਼ੀਲ ਲੋਕਾਂ ਉਪਰ ਜਬਰ ਕਰ ਰਹੀ ਹੈ।6 ਮਈ ਨੂੰ ਸ਼ੰਭੂ ਥਾਣੇ ਦੇ ਘਿਰਾਓ ਵਰਗੇ ਪ੍ਰੋਗਰਾਮਾਂ ਨੂੰ ਪੁਲਸ ਜਬਰ ਨਾਲ ਰੋਕ ਕੇ ਪੰਜਾਬ ਸਰਕਾਰ ਨੇ ਸੰਵਿਧਾਨ ਵਿੱਚ ਦਰਜ ਸੰਘਰਸ਼ ਕਰਨ ਦੇ ਜਮਹੂਰੀ ਹੱਕਾਂ ਨੂੰ ਪੈਰਾਂ ਹੇਠ ਰੋਲ ਦਿੱਤਾ ਹੈ।ਪੰਜਾਬ ਦੀਆਂ ਵਿਰੋਧੀ ਪਾਰਟੀਆਂ ਵੱਲੋਂ ਵੀ ਇਸ ਜਬਰ ਖਿਲਾਫ ਜਨਤਕ ਲਾਮਬੰਦੀ ਕਰਨ ਦੀ ਥਾਂ ਸਿਰਫ ਬਿਆਨਬਾਜ਼ੀ ਤੱਕ ਸੀਮਤ ਰਹਿ ਕੇ ਸਰਕਾਰ ਦੇ ਜਬਰ ਨੂੰ ਚੁੱਪ ਸਹਿਮਤੀ ਦਿੱਤੀ ਹੋਈ ਹੈ।

# ਪੰਜਾਬ ਸਿੱਖਿਆ ਕ੍ਰਾਂਤੀ ਨੇ ਸਕੂਲਾਂ ਦੀ ਨੁਹਾਰ ਬਦਲੀ : ਚੇਅਰਮੈਨ ਪਨੂੰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਦੇ ਸਕੂਲਾਂ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਤੇ ਸਿੱਖਿਆ ਦੀ ਗੁਣਵੱਤਾ ਵਿੱਚ ਲਿਆਂਦੀ ਗਈ ਤਬਦੀਲੀ ਨੇ ਪੰਜਾਬ ਦੇ ਲੋਕਾਂ ਦਾ ਸਰਕਾਰੀ ਸਕੂਲਾਂ ਵਿੱਚ ਪਿਛਲੀਆਂ ਸਰਕਾਰਾਂ ਸਮੇਂ ਖੁੱਸਿਆ ਵਿਸ਼ਵਾਸ ਬਹਾਲ ਕਰ ਦਿੱਤਾ ਹੈ।ਇਹ ਪ੍ਰਗਟਾਵਾ ਸ੍. ਬਲਬੀਰ ਸਿੰਘ ਪਨੂੰ, ਚੇਅਰਮੈਨ ਪਨਸਪ ਪੰਜਾਬ ਵੱਲੋਂ ਹਲਕੇ ਦੇ ਵੱਖ-ਵੱਖ ਸਕੂਲਾਂ ਵਿੱਚ ਹੋਏ ਵਿਕਾਸ ਕਾਰਜ ਜਿਵੇਂ ਨਵੇਂ ਕਮਰਿਆਂ ਦੀ ਉਸਾਰੀ, ਕਮਰਿਆਂ ਦਾ ਨਵੀਨੀਕਰਨ ਤੇ ਚਾਰਦੀਵਾਰੀ ਆਦਿ ਦੇ ਵਿਕਾਸ ਕਾਰਜ ਸ਼ਾਮਲ ਹਨ।ਪਿੰਡ ਮੰਜਿਆਂਵਾਲੀ ਸਰਕਾਰੀ ਪ੍ਰਾਇਮਰੀ/ਮਿਡਲ ਸਕੂਲ ਵਿਖੇ 18 ਲੱਖ 27 ਹਜ਼ਾਰ ਰੁਪਏ, ਪਿੰਡ ਤੇਜਾ ਕਲਾਂ ਦੇ ਬਾਬਾ ਬੁੱਢਾ ਸਰਕਾਰੀ ਹਾਈ ਸਕੂਲ ਵਿਖੇ 9 ਲੱਖ ਰੁਪਏ ਤੇ ਪਿੰਡ ਮੁਰੀਦਕੇ ਦੇ ਸਰਕਾਰੀ ਮਿਡਲ ਸਕੂਲ ਵਿਖੇ ਇਕ ਲੱਖ 96 ਹਜ਼ਾਰ ਰੁਪਏ ਦੇ ਵੱਖ-ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ।ਚੇਅਰਮੈਨ ਬਲਬੀਰ ਸਿੰਘ ਪਨੂੰ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਇੱਕੋ ਇੱਕ ਨਿਸ਼ਾਨਾ ਪੰਜਾਬ ਦੇ ਸਰਕਾਰੀ ਸਕੂਲਾਂ ਦੀ ਦਿੱਖ, ਨਿੱਜੀ ਸਕੂਲਾਂ ਤੋਂ ਵੀ ਬਿਹਤਰ ਬਣਾ ਕੇ ਸਰਕਾਰੀ ਸਿੱਖਿਆ ਸੰਸਥਾਵਾਂ ਵਿੱਚ ਮਿਆਰੀ ਸਿੱਖਿਆ ਸਹੂਲਤਾਂ ਮੁਹੱਈਆ ਕਰਵਾਉਣਾ ਹੈ। ਇਸ ਮੌਕੇ ਮੈਡਮ ਅਮਨਦੀਪ ਕੌਰ, ਮੈਡਮ ਨਿਸ਼ਾ, ਮੈਡਮ ਹਰਪ੍ਰੀਤ ਕੌਰ, ਮਾਸਟਰ ਹਰਦੇਵ ਸਿੰਘ, ਵਿਕਰਮ ਸਿੰਘ, ਮੈਡਮ ਸੁਖਪ੍ਰੀਤ ਕੌਰ, ਮੈਡਮ ਸ਼ੁਭਕਰਨ ਕੌਰ, ਮੈਡਮ ਪਵਨਦੀਪ ਕੌਰ, ਸਰਪੰਚ ਰਾਜਵਿੰਦਰ ਸਿੰਘ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਬਲਾਕ ਪ੍ਰਧਾਨ ਹਰਦੀਪ ਸਿੰਘ ਮੰਜਿਆਂ ਵਾਲੀ, ਮਨਤਾਰ ਸਿੰਘ, ਏਐਸਆਈ ਰਾਮ ਸਿੰਘ, ਸਰਪੰਚ ਅੰਮ੍ਰਿਤਪਾਲ ਕੌਰ, ਸਰਪੰਚ ਧਰਮਵੀਰ ਸਿੰਘ ਤੇਜਾ ਕਲਾਂ, ਪ੍ਰਿੰਸੀਪਲ ਹਰਭਜਨ ਲਾਲ ਤੇਜਾ ਕਲਾਂ, ਪ੍ਰਿੰਸੀਪਲ ਪ੍ਰਦੀਪ ਕੁਮਾਰ ਮੁਰੀਦ ਕੇ, ਹਲਕਾ ਯੂਥ ਪ੍ਰਧਾਨ ਗੁਰਬਿੰਦਰ ਸਿੰਘ, ਕਾਦੀਆਂ ਦੇ ਹਲਕਾ ਕੋਡੀਨੇਟਰ ਐਜੂਕੇਸ਼ਨ ਰਘਬੀਰ ਸਿੰਘ ਅਠਵਾਲ, ਬਲਾਕ ਪ੍ਰਧਾਨ ਜਗਜੀਤ ਸਿੰਘ, ਬਲਾਕ ਪ੍ਰਧਾਨ ਹਰਪ੍ਰੀਤ ਸਿੰਘ, ਗਗਨਦੀਪ ਸਿੰਘ ਕੋਟਲਾ ਬਾਮਾ, ਕਰਨ ਬਾਠ, ਗੁਰ ਪ੍ਰਤਾਪ ਸਿੰਘ ਅਤੇ ਗੁਰਦੇਵ ਸਿੰਘ ਔਜਲਾ ਆਦਿ ਹਾਜ਼ਰ ਸਨ।

# ਪੰਨੀਵਾਲਾ ਮਾਹਲਾ 'ਚ ਵਿਕਾਸ ਕਾਰਜਾਂ ਦਾ ਉਦਘਾਟਨ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਸਿੱਖਿਆ ਕ੍ਰਾਂਤੀ ਪ੍ਰੋਗਰਾਮ ਦੇ ਤਹਿਤ ਅਬੋਹਰ ਦੇ ਸਾਬਕਾ ਵਿਧਾਇਕ ਅਰੁਣ ਨਾਰੰਗ ਨੇ ਪਿੰਡ ਪੰਨੀਵਾਲਾ ਮਾਹਲਾ ਦੇ ਸਰਕਾਰੀ ਪ੍ਰਾਈਮਰੀ ਅਤੇ ਮਿਡਲ ਸਕੂਲ ਵਿਖੇ 25.84 ਲੱਖ ਰੁਪਏ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।ਉਨ੍ਹਾਂ ਆਖਿਆ ਕਿ ਪਿਛਲੀਆਂ ਸਰਕਾਰਾਂ ਸਮੇਂ ਸਕੂਲਾਂ ਵਿੱਚ ਸਿੱਖਿਆ ਦਾ ਮਿਆਰ ਡਿੱਗ ਗਿਆ ਸੀ, ਪਰ ਹੁਣ ਪੰਜਾਬ ਸਰਕਾਰ ਨੇ ਅਧਿਆਪਕਾਂ ਨੂੰ ਦੇਸ਼-ਵਿਦੇਸ਼ ਤੋਂ ਸਿਖਲਾਈ ਦਿਵਾਈ ਹੈ ਤੇ ਸਕੂਲਾਂ ਦੇ ਬੁਨਿਆਦੀ ਢਾਂਚੇ ਵਿੱਚ ਵੱਡਾ ਸੁਧਾਰ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸਕੂਲਾਂ ਵਿੱਚ ਵਾਈਫਾਈ ਦੀ ਸੁਵਿਧਾ ਤੋਂ ਇਲਾਵਾ ਅਧਿਆਪਕਾਂ ਦੀ ਘਾਟ ਪੂਰੀ ਕੀਤੀ ਗਈ ਹੈ।ਰਾਜ ਵਿੱਚ 12000 ਕੱਚੇ ਅਧਿਆਪਕਾਂ ਨੂੰ ਪੱਕੇ ਕੀਤਾ ਗਿਆ ਹੈ ਤੇ 20 ਹਜਾਰ ਨਵੇਂ ਅਧਿਆਪਕ ਭਰਤੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸੇ ਦਾ ਨਤੀਜਾ ਹੈ ਕਿ ਸਾਡੇ ਵਿਦਿਆਰਥੀ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਵੀ ਸਥਾਨ ਹਾਸਲ ਕਰ ਰਹੇ।ਸਾਬਕਾ ਵਿਧਾਇਕ ਅਰੁਣ ਨਾਰੰਗ ਨੇ ਪਿੰਡ ਵਾਸੀਆਂ ਨੂੰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਵੀ ਵਧ-ਚੜ੍ਹ ਕੇ ਭਾਗ ਲੈਣ ਦਾ ਸੱਦਾ ਦਿੰਦਿਆਂ ਕਿਹਾ ਕਿ ਸਰਕਾਰ ਨਸ਼ਿਆਂ ਨੂੰ ਖਤਮ ਕਰ ਰਹੀ ਹੈ ਤੇ ਲੋਕ ਵੀ ਸਹਿਯੋਗ ਕਰਨ।ਜੇਕਰ ਕਿਤੇ ਕੋਈ ਨਸ਼ੇ ਤੋਂ ਪੀੜਤ ਹੈ ਤਾਂ ਉਸ ਨੂੰ ਪ੍ਰੇਰਤ ਕਰਕੇ ਸਰਕਾਰੀ ਨਸ਼ਾ ਮੁਕਤੀ ਕੇਂਦਰ ਤੱਕ ਲਿਆਂਦਾ ਜਾਵੇ, ਜਿੱਥੇ ਸਰਕਾਰ ਵੱਲੋਂ ਉਸਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ।

# ਪ੍ਰੈੱਸ ਆਜ਼ਾਦੀ ਦਿਵਸ ਸਾਨੂੰ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਦਾ : ਮੱਕੜ



**ਮਲੋਟ (ਗੁਰਮੀਤ ਸਿੰਘ ਮੱਕੜ)** ਪ੍ਰੈਸ ਕਲੱਬ ਮਲੋਟ ਵੱਲੋਂ ਪ੍ਰੈਸ ਆਜ਼ਾਦੀ ਦਿਵਸ ਮੌਕੇ ਪ੍ਰੈਸ ਕਲੱਬ ਦੇ ਪ੍ਰਧਾਨ ਗੁਰਮੀਤ ਸਿੰਘ ਮੱਕੜ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ, ਜਿਸ ਵਿੱਚ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸੀਵਰੇਜ ਬੋਰਡ ਦੇ ਇੰਜੀਨੀਅਰ ਰਾਕੇਸ਼ ਮੋਹਨ ਮੱਕੜ ਨੇ ਸ਼ਿਰਕਤ ਕੀਤੀ। ਇਸ ਮੌਕੇ ਪ੍ਰੈਸ ਕਲੱਬ ਦੇ ਪ੍ਰਧਾਨ ਗੁਰਮੀਤ ਸਿੰਘ ਮੱਕੜ ਨੇ ਪ੍ਰੈਸ ਆਜ਼ਾਦੀ ਦਿਵਸ 'ਤੇ ਬੋਲਦਿਆਂ ਕਿਹਾ ਕਿ ਅੱਜ ਦਾ ਦਿਨ ਸਾਨੂੰ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋਣਾ ਸਿਖਾਉਂਦਾ ਹੈ, ਕਿਉਂਕਿ ਜੇਕਰ ਪ੍ਰੈਸ ਆਜ਼ਾਦ ਰਹੇਗੀ ਤਾਂ ਹੀ ਆਮ ਲੋਕਾਂ ਦੀਆਂ ਮਸਲੇ ਉਠਾਉਂਦੀ ਰਹੇਗੀ ਤੇ ਸਰਕਾਰ ਅਤੇ ਪ੍ਰਸ਼ਾਸਨ ਦੁਆਰਾ ਉਨ੍ਹਾਂ ਦਾ ਹੱਲ ਹੁੰਦਾ ਰਹੇਗਾ। ਇਸ ਮੌਕੇ 'ਤੇ ਵਿਸ਼ੇਸ਼ ਮਹਿਮਾਨ ਰਾਕੇਸ਼ ਮੋਹਨ ਮੱਕੜ ਨੇ ਕਿਹਾ ਕਿ ਪ੍ਰੈਸ ਸਾਡੇ ਲੋਕਤੰਤਰ ਦਾ ਚੌਥਾ ਥੰਮ੍ਹ ਹੈ। ਉਨ੍ਹਾਂ ਕਿਹਾ ਕਿ ਪੱਤਰਕਾਰ ਆਮ ਲੋਕਾਂ, ਸਰਕਾਰ, ਪੁਲਸ ਅਤੇ ਪ੍ਰਸ਼ਾਸਨ ਵਿਚਕਾਰ ਪੁਲ ਦਾ ਕੰਮ ਕਰਦਾ ਹੈ। ਉਨ੍ਹਾਂ ਕਿਹਾ ਕਿ ਜਿੱਥੇ ਉਹ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਪ੍ਰਸ਼ਾਸਨ ਕੋਲ ਲੈ ਕੇ ਜਾਂਦੇ ਹਨ, ਉਥੇ ਉਹ ਸਰਕਾਰ ਤੇ ਪ੍ਰਸ਼ਾਸਨ ਦਾ ਸੰਦੇਸ਼ ਵੀ ਲੋਕਾਂ ਤੱਕ ਪਹੁੰਚਾਉਂਦੇ ਹਨ, ਜਿਸ ਲਈ ਪ੍ਰੈੱਸ ਦੀ ਸਾਡੇ ਸਮਾਜ ਵਿਚ ਮਹੱਤਵਪੂਰਨ ਭੂਮਿਕਾ ਹੈ। ਇਸ ਮੌਕੇ 'ਤੇ ਪੱਤਰਕਾਰ ਸਤੀਸ਼ ਗੋਇਲ, ਹਰਪ੍ਰੀਤ ਸਿੰਘ ਹੈਪੀ, ਵਿਕਾਸ ਗੁਪਤਾ, ਸੰਦੀਪ ਮਲੂਜਾ, ਜੱਜ ਸ਼ਰਮਾ, ਰੋਹਿਤ ਕਾਲੜਾ, ਚੇਤਨ ਭੂਰਾ ਆਦਿ ਹਾਜ਼ਰ ਸਨ।

# ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਮਹੀਨਾਵਾਰ ਮੀਟਿੰਗ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਮਹੀਨਾਵਾਰੀ ਮੀਟਿੰਗ ਕਾਮਰੇਡ ਜਰਨੈਲ ਸਿੰਘ ਭਵਨ ਵਿੱਚ ਓਮ ਪ੍ਰਕਾਸ਼ ਚੇਅਰਮੈਨ ਤੇ ਗੁਰਤੇਜ ਸਿੰਘ ਜਨਰਲ ਸਕੱਤਰ ਦੀ ਪ੍ਰਧਾਨਗੀ ਵਿੱਚ ਕੀਤੀ ਗਈ। ਮੀਟਿੰਗ ਵਿੱਚ ਵੱਖ ਵੱਖ ਮਹਿਕਮਿਆਂ ਦੇ ਪੈਨਸ਼ਨਰ ਸ਼ਾਮਲ ਹੋਏ। ਮੀਟਿੰਗ ਵਿੱਚ ਪੰਜਾਬ ਸਰਕਾਰ ਤੇ ਕੇਂਦਰ ਦੀ ਸਰਕਾਰ ਵੱਲੋਂ ਮੁਲਾਜ਼ਮ, ਪੈਨਸ਼ਨਰ ਮਾਰੂ ਨੀਤੀਆਂ ਦੀ ਨਿਖੇਧੀ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪੈਨਸ਼ਨਰ ਆਗੂਆਂ ਬਲਬੀਰ ਸਿੰਘ ਸੰਧੂ, ਬਲਵੰਤ ਸਿੰਘ ਸੰਧੂ ਪ੍ਰਧਾਨ, ਸੁਰਜੀਤ ਸਿੰਘ, ਮਲਕੀਅਤ ਚੰਦ ਪਾਸੀ ਕੈਸ਼ੀਅਰ, ਕੁਲਦੀਪ ਸਿੰਘ ਖੁੰਘਰ ਨੇ ਕਿਹਾ ਕਿ ਪੰਜਾਬ ਸਰਕਾਰ ਨੇ 75 ਸਾਲ ਤੋਂ ਘੱਟ ਉਮਰ ਵਾਲੇ ਪੈਨਸ਼ਨਰਾਂ ਨੂੰ ਕੇ ਕਮਿਸ਼ਨ ਦਾ 42 ਕਿਸ਼ਤਾਂ ਵਿਚ ਬਕਾਇਆ ਦੇਣ ਦਾ ਕੋਝਾ ਮਜ਼ਾਕ ਕੀਤਾ ਹੈ। ਆਗੂਆਂ ਨੇ ਮੰਗ ਕੀਤੀ ਕਿ ਬਕਾਇਆ ਇਕੋ ਕਿਸ਼ਤ ਵਿੱਚ ਦਿੱਤਾ ਜਾਵੇ, 2.59 ਦੇ ਫੈਕਟਰ ਨਾਲ ਪੈਨਸ਼ਨ ਸੋਧੀ ਜਾਵੇ, ਡੀ ਏ ਦਾ ਰਹਿੰਦਾ ਬਕਾਇਆ ਤੇ 13 ਪ੍ਰਤੀਸ਼ਤ ਡਿਊ ਡੀ ਏ ਦੀਆਂ ਕਿਸ਼ਤਾਂ ਦਿੱਤੀਆਂ ਜਾਣ। ਆਗੂਆਂ ਨੇ ਕਿਹਾ ਕਿ ਕੇਂਦਰ ਦੀ ਸਰਕਾਰ ਤੇ ਗੁਆਂਢੀ ਰਾਜਾਂ ਦੇ ਪੈਨਸ਼ਨਰ 55 ਪ੍ਰਤੀਸ਼ਤ ਡੀ ਏ ਲੈ ਰਹੇ ਹਨ, ਪਰ ਪੰਜਾਬ ਸਰਕਾਰ 42 ਪ੍ਰਤੀਸ਼ਤ ਡੀਏ ਦੇ ਰਹੀ ਹੈ, ਜੋ ਪੈਨਸ਼ਨਰਾਂ ਨਾਲ ਸਰਾਸਰ ਧੱਕਾ ਹੈ। ਇਸ ਮੌਕੇ ਅਸ਼ੋਕ ਅਰੋੜਾ ਰਿਟਾ. ਬੈਂਕ ਮੈਨੇਜਰ, ਜਸਬੀਰ ਸਿੰਘ ਰਿਟਾ. ਸੁਪਰਡੈਂਟ, ਮੁਖਤਿਆਰ ਸਿੰਘ, ਜਗਤਾਰ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਮਲਕੀਅਤ ਚੰਦ ਪਾਸੀ ਕੈਸ਼ੀਅਰ ਨੂੰ 75 ਸਾਲ ਦੀ ਉਮਰ ਪੂਰੀ ਹੋਣ 'ਤੇ ਸਨਮਾਨਤ ਕੀਤਾ। ਇਸ ਮੌਕੇ ਜਸਵੰਤ ਸੈਣੀ, ਅਮਰਜੀਤ, ਕਵਰਜੀਤ ਸ਼ਰਮਾ, ਬਲਦੇਵ ਰਾਜ, ਬਲਦੇਵ ਸਿੰਘ, ਧਰਮਪਾਲ, ਸੁਰਿੰਦਰ ਮੋਂਗਾ, ਅਮ੍ਰਿਤਪਾਲ, ਪ੍ਰੀਤਮ ਸਿੰਘ ਤੇ ਹੋਰ ਵੱਡੀ ਗਿਣਤੀ ਵਿੱਚ ਪੈਨਸ਼ਨਰ ਹਾਜ਼ਰ ਸਨ।

# ਜੈਨੇਸਿਸ ਡੈਂਟਲ ਕਾਲਜ ਤੇ ਹਸਪਤਾਲ ਵੱਲੋਂ ਦਿੱਲੀ ਪਬਲਿਕ ਸਕੂਲ 'ਚ ਜਾਂਚ ਕੈਂਪ



**ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)** : ਫਿਰੋਜ਼ਪੁਰ-ਮੋਗਾ ਰੋਡ 'ਤੇ ਸਥਿਤ ਜੈਨੇਸਿਸ ਡੈਂਟਲ ਕਾਲਜ ਤੇ ਹਸਪਤਾਲ ਵੱਲੋਂ ਦਿੱਲੀ ਪਬਲਿਕ ਸਕੂਲ ਵਿੱਚ ਦੋ ਦਿਨਾਂ ਦੰਦਾਂ ਦਾ ਜਾਂਚ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਮਕਸਦ ਬੱਚਿਆਂ ਨੂੰ ਦੰਦਾਂ ਦੀ ਸੰਭਾਲ ਤੇ ਮੂੰਹ ਦੀ ਸਫਾਈ ਬਾਰੇ ਜਾਗਰੂਕ ਕਰਨਾ ਸੀ। ਕੈਂਪ ਦੌਰਾਨ ਕਾਲਜ ਦੀ ਡੈਂਟਲ ਟੀਮ ਵਿੱਚ ਡਾ. ਸੁਕੀਰਤ ਕੌਰ, ਡਾ. ਸਾਖਸ਼ੀ ਤੇ ਡਾ. ਯਾਦਵ ਨੇ ਸਕੂਲ ਦੇ ਸੈਂਕੜੇ ਬੱਚਿਆਂ ਦੇ ਦੰਦਾਂ ਦੀ ਜਾਂਚ ਕੀਤੀ। ਉਨ੍ਹਾਂ ਬੱਚਿਆਂ ਨੂੰ ਠੀਕ ਤਰੀਕੇ ਨਾਲ ਬਰਸ਼ ਕਰਨ ਦੀ ਤਕਨੀਕ, ਨਿਯਮਤ ਦੰਦਾਂ ਦੀ ਨਾਲ ਸਬੰਧਤ ਆਮ ਸਮੱਸਿਆਵਾਂ ਤੋਂ ਬਚਾਅ ਦੇ ਤਰੀਕੇ ਬਾਰੇ ਜਾਣਕਾਰੀ ਦਿੱਤੀ। ਟੀਮ ਵੱਲੋਂ ਹਰ ਬੱਚੇ ਨੂੰ ਨਿੱਜੀ ਸਲਾਹ ਵੀ ਦਿੱਤੀ ਗਈ ਤਾਂ ਜੋ ਉਹ ਆਪਣੇ ਦੰਦਾਂ ਦੀ ਚੰਗੀ ਸੰਭਾਲ ਕਰ ਸਕਣ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਡਾ. ਲਤਾ ਤੇਜਪਾਲ ਨੇ ਜੈਨੇਸਿਸ ਡੈਂਟਲ ਕਾਲਜ ਦੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਬੱਚਿਆਂ ਦੇ ਸਿਹਤ ਨੂੰ ਲੈ ਕੇ ਇਸ ਤਰ੍ਹਾਂ ਦੇ ਯਤਨ ਨਾ ਸਿਰਫ਼ ਉਨ੍ਹਾਂ ਦੀ ਸਰੀਰਕ ਤੰਦਰੁਸਤੀ ਨੂੰ ਮਜ਼ਬੂਤ ਕਰਦੇ ਹਨ, ਸਗੋਂ ਉਨ੍ਹਾਂ ਵਿੱਚ ਜਾਗਰੂਤਾ ਵੀ ਪੈਦਾ ਕਰਦੇ ਹਨ। ਅਸੀਂ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਕੈਂਪ ਲਗਾਉਂਦੇ ਰਹਾਂਗੇ। ਕਾਰਜਕ੍ਰਮ ਵਿੱਚ ਸਕੂਲ ਦੇ ਅਧਿਆਪਕਾਂ ਤੇ ਸਟਾਫ ਨੇ ਵੀ ਭਾਗ ਲਿਆ। ਕੈਂਪ ਦੇ ਅੰਤ ਵਿੱਚ ਬੱਚਿਆਂ ਨੂੰ ਇੱਕ ਛੋਟੀ ਗਾਈਡਬੁੱਕ ਤੇ ਦੰਦ ਸਾਫ ਕਰਨ ਨਾਲ ਜੁੜੀ ਇਕ ਕਿੱਟ ਵੀ ਭੇਟ ਕੀਤੀ ਗਈ। ਇਸ ਕੈਂਪ ਵਿੱਚ ਕਾਲਜ ਦੇ ਪੀਆਰਓ ਰਣਜੀਤ ਸਿੰਘ ਤੇ ਮਨਜੀਤ ਧਾਲੀਵਾਲ ਦਾ ਵੀ ਸਹਿਯੋਗ ਰਿਹਾ।

# ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਹਾੜਾ ਸ਼ਰਧਾਪੂਰਵਕ ਮਨਾਇਆ



**ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)** ਗੁਰਦੁਆਰਾ ਵਿਸ਼ਵਕਰਮਾ ਵਿਖੇ 18ਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਤੇ ਰਾਮਗੜ੍ਹੀਆ ਮਿਸਲ ਦੇ ਮੋਢੀ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ 302ਵਾਂ ਜਨਮ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।ਰਾਮਗੜ੍ਹੀਆ ਅਕਾਲ ਜਥੇਬੰਦੀ ਦੇ ਸੂਬਾ ਪ੍ਰਧਾਨ ਬਲਵਿੰਦਰ ਸਿੰਘ ਕਲਸੀ ਦੀ ਅਗਵਾਈ ਹੇਠ ਕਰਾਏ ਗਏ ਇਸ ਸਾਦੇ ਸਮਾਗਮ ਦੌਰਾਨ ਪਹਿਲਾ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ।ਇਸ ਮੌਕੇ ਰੂਹਾਨੀ ਕੀਰਤਨ, ਕਥਾ ਤੇ ਢਾਡੀ ਵਾਰਾਂ ਰਾਹੀਂ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਅਮਰੀਕ ਸਿੰਘ ਨੇ ਆਈਆਂ ਹੋਈਆਂ ਸੰਗਤਾਂ ਨੂੰ ਨਿਹਾਲ ਕੀਤਾ।ਸੂਬਾ ਪ੍ਰਧਾਨ ਕਲਸੀ ਨੇ ਆਪਣੇ ਸੰਬੋਧਨ ਰਾਹੀਂ ਸੰਗਤਾਂ ਨੂੰ ਸਮਾਜਿਕ ਸੇਵਾ ਤੇ ਲੋਕ ਭਲਾਈ ਦੇ ਕੰਮਾਂ ਵੱਲ ਪ੍ਰੇਰਤ ਕੀਤਾ।

# ਸ੍ਰੀ ਖਾਟੂ ਸ਼ਾਮ ਮੰਦਰ ਦੇ ਹਾਲ ਦਾ ਤੀਸਰਾ ਲੈਂਟਰ ਪਾਇਆ



**ਨਾਭਾ (ਵਰਿੰਦਰ ਵਰਮਾ)**- ਹਲਕਾ ਨਾਭਾ ਦੇ ਦਲੱਦੀ ਗੇਟ ਵਿਖੇ ਸ੍ਰੀ ਖਾਟੂ ਸ਼ਾਮ ਮੰਦਰ ਕਮੇਟੀ ਰਜਿ: ਵੱਲੋਂ ਨਾਭਾ ਦੀ ਸੰਗਤ ਦੇ ਸਹਿਯੋਗ ਨਾਲ ਬਣ ਰਹੇ ਸ੍ਰੀ ਖਾਟੂ ਸ਼ਿਆਮ ਮੰਦਰ ਦੇ ਤੀਸਰੇ ਹਾਲ ਦਾ ਲੈਂਟਰ ਅੱਜ ਸੰਪੰਨ ਹੋ ਗਿਆ। ਲੈਂਟਰ ਮੌਕੇ ਨਾਭਾ ਦੀ ਸੰਗਤ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਸੰਗਤਾਂ ਵੱਲੋਂ ਆਪਣੇ ਪਰਵਾਰ ਸਮੇਤ ਮੰਦਰ ਵਿਖੇ ਪਹੁੰਚ ਕੇ ਸੇਵਾ ਕੀਤੀ। ਮੰਦਰ ਕਮੇਟੀ ਦੇ ਪ੍ਰਧਾਨ ਵਿਕਾਸ ਗੋਇਲ ਅਤੇ ਸਕੱਤਰ ਰਜੇਸ਼ ਗਰਗ ਨੇ ਦੱਸਿਆ ਕਿ ਨਾਭਾ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਸ੍ਰੀ ਖਾਟੂ ਸ਼ਿਆਮ ਮੰਦਰ ਦੇ ਹਾਲ ਦਾ ਤੀਸਰਾ ਲੈਂਟਰ ਅੱਜ ਸੰਪੰਨ ਹੋਇਆ ਹੈ। ਸੰਗਤ ਦੇ ਦਾਨ ਦੇ ਪੈਸਿਆਂ ਨਾਲ ਅੱਜ ਵਿਸ਼ਾਲ ਹਾਲ ਦਾ ਲੈਂਟਰ ਪਿਆ ਹੈ ਅਤੇ ਜਲਦ ਹੀ ਮੰਦਰ ਦੇ ਗਰਭ ਗ੍ਰਹਿ ਦਾ ਕੰਮ ਸ਼ੁਰੂ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਸੰਗਤ ਦੇ ਸਹਿਯੋਗ ਨਾਲ ਬਹੁਤ ਜਲਦ ਸ੍ਰੀ ਖਾਟੂ ਸ਼ਿਆਮ, ਸ੍ਰੀ ਬਾਲਾ ਜੀ ਅਤੇ ਸ੍ਰੀ ਰਾਧਾ ਕ੍ਰਿਸ਼ਨ ਦਾ ਮੰਦਰ ਸ਼ੁਰੂ ਹੋਵੇਗਾ। ਮੰਦਰ ਦੇ ਲੈਂਟਰ ਮੌਕੇ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵਮਾਨ, ਨਾਭਾ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਕਰਮਜੀਤ ਸਿੰਘ ਭੋਲੀ, ਸਾਬਕਾ ਪ੍ਰਧਾਨ ਸੁਰਿੰਦਰ ਗੁਪਤਾ, ਰਜਨੀਸ਼ ਮਿੱਤਲ ਸ਼ੈਲੀ, ਕ੍ਰਿਸ਼ਨ ਪਪਾ, ਸੁਭਾਸ਼ ਭੜੋ ਸਮੇਤ ਸਮੂਹ ਆੜ੍ਹਤੀਆ ਐਸੋਸੀਏਸ਼ਨ, ਚੰਦਨ ਗੋਇਲ ਲਵਲੀ, ਮਨਦੀਪ ਰਿੰਪਾ, ਲਲਿਤ ਗੁਪਤਾ, ਰਜੇਸ਼ ਗੋਲਡੀ, ਸ਼ੁਭਮ ਬਾਂਸਲ, ਪਨਪ ਸਿੰਗਲਾਂ, ਪੱਪੂ ਗੋਇਲ, ਧਰਮਿੰਦਰ ਗੁਪਤਾ, ਵਿਨੋਦ ਕੁਮਾਰ, ਗੋਪੀ ਜੀਦੀਆ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤ ਨੇ ਸੇਵਾ ਕੀਤੀ।

# ਨਗਰ ਕੌਂਸਲ ਨੇ ਜੈਵਿਕ ਖਾਦ ਦੀ ਸਟਾਲ ਲਗਾਈ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**- ਨਗਰ ਕੌਂਸਲ ਮਾਛੀਵਾੜਾ ਸਾਹਿਬ ਵੱਲੋਂ ਜੈਵਿਕ ਖਾਦ ਦੀ ਸਟਾਲ ਲਗਾਈ ਗਈ।ਮਾਣਯੋਗ ਵਧੀਕ ਡਾ. ਰੁਪਿੰਦਰਪਾਲ ਸਿੰਘ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ), ਨਗਰ ਕੌਂਸਲ ਦੇ ਮਾਛੀਵਾੜਾ ਸਾਹਿਬ ਦੇ ਪ੍ਰਧਾਨ ਮੋਹਿਤ ਕੁੰਦਰਾ, ਕਾਰਜ ਸਾਧਕ ਅਫਸਰ ਹਰਨਿੰਦਰ ਸਿੰਘ ਸ਼ੇਰਗਿੱਲ ਤੇ ਸੈਨੇਟਰੀ ਇੰਸਪੈਕਟਰ ਸੁਖਦੇਵ ਸਿੰਘ ਬਿੱਟੂ ਨਗਰ ਕੌਂਸਲ ਮਾਛੀਵਾੜਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਗਰ ਕੌਂਸਲ ਮਾਛੀਵਾੜਾ ਸਾਹਿਬ ਦੀ ਸਵੱਛ ਭਾਰਤ ਮਿਸ਼ਨ ਟੀਮ ਦੇ ਸੀ ਐੱਫ ਨਵਰੀਤ ਕੌਰ ਤੇ ਸਮੂਹ ਟੀਮ, ਬਰਾਂਡ ਅੰਬੈਸਡਰ ਰੇਨੂੰ ਬੈਂਸ ਵੱਲੋਂ ਸਵੱਛ ਭਾਰਤ ਮਿਸ਼ਨ ਤਹਿਤ ਜੈਵਿਕ ਖਾਦ ਦੀ ਸਟਾਲ ਲਗਾਈ ਗਈ, ਜੋ ਕਿ ਗਿੱਲੇ ਕੂੜੇ ਤੋਂ ਬਣਾਈ ਜਾਂਦੀ ਹੈ ਤੇ ਔਰਗੈਨਿਕ ਹੈ ਤੇ ਫੁੱਲ ਬੂਟਿਆਂ ਅਤੇ ਗਾਰਡਨ ਲਈ ਬਹੁਤ ਫ਼ਾਇਦੇਮੰਦ ਹੈ।ਉਨ੍ਹਾ ਸ਼ਹਿਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਵੱਧ ਤੋਂ ਵੱਧ ਨਗਰ ਕੌਂਸਲ ਦਾ ਸਾਥ ਦੇਣ ਤਾਂ ਜੋ ਨਗਰ ਕੌਂਸਲ ਮਾਛੀਵਾੜਾ ਸਾਹਿਬ ਸ਼ਹਿਰ ਦੀ ਰੈਂਕਿੰਗ ਵਿੱਚ ਵਾਧਾ ਹੋ ਸਕੇ। ਵਾਤਾਵਰਨ ਬਚਾਉਣ ਦੇ ਲਈ ਸ਼ਹਿਰ ਵਾਸੀਆਂ ਨੂੰ ਪੇੜ ਪੌਦੇ ਜ਼ਰੂਰ ਲਗਾਉਣੇ ਚਾਹੀਦੇ ਹਨ, ਤਾਂ ਜੋ ਸ਼ਹਿਰ ਨੂੰ ਮਿਲ ਕੇ ਸਾਫ ਸੁੱਥਰਾ ਰੱਖਣ ਤੇ ਹਰਾ ਭਰਿਆ ਬਣਾਇਆ ਜਾ ਸਕੇ।ਇਸ ਮੌਕੇ ਸਮੂਹ ਦਫ਼ਤਰੀ ਸਟਾਫ ਤੇ ਮੋਟੀਵੇਟਰ ਹਾਜ਼ਰ ਸਨ।

# ਐੱਸ ਆਰ ਐੱਸ ਵਿੱਦਿਆਪੀਠ 'ਚ ਇਨਵੈਸਟੀਚਰ ਸੈਰੇਮਨੀ ਦਾ ਆਯੋਜਨ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)** ਐੱਸ ਆਰ ਐੱਸ ਵਿੱਦਿਆਪੀਠ ਵਿੱਚ ਇਨਵੈਸਟੀਚਰ ਸਮਾਰੋਹ (2025-26) ਕਰਾਇਆ ਗਿਆ।ਇਸ ਮੌਕੇ ਵਿਸ਼ੇਸ਼ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ।ਵਿਦਿਆਰਥੀਆਂ ਨੂੰ ਉਨ੍ਹਾਂ ਦੀ ਯੋਗਤਾ ਦੇ ਅਨੁਸਾਰ ਪਦਵੀ ਦਿੱਤੀ ਗਈ।ਚੁਣੇ ਗਏ ਬੱਚਿਆਂ ਨੇ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਪ੍ਰਣ ਲਿਆ।ਬਾਰ੍ਹਵੀਂ ਜਮਾਤ ਦੀ ਸਾਇੰਸ ਗਰੁੱਪ ਦੀ ਵਿਦਿਆਰਥਣ ਹਰਨੂਰ ਕੌਰ ਨੂੰ ਹੈੱਡ ਗਰਲ ਤੇ ਸਾਇੰਸ ਗਰੁੱਪ ਦੇ ਵਿਦਿਆਰਥੀ ਅਰਮਾਨ ਸ਼ਰਮਾ ਨੂੰ ਹੈੱਡ ਬੁਆਏ ਹੋਣ ਦਾ ਖਿਤਾਬ ਦਿੱਤਾ ਗਿਆ। ਸਪੋਰਟਸ ਕੈਪਟਨ ਲਈ ਕੁੜੀਆਂ ਵਿੱਚੋਂ ਬਾਰ੍ਹਵੀਂ ਜਮਾਤ ਦੇ ਸਾਇੰਸ ਗਰੁੱਪ ਦੀ ਵਿਦਿਆਰਥਣ ਅਵਨੀਤ ਕੌਰ ਤੇ ਮੁੰਡਿਆਂ ਵਿੱਚੋਂ ਬਾਰ੍ਹਵੀਂ ਜਮਾਤ ਦੇ ਆਰਟਸ ਗਰੁੱਪ ਦੇ ਵਿਦਿਆਰਥੀ ਕਰਨਵੀਰ ਸਿੰਘ ਨੂੰ ਚੁਣਿਆ ਗਿਆ ਹੈ। ਅਨੁਸ਼ਾਸਨ ਇੰਚਾਰਜ ਲਈ ਬਾਰ੍ਹਵੀਂ ਜਮਾਤ ਦੇ ਕਾਮਰਸ ਗਰੁੱਪ ਦੇ ਵਿਦਿਆਰਥੀ ਦਿਵਾਂਸ਼ੂ ਸ਼ਰਮਾ ਤੇ ਵਿਦਿਆਰਥਣ ਕੋਮਲਪ੍ਰੀਤ ਕੌਰ ਨੂੰ ਚੁਣਿਆ ਗਿਆ ਹੈ। ਐਕਟੀਵਿਟੀ ਇੰਚਾਰਜ ਲਈ ਕੁੜੀਆਂ ਵਿੱਚੋਂ ਬਾਰ੍ਹਵੀਂ ਜਮਾਤ ਦੇ ਕਾਮਰਸ ਗਰੁੱਪ ਦੀ ਵਿਦਿਆਰਥਣ ਖੁਸ਼ਦੀਪ ਕੌਰ, ਦਸਵੀਂ ਜਮਾਤ ਦੀ ਵਿਦਿਆਰਥਣ ਨਵਨੂਰ ਕੌਰ ਤੇ ਮੁੰਡਿਆਂ ਵਿੱਚੋਂ ਬਾਰ੍ਹਵੀਂ ਜਮਾਤ ਦੇ ਆਰਟਸ ਗਰੁੱਪ ਦੇ ਵਿਦਿਆਰਥੀ ਮਯੰਕ ਪੁਰੀ ਨੂੰ ਚੁਣਿਆ ਗਿਆ ਹੈ। ਹਾਊਸ ਕੈਪਟਨ ਲਈ ਬਾਰ੍ਹਵੀਂ ਜਮਾਤ ਦੇ ਕਾਮਰਸ ਗਰੁੱਪ ਦੀ ਲੈਪਰਡ ਹਾਊਸ (ਗਰੀਨ ਹਾਊਸ) ਦੀ ਵਿਦਿਆਰਥਣ ਸੀਆ ਵਰਮਾ ਤੇ ਬਾਰ੍ਹਵੀਂ ਜਮਾਤ ਦੇ ਆਰਟਸ ਗਰੁੱਪ ਦੇ ਵਿਦਿਆਰਥੀ ਜਸ਼ਨਪ੍ਰੀਤ ਸਿੰਘ, ਲਾਇਨ ਹਾਊਸ (ਔਰੇਂਜ ਹਾਊਸ) ਦੀ ਬਾਰ੍ਹਵੀਂ ਜਮਾਤ ਦੇ ਕਾਮਰਸ ਗਰੁੱਪ ਦੀ ਵਿਦਿਆਰਥਣ ਆਸ਼ਨਾ ਜੈਨ ਤੇ ਬਾਰ੍ਹਵੀਂ ਜਮਾਤ ਦੇ ਕਾਮਰਸ ਗਰੁੱਪ ਦੇ ਵਿਦਿਆਰਥੀ ਨਵਰੂਪ ਸਿੰਘ, ਜੈਗੁਆਰ ਹਾਊਸ (ਬਲਿਊ ਹਾਊਸ) ਲਈ ਬਾਰ੍ਹਵੀਂ ਜਮਾਤ ਦੇ ਆਰਟਸ ਗਰੁੱਪ ਦੇ ਵਿਦਿਆਰਥੀ ਉਜਵਲ ਮਿਨੋਚਾ ਤੇ ਬਾਰ੍ਹਵੀਂ ਜਮਾਤ ਦੇ ਕਾਮਰਸ ਗਰੁੱਪ ਦੀ ਵਿਦਿਆਰਥਣ ਗੁਰਨੂਰ ਕੌਰ, ਟਾਈਗਰ ਹਾਊਸ (ਵਾਈਟ ਹਾਊਸ) ਲਈ ਬਾਰ੍ਹਵੀਂ ਜਮਾਤ ਦੇ ਕਾਮਰਸ ਗਰੁੱਪ ਦੀ ਵਿਦਿਆਰਥਣ ਜੈਸਮੀਨ ਕੌਰ ਤੇ ਬਾਰ੍ਹਵੀਂ ਜਮਾਤ ਦੇ ਆਰਟਸ ਗਰੁੱਪ ਦੇ ਵਿਦਿਆਰਥੀ ਮਨਮੀਤ ਸਿੰਘ ਦੇ ਨਾਂਅ ਚੁਣੇ ਗਏ ਹਨ। ਹਾਊਸ ਲੀਡਰਸ ਲਈ ਲੈਪਰਡ ਹਾਊਸ (ਗਰੀਨ ਹਾਊਸ) ਲਈ ਦਸਵੀਂ ਜਮਾਤ ਦੀ ਵਿਦਿਆਰਥਣ ਅਸ਼ਮੀਤ ਕੌਰ ਤੇ ਵਿਦਿਆਰਥੀ ਬੀਰਨਮਨ ਸਿੰਘ, ਲਾਇਨ ਹਾਊਸ (ਔਰੇਂਜ ਹਾਊਸ) ਲਈ ਦਸਵੀਂ ਜਮਾਤ ਦੀ ਵਿਦਿਆਰਥਣ ਇਸ਼ਿਕਾ ਤੇ ਵਿਦਿਆਰਥੀ ਅੰਸ਼ਵੀਰ ਸਿੰਘ ਸਿੰਘ, ਜੈਗੁਆਰ ਹਾਊਸ (ਬਲਿਊ ਹਾਊਸ) ਲਈ ਦਸਵੀਂ ਜਮਾਤ ਦੀ ਵਿਦਿਆਰਥਣ ਹੁਸਨਦੀਪ ਕੌਰ ਅਤੇ ਵਿਦਿਆਰਥੀ ਹਰਗੁਰਜਾਪ ਸਿੰਘ, ਟਾਈਗਰ ਹਾਊਸ (ਵਾਈਟ ਹਾਊਸ) ਲਈ ਦਸਵੀਂ ਜਮਾਤ ਦੀ ਵਿਦਿਆਰਥਣ ਕਸ਼ਵੀ ਅਗਰਵਾਲ ਅਤੇ ਵਿਦਿਆਰਥੀ ਅਵਤਾਰ ਸਿੰਘ ਨੂੰ ਚੁਣਿਆ ਗਿਆ ਹੈ। ਡਿਪਟੀ ਹਾਊਸ ਲੀਡਰਸ ਲਈ ਲੈਪਰਡ ਹਾਊਸ (ਗਰੀਨ ਹਾਊਸ) ਲਈ ਅੱਠਵੀਂ ਜਮਾਤ ਦੀ ਵਿਦਿਆਰਥਣ ਪਲਕ ਅਤੇ ਵਿਦਿਆਰਥੀ ਏਕਮਜੀਤ ਸਿੰਘ, ਲਾਇਨ ਹਾਊਸ (ਔਰੇਂਜ ਹਾਊਸ) ਲਈ ਅੱਠਵੀਂ ਜਮਾਤ ਦੀ ਵਿਦਿਆਰਥਣ ਗੁਰਲੀਨ ਕੌਰ ਤੇ ਵਿਦਿਆਰਥੀ ਹਰਮਨਪ੍ਰੀਤ ਸਿੰਘ ਸਿੰਘ, ਜੈਗੁਆਰ ਹਾਊਸ (ਬਲਿਊ ਹਾਊਸ) ਲਈ ਅੱਠਵੀਂ ਜਮਾਤ ਦੀ ਵਿਦਿਆਰਥਣ ਨਿਮਰਤਪਾਲ ਕੌਰ ਅਤੇ ਵਿਦਿਆਰਥੀ ਜਤਿਨ ਜਿੰਦਲ, ਟਾਈਗਰ ਹਾਊਸ (ਵਾਈਟ ਹਾਊਸ) ਲਈ ਅੱਠਵੀਂ ਜਮਾਤ ਦੀ ਵਿਦਿਆਰਥਣ ਰੂਬੀ ਸ਼ਰਮਾ ਤੇ ਵਿਦਿਆਰਥੀ ਦਿਵਿਅਮ ਗੋਇਲ ਨੂੰ ਚੁਣਿਆ ਗਿਆ ਹੈ।

# ਲਾਇਨਜ ਕਲੱਬ ਨੇ ਸਰਕਾਰੀ ਸਕੂਲ ਵਿਖੇ ਵੰਡੀਆਂ ਵਰਦੀਆਂ



**ਨਾਭਾ (ਵਰਿੰਦਰ ਵਰਮਾ)**- ਲਾਇਨਜ਼ ਕਲੱਬ ਨਾਭਾ ਵੱਲੋਂ ਸਮਾਜ ਸੇਵਾ ਦੇ ਕਾਰਜ ਲਗਾਤਾਰ ਜਾਰੀ ਹਨ, ਜਿਸ ਦੇ ਚਲਦਿਆਂ ਕਲੱਬ ਦੇ ਪ੍ਰਧਾਨ ਪੀ.ਐਮ.ਜੇ.ਐਫ ਲਾਇਨ ਸੰਨੀ ਸਿੰਗਲਾ ਦੀ ਅਗਵਾਈ ਹੇਠ ਸਰਕਾਰੀ ਕੰਨਿਆਂ ਮਿਡਲ ਸਕੂਲ (ਲੜਕੀਆਂ) ਪੁਰਾਣਾ ਹਾਈਕੋਰਟ ਵਿਚ ਲੋੜਵੰਦ ਵਿਦਿਆਰਥੀਆਂ ਨੂੰ ਵਰਦੀਆਂ ਵੰਡੀਆਂ ਗਈਆਂ। ਪ੍ਰਧਾਨ ਸੰਨੀ ਸਿੰਗਲਾ ਤੇ ਲਾਇਨ ਅਮਰੀਕ ਸਿੰਘ ਗਿੱਲ ਨੇ ਕਿਹਾ ਕਿ ਲਾਇਨਜ਼ ਕਲੱਬ ਵਲੋਂ ਹਮੇਸ਼ਾ ਹੀ ਸਮਾਜ ਭਲਾਈ ਦੇ ਕਾਰਜ ਕੀਤੇ ਜਾਂਦੇ ਹਨ ਜਿਵੇਂ ਕਿ ਖੂਨਦਾਨ ਕੈਂਪ, ਅੱਖਾਂ ਦਾ ਚੈੱਕਅੱਪ ਅਤੇ ਆਪਰੇਸ਼ਨ ਕੈਂਪ, ਮੈਡੀਕਲ ਚੈੱਕ ਅਪ ਕੈਂਪ ਆਦਿ ਲਗਾਏ ਜਾਂਦੇ ਹਨ, ਇਸ ਤੋਂ ਇਲਾਵਾ ਸਕੂਲੀ ਬੱਚਿਆਂ ਨੂੰ ਬੂਟ, ਜੁਰਾਬਾਂ, ਕੋਟੀਆਂ ਅਤੇ ਸਟੇਸ਼ਨਰੀ ਵੰਡੀ ਜਾਂਦੀ ਹੈ। ਉਹਨਾਂ ਕਿਹਾ ਕਿ ਅੱਗੇ ਵੀ ਇਸ ਤਰ੍ਹਾਂ ਦੇ ਪ੍ਰਾਜੈਕਟ ਜਾਰੀ ਰਹਿਣਗੇ। ਇਸ ਮੌਕੇ ਸਕੂਲ ਦੇ ਮੁੱਖ ਅਧਿਆਪਕ ਰਿਤੂ ਮਾਕਨ, ਇੰਚਾਰਜ ਅਮਨਦੀਪ ਕੌਰ, ਜਸਵੰਤ ਸਿੰਘ, ਜਸਵੀਰ ਸਿੰਘ, ਵੰਦਨਾ, ਪ੍ਰੀਤੀ, ਪਰਮਿੰਦਰ ਕੌਰ, ਜਸ਼ਨਦੀਪ ਕੌਰ, ਸ਼ਸ਼ੀ ਬਾਲਾ ਆਦਿ ਸਮੁੱਚੇ ਸਟਾਫ ਨੇ ਮੈਂਬਰਾਂ ਵਲੋਂ ਲਾਇਨਜ਼ ਕਲੱਬ ਦੇ ਇਸ ਕਾਰਜ ਦੀ ਸ਼ਲਾਘਾ ਕਰਦਿਆਂ ਧੰਨਵਾਦ ਕੀਤਾ ਗਿਆ ਅਤੇ ਉਮੀਦ ਪ੍ਰਗਟਾਈ ਗਈ ਕਿ ਕਲੱਬ ਅੱਗੇ ਵੀ ਇਸ ਤਰ੍ਹਾਂ ਦੇ ਲੋੜਵੰਦ ਬੱਚਿਆਂ ਨੂੰ ਸਹਿਯੋਗ ਦਿੰਦਾ ਰਹੇਗਾ। ਇਸ ਮੌਕੇ ਤੇ ਲਾਇਨ ਅਮਰੀਕ ਸਿੰਘ ਗਿੱਲ, ਰਵਿੰਦਰ ਸਿੰਘ ਮੌਜੂਦ ਸਨ।

8-May-PAGE-11.qxd 5/7/2025 10:25 PM Page 1



# ਕਾਮਰੇਡ ਅਮੋਲਕ ਸਿੰਘ ਔਲਖ ਤੇ ਸਾਥੀਆਂ ਦਾ 34ਵਾਂ ਬਰਸੀ ਸਮਾਗਮ ਮਨਾਉਣ ਦਾ ਫੈਸਲਾ

## ਪਾਰਟੀ ਨਾਲ ਜੁੜੇ ਸਮੂਹ ਵਰਕਰ ਸਮਾਗਮਾਂ ਦੀ ਸਫਲਤਾ ਲਈ ਹੁਣ ਤੋਂ ਸਰਗਰਮੀਆਂ ਸ਼ੁਰੂ ਕਰਨ : ਅਰਸ਼ੀ

**ਕੋਟਕਪੂਰਾ, (ਰਛਪਾਲ ਭੁੱਲਰ)**

ਭਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਫਰੀਦਕੋਟ ਦੇ ਕੌਂਸਲ ਮੈਂਬਰਾਂ ਦੀ ਇੱਕ ਜ਼ਰੂਰੀ ਮੀਟਿੰਗ ਅੱਜ ਸ਼ਹੀਦ ਕਾਮਰੇਡ ਅਮੋਲਕ ਸਿੰਘ ਭਵਨ ਵਿਖੇ ਕਾਮਰੇਡ ਮਨਜੀਤ ਕੌਰ ਨੱਥੇਵਾਲਾ ਦੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਨੂੰ ਸੰਬੋਧਨ ਕਰਨ ਲਈ ਪਾਰਟੀ ਦੇ ਕੌਮੀ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਅਰਸ਼ੀ ਉਚੇਚੇ ਤੌਰ 'ਤੇ ਸ਼ਾਮਿਲ ਹੋਏ ।ਮੀਟਿੰਗ ਦੇ ਆਰੰਭ ਵਿੱਚ ਬੀਤੇ ਦਿਨੀਂ ਪਹਿਲਗਾਮ ਵਿਖੇ ਵਾਪਰੀ ਮੰਦਭਾਗੀ ਘਟਨਾ ਦੌਰਾਨ ਸਦੀਵੀ ਵਿਛੋੜਾ ਦੇ ਗਏ ਵਿਅਕਤੀਆਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਦੇਸ਼ ਅਤੇ ਗੁਆਂਢੀ ਦੇਸ਼ ਪਾਕਿਸਤਾਨ ਦੀਆਂ ਸਰਹੱਦਾਂ 'ਤੇ ਬਣੇ ਤਾਜ਼ਾ ਤਣਾਅ ਪੂਰਨ ਹਾਲਾਤ ਪ੍ਰਤੀ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਅਤੇ ਮੌਜੂਦਾ ਦੌਰ ਦੌਰਾਨ ਦੇਸ਼ ਵਿੱਚ ਸਾਂਝਾ ਭਾਈਚਾਰਾ ਕਾਇਮ ਰੱਖਣ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਜੰਗਾਂ ਹਮੇਸ਼ਾ ਹੀ ਸਾਡਾ ਵੱਡੇ ਪੱਧਰ 'ਤੇ ਜਾਨੀ ਅਤੇ ਮਾਲੀ ਨੁਕਸਾਨ ਕਰਦੀਆਂ ਹਨ, ਜਿਸ ਦੀ ਭਰਪਾਈ ਕਈ ਦਹਾਕੇ ਨਹੀਂ ਹੋ ਸਕਦੀ।ਉਨ੍ਹਾਂ ਨੇ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ 21 ਤੋਂ 25 ਦਸੰਬਰ ਨੂੰ ਚੰਡੀਗੜ੍ਹ ਵਿਖੇ ਕੀਤੀ ਜਾ ਰਹੀ 25ਵੀਂ ਕੌਮੀ ਕਾਨਫਰੰਸ ਨੂੰ ਹਰ ਪੱਖ ਤੋਂ ਸਫਲ ਬਣਾਉਣ ਲਈ ਸਮੂਹ ਵਰਕਰਾਂ ਨੂੰ ਲਾਮਬੰਦ ਅਤੇ ਪ੍ਰੇਰਿਤ ਕੀਤਾ।ਮੀਟਿੰਗ ਦੌਰਾਨ 7 ਜੂਨ ਨੂੰ ਸ਼ਹੀਦ ਕਾਮਰੇਡ ਅਮੋਲਕ ਸਿੰਘ ਔਲਖ ਅਤੇ ਉਨ੍ਹਾਂ ਦੇ ਸਾਥੀਆਂ ਦੀ 34ਵੀਂ ਬਰਸੀ ਨੂੰ ਸਫਲ ਬਣਾਉਣ ਲਈ ਤੇ ਵੱਧ ਤੋਂ ਵੱਧ ਪਿੰਡਾਂ ਦੇ ਸਾਥੀਆਂ ਦੀ ਬਰਸੀ ਸਮਾਗਮ ਵਿੱਚ ਸ਼ਮੂਲੀਅਤ ਕਰਵਾਉਣ ਲਈ ਵੱਖ-ਵੱਖ ਆਗੂ ਸਾਥੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ।ਇਸ ਮੀਟਿੰਗ ਵਿੱਚ ਆਪਣੇ ਵਿਚਾਰ ਪੇਸ਼ ਕਰਦੇ ਹੋਏ ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਕਾਮਰੇਡ ਗੁਰਨਾਮ ਸਿੰਘ ਮਾਨੀ ਸਿੰਘ ਵਾਲਾ, ਗੁਰਚਰਨ ਸਿੰਘ ਮਾਨ, ਨਰੇਗਾ ਮਜ਼ਦੂਰਾਂ ਦੇ ਆਗੂ ਗੋਰਾ ਪਿਪਲੀ, ਕੁਲ ਹਿੰਦ ਕਿਸਾਨ ਸਭਾ ਦੇ ਆਗੂ ਸੁਖਜਿੰਦਰ ਸਿੰਘ ਤੂੰਬੜਭੰਨ, ਪੈਨਸ਼ਨਰ ਆਗੂ ਹਰਪਾਲ ਸਿੰਘ ਮਚਾਕੀ, ਇੰਦਰਜੀਤ ਸਿੰਘ ਗਿੱਲ, ਪ੍ਰੇਮ ਚਾਵਲਾ ਤੇ ਸੋਮ ਨਾਥ ਅਰੋੜਾ ਨੇ ਭਰੋਸਾ ਦਿਵਾਇਆ ਕਿ ਸਮੂਹ ਸਾਥੀ 7 ਜੂਨ ਨੂੰ ਪਿੰਡ ਔਲਖ ਵਿਖੇ ਮਨਾਏ ਜਾ ਰਹੇ ਬਰਸੀ ਸਮਾਗਮ ਨੂੰ ਹਰ ਪੱਖ ਤੋਂ ਸਫਲ ਬਣਾਉਣ ਲਈ ਆਪਣੇ ਯਤਨ ਅੱਜ ਤੋਂ ਹੀ ਸ਼ੁਰੂ ਕਰਨਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਵੀਰਪਾਲ ਕੌਰ ਬੱਗੇਆਣਾ, ਚਰਨਜੀਤ ਸਿੰਘ ਚਮੇਲੀ, ਸੁਖਦਰਸ਼ਨ ਰਾਮ ਸ਼ਰਮਾ, ਬੋਹੜ ਸਿੰਘ ਔਲਖ, ਜਸਵੰਤ ਸਿੰਘ ਔਲਖ, ਮੁਖਤਿਆਰ ਸਿੰਘ ਭਾਣਾ, ਜਸਵਿੰਦਰ ਸਿੰਘ, ਜਸਪਾਲ ਸਿੰਘ, ਲਖਵਿੰਦਰ ਸਿੰਘ ਅਤੇ ਪੱਪੀ ਸਿੰਘ ਢਿੱਲਵਾਂ ਆਦਿ ਸ਼ਾਮਲ ਸਨ।





# ਅਮਨ ਪਸੰਦ ਸੰਸਥਾਵਾਂ ਅੱਤਵਾਦ ਦੇ ਖ਼ਿਲਾਫ਼ ਲੜਾਈ 'ਚ ਦੇਸ਼ ਵਾਸੀਆਂ ਨਾਲ ਖੜ੍ਹੀਆਂ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਦੱਖਣੀ ਏਸ਼ੀਆ ਦੇ ਇਸ ਖਿੱਤੇ ਵਿੱਚ ਘੁੱਗ ਵੱਸਦੇ ਭਾਰਤ ਤੇ ਪਾਕਿਸਤਾਨ ਦਰਮਿਆਨ ਸਰਹੱਦਾਂ ਤੇ ਜੰਗੀ ਬਰੂਦ ਦਾ ਜੋ ਧੂੰਆਂ ਉੱਠਿਆ ਹੈ, ਉਹ ਪਹਿਲਗਾਮ ਸੈਰਗਾਹ ਵਿੱਚ ਹੋਏ ਅੱਤਵਾਦੀ ਹਮਲੇ ਖ਼ਿਲਾਫ਼ ਭਾਰਤ ਵਿੱਚ ਪੱਸਰੇ ਜਾਇਜ਼ ਗਮ ਤੇ ਗੁੱਸੇ ਦਾ ਇਜ਼ਹਾਰ ਹੈ।ਇਸ ਲਈ ਅਮਨ ਪਸੰਦ ਸੰਸਥਾਵਾਂ ਹਰ ਤਰ੍ਹਾਂ ਦੇ ਅੱਤਵਾਦ ਦੇ ਖ਼ਿਲਾਫ਼ ਦੇਸ਼ ਵਾਸੀਆਂ ਨਾਲ ਖੜ੍ਹੀਆਂ ਹਨ। ਫੋਕਲੋਰ ਰਿਸਰਚ ਅਕੈਡਮੀ ਅੰਮ੍ਰਿਤਸਰ, ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਅੰਮ੍ਰਿਤਸਰ, ਪੰਜਾਬੀ ਸਾਹਿਤ ਸਭਾ ਚੋਗਾਵਾਂ, ਮਾਝਾ ਵਿਰਾਸਤ ਟਰੱਸਟ ਅਜਨਾਲਾ ਦੇ ਆਗੂਆਂ ਰਮੇਸ਼ ਯਾਦਵ ਨੇ ਭੁਪਿੰਦਰ ਸਿੰਘ ਸੰਧੂ, ਐੱਸ ਪਰਸ਼ੋਤਮ, ਧਰਵਿੰਦਰ ਸਿੰਘ ਔਲਖ, ਹਰੀਸ਼ ਸਾਬਰੀ ਨੇ ਕਿਹਾ ਕਿ ਪਾਕਿਸਤਾਨ ਦੀ ਖਤਰਨਾਕ ਚੁੱਪ ਟਕਰਾਅ ਦਾ ਕਾਰਨ ਬਣੀ, ਜਿਸ ਨਾਲ ਹਾਲਤ ਸਰਜੀਕਲ ਸਟਰੈਕ ਤੱਕ ਪੁੱਜ ਗਈ ਹੈ ਜਿਸ ਕਾਰਨ ਹਾਲਾਤ ਦੋਹਾਂ ਦੇਸ਼ਾਂ 'ਚੋਂ ਨਿਕਲ ਕੇ ਵਿਸ਼ਵ ਲਈ ਚਿੰਤਾ ਦਾ ਵਿਸ਼ਾ ਬਣ ਗਿਆ ਹੈ।ਉਨ੍ਹਾਂ ਕਿਹਾ ਕਿ ਅੱਜ ਦਾ ਹਰ ਕਲਾਕਾਰ, ਲੇਖਕ, ਸੂਝਵਾਨ ਲੋਕ ਇਸ ਚਿੰਤਾ ਵਿੱਚ ਹਨ ਕਿ ਅਜਿਹੇ ਹਾਲਾਤ ਕਦੋਂ ਤੱਕ ਬਣੇ ਰਹਿਣਗੇ? ਉਨ੍ਹਾਂ ਕਿਹਾ ਕਿ ਜਦੋਂ ਦੋਹਾਂ ਦੇਸ਼ਾਂ ਦਰਮਿਆਨ ਸੰਵਾਦ ਟੁੱਟਦਾ ਹੈ, ਉਦੋਂ ਸਿਆਸਤ ਨਹੀਂ ਇਨਸਾਨੀਅਤ ਹਾਰਦੀ ਹੈ।

# ਹਵਾਈ ਹਮਲੇ ਸਮੇਂ ਕਿਵੇਂ ਸੁਰੱਖਿਅਤ ਰਹਿਣਾ ਹੈ, ਬਾਰੇ ਹੋਈ ਮੌਕ ਡਰਿੱਲ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਟਾਲਾ 'ਚ ਵਿੱਚ ਹਵਾਈ ਹਮਲੇ ਸਮੇਂ ਆਪਣੇ ਆਪ ਨੂੰ ਸੁਰੱਖਿਤ ਰੱਖਣ ਦੇ ਅਭਿਆਸ ਲਈ ਮੌਕ ਡਰਿੱਲ ਕੀਤੀ ਗਈ।ਇਸ ਸਬੰਧ ਵਿੱਚ ਇਕ ਸਾਇਰਨ ਵਜਾਇਆ ਗਿਆ ਜਿਸ ਤੋਂ ਬਾਅਦ ਇਹ ਅਭਿਆਸ ਸ਼ੁਰੂ ਹੋਇਆ।ਇਸ ਦੌਰਾਨ ਅਭਿਆਸ ਕੀਤਾ ਗਿਆ ਕਿ ਜੇਕਰ ਹਵਾਈ ਹਮਲਾ ਹੋ ਜਾਵੇ ਤਾਂ ਜੇਕਰ ਤੁਸੀਂ ਖੁੱਲ੍ਹੇ ਵਿੱਚ ਹੋ ਤਾਂ ਜਲਦੀ ਤੋਂ ਜਲਦੀ ਕਿਸੇ ਇਮਾਰਤ ਦੇ ਅੰਦਰ ਪਹੁੰਚੋ ।ਜੇਕਰ ਬਹੁ ਮੰਜ਼ਲਾ ਇਮਾਰਤ ਵਿਚ ਹੋ ਤੇ ਹੇਠਲੇ ਤਲ ਤੇ ਆ ਜਾਓ।ਹਰ ਪ੍ਰਕਾਰ ਦੀਆਂ ਲਾਈਟਾਂ ਬੰਦ ਕਰ ਦਿਓ ਅਤੇ ਕੋਈ ਵੀ ਰੌਸ਼ਨੀ ਨਾ ਕਰੋ।ਜੇਕਰ ਤੁਹਾਡੇ ਨੇੜੇ ਇਮਾਰਤ ਨਹੀਂ ਹੈ ਤਾਂ ਕਿਸੇ ਦਰੱਖਤ ਦੇ ਥੱਲੇ ਆਸਰਾ ਲਵੋ ।ਜੇਕਰ ਤੁਸੀਂ ਵਾਹਨ ਚਲਾ ਰਹੇ ਹੋ ਤਾਂ ਵਾਹਨ ਛੱਡ ਕੇ ਥੱਲੇ ਆ ਜਾਓ। ਜੇਕਰ ਤੁਹਾਡੇ ਕੋਲ ਓਟ ਲੈਣ ਲਈ ਕੋਈ ਥਾਂ ਨਹੀਂ ਹੈ ਤਾਂ ਧਰਤੀ ਤੇ ਛਾਤੀ ਦੇ ਭਾਰ ਲੇਟ ਜਾਓ ਅਤੇ ਆਪਣੀਆਂ ਉਂਗਲਾਂ ਨਾਲ ਕੰਨ ਬੰਦ ਕਰ ਲਓ।ਇਸ ਸਮੇਂ ਦੌਰਾਨ ਕਿਸੇ ਵੀ ਪ੍ਰਕਾਰ ਦਾ ਰੌਸ਼ਨੀ ਨਾ ਕਰੋ।ਇਸ ਤੋਂ ਬਿਨਾਂ ਇਮਾਰਤ ਦੇ ਅੰਦਰ ਕਮਰੇ ਦੇ ਕੋਨੇ ਵਿੱਚ ਸ਼ਰਨ ਲਵੋ ਜਾਂ ਕੋਈ ਕੱਪ ਬੋਰਡ ਜਾਂ ਭਾਰੀ ਚੀਜ਼ ਹੈ ਤਾਂ ਉਸਦੇ ਹੇਠਾਂ ਵੀ ਸ਼ਰਨ ਲਈ ਜਾ ਸਕਦੀ ਹੈ। ਖਿੜਕੀਆਂ ਵਿੱਚ ਖੜੇ ਨਾ ਹੋਵੋ। ਗੈਸ, ਪਾਣੀ ਅਤੇ ਬਿਜਲੀ ਦੀਆਂ ਸਵਿੱਚਾਂ ਬੰਦ ਕਰ ਦਿਓ।ਇਸ ਮੌਕੇ ਨੀਰਜ ਸ਼ਰਮਾ ਫਾਇਰ ਬਿਰਗੇਡ ਅਫਸਰ, ਐੱਨਸੀਸੀ ਦੇ ਕਮਾਂਡੈਂਟ ਵੀਚਾਰ ਮਾਗੋ, ਹਰਦੀਪ ਸਿੰਘ ਬਾਜਵਾ ਡਿਪਟੀ ਚੀਫ ਵਾਰਡਨ, ਸੁਪਰਡੈਂਟ ਦਵਿੰਦਰ ਸਿੰਘ ਅਤੇ ਹਰਬਖ਼ਸ਼ ਸਿੰਘ ਨੇ ਸਮੂਹ ਲੋਕਾਂ ਨੂੰ ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ।ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਖਤਰੇ ਮੌਕੇ ਇਹਨਾਂ ਹਦਾਇਤਾਂ ਦਾ ਪਾਲਣ ਕੀਤਾ ਜਾਵੇ।



# ਨੈਸ਼ਨਲ ਲੋਕ ਅਦਾਲਤ 10 ਨੂੰ : ਸੈਸ਼ਨ ਜੱਜ

**ਪਠਾਨਕੋਟ (ਦਵਿੰਦਰ ਸਿੰਘ)**-10 ਮਈ ਨੂੰ ਕੋਰਟ ਕੰਪਲੈਕਸ ਪਠਾਨਕੋਟ ਵਿਖੇ ਲੱਗਣ ਜਾ ਰਹੀ ਨੈਸ਼ਨਲ ਲੋਕ ਅਦਾਲਤ ਵਿੱਚ ਜੱਜ ਸਾਹਿਬਾਨ ਦੇ 10 ਬੈਂਚ ਲਗਾ ਕੇ ਲੋਕਾਂ ਦੇ ਕੇਸਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕੀਤਾ ਜਾਵੇਗਾ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਪਠਾਨਕੋਟ ਦੇ ਚੇਅਰਮੈਨ-ਕਮ-ਜ਼ਿਲਾ ਅਤੇ ਸੈਸ਼ਨ ਜੱਜ ਜਤਿੰਦਰ ਪਾਲ ਸਿੰਘ ਖੁਰਮੀ ਨੇ ਦੱਸਿਆ ਕਿ ਨੈਸ਼ਨਲ ਲੋਕ ਅਦਾਲਤ ਵਿੱਚ ਵਧਦੇ ਕੇਸਾਂ ਨੂੰ ਦੇਖਦੇ ਹੋਏ ਇਸ ਵਾਰ ਜੱਜ ਸਾਹਿਬਾਨ ਦੇ 10 ਬੈਂਚ ਲਗਾਏ ਜਾ ਰਹੇ ਹਨ, ਉਨ੍ਹਾਂ ਕਿਹਾ ਕਿ ਲੋਕ ਆਪਣਾ ਕੇਸ ਸੰਬੰਧਿਤ ਕੋਰਟ ਜਾਂ ਸਕੱਤਰ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਫਤਰ ਵਿੱਚ ਅਰਜ਼ੀ ਦੇ ਕੇ ਲਗਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਨੈਸ਼ਨਲ ਲੋਕ ਅਦਾਲਤ ਵਿੱਚ ਦੋਵੇਂ ਪਾਰਟੀਆਂ ਦੀ ਜਿੱਤ ਹੋਵੇਗੀ ਅਤੇ ਕੋਈ ਵੀ ਪਾਰਟੀ ਆਪਣਾ ਕੇਸ ਹਾਰ ਕੇ ਨਹੀਂ ਜਾਵੇਗੀ।ਉਨ੍ਹਾਂ ਦੱਸਿਆ ਕਿ ਨੈਸ਼ਨਲ ਲੋਕ ਅਦਾਲਤ ਵਿੱਚ ਜੱਜ ਸਾਹਿਬਾਨ ਜੋ ਫੈਸਲਾ ਸੁਣਾ ਦੇਣਗੇ, ਉਸਦੇ ਬਾਅਦ ਇਸ ਫੈਸਲੇ ਦੇ ਖਿਲਾਫ ਫਿਰ ਕਿਸੇ ਵੀ ਅਦਾਲਤ ਵਿੱਚ ਅਪੀਲ ਨਹੀਂ ਕੀਤੀ ਜਾ ਸਕੇਗੀ। ਇਸ ਦਾ ਫੈਸਲਾ ਅੰਤਿਮ ਫੈਸਲਾ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਅਦਾਲਤ ਦੇ ਕੇਸ ਦਾ ਫੈਸਲਾ ਹੋਣ ਦੇ ਬਾਅਦ ਕੋਰਟ ਫੀਸ ਵੀ ਵਾਪਸ ਕਰ ਦਿੱਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਘਰੇਲੂ ਝਗੜੇ, ਛੋਟੇ ਕ੍ਰਿਮਨਲ ਕੇਸ, ਚੈੱਕ ਬਾਊਂਸ ਕੇਸ, ਦੁਰਘਟਨਾ ਮੁਆਵਜ਼ਾ ਆਦਿ ਕੇਸਾਂ ਦਾ ਨਿਪਟਾਰਾ ਕੀਤਾ ਜਾਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਇਸ ਨੈਸ਼ਨਲ ਲੋਕ ਅਦਾਲਤ ਦਾ ਵੱਧ ਤੋਂ ਵੱਧ ਲਾਭ ਉਠਾਇਆ ਜਾਵੇ ਅਤੇ ਆਪਸੀ ਸਹਿਮਤੀ ਨਾਲ ਕੇਸ ਖਤਮ ਕਰਕੇ ਭਾਈਚਾਰੇ ਦੀ ਭਾਵਨਾ ਨੂੰ ਵੱਧ ਤੋਂ ਵੱਧ ਵਧਾਇਆ ਜਾਵੇ।

# ਭਾਰਤ-ਪਾਕਿ ਦਰਮਿਆਨ ਬਣ ਰਹੇ ਜੰਗ ਦੇ ਆਸਾਰ 'ਤੇ ਗਹਿਰੀ ਚਿੰਤਾ ਦਾ ਇਜ਼ਹਾਰ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਸੀਪੀਆਈ ਐੱਮਐੱਲ ਲਿਬਰੇਸ਼ਨ ਨੇ ਪਹਿਲਗਾਮ ਦੀ ਘਟਨਾ ਤੋਂ ਬਾਅਦ ਹਿੰਦ ਪਾਕ ਦਰਮਿਆਨ ਇੱਕ ਵਡੀ ਜੰਗ ਦੇ ਬਣ ਰਹੇ ਆਸਾਰ 'ਤੇ ਗਹਿਰੀ ਚਿੰਤਾ ਦਾ ਇਜ਼ਹਾਰ ਕੀਤਾ ਹੈ।ਇਸ ਸਬੰਧੀ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰਾ ਨੇ ਕਿਹਾ ਕਿ ਪਹਿਲਗਾਮ ਕਾਂਡ ਦੀ ਦੁਨੀਆ ਵਿਚ ਹਰ ਪਾਸਿਓਂ ਨਿਖੇਧੀ ਹੋਈ ਹੈ ਕਿਉਂਕਿ ਇਸ ਕਾਂਡ ਵਿੱਚ ਬੇਗੁਨਾਹ ਭਾਰਤੀ ਮਾਰੇ ਗਏ ਹਨ ਪਰ ਇਨ੍ਹਾਂ ਬੇਗੁਨਾਹਾਂ ਦੇ ਮਾਰੇ ਜਾਣ ਤੋਂ ਬਾਅਦ ਸਿਆਸੀ ਜ਼ਰੂਰਤ ਤਾਂ ਇਹ ਬਣਦੀ ਹੈ ਕਿ ਕਿਸੇ ਤਰ੍ਹਾਂ ਵੀ ਹਿੰਦ ਪਾਕ ਦੇ ਰਾਜਨੀਤਿਕ ਤਣਾਅ ਦਰਮਿਆਨ ਕਿਸੇ ਹੋਰ ਬੇਗੁਨਾਹ ਦੀ ਮੌਤ ਨਾ ਹੋਵੇ ਪਰ ਭਾਰਤ ਸਰਕਾਰ ਦੇ ਕਹਿਣ ਅਨੁਸਾਰ ਪਾਕਿਸਤਾਨ ਦੇ 9 ਅੱਤਵਾਦੀ ਟਿਕਾਣਿਆਂ ਉਪਰ ਕੀਤਾ ਗਿਆ ਮਿਜ਼ਾਇਲੀ ਹਮਲਾ ਕੋਈ ਗਰੰਟੀ ਨਹੀਂ ਦੇ ਸਕਦਾ ਕਿ ਇਸ ਹਮਲੇ ਵਿੱਚ ਬੇਗੁਨਾਹ ਲੋਕਾਂ ਦੀ ਮੌਤ ਨਹੀਂ ਹੋਈ ਹੋਵੇਗੀ ਅਤੇ ਇਹ ਹਮਲਾ ਦੋਵਾਂ ਦੇਸ਼ਾਂ ਦਰਮਿਆਨ ਇੱਕ ਵੱਡੀ ਜੰਗ ਨੂੰ ਜਨਮ ਨਹੀਂ ਦੇਵੇਗਾ? ਜਿਸ ਜੰਗ ਦਾ ਅਰਥ ਹੋਏਗਾ ਕਿ ਦੋਵਾਂ ਦੇਸ਼ਾਂ ਦਰਮਿਆਨ ਆਮ ਲੋਕ ਮਾਰੇ ਜਾਣਗੇ ਅਤੇ ਅਰਬਾਂ ਖਰਬਾਂ ਦਾ ਨੁਕਸਾਨ ਹੋਵੇਗਾ ਜਦੋਂਕਿ ਜ਼ਰੂਰਤ ਬਣਦੀ ਹੈ ਕਿ ਪਹਿਲਗਾਮ ਕਾਂਡ ਤੋਂ ਬਾਅਦ ਜੰਗੀ ਹਾਲਾਤ ਵੱਲ ਵੱਧਣ ਦੀ ਬਜਾਏ ਪਾਕਿਸਤਾਨ ਦੇ ਮੁਜਰਮਾਨਾ ਪੱਖ ਨੂੰ ਆਲਮੀ ਪੱਧਰ 'ਤੇ ਕਟਹਿਰੇ ਵਿੱਚ ਖੜਾ ਕੀਤਾ ਜਾਂਦਾ ਕਿਉਂਕਿ ਜੰਗ ਕਦੇ ਵੀ ਕਿਸੇ ਮਸਲੇ ਦਾ ਹੱਲ ਨਹੀਂ ਕਰਦੀ ਬਲਕਿ ਹਮੇਸ਼ਾ ਤਰਕ ਅਤੇ ਹਕੀਕਤਾਂ ਦੇ ਮੱਦੇਨਜ਼ਰ ਹੀ ਹਰ ਤਰ੍ਹਾਂ ਦੇ ਵੱਡੇ ਤੋਂ ਵੱਡੇ ਮਸਲਿਆਂ ਦਾ ਹੱਲ ਕੱਢਿਆ ਜਾਂਦਾ ਹੈ।ਲਿਬਰੇਸ਼ਨ ਦਾ ਮੰਨਣਾ ਹੈ ਕਿ ਭਾਰਤ ਨੂੰ ਇਸ ਖਿੱਤੇ ਦਾ ਵੱਡਾ ਤੇ ਮੁੱਖ ਦੇਸ਼ ਹੋਣ ਦੇ ਨਾਤੇ ਇਸ ਖਿੱਤੇ ਵਿੱਚ ਅਮਨ ਅਮਾਨ ਬਣਾ ਕੇ ਰੱਖਣ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ।ਇਹ ਦੁਨੀਆ ਜਾਣਦੀ ਹੈ ਕਿ ਦੋਨੋਂ ਦੇਸ਼ ਨਿਊਕਲੀਅਰ ਪਾਵਰ ਹਨ ਅਤੇ ਇਨ੍ਹਾਂ ਹਾਲਾਤ ਵਿੱਚ ਜੰਗ ਦੋਵਾਂ ਦੇਸ਼ਾਂ ਦੇ ਲੋਕਾਂ ਲਈ ਇੱਕ ਵੱਡੀ ਤਬਾਹੀ ਦਾ ਕਾਰਨ ਬਣ ਸਕਦੀ ਹੈ।ਲਿਬਰੇਸ਼ਨ ਦਾ ਇਹ ਵੀ ਮੰਨਣਾ ਹੈ ਕਿ ਪਹਿਲਗਾਮ ਕਾਂਡ ਤੋਂ ਬਾਅਦ ਕਸ਼ਮੀਰੀਆਂ ਦੇ ਵਿਰੋਧ ਨੇ ਦਰਸਾ ਦਿੱਤਾ ਹੈ ਕਿ ਦੋਵਾਂ ਦੇਸ਼ਾਂ ਵਿੱਚ ਜੰਗਾਂ ਤੇ ਫਿਰਕਾਪਰਸਤੀ ਦੀ ਰਾਜਨੀਤੀ ਦੀਆਂ ਸਾਜ਼ਿਸ਼ਾਂ ਨੂੰ ਦੋਵੇਂ ਦੇਸ਼ਾਂ ਦੀ ਜਨਤਾ ਭਲੀਭਾਂਤ ਸਮਝਣ ਲੱਗ ਪਈ ਹੈ।ਲਿਬਰੇਸ਼ਨ ਨੇ ਦੋਵਾਂ ਦੇਸ਼ਾਂ ਦੀ ਜਨਤਾ ਨੂੰ ਸਦਾ ਦਿੱਤਾ ਹੈ ਕਿ ਅਮਨ ਬਣਾਈ ਰੱਖਣ ਲਈ ਆਪੋ ਆਪਣੀਆਂ ਸਰਕਾਰਾਂ 'ਤੇ ਦਬਾਅ ਬਣਾਇਆ ਜਾਵੇ ਕਿ ਸਾਨੂੰ ਜੰਗ ਨਹੀਂ ਰੋਟੀ, ਕੱਪੜਾ, ਮਕਾਨ ਦਿਉ।

# ਜੰਗ ਦੇ ਹਾਲਾਤ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਘਰਾਂ 'ਚ ਰਿਹਾਇਸ਼ ਤੇ ਲੰਗਰ ਦੀ ਪਹਿਲਕਦਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਭਾਰਤ-ਪਾਕਿਸਤਾਨ ਵਿਚ ਬਣੇ ਤਣਾਅਪੂਰਨ ਹਾਲਾਤ ਦੇ ਮੱਦੇਨਜ਼ਰ ਸਿੱਖ ਕੌਮ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਰਹੱਦੀ ਇਲਾਕਿਆਂ ਵਿਚੋਂ ਉਠਾਏ ਜਾ ਰਹੇ ਲੋਕਾਂ ਦੇ ਰਹਿਣ ਲਈ ਸਰਾਵਾਂ ਦੇਣ ਦੀ ਪਹਿਲਕਦਮੀ ਕੀਤੀ ਹੈ।ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਰਹੱਦੀ ਖੇਤਰਾਂ ਵਾਲੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਅੰਦਰ ਅਜਿਹੇ ਲੋਕਾਂ ਲਈ ਸਰਾਵਾਂ ਰਾਖਵੀਆਂ ਰੱਖਣ ਅਤੇ ਲੰਗਰਾਂ ਦੇ ਪ੍ਰਬੰਧ ਕਰਨ ਦਾ ਆਦੇਸ਼ ਕੀਤਾ ਹੈ।ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ-ਪਾਕਿਸਤਾਨ ਵਿਚ ਤਲਖ਼ ਹਾਲਾਤਾਂ ਕਰਕੇ ਸਰਹੱਦੀ ਇਲਾਕਿਆਂ ਦੇ ਲੋਕਾਂ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਗੁਰਦੁਆਰਾ ਸਾਹਿਬਾਨ ਵਿਖੇ ਰਹਿਣ ਲਈ ਸਰਾਵਾਂ ਅਤੇ ਲੰਗਰ ਦਾ ਪ੍ਰਬੰਧ ਕਰਨ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਦੇ ਪ੍ਰਬੰਧਕਾਂ ਨੂੰ ਇਹ ਪ੍ਰਬੰਧ ਕਰਨ ਲਈ ਕਿਹਾ ਗਿਆ ਹੈ। ਇਸ ਸਬੰਧ ਵਿਚ ਗੁਰਦੁਆਰਾ ਸ੍ਰੀ ਬਾਰਠ ਸਾਹਿਬ ਪਠਾਨਕੋਟ, ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਗੁਰਦਾਸਪੁਰ, ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ ਰਮਦਾਸ ਅੰਮ੍ਰਿਤਸਰ, ਗੁਰਦੁਆਰਾ ਗੁਰੂਸਰ ਸਤਲਾਣੀ ਸਾਹਿਬ ਪਾ: ਛੇਵੀਂ ਹੁਸ਼ਿਆਰਨਗਰ ਅੰਮ੍ਰਿਤਸਰ, ਗੁਰਦੁਆਰਾ ਸ੍ਰੀ ਛੇਹਰਟਾ ਸਾਹਿਬ ਪਾਤਸ਼ਾਹੀ ਛੇਵੀਂ ਅੰਮ੍ਰਿਤਸਰ, ਗੁਰਦੁਆਰਾ ਬਾਬਾ ਬੀਰ ਸਿੰਘ ਜੀ ਪਿੰਡ ਰੱਤੋਕੇ ਤਰਨ ਤਰਨ, ਗੁਰਦੁਆਰਾ ਭਾਈ ਤਾਰਾ ਸਿੰਘ ਜੀ ਸ਼ਹੀਦ ਪਿੰਡ ਵਾਂ ਤਰਨ ਤਾਰਨ, ਗੁਰਦੁਆਰਾ ਜਾਮਨੀ ਸਾਹਿਬ ਪਾਤਸ਼ਾਹੀ ਦਸਵੀਂ ਬਜੀਦਪੁਰ ਫਿਰੋਜ਼ਪੁਰ, ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ, ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਠੱਠਾ ਤਰਨ ਤਾਰਨ, ਗੁਰਦੁਆਰਾ ਬਾਬਾ ਬੁੱਢਾ ਜੀ ਤੇਜਾ ਕਲਾਂ ਗੁਰਦਾਸਪੁਰ, ਗੁਰਦੁਆਰਾ ਸੰਨ੍ਹ ਸਾਹਿਬ ਪਿੰਡ ਬਾਸਰਕੇ ਗਿਲਾਂ ਅੰਮ੍ਰਿਤਸਰ ਤੇ ਗੁਰਦੁਆਰਾ ਪਾਤਸ਼ਾਹੀ ਛੇਵੀਂ ਅਤੇ ਨੌਵੀਂ, ਗੁਰੂ ਕਾ ਬਾਗ ਘੁੱਕੇਵਾਲੀ ਅੰਮ੍ਰਿਤਸਰ ਦੇ ਮੈਨੇਜਰਾਂ ਨੂੰ ਪੱਤਰ ਜਾਰੀ ਕਰ ਦਿੱਤਾ ਗਿਆ ਹੈ।

# ਜਗਜੀਤ ਸਿੰਘ ਡੱਲੇਵਾਲਾ ਦਾ ਮੁੱਖ ਮੰਤਰੀ ਮਾਨ ਨੂੰ ਚੈਲੰਜ !

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਇੱਕ ਵੱਡਾ ਬਿਆਨ ਸਾਹਮਣੇ ਆਇਆ ਹੈ।ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਚੈਲੰਜ ਕੀਤਾ ਹੈ ਕਿ ਲੋਕਤੰਤਰ ਦਾ ਘਾਣ ਨਾ ਕਰੋ, ਨਹੀਂ ਤਾਂ ਤੁਹਾਨੂੰ ਵੀ ਲੋਕਾਂ ਵੱਲੋਂ ਛੇਤੀ ਹੀ ਸੱਤਾ ਵਿਚੋਂ ਬਾਹਰ ਕਰ ਦਿੱਤਾ ਜਾਵੇਗਾ! ਪੰਜਾਬ ਸਰਕਾਰ ਅਤੇ ਪੰਜਾਬ ਪੁਲਸ ਵੱਲੋਂ ਸ਼ੰਭੂ ਮੋਰਚੇ ਤੋਂ ਕਿਸਾਨਾਂ ਨੂੰ ਉਖੇੜਨ ਤੋਂ ਬਾਅਦ ਸੰਯੁਕਤ ਕਿਸਾਨ ਮੋਰਚੇ ਵੱਲੋਂ 6 ਮਈ ਮੁੜ ਧਰਨਾ ਲਾਉਣ ਦਾ ਸੱਦਾ ਦਿੱਤਾ ਗਿਆ ਸੀ, ਜਿਸ ਨੂੰ ਲੈ ਕੇ ਪੁਲਸ ਵੱਲੋਂ ਦੋ ਦਿਨਾਂ ਤੋਂ ਲਗਾਤਾਰ ਕਿਸਾਨਾਂ ਦੀ ਫੜੋ-ਫੜੀ ਕੀਤੀ ਜਾ ਰਹੀ ਹੈ।ਮੋਰਚੇ ਦੇ ਕਈ ਵੱਡੇ ਲੀਡਰਾਂ ਨੂੰ ਪੁਲਿਸ ਨੇ ਘਰਾਂ ਵਿੱਚ ਵੀ ਨਜ਼ਰਬੰਦ ਕੀਤਾ ਹੋਇਆ ਹੈ, ਪਰ ਇਸ ਸਭ ਦੇ ਬਾਵਜੂਦ ਕਿਸਾਨ ਪਿੱਛੇ ਨਹੀਂ ਹਟ ਰਹੇ ਹਨ।ਹੁਣ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਇੱਕ ਵੱਡਾ ਬਿਆਨ ਸਾਹਮਣੇ ਆਇਆ ਹੈ।ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਚੈਲੰਜ ਕੀਤਾ ਹੈ ਕਿ ਲੋਕਤੰਤਰ ਦਾ ਘਾਣ ਨਾ ਕਰੋ, ਨਹੀਂ ਤਾਂ ਤੁਹਾਨੂੰ ਵੀ ਲੋਕਾਂ ਵੱਲੋਂ ਛੇਤੀ ਹੀ ਸੱਤਾ ਵਿਚੋਂ ਬਾਹਰ ਕਰ ਦਿੱਤਾ ਜਾਵੇਗਾ।ਜਗਜੀਤ ਸਿੰਘ ਡੱਲੇਵਾਲ ਨੇ ਪੰਜਾਬ ਪੁਲਸ ਵੱਲੋਂ ਕਿਸਾਨਾਂ ਦੀ ਗ੍ਰਿਫ਼ਤਾਰੀ ਦੀ ਨਿਖੇਧੀ ਕਰਦਿਆਂ ਕਿਹਾ ਕਿ ਮੀਡੀਆ ਕਰਮੀਆਂ ਨੂੰ ਵੀ ਉਨ੍ਹਾਂ ਨਾਲ ਨਹੀਂ ਮਿਲਣ ਦਿੱਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਕੱਲ੍ਹ ਸਵੇਰ ਤੋਂ ਹੀ ਕਿਸਾਨਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ, ਪੰਜਾਬ ਦੀ ਰਾਜਧਾਨੀ ਅੰਦਰ ਨਹੀਂ ਜਾਣ ਦਿੱਤਾ ਜਾ ਰਿਹਾ ਅਤੇ ਨਾ ਹੀ ਦਿੱਲੀ ਜਾਣ ਦਿੱਤਾ ਜਾ ਰਿਹਾ ਹੈ, ਜੋ ਕਿ ਇਹ ਲੋਕਤੰਤਰ ਦਾ ਘਾਣ ਹੈ।ਕਿਸਾਨ ਆਗੂ ਨੇ ਸੀਐੱਮ ਮਾਨ ਨੂੰ ਕਿਹਾ ਕਿ ਭਾਵੇਂ ਤੁਸੀਂ ਕਿਸਾਨ ਨੇਤਾਵਾਂ ਨੂੰ ਗ੍ਰਿਫ਼ਤਾਰ ਕਰ ਰੱਖਿਆ ਪਰ ਵੱਡੀ ਗਿਣਤੀ ਕਿਸਾਨ ਸ਼ੰਭੂ ਧਰਨੇ ਵਿਚ ਪਹੁੰਚਣਗੇ।ਜ਼ਿਕਰਯੋਗ ਹੈ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਤੇ ਧਰਨੇ ਦੇ ਮੱਦੇਨਜ਼ਰ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨਾਂ ਨੂੰ ਧਰਨੇ-ਪ੍ਰਦਰਸ਼ਨ ਕਰਨ ਤੇ ਸਿੱਧੀ ਕਾਨੂੰਨੀ ਕਾਰਵਾਈ ਦੀ ਚੇਤਾਵਨੀ ਦਿੱਤੀ ਸੀ, ਜਿਸ ਤੋਂ ਕਿਸਾਨ ਭੜਕ ਉਠੇ ਹਨ ਅਤੇ ਸ਼ੰਭੂ ਮੋਰਚੇ ਵੱਲ ਵੱਧ ਰਹੇ ਹਨ।

# ਕਟਾਰੂਚੱਕ ਨੇ ਬਮਿਆਲ ਖੇਤਰ ਦੇ ਲੋਕਾਂ ਨਾਲ ਘਰ-ਘਰ ਜਾ ਕੇ ਕੀਤੀ ਗੱਲਬਾਤ



**ਪਠਾਨਕੋਟ (ਦਵਿੰਦਰ ਸਿੰਘ)**

ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਵਿਧਾਨ ਸਭਾ ਹਲਕਾ ਭੋਆ ਦੇ ਖੇਤਰ ਬਮਿਆਲ ਵਿਖੇ ਪਹੁੰਚੇ ਅਤੇ ਡੋਰ-ਟੂ-ਡੋਰ ਪਹੁੰਚ ਕਰਕੇ ਬਮਿਆਲ ਪਿੰਡ ਦੇ ਰਹਿਣ ਵਾਲੇ ਲੋਕਾਂ ਨੂੰ ਮਿਲੇ। ਇਸ ਮੌਕੇ ਉਨ੍ਹਾਂ ਹਿੰਦ ਪਾਕ ਸਰਹੱਦ ਦੇ ਨਾਲ ਲਗਦੇ ਕੁੱਝ ਹੋਰ ਪਿੰਡਾਂ ਦਾ ਵੀ ਦੌਰਾ ਕੀਤਾ ਅਤੇ ਲੋਕਾਂ ਨਾਲ ਗੱਲਬਾਤ ਕੀਤੀ।ਇਸ ਮੌਕੇ ਤੇ ਉਨ੍ਹਾਂ ਦੇ ਨਾਲ ਨਰੇਸ਼ ਕੁਮਾਰ ਸੈਨੀ ਜ਼ਿਲ੍ਹਾ ਪ੍ਰਧਾਨ ਬੀਸੀ ਵਿੰਗ ਪਠਾਨਕੋਟ ਆਦਿ ਹਾਜ਼ਰ ਸਨ।ਇਸ ਮੌਕੇ ਜਾਣਕਾਰੀ ਦਿੰਦਿਆਂ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਮੌਕੇ ਦੇ ਹਾਲਾਤ ਸਭ ਧਿਆਨ ਵਿੱਚ ਹਨ, ਦੇਸ਼ ਦੇ ਅੰਦਰ ਮਾਹੌਲ ਜੋ ਕਿ ਨਜ਼ਰ ਆ ਰਿਹਾ ਹੈ, ਦੁੱਖ ਦੀ ਗੱਲ ਹੈ ਕਿ ਪਿਛਲੇ ਦਿਨੀਂ ਸਾਡੇ ਭਾਰਤੀ ਨਾਗਰਿਕਾਂ 'ਤੇ ਜੋ ਨਿਹੱਥੇ ਸਨ ਉਨ੍ਹਾਂ 'ਤੇ ਅਟੈਕ ਕੀਤਾ ਗਿਆ ਸੀ।ਇਸ ਲਈ ਦੇਸ਼ ਦੇ ਲੋਕਾਂ ਦੇ ਮਨਾਂ ਦੇ ਅੰਦਰ ਜੋ ਗੁੱਸਾ ਹੈ ਉਹ ਤਦ ਹੀ ਠੰਡਾ ਹੋ ਸਕਦਾ ਹੈ ਅਗਰ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ।ਅੱਜ ਮੈਂ ਖੁਦ ਬਾਰਡਰ ਦੇ ਕੁੱਝ ਪਿੰਡਾਂ ਅੰਦਰ ਪਹੁੰਚ ਕਰਕੇ ਘਰ ਘਰ ਜਾ ਕੇ ਲੋਕਾਂ ਨਾਲ ਗੱਲਬਾਤ ਕੀਤੀ ਹੈ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਅਪੀਲ ਹੈ ਕਿ ਕਿਸੇ ਤਰ੍ਹਾਂ ਨਾਲ ਡਰਨ ਦੀ ਲੋੜ ਨਹੀਂ ਹੈ। ਪੰਜਾਬ ਸਰਕਾਰ ਤੁਹਾਡੇ ਨਾਲ ਹੈ ਅਤੇ ਪੰਜਾਬ ਸਰਕਾਰ ਵੱਲੋਂ ਹਰ ਤਰ੍ਹਾਂ ਦੀ ਵਿਵਸਥਾ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਸਾਡੀ ਭਾਰਤੀ ਫੌਜ, ਸਾਡੇ ਯੋਧੇ ਲਗਾਤਾਰ ਦੇਸ਼ ਦੀ ਸੁਰੱਖਿਆ ਕਰਨ ਲਈ ਯੋਗਦਾਨ ਦਿੰਦੇ ਹਨ।ਬਾਰਡਰ ਦੇ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਾ ਹੋਵੇ ਇਸ ਲਈ ਸਾਰੇ ਪ੍ਰਬੰਧ ਕੀਤੇ ਗਏ ਹਨ।

# ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਦੀਆਂ ਤਿਆਰੀਆਂ ਸ਼ੁਰੂ : ਗੁਰਮਾਨ ਸਿੰਘ



**ਸ੍ਰੀ ਗੋਇੰਦਵਾਲ ਸਾਹਿਬ, (ਕਾਬਲ ਸਿੰਘ ਮੱਲ੍ਹੀ)**

11 ਮਈ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਇਲਾਕਾ ਵਾਸੀਆਂ ਵੱਲੋਂ ਵੱਡੇ ਪੱਧਰ ਤੇ ਮਨਾਏ ਜਾ ਰਹੇ ਗੁਰੂ ਅਮਰਦਾਸ ਜੀ ਦੇ 546ਵੇਂ ਪ੍ਰਕਾਸ਼ ਦਿਹਾੜੇ ਸਬੰਧੀ ਤਿਆਰੀਆਂ ਸ਼ੁਰੂ ਕਰ ਦਿੱਤੀਆ ਗਈਆ ਹਨ।ਇਸ ਸਬੰਧੀ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਦੇ ਮੈਨੇਜਰ ਗੁਰਾ ਸਿੰਘ ਮਾਨ ਨੇ ਦੱਸਿਆ ਕਿ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਲੈ ਕੇ ਗੁਰਦੁਆਰਾ ਸਾਹਿਬ ਵਿਖੇ 9 ਮਈ ਤੋਂ 11 ਮਈ ਤੱਕ ਧਾਰਮਿਕ ਸਮਾਗਮ ਕਰਵਾਏ ਜਾਣਗੇ ਜਿਸ ਦੇ ਸਬੰਧ ਵਿਚ 10 ਮਈ ਨੂੰ ਵਿਸ਼ਾਲ ਨਗਰ ਕੀਰਤਨ ਗੁ: ਬਾਉਲੀ ਸਾਹਿਬ ਤੋਂ ਗੁ: ਚੁਬਾਰਾ ਸਾਹਿਬ ਤੱਕ ਸਜਾਏ ਜਾਣਗੇ।ਇਸੇ ਤਰ੍ਹਾ ਪ੍ਰਕਾਸ਼ ਪੁਰਬ ਦੇ ਸਬੰਧ ਵਿਚ 11 ਮਈ ਨੂੰ ਅਹਿਮ ਧਾਰਮਿਕ ਸਮਾਗਮ ਰੱਖੇ ਗਏ ਹਨ।ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਪੰਥ ਪ੍ਰਸਿੱਧ ਧਾਰਮਿਕ ਸੰਪਰਦਾਇ ਦੇ ਮੁਖੀ ਸਹਿਬਾਨ, ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦਿਆਂ, ਸਭਾ ਸੁਸਾਇਟੀਆਂ ਦੇ ਸੰਚਾਲਕਾਂ ਤੇ ਇਲਾਕੇ ਦੀਆਂ ਮੋਹਤਬਰ ਸਖਸ਼ੀਅਤਾਂ ਨੂੰ ਸੱਦਾ ਪੱਤਰ ਭੇਜ ਦਿੱਤੇ ਗਏ ਹਨ।ਉਥੇ ਹੀ ਦੂਰ ਦੁਰਾਡੇ ਤੋਂ ਪ੍ਰਕਾਸ਼ ਪੁਰਬ ਮਨਾਉਣ ਆ ਰਹੀਆ ਸੰਗਤਾਂ ਦੇ ਰਹਿਣ ਸਹਿਣ ਲਈ ਐਜੀਪੀਸੀ ਵੱਲੋਂ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ।ਇਸ ਮੌਕੇ ਮੈਨੇਜਰ ਗੁਰਾ ਸਿੰਘ, ਮੀਤ ਮੈਨੇਜਰ ਸਰਬਜੀਤ ਸਿੰਘ ਮੁੰਡਾਪਿੰਡ ਨੇ ਸਮੁੱਚੇ ਨਗਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਆਪ ਸਭ ਸੰਗਤ ਦੇ ਸਹਿਯੋਗ ਨਾਲ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਦਿਹਾੜੇ ਮਨਾਏ ਜਾ ਰਹੇ ਹਨ।ਇਸ ਦੌਰਾਨ ਸਮੁੱਚੇ ਗੁਰਦੁਆਰਾ ਕੰਪਲੈਕਸ ਨੂੰ ਰੰਗ ਬਰੰਗੇ ਫੁੱਲਾਂ ਨਾਲ ਸਜਾਇਆ ਜਾਵੇਗਾ ਅਤੇ ਮਨਮੋਹਕ ਦੀਪਮਾਲਾ ਕੀਤੀ ਜਾਵੇਗੀ।ਧਾਰਮਿਕ ਸਮਾਗਮਾਂ ਦੀ ਸਮਾਪਤੀ ਉਪਰੰਤ ਆਤਿਸ਼ਬਾਜ਼ੀ ਕੀਤੀ ਜਾਵੇਗੀ।ਉਨ੍ਹਾਂ ਨਗਰ ਨਿਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਘਰਾਂ ਦੇ ਬਾਹਰ ਦੀਪਮਾਲਾ ਕਰਕੇ ਗੁਰੂ ਸਾਹਿਬ ਦਾ ਪ੍ਰਕਾਸ਼ ਪੁਰਬ ਮਨਾਉਣ।ਇਸ ਮੌਕੇ ਸੁਖਦੇਵ ਸਿੰਘ ਮੱਲਮੋਹਰੀ, ਪਰਮਜੀਤ ਸਿੰਘ ਖਜ਼ਾਨਚੀ, ਰਛਪਾਲ ਸਿੰਘ, ਗੁਰਜੀਤ ਸਿੰਘ ਇਲੈਕਟ੍ਰੀਸ਼ਨ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਇਲਾਕੇ ਦੀਆਂ ਮੋਹਤਬਰ ਸ਼ਖ਼ਸੀਅਤਾਂ ਮੌਜੂਦ ਸਨ।

# ਮੱਛਰਾਂ ਦੀ ਭਰਮਾਰ ਨੂੰ ਰੋਕਣ ਲਈ ਫੌਗਿੰਗ ਦੀ ਸੇਵਾ ਸ਼ੁਰੂ



**ਲੋਹੀਆਂ ਖਾਸ, (ਯੋਗੇਸ਼ਵਰ)**

ਦਿਨੋਂ ਦਿਨ ਵਧ ਰਹੀ ਗਰਮੀ ਦੇ ਨਾਲ਼ ਨਾਲ਼ ਮੱਛਰਾਂ ਦੀ ਭਰਮਾਰ ਹੁੰਦੀ ਜਾ ਰਹੀ ਹੈ। ਇਸ ਮੌਸਮ ਵਿੱਚ ਜ਼ਹਿਰੀਲੇ ਮੱਛਰ ਦੇ ਕੱਟਣ ਨਾਲ਼ ਫ਼ੈਲਣ ਵਾਲ਼ੀਆਂ ਬਿਮਾਰੀਆਂ ਦਾ ਡਰ ਹਮੇਸ਼ਾ ਬਣਿਆ ਰਹਿੰਦਾ ਹੈ। ਲੋਹੀਆਂ ਇਲਾਕੇ ਵਿੱਚ ਕੰਮ ਕਰ ਰਹੀਆਂ ਸਮਾਜ ਸੇਵੀ ਸੰਸਥਾਵਾਂ ਗੁਰੂ ਨਾਨਕ ਮੋਦੀਖਾਨਾ ਚੈਰੀਟੇਬਲ ਟਰੱਸਟ ਲੋਹੀਆਂ ਖ਼ਾਸ, ਨਦਰਿ ਕਰਮਿ ਸੇਵਾ ਦਲ ਲੋਹੀਆਂ ਖ਼ਾਸ, ਗੁ: ਸਿੱਖ ਸੈਂਟਰ ਆਫ਼ ਸਿਆਟਲ ਅਤੇ ਸੋਚ ਸੈਂਟਰ ਸਿਆਟਲ (ਅਮਰੀਕਾ) ਵੱਲੋਂ ਲੋਹੀਆਂ ਸ਼ਹਿਰ ਵਿੱਚ ਫੌਗਿੰਗ ਸ਼ੁਰੂ ਕੀਤੀ ਗਈ ਹੈ।ਸਤਿੰਦਰ ਸਿੰਘ ਖ਼ਾਲਸਾ, ਹਰਵਿੰਦਰ ਸਿੰਘ ਧੰਜੂ, ਹਰਪ੍ਰੀਤ ਸਿੰਘ ਚੰਦੀ ਸਾਹਿਬਜੋਤ ਸਿੰਘ ਕੰਗ ਅਤੇ ਹੋਰ ਸੇਵਾਦਾਰਾਂ ਨੇ ਦੱਸਿਆ ਕਿ ਪੰਜ ਦਿਨਾਂ ਵਿੱਚ ਸ਼ਹਿਰ ਦੇ ਕੁੱਲ 13 ਵਾਰਡ, ਸ਼ਹਿਰ ਦੀ ਹੱਦ ਤੇ ਵਸੀ ਇੱਕ ਬਸਤੀ, ਪ੍ਰਵਾਸੀਆਂ ਦੀਆਂ ਝੁੱਗੀਆਂ, ਸਕੂਲ, ਹਸਪਤਾਲ਼, ਰੇਲਵੇ ਸਟੇਸ਼ਨ, ਪੁਲਸ ਸਟੇਸ਼ਨ, ਪਟਵਾਰਖਾਨਾ, ਸਭ-ਤਹਿਸੀਲ ਸਮੇਤ ਸ਼ਹਿਰ ਦੀਆਂ ਅੰਦਰੂਨੀ ਗਲ਼ੀਆਂ ਫੌਗ ਕਰਨ ਦਾ ਟੀਚਾ ਮਿੱਥਿਆ ਗਿਆ ਹੈ।ਇਸ ਮੌਕੇ ਹਰਪ੍ਰੀਤ ਸਿੰਘ ਚੰਦੀ, ਈਸ਼ਵਰ ਸਿੰਘ ਕੰਗ, ਹਰਨੂਰਪ੍ਰੀਤ ਸਿੰਘ ਲੇਹਲ, ਪ੍ਰਭਪ੍ਰੀਤ ਸਿੰਘ ਵਿਲੱਖੂ, ਮਨਜੋਤ ਸਿੰਘ ਜੋਸਨ, ਜੋਤਪ੍ਰਕਾਸ਼ ਸਿੰਘ ਬਬਰਾਹ ਹਾਜ਼ਰ ਸਨ।

# ਕਿਸਾਨੀ ਸਾਹਮਣੇ ਭਵਿੱਖੀ ਚੁਣੌਤੀਆਂ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ ਵੱਲੋਂ ਅਹਿਮ ਮੀਟਿੰਗ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਸੰਗਰੂਰ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆਂ ਦੀ ਅਗਵਾਈ ਹੇਠ ਗੁਰੂ ਘਰ ਸੱਚਖੰਡ ਵਿਖੇ ਹੋਈ। ਇਸ ਮੌਕੇ ਸੂਬਾ ਮੀਤ ਪ੍ਰਧਾਨ ਜਨਕ ਸਿੰਘ ਭੁਟਾਲ ਕਲਾਂ ਅਤੇ ਸੂਬਾ ਪ੍ਰਚਾਰ ਸਕੱਤਰ ਜਗਤਾਰ ਸਿੰਘ ਕਾਲਾਝਾੜ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਕਿਸਾਨ ਆਗੂਆਂ ਨੇ ਪ੍ਰੈੱਸ ਨਾਲ ਗੱਲਬਾਤ ਕਰਨ ਸਮੇਂ ਦੱਸਿਆ ਕਿ ਅਮਰੀਕਾ ਦੇਸ਼ ਦੀ ਤਰਫੋਂ ਭਾਰਤ ਦੀ ਖੇਤੀ ਉਪਰ ਕਬਜ਼ਾ ਕਰਨ ਦੀਆਂ ਵਿਉਂਤਾਂ ਬਣਾਈਆਂ ਜਾ ਰਹੀਆਂ ਹਨ, ਭਾਰਤ ਦੇਸ਼ ਦੀ ਖੇਤੀ ਖਤਮ ਕਰਨ ਵਾਸਤੇ ਕਾਰਪੋਰੇਟ ਘਰਾਣੇ ਪੱਬਾਂ ਭਾਰ ਹੋਏ ਹਨ, ਦੇਸ਼ ਅੰਦਰ ਸਰਕਾਰੀ ਸੰਸਥਾਵਾਂ ਦਾ ਭੋਗ ਪਾਇਆ ਜਾ ਰਿਹਾ ਹੈ।ਪੂਰੇ ਭਾਰਤ ਅੰਦਰ ਜ਼ਮੀਨ ਦੇ ਟੁੱਕੜੇ ਹੀ ਰੋਜ਼ਗਾਰ ਬਚੇ ਹਨ, ਪਰ ਕਾਰਪੋਰੇਟ ਘਰਾਣੇ ਸਾਰੇ ਭਾਰਤ ਦੇਸ਼ ਉਪਰ ਕਬਜ਼ਾ ਕਰਨ ਦੀ ਵਿਉਂਤਬੰਦੀ ਬਣਾ ਰਹੇ ਹਨ। ਕਿਸਾਨ ਆਗੂਆਂ ਨੇ ਦੱਸਿਆ ਕਿ ਕਿਸਾਨਾਂ ਮਜ਼ਦੂਰਾਂ ਦੀਆਂ ਸਾਂਝੀਆਂ ਮੰਗਾਂ ਨੂੰ ਲੈਕੇ ਮਿਤੀ 13-5-25 ਨੂੰ ਸੰਗਰੂਰ ਵਿਖੇ ਐੱਸ ਕੇ ਐੱਮ ਦੇ ਸੱਦੇ ਤੇ ਤਿੰਨ ਜ਼ਿਲ੍ਹੇ ਬਰਨਾਲਾ ਸੰਗਰੂਰ ਅਤੇ ਪਟਿਆਲਾ ਇੱਕ ਦਿਨ ਦਾ ਰੋਸ ਧਰਨਾ ਦਿੱਤਾ ਜਾਵੇਗਾ, ਕਿਸਾਨਾਂ ਨੇ ਕਿਹਾ ਕਿ ਚਾਉਕੇ ਸਕੂਲ ਦਾ ਮਸਲਾ, ਪਿੰਡ ਜਿਉਂਦ ਵਿਖੇ ਜ਼ਮੀਨੀ ਮਸਲਾ ਅਤੇ ਪੂਰੇ ਪੰਜਾਬ ਅੰਦਰ ਉਨ੍ਹਾਂ ਜ਼ਮੀਨਾਂ ਦਾ ਮਸਲਾ ਵੀ ਬਣਦਾ ਹੈ, ਜਿੱਥੇ ਕਿ ਸਰਦਾਰਾਂ ਦੀ ਜ਼ਮੀਨ ਕਿਸਾਨ ਬੀਜ ਰਹੇ ਹਨ ਪਰ ਸਰਕਾਰ ਕਿਸਾਨਾਂ ਪਾਸੋਂ ਜ਼ਮੀਨ ਖੋਹਣਾ ਚਾਹੁੰਦੀ ਹੈ। ਮੌਕੇ ਦੀ ਸਰਕਾਰ ਸੰਘਰਸ਼ ਕਰਦੇ ਲੋਕਾਂ ਨੂੰ ਦਵਾਉਣਾ ਚਾਹੁੰਦੀ ਹੈ, ਪਰ ਹਮੇਸ਼ਾ ਹੀ ਸਰਕਾਰ ਹਾਰਦੀ ਹੈ ਅਤੇ ਸੰਘਰਸ਼ ਕਰਦੇ ਲੋਕ ਜਿੱਤਦੇ ਹਨ। ਅੱਜ ਦੀ ਮੀਟਿੰਗ ਸਮੇਂ ਜ਼ਿਲ੍ਹਾ ਜਨਰਲ ਸਕੱਤਰ ਦਰਬਾਰਾ ਸਿੰਘ ਛਾਜਲਾ, ਜ਼ਿਲ੍ਹਾ ਮੀਤ ਪ੍ਰਧਾਨ ਬਹਾਲ ਸਿੰਘ ਢੀਂਡਸਾ, ਜਸਵੰਤ ਸਿੰਘ ਤੋਲਾਵਾਲ, ਕਰਨੈਲ ਗਨੌਟਾ, ਜਸਵੀਰ ਸਿੰਘ ਗੱਗੜਪੁਰ, ਹਰਜੀਤ ਸਿੰਘ ਮਹਿਲਾਂ, ਸੁਖਦੇਵ ਸਿੰਘ ਕੜੈਲ, ਜਗਤਾਰ ਸਿੰਘ ਲੱਡੀ, ਰਾਮ ਸਿੰਘ ਕੱਕੜਵਾਲ, ਬਹਾਦਰ ਸਿੰਘ ਭੁਟਾਲ ਖੁਰਦ, ਮਨੀ ਸਿੰਘ ਭੈਣੀ ਆਦਿ ਹਾਜ਼ਰ ਹੋਏ।

# ਰਾਇਲ ਚੈਲੇਂਜ ਗੇਮ ਨਾਈਟਸ ਨੇ ਗੇਮਰਾਂ ਤੇ ਸੱਭਿਆਚਾਰ ਨੂੰ ਇੱਕ ਖੇਡ ਦੇ ਮੈਦਾਨ 'ਚ ਬਦਲ ਦਿੱਤਾ

**ਲੁਧਿਆਣਾ**-ਰਾਇਲ ਚੈਲੇਂਜ ਜੋ ਕਿ ਲੰਬੇ ਸਮੇਂ ਤੋਂ ਦਲੇਰ ਊਰਜਾ ਅਤੇ ਇੱਕ ਅਮੀਰ ਕ੍ਰਿਕਟ ਵਿਰਾਸਤ ਨਾਲ ਜੁੜਿਆ ਹੋਇਆ ਇੱਕ ਬ੍ਰਾਂਡ ਹੈ, ਆਪਣੀ ਦਲੇਰ ਨਵੀਂ ਡਿਜੀਟਲ-ਪਹਿਲੀ ਜਾਇਦਾਦ, ਰਾਇਲ ਚੈਲੇਂਜ ਗੇਮ ਨਾਈਟਸ ਨੂੰ ਲੁਧਿਆਣਾ ਲੈ ਗਿਆ।ਗੁਰਦੇਵ ਨਗਰ ਦੇ ਕੁਲ ਤੂਰਾ ਲੁਧਿਆਣਾ ਵਿਖੇ ਆਯੋਜਿਤ ਇਸ ਪ੍ਰੋਗਰਾਮ ਨੇ ਸਥਾਨ ਨੂੰ ਮੁਕਾਬਲੇ, ਰਚਨਾਤਮਕਤਾ ਅਤੇ ਅਗਲੀ ਪੀੜ੍ਹੀ ਦੇ ਮਨੋਰੰਜਨ ਦੇ ਇੱਕ ਉਚ-ਆਕਟੇਨ ਜ਼ੋਨ ਵਿੱਚ ਬਦਲ ਦਿੱਤਾ ਜਿਸ ਨਾਲ ਦੇਸ਼ ਵਿਆਪੀ ਅਨੁਭਵਾਂ ਦੀ ਲੜੀ ਲਈ ਮੰਚ ਤਿਆਰ ਹੋਇਆ।ਵਰਚੁਅਲ ਅਖਾੜਿਆਂ ਵਿੱਚ ਇਹ ਕਦਮ ਇੱਕ ਅਜਿਹੇ ਬ੍ਰਾਂਡ ਲਈ ਇੱਕ ਕੁਦਰਤੀ ਵਿਕਾਸ ਹੈ ਜੋ ਹਮੇਸ਼ਾ ਖੇਡ ਅਤੇ ਜਵਾਨੀ ਦੇ ਪ੍ਰਗਟਾਵੇ ਦੇ ਲਾਂਘੇ ਤੇ ਵਧਿਆ-ਫੁੱਲਿਆ ਹੈ।ਜਿਵੇਂ ਕ੍ਰਿਕਟ ਨੇ ਪੀੜ੍ਹੀਆਂ ਨੂੰ ਮੋਹਿਤ ਕੀਤਾ ਹੈ, ਉਸੇ ਤਰ੍ਹਾਂ ਇੰਟਰਐਕਟਿਵ ਖੇਡ ਜਨੂੰਨ, ਪ੍ਰਦਰਸ਼ਨ ਅਤੇ ਸੱਭਿਆਚਾਰਕ ਸਬੰਧਾਂ ਦੀ ਨਵੀਂ ਸਰਹੱਦ ਵਜੋਂ ਉੱਭਰ ਰਿਹਾ ਹੈ।ਰਾਇਲ ਚੈਲੇਂਜ ਦਾ ਉਦੇਸ਼ ਇਨ੍ਹਾਂ ਦੁਨੀਆਵਾਂ ਨੂੰ ਜੋੜਨਾ ਹੈ, ਜਿੱਥੇ ਭਾਈਚਾਰਾ, ਮੁਕਾਬਲਾ ਅਤੇ ਰਚਨਾਤਮਕਤਾ ਟਕਰਾਉਂਦੇ ਹਨ।ਰਾਇਲ ਚੈਲੇਂਜ ਗੇਮ ਨਾਈਟਸ ਇਵੈਂਟ ਨੇ ਪ੍ਰਸ਼ੰਸਕਾਂ, ਸਿਰਜਣਹਾਰਾਂ ਅਤੇ ਡਿਜੀਟਲ ਐਥਲੀਟਾਂ ਨੂੰ ਇੱਕ ਇਲੈਕਟ੍ਰੀਫਾਈਂਗ ਸ਼ਾਮ ਲਈ ਇਕੱਠਾ ਕੀਤਾ।ਅਤਿ-ਆਧੁਨਿਕ ਕ੍ਰਿਕਟ, ਕ੍ਰਿਕਟ-ਥੀਮ ਵਾਲੇ ਸਿਰਲੇਖਾਂ ਵਾਲਾ ਇੱਕ ਪਲੇਅਸਟੇਸ਼ਨ ਗੇਮਿੰਗ ਜ਼ੋਨ ਅਤੇ ਦਿਲਚਸਪ ਇਨਾਮਾਂ ਦੇ ਨਾਲ ਦਿਲਚਸਪ ਚੁਣੌਤੀਆਂ ਦੀ ਵਿਸ਼ੇਸ਼ਤਾ, ਰਾਤ ਨੇ ਹਰ ਕਿਸਮ ਦੇ ਖਿਡਾਰੀ ਲਈ ਕੁਝ ਨਾ ਕੁਝ ਪੇਸ਼ਕਸ਼ ਕੀਤੀ।ਮਹਿਮਾਨਾਂ ਨੇ ਇੱਕ ਛੱਤ ਹੇਠ ਰਵਾਇਤੀ ਫੈਨਡਮ ਨੂੰ ਆਧੁਨਿਕ ਖੇਡ ਨਾਲ ਮਿਲਾਉਂਦੇ ਹੋਏ ਇੱਕ ਮਾਰਕੀ ਲੀਗ ਮੈਚ ਦੀ ਲਾਈਵ ਸਕ੍ਰੀਨਿੰਗ ਦਾ ਵੀ ਆਨੰਦ ਮਾਣਿਆ।

# ਅੰਮ੍ਰਿਤਸਰ ਜ਼ਿਲ੍ਹੇ ਦੇ ਸਿੱਖਿਆ ਅਦਾਰਿਆਂ 'ਚ ਅੱਜ ਛੁੱਟੀ ਰਹੇਗੀ : ਡਿਪਟੀ ਕਮਿਸ਼ਨਰ



**ਅੰਮ੍ਰਿਤਸਰ, (ਨਰਿੰਦਰ ਜੀਤ ਸਿੰਘ)**-ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਨੇ ਜ਼ਿਲੇ ਵਿੱਚ ਭਾਰਤ-ਪਾਕਿ ਤਣਾਅ ਮਗਰੋਂ ਪੈਦਾ ਹੋਏ ਹਾਲਾਤ ਬਾਰੇ ਮੀਟਿੰਗ ਕਰਦਿਆਂ ਸਕੂਲਾਂ, ਕਾਲਜਾਂ ਅਤੇ ਹੋਰ ਸਿੱਖਿਆ ਸੰਸਥਾਵਾਂ ਵਿੱਚ ਕੱਲ 8 ਮਈ ਦੀ ਛੁੱਟੀ ਕਰਨ ਦੀ ਹਦਾਇਤ ਕੀਤੀ।ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਫੈਸਲਾ ਸਥਿਤੀ ਨੂੰ ਮੁੜ ਵਿਚਾਰਨ ਮਗਰੋਂ ਲਿਆ ਜਾਵੇਗਾ ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਹਰ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਤਿਆਰ ਹੈ।ਉਨ੍ਹਾਂ ਨੇ ਇਸ ਤਨਾਅ ਦੌਰਾਨ ਪੈਟਰੋਲ ਪੰਪਾਂ, ਕਰਿਆਨੇ ਦੀਆਂ ਦੁਕਾਨਾਂ ਅਤੇ ਏਟੀਐੱਮ ਉੱਪਰ ਲੱਗੀਆਂ ਲੋਕਾਂ ਦੀਆਂ ਲਾਈਨਾਂ ਦਾ ਨੋਟਿਸ ਲੈਂਦਿਆਂ ਕਿਹਾ ਕਿ ਜ਼ਿਲੇ ਵਿੱਚ ਜ਼ਰੂਰੀ ਵਸਤਾਂ, ਜਿਨ੍ਹਾਂ ਵਿੱਚ ਤੇਲ, ਰਸੋਈ ਗੈਸ, ਦਵਾਈਆਂ ਅਤੇ ਰਾਸ਼ਨ ਦੀ ਕੋਈ ਘਾਟ ਨਹੀਂ ਹੈ।ਇਸ ਲਈ ਲੋਕ ਬਿਨਾਂ ਸੋਚੇ ਸਮਝੇ ਇਹ ਵਸਤਾਂ ਭੰਡਾਰ ਕਰਕੇ ਕਾਲਾਬਜ਼ਾਰੀ ਨੂੰ ਉਤਸ਼ਾਹਿਤ ਨਾ ਕਰਨ।ਉਨ੍ਹਾਂ ਜ਼ਰੂਰੀ ਵਸਤਾਂ ਦਾ ਭੰਡਾਰ ਕਰਕੇ ਕਾਲਾਬਜ਼ਾਰੀ ਕਰਨ ਵਾਲਿਆਂ ਨੂੰ ਚਿਤਾਵਨੀ ਦਿੰਦੇ ਕਿਹਾ ਕਿ ਜੋ ਵੀ ਵਿਅਕਤੀ ਅਜਿਹਾ ਕਰਦਾ ਪਾਇਆ ਗਿਆ ਉਸ ਖਿਲਾਫ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਸੋਸ਼ਲ ਮੀਡੀਆ ਜ਼ਰੀਏ ਫੈਲਾਈਆਂ ਜਾ ਰਹੀਆਂ ਅਫਵਾਹਾਂ ਅਤੇ ਦਿੱਤੀਆਂ ਜਾ ਰਹੀਆਂ ਗੈਰ ਜ਼ਰੂਰੀ ਸਲਾਹਾਂ ਉਤੇ ਅਮਲ ਨਾ ਕਰਨ।ਉਨ੍ਹਾਂ ਕਿਹਾ ਕਿ ਹਰੇਕ ਸੂਚਨਾ, ਖ਼ਬਰ ਜਾਂ ਸਲਾਹ ਦੀ ਪੁਸ਼ਟੀ ਕਰਕੇ ਉਸ ਉਤੇ ਅਮਲ ਕੀਤਾ ਜਾਵੇ ਅਤੇ ਉਸ ਨੂੰ ਤਾਂ ਹੀ ਅੱਗੇ ਸ਼ੇਅਰ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਬਿਨਾਂ ਸੋਚੇ ਅਜਿਹੀਆਂ ਖਬਰਾਂ ਜਾਂ ਸਲਾਹਾਂ ਨੂੰ ਸ਼ੇਅਰ ਕਰਕੇ ਆਮ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਨਾ ਪੈਦਾ ਕੀਤਾ ਜਾਵੇ।

# ਐੱਨ ਸੀ ਸੀ ਕੈਡਿਟਾਂ ਨੂੰ ਸੀ ਐੱਚ ਸੀ ਸਿੰਗੋਵਾਲ ਵਿਖੇ ਸੰਕਟ ਪ੍ਰਬੰਧਨ ਦੀ ਸਿਖਲਾਈ ਦਿੱਤੀ

**ਦੀਨਾਨਗਰ/ਗੁਰਦਾਸਪੁਰ, (ਬਲਵਿੰਦਰ ਸਿੰਘ ਬਿੱਲਾ)**-ਭਾਰਤ-ਪਾਕਿਸਤਾਨ ਦਰਮਿਆਨ ਬਣੇ ਤਣਾਅਪੂਰਨ ਮਾਹੌਲ ਦੇ ਮੱਦੇਨਜ਼ਰ ਸਿਵਲ ਡਿਫੈਂਸ ਤਹਿਤ ਅੱਜ ਸੀਐੱਚਸੀ ਸਿੰਗੋਵਾਲ, ਦੀਨਾਨਗਰ ਵਿਖੇ ਐਨਸੀਸੀ ਕੈਡਿਟਾਂ ਦੀ ਸੰਕਟ ਪ੍ਰਬੰਧਨ ਸਿਖਲਾਈ ਕਰਵਾਈ ਗਈ।ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਦੀਆਂ ਹਦਾਇਤਾਂ ਅਤੇ ਐੱਸਡੀਐੱਮ ਦੀਨਾਨਗਰ ਜਸਪਿੰਦਰ ਸਿੰਘ ਭੁੱਲਰ ਦੀ ਅਗਵਾਈ ਹੇਠ ਐੱਨਸੀਸੀ ਕੈਡਿਟਾਂ ਨੂੰ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਇਹ ਸਿਖਲਾਈ ਦਿੱਤੀ ਗਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸਡੀਐੱਮ. ਦੀਨਾਨਗਰ ਜਸਪਿੰਦਰ ਸਿੰਘ ਭੁੱਲਰ ਨੇ ਦੱਸਿਆ ਕਿ ਮੌਜੂਦਾ ਹਾਲਾਤ ਨੂੰ ਮੱਦੇਨਜ਼ਰ ਰੱਖਦੇ ਹੋਏ ਸਿਵਲ ਡਿਫੈਂਸ ਤਹਿਤ ਐੱਨਸੀਸੀ ਕੈਡਿਟਾਂ ਨੂੰ ਇਹ ਸੰਕਟ ਪ੍ਰਬੰਧਨ ਸਿਖਲਾਈ ਦਿੱਤੀ ਗਈ ਹੈ, ਜਿਸ ਵਿੱਚ ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਅਤੇ ਐੱਸਐੱਮਓ ਸੀਐੱਚਸੀ. ਸਿੰਗੋਵਾਲ, ਦੀਨਾਨਗਰ ਦੀ ਦੇਖ-ਰੇਖ ਹੇਠ ਡਾ. ਮੋਹਿਤ, ਡਾ. ਸੁਸ਼ੀਲ ਦੁਆਰਾ ਐੱਨਸੀਸੀ ਕੈਡਿਟਾਂ ਨੂੰ ਸੀਪੀਆਰ ਲਈ ਐਮਰਜੈਂਸੀ ਪ੍ਰਬੰਧਨ ਸਿਖਲਾਈ ਆਫ਼ਤ ਪ੍ਰਬੰਧਨ ਅਤੇ ਡਾ. ਸੁਖਵਿੰਦਰ ਸਿੰਘ ਦੁਆਰਾ ਮੈਕਸੀਲੋਫੇਸ਼ੀਅਲ ਟਰੌਮਾ ਬਾਰੇ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਸਾਰੇ ਹੀ ਕੈਡਿਟਾਂ ਵੱਲੋਂ ਇਸ ਸਿਖਲਾਈ ਨੂੰ ਧਿਆਨਪੂਰਵਕ ਕੀਤਾ ਗਿਆ ਹੈ।

# ਝੋਨੇ ਦੀਆਂ ਹਾਈਬ੍ਰਿਡ ਕਿਸਮਾਂ ਤੇ ਪੂਸਾ 44 ਦੇ ਬੀਜਾਂ ਦੀ ਵਿਕਰੀ ਨਾ ਕੀਤੀ ਜਾਵੇ : ਮੁੱਖ ਖੇਤੀਬਾੜੀ ਅਫ਼ਸਰ

**ਧਾਰੀਵਾਲ (ਗੁਰਦਾਸਪੁਰ), (ਮਨਦੀਪ ਸਿੰਘ ਵਿੱਕੀ)**-ਪੰਜਾਬ ਸਰਕਾਰ ਵਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਸਿਫਾਰਸ਼ 82 ਤੇ ਝੋਨੇ ਦੀਆਂ ਲੰਮਾ ਸਮਾਂ ਲੈਣ ਵਾਲੀ ਕਿਸਮ ਪੂਸਾ 44 ਅਤੇ ਹਾਈਬ੍ਰਿਡ ਕਿਸਮਾਂ ਦੀ ਵਿਕਰੀ ਅਤੇ ਭੰਡਾਰਨ ਤੇ ਲਗਾਈ ਪਾਬੰਦੀ ਬਾਰੇ ਬੀਜ ਵਿਕ੍ਰੇਤਾਵਾਂ ਨਾਲ ਮੁੱਖ ਖੇਤੀਬਾੜੀ ਅਫ਼ਸਰ ਡਾਕਟਰ ਅਮਰੀਕ ਸਿੰਘ ਦੀ ਪ੍ਰਧਾਨਗੀ ਹੇਠ ਸਥਾਨਕ ਜ਼ਿਲਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਚ ਮੀਟਿੰਗ ਕੀਤੀ ਗਈ, ਜਿਸ ਵਿੱਚ ਡਾ. ਮਨਪ੍ਰੀਤ ਸਿੰਘ ਖੇਤੀਬਾੜੀ ਅਫ਼ਸਰ (ਪੌਦ ਸੁਰੱਖਿਆ), ਡਾਕਟਰ ਹਰਮਨਦੀਪ ਸਿੰਘ, ਡਾਕਟਰ ਅੰਮ੍ਰਿਤਪਾਲ ਸਿੰਘ ਖ਼ੇਤੀਬਾੜੀ ਵਿਕਾਸ ਅਫ਼ਸਰ, ਸਰਬਜੀਤ ਸਿੰਘ ਮਾਰਕੀਟਿੰਗ ਮੈਨੇਜਰ ਰਾਸ਼ਟਰੀ ਫਰਟੀਲਾਈਜ਼ਰ ਲਿਮਿਟਡ, ਰਵਿੰਦਰ ਕੁਮਾਰ, ਸੰਦੀਪ ਸਿੰਘ, ਆਲੋਕ ਜੈਣ, ਕਿਸਾਨ ਚੰਦ, ਸੁਖਦੇਵ ਸਿੰਘ ਸਮੇਤ ਵੱਡੀ ਗਿਣਤੀ ਵਿਚ ਖਾਦ ਅਤੇ ਬੀਜ ਵਿਕਰੇਤਾ ਹਾਜ਼ਰ ਸਨ। ਇਸ ਮੌਕੇ ਖਾਦ ਵਿਕ੍ਰੇਤਾਵਾਂ ਨੂੰ ਖਾਦ ਦੀ ਵਿਕਰੀ ਲਈ ਪੌਸ ਮਸ਼ੀਨਾਂ ਦਿੱਤੀਆਂ ਗਈਆਂ।ਮੀਟਿੰਗ ਨੂੰ ਸੰਬੋਧਨ ਕਰਦਿਆਂ ਮੁੱਖ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਪੰਜਾਬ ਵਿੱਚ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਨੀਵਾਂ ਜਾਣ ਤੋਂ ਰੋਕਣ ਲਈ ਪੰਜਾਬ ਸਰਕਾਰ ਵਲੋ ਪਕਣ ਵਿਚ ਵੱਧ ਸਮਾਂ ਲੈਣ ਵਾਲੀ ਪੂਸਾ 44 ਅਤੇ ਹਾਈਬ੍ਰਿਡ ਕਿਸਮਾਂ ਦੀ ਬਿਜਾਈ ਕਰਨ ਤੇ ਲਗਾਈ ਪਾਬੰਦੀ ਕਾਰਨ ਕੋਈ ਵੀ ਬੀਜ ਵਿਕ੍ਰੇਤਾ ਗੈਰ ਪ੍ਰਮਾਣਤ ਕਿਸਮਾਂ ਦੇ ਬੀਜ ਦੀ ਵਿਕਰੀ ਨਾ ਕਰਨ, ਜੇਕਰ ਕੋਈ ਵੀ ਬੀਜ ਵਿਕਰੇਤਾ ਪਾਬੰਦੀਸ਼ੁਦਾ ਕਿਸਮਾਂ ਦੀ ਵਿਕਰੀ ਕਰਦਾ ਪਾਇਆ ਗਿਆ ਤਾਂ ਉਸ ਖਿਲਾਫ ਸਖਤ ਕਾਨੂੰਨੀ ਕਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਝੋਨੇ ਦੀ ਖੇਤੀ ਕਾਰਨ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਵਿਚ ਲਗਾਤਾਰ ਗਿਰਾਵਟ ਆ ਰਹੀ ਹੈ ਅਤੇ ਇਸ ਗਿਰਾਵਟ ਨੂੰ ਰੋਕਣ ਲਈ ਪੰਜਾਬ ਸਰਕਾਰ ਵੱਲੋਂ ਪੱਕਣ ਵਿਚ ਲੰਮਾ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਪੂਸਾ 44 ਕਿਸਮਾਂ ਦੀ ਬਿਜਾਈ ਕਰਨ ਤੇ ਪਾਬੰਧੀ ਲਗਾ ਦਿੱਤੀ ਹੈ।ਉਨ੍ਹਾਂ ਦੱਸਿਆ ਕਿ ਇਨਾਂ ਕਿਸਮਾਂ ਤੋਂ ਇਲਾਵਾ ਝੋਨੇ ਦੀਆਂ ਦੋਗਲੀਆਂ ਕਿਸਮਾਂ ਦੀ ਬਿਜਾਈ ਤੇ ਵੀ ਪਾਬੰਦੀ ਲਗਾਈ ਗਈ ਹੈ ਤਾਂ ਜੋ ਕਿਸਾਨਾਂ ਨੂੰ ਮੰਡੀਕਰਨ ਸਮੇਂ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਕਿਹਾ ਕਿ ਇਨਾਂ ਪਾਬੰਦੀਸ਼ੁਦਾ ਕਿਸਮਾਂ ਦੀ ਵਿਕਰੀ ਰੋਕਣ ਲਈ ਜ਼ਿਲਾ ਪੱਧਰ ਅਤੇ ਬਲਾਕ ਪੱਧਰ ਤੇ ਟੀਮਾਂ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਚੈਕਿੰਗ ਦੌਰਾਨ ਇਹ ਯਕੀਨੀ ਬਣਾਇਆ ਜਾਵੇਗਾ ਕਿ ਕੋਈ ਵੀ ਦੁਕਾਨਦਾਰ ਪਾਬੰਦੀਸ਼ੁਦਾ ਕਿਸਮਾਂ ਦੀ ਵਿਕਰੀ ਨਾਂ ਕਰੇ ਅਤੇ ਕਿਸਾਨਾਂ ਨੂੰ ਬੀਜ ਦੀ ਵਿਕਰੀ ਉਪਰੰਤ ਬਿੱਲ ਜ਼ਰੂਰ ਦੇਵੇ।ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਵੀ ਚਾਹੀਦਾ ਹੈ ਕਿ ਬੀਜ ਦੀ ਖ਼ਰੀਦ ਕਰਨ ਸਮੇਂ ਬਿੱਲ ਜ਼ਰੂਰ ਲੈਣ ਅਤੇ ਜੇਕਰ ਕੋਈ ਡੀਲਰ ਬਿੱਲ ਨਹੀਂ ਦਿੰਦਾ ਤਾਂ ਲਿਖਤੀ ਰੂਪ ਵਿਚ ਖੇਤੀਬਾੜੀ ਅਫ਼ਸਰ ਜਾਂ ਮੁੱਖ ਖ਼ੇਤੀਬਾੜੀ ਅਫ਼ਸਰ ਦੇ ਧਿਆਨ ਵਿੱਚ ਲਿਆਂਦਾ ਜਾਵੇ ।ਉਨ੍ਹਾਂ ਦੱਸਿਆ ਕਿ ਇਸ ਵਾਰ ਜ਼ਿਲਾ ਗੁਰਦਾਸਪੁਰ ਵਿਚ ਝੋਨੇ ਦੀ ਲਵਾਈ ਸ਼ੁਰੂ ਕਰਨ ਦਾ ਸਮਾਂ 5 ਜੂਨ ਤੋਂ ਨਿਰਧਾਰਤ ਕੀਤਾ ਗਿਆ ਹੈ ਉਨ੍ਹਾਂ ਦੱਸਿਆ ਕਿ ਜੇਕਰ ਕੋਈ ਬੀਜ ਵਿਕ੍ਰੇਤਾ ਬਿੱਲ ਦੇਣ ਤੋਂ ਬਗੈਰ ਬੀਜ ਦੀ ਵਿਕਰੀ ਕਰਦਾ ਪਾਇਆ ਗਿਆ ਤਾਂ ਉਸ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਜਿਸ ਵਿਚ ਲਾਇਸੰਸ ਮੁਅੱਤਲ ਵੀ ਕੀਤਾ ਜਾ ਸਕਦਾ ।ਉਨ੍ਹਾਂ ਮੁੱਖ ਖ਼ੇਤੀਬਾੜੀ ਅਫ਼ਸਰ ਸਮੂਹ ਬੀਜ ਵਿਕ੍ਰੇਤਾਵਾਂ ਨੂੰ ਹਦਾਇਤ ਕੀਤੀ ਕਿਸਾਨਾਂ ਨੂੰ ਪੰਜਾਬ ਯੂਨੀਵਰਸਿਟੀ ਲੁਧਿਆਣਾ ਅਤੇ ਖੇਤੀਬਾੜੀ ਵਿਭਾਗ ਵਲੋ ਪ੍ਰਵਾਨਿਤ ਪੀਆਰ 126,127,128,129,130,131 ਅਤੇ 132 ਕਿਸਮਾਂ ਦੀ ਬਿਜਾਈ ਕਰਨ ਲਈ ਵੱਧ ਤੋਂ ਵੱਧ ਜਾਗਰੂਕ ਕਰਨ ਤਾਂ ਜੋਂ ਝੋਨੇ ਦੇ ਮੰਡੀਕਰਨ ਸਮੇਂ ਕੋਈ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਅਣਅਧਿਕਾਰਤ ਕਿਸਮਾਂ ਦੀ ਵਿਕਰੀ ਰੋਕਣ ਲਈ ਸਮੂਹ ਬੀਜ ਵਿਕ੍ਰੇਤਾਵਾਂ ਦੀ ਮੀਟਿੰਗ ਕਰਕੇ ਪੰਜਾਬ ਸਰਕਾਰ ਦੇ ਫੈਸਲੇ ਬਾਰੇ ਜਾਣੂ ਕਰਵਾ ਦਿੱਤਾ ਗਿਆ ਹੈ ਅਤੇ ਹੁਣ ਬਲਾਕ ਪੱਧਰ ਤੇ ਬੀਜ ਵਿਕ੍ਰੇਤਾਵਾਂ ਦੀਆਂ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।ਡਾਕਟਰ ਮਨਪ੍ਰੀਤ ਨੇ ਕਿਹਾ ਕਿ ਪੀਆਰ 126 ਸਮੇਤ ਘੱਟ ਸਮੇਂ ਵਾਲੀਆਂ ਕਿਸਮਾਂ ਦੇ ਬੀਜ ਹੀ ਕਿਸਾਨਾਂ ਨੂੰ ਉਪਲਬਧ ਕਰਵਾਏ ਜਾਣਗੇ ਤੇ ਬੀਜ ਡੀਲਰਾਂ 'ਤੇ ਤਿੱਖੀ ਨਜ਼ਰ ਰੱਖੀ ਜਾਵੇਗੀ।



# ਸਿੱਖਿਆ ਤੋਂ ਬਿਨਾਂ ਕੋਈ ਦੇਸ਼ ਜਾਂ ਸਮਾਜ ਤਰੱਕੀ ਨਹੀਂ ਕਰ ਸਕਦਾ: ਸ਼ਮਸ਼ੇਰ ਸਿੰਘ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**

ਆਮ ਆਦਮੀ ਪਾਰਟੀ ਦੇ ਜਿਲ੍ਹਾ ਪ੍ਰਧਾਨ ਸ਼ਹਿਰੀ ਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ ਅੰਦਰ ਕਰਵਾਏ ਗਏ ਵਿਕਾਸ ਕਾਰਜਾਂ ਦੀ ਲੜੀ ਹੇਠ ਵਿਧਾਨਸਭਾ ਹਲਕਾ ਦੀਨਾਨਗਰ ਦੇ ਪਿੰਡਾਂ ਕਰਾਲ, ਗੁੰਝੀਆਂ ਬੇਟ, ਭੈਣੀ ਮੀਲਵਾਂ, ਸੈਦੋਵਾਲ ਕਲਾਂ ਅਤੇ ਜਗਤਪੁਰ ਕਲਾਂ ਦੇ ਸਰਕਾਰੀ ਪ੍ਰਾਇਮਰੀ ਸਕੂਲਆਂ ਅੰਦਰ 14.11 ਲੱਖ ਰੁਪਏ ਦੀ ਲਾਗਤ ਨਾਲ ਕਰਵਾਏ ਗਏ ਵੱਖ ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕੀਤੇ ਗਏ।ਪਿੰਡ ਕਰਾਲ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਸਕੂਲ ਮੁਖੀ ਅਰਜਨ ਸਿੰਘ ਦੀ ਅਗਵਾਈ ਹੇਠ ਕੀਤੇ ਗਏ ਸਮਾਗਮ ਦੌਰਾਨ ਹਾਜ਼ਰ ਇਕੱਠ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਸਿੱਖਿਆ ਕ੍ਰਾਂਤੀ ਮੁਹਿੰਮ ਦੀ ਬਦੌਲਤ, ਪੰਜਾਬ ਦੇ ਸਰਕਾਰੀ ਸਕੂਲਾਂ ਦੀ ਸਿੱਖਿਆ ਗੁਣਵੱਤਾ ਵਿੱਚ ਬੇਮਿਸਾਲ ਬਦਲਾਅ ਦੇਖੇ ਗਏ ਹਨ ਅਤੇ ਇਹ ਬਦਲਾਅ ਵਿਦਿਆਰਥੀਆਂ ਦੇ ਭਵਿੱਖ ਨੂੰ ਉਜਵਲ ਬਣਾਉਣ ਵਿੱਚ ਸਭ ਤੋਂ ਵੱਡਾ ਯੋਗਦਾਨ ਪਾਉਣਗੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵਿਜ਼ਨ ਸਿੱਖਿਆ ਰਾਹੀਂ ਤਰੱਕੀ ਦਾ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਨਾ ਸਿਰਫ਼ ਤੁਹਾਡੇ ਪਰਿਵਾਰ ਦੀ ਸਗੋਂ ਦੇਸ਼ ਦੀ ਕਿਸਮਤ ਬਦਲ ਦੇਵੇਗੀ।ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਕੋਈ ਵੀ ਦੇਸ਼ ਜਾਂ ਕੌਮ ਸਿੱਖਿਆ ਤੋਂ ਬਿਨਾਂ ਤਰੱਕੀ ਨਹੀਂ ਕਰ ਸਕਦੀ, ਇਸ ਲਈ ਸਿੱਖਿਆ ਕ੍ਰਾਂਤੀ ਪ੍ਰੋਗਰਾਮ ਸਿੱਖਿਆ ਪ੍ਰਣਾਲੀ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆਉਣ ਲਈ ਤਿਆਰ ਕੀਤਾ ਗਿਆ ਹੈ ਅਤੇ ਸਿੱਖਿਆ ਕ੍ਰਾਂਤੀ ਦੀ ਬਦੌਲਤ ਪੰਜਾਬ ਸਿੱਖਿਆ ਦੇ ਖੇਤਰ ਵਿੱਚ ਦੇਸ਼ ਦਾ ਮੋਹਰੀ ਸੂਬਾ ਬਣੇਗਾ।ਇਸ ਮੌਕੇ ਤੇ ਹਲਕਾ ਸਿੱਖਿਆ ਕਮੇਟੀ ਕੋਆਡੀਨੇਟਰ ਪ੍ਰਿੰਸੀਪਲ ਸੁਖਦੇਵ ਰਾਜ, ਸੁੱਚਾ ਸਿੰਘ ਮੁਲਤਾਨੀ, ਸਰਪੰਚ ਸੁਰਿੰਦਰ ਸਿੰਘ ਜੱਜ, ਬਲਾਕ ਪ੍ਰਧਾਨ ਬਲਬੀਰ ਸਿੰਘ ਗੁੰਝੀਆਂ, ਜ਼ਿਲ੍ਹਾ ਈਵੈਂਟ ਮੈਨੇਜਰ ਬਲਵਿੰਦਰ ਪਾਲ ਦਾਊਵਾਲ, ਸਰਪੰਚ ਜੋਗਿੰਦਰ ਪਾਲ ਜਗਤਪੁਰ ਕਲਾਂ, ਚੇਅਰਮੈਨ ਬਲਜੀਤ ਸਿੰਘ ਖਾਲਸਾ, ਬਲਜੀਤ ਸਿੰਘ ਪੁਰਾਣਾ ਸ਼ਾਲਾ, ਪਰਵਿੰਦਰ ਸਿੰਘ ਪੁਰਾਣਾ ਸ਼ਾਲਾ, ਨਿਸ਼ਾਨ ਸਿੰਘ ਗੁੰਝੀਆਂ, ਰਾਜਨ ਸਿੰਘ ਮੀਲਵਾਂ, ਅਫਸਰ ਸਿੰਘ ਮੀਲਵਾਂ, ਮਲਕੀਤ ਸਿੰਘ ਸੈਦੋਵਾਲ ਕਲਾਂ, ਬਲਾਕ ਪ੍ਰਧਾਨ ਕਾਜਲ ਪੱਖੋਵਾਲ, ਜਗਜੀਤ ਸਿੰਘ ਪਿੰਟਾ, ਬੂਟਾ ਮਸੀਹ ਸਰਪੰਚ ਰਕੇਸ਼ ਕੁਮਾਰ ਟਾਂਡਾ, ਵਿਮਲ ਕੁਮਾਰ ਕਰਾਲ ਅਤੇ ਸਰਪੰਚ ਮਜੀਦਾ ਵੀ ਮੌਜੂਦ ਸਨ।



## ਜਨਮ ਦਿਨ ਮੁਬਾਰਕ



ਸੁਖਸ਼ਮ ਸਚਦੇਵਾ

## ਵਰ੍ਹੇਗੰਢ ਮੁਬਾਰਕ



ਤੇਜਿੰਦਰ ਸਿੰਘ ਛੀਨਾ ਤੇ ਸਤਿੰਦਰ ਕੌਰ ਵਾਸੀ ਝਬਾਲ ਨੂੰ ਵਿਆਹ ਦੀ 23ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।


# ਮੁਲਾਜ਼ਮਾਂ ਨੇ ਡਾਇਰੈਕਟਰ ਦਫ਼ਤਰ ਵਿਖੇ ਧਰਨਾ ਲਗਾਇਆ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਤਾਲਮੇਲ ਕਮੇਟੀ ਪੈਰਾ ਮੈਡੀਕਲ ਅਤੇ ਸਿਹਤ ਕਰਮਚਾਰੀ ਪੰਜਾਬ ਵੱਲੋਂ ਸੂਬਾ ਚੇਅਰਮੈਨ ਕੁਲਬੀਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਡਾਇਰੈਕਟਰ ਦਫ਼ਤਰ ਵਿਖੇ ਧਰਨਾ ਲਗਾਇਆ ਗਿਆ, ਜਿਸ ਵਿਚ ਪੰਜਾਬ ਭਰ ਤੋਂ ਪੈਰਾ ਮੈਡੀਕਲ ਕਾਮਿਆਂ ਸਮੇਤ ਵੱਡੀ ਗਿਣਤੀ ਵਿੱਚ ਇਸਤਰੀ ਮੁਲਾਜ਼ਮਾਂ ਨੇ ਵੀ ਸ਼ਮੂਲੀਅਤ ਕੀਤੀ। ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਸੂਬਾ ਕਨਵੀਨਰ ਰਵਿੰਦਰ ਲੂਥਰਾ ਅਤੇ ਕੋ ਕਨਵੀਨਰ ਇੰਦਰਜੀਤ ਵਿਰਦੀ ਨੇ ਦੱਸਿਆ ਕਿ ਸੂਬਾ ਸਰਕਾਰ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਦੇਣ ਤੋਂ ਭੱਜ ਰਹੀ ਹੈ ਸੱਤਾ ਦੇ ਵਿੱਚ ਆਉਣ ਤੋਂ ਪਹਿਲਾਂ ਮੁਲਾਜ਼ਮਾਂ ਨਾਲ ਕੀਤੇ ਵਾਅਦਿਆਂ ਤੋਂ ਮੁੱਕਰ ਰਹੀ ਹੈ ਅਤੇ ਸਿਹਤ ਸੇਵਾਵਾਂ ਦਾ ਨਿੱਜੀ ਕਰਨ ਕੀਤਾ ਜਾ ਰਿਹਾ ਹੈ। ਸਰਕਾਰ ਆਪਣੀ ਜ਼ੁੰਮੇਵਾਰੀ ਤੋਂ ਭੱਜ ਰਹੀ ਹੈ, ਜਿਸ ਕਰਕੇ ਸਮੂਹ ਪੈਰਾ ਮੈਡੀਕਲ ਕਾਮਿਆਂ ਵਿੱਚ ਸਰਕਾਰ ਵਿਰੁੱਧ ਭਾਰੀ ਰੋਹ ਪਾਇਆ ਜਾ ਰਿਹਾ ਹੈ।ਇਸ ਧਰਨੇ ਨੂੰ ਉਪਰੋਕਤ ਤੋਂ ਇਲਾਵਾ ਜਸਵਿੰਦਰ ਸਿੰਘ ਅੰਮ੍ਰਿਤਸਰ, ਸੁਨੀਲ ਦੱਤ ਸ਼ਰਮਾ, ਕੰਵਲਜੀਤ ਸਿੰਘ ਅੰਮ੍ਰਿਤਸਰ, ਸੁਨੀਲ ਸਿੰਗਲਾ, ਕੁਲਪ੍ਰੀਤ ਸਮਰਾ, ਰਮਨ ਅੱਤਰੀ, ਨਰਿੰਦਰ ਸਿੰਘ, ਟਹਿਲ ਸਿੰਘ, ਗੁਰਦੀਪ ਸਿੰਘ, ਜਗਤਾਰ ਸਿੰਘ, ਮਨਦੀਪ ਸਿੰਘ, ਜਰਨੈਲ ਸਿੰਘ ਧੋਲਾ, ਸਰਬਜੀਤ ਸਿੰਘ, ਤਰੀਥ ਰਾਮ ਨਵਾਂ ਸ਼ਹਿਰ, ਸੁਖਜਾਦ ਸਿੰਘ, ਰਣਧੀਰ ਸਿੰਘ, ਨੀਰਜ਼ ਕੁਮਾਰ, ਜਤਿੰਦਰ ਕੁਮਾਰ, ਸਵਿੰਦਰ ਸਿੰਘ ਭੱਟੀ, ਕਰਮਜੀਤ ਸਿੰਘ ਕੂਕਾ, ਰਾਜ ਕੁਮਾਰ ਕੁੱਕੜ,



ਰਾਕੇਸ਼ ਗਿੱਲ, ਮਨੋਜ਼ ਗਰਵੋਰ, ਸਤਪਾਲ ਸਿੰਘ, ਮੇਜ਼ਰ ਸਿੰਘ ਧੁੰਨ, ਸਰਬਜੀਤ ਸਿੰਘ ਪੱਟੀ, ਗੁਰਬੀਰ ਸਿੰਘ ਤਰਨਤਾਰਨ, ਸੁਰਿੰਦਰ ਪਾਲ ਲਾਡੀ, ਅਮਰਦੀਪ ਸਿੰਘ, ਗੁਰਪ੍ਰੀਤ ਸ਼ਹਿਣਾ, ਜਗਨਨਾਥ, ਭੁਪਿੰਦਰ ਸਿੰਘ, ਸੁਤੰਤਰ ਸਿੰਘ ਫ਼ਿਰੋਜ਼ਪੁਰ, ਅਵਿਨਾਸ਼ ਮੁਕਤਸਰ, ਮਨੋਹਰ ਸਿੰਘ ਸੈਣੀ, ਗੁਰਪ੍ਰੀਤ ਸਿੰਘ ਕਪੂਰਥਲਾ, ਜਗਦੀਪ ਸਿੰਘ ਜੌਹਲ, ਬਲਜਿੰਦਰ ਕੌਰ, ਹਰਿੰਦਰ ਸਿੰਘ ਭੱਠਲ, ਬ੍ਰਿਜ ਮੋਹਨ, ਦਲਜੀਤ ਸਿੰਘ, ਦਵਿੰਦਰ ਸਿੰਘ ਲੁਧਿਆਣਾ, ਹਰਿੰਦਰ ਸਿੰਘ ਭਲੜੀ, ਸੁੱਚਾ ਸਿੰਘ, ਨਰੇਸ਼ ਰਾਣਾ, ਰਾਬਿੰਦਰ ਸਿੰਘ ਭੋਜੀਆ, ਸੁਰਿੰਦਰ ਸਿੰਘ, ਦਵਿੰਦਰ ਸਿੰਘ,ਸਤਪਾਲ ਸਿੰਘ ਬਹੇਰੂ ਨੇ ਸੰਬੋਧਨ ਕੀਤਾ। ਮੁਲਾਜ਼ਮਾਂ ਦੇ ਰੋਹ ਨੂੰ ਦੇਖਦਿਆਂ ਦੋਵੇਂ ਸਿਹਤ ਡਾਇਰੈਕਟਰਾਂ ਵਲੋਂ ਧਰਨੇ ਵਿੱਚ ਪਹੁੰਚ ਕੇ ਮੰਗ ਪੱਤਰ ਪ੍ਰਾਪਤ ਕੀਤਾ ਅਤੇ ਸਿਹਤ ਮੰਤਰੀ ਵਲੋਂ ਮਿਤੀ 13 ਮਈ ਨੂੰ ਡਾਇਰੈਕਟਰ ਦਫਤਰ ਵਿਖੇ ਦਿੱਤੇ ਮੀਟਿੰਗ ਦੇ ਸਮੇਂ ਸਬੰਧੀ ਜੱਥੇਬੰਦੀ ਨੂੰ ਪੱਤਰ ਸੌਂਪਿਆ।

# ਅਗਨੀਵੀਰ ਦੀ ਭਰਤੀ ਲਈ ਲਿਖਤ ਪ੍ਰੀਖਿਆ ਅਗਲੇ ਮਹੀਨੇ

**ਮੋਹਾਲੀ, ( ਗੁਰਜੀਤ ਬਿੱਲਾ)**—ਇੰਡੀਅਨ ਆਰਮੀ ਭਰਤੀ ਰੈਲੀ ਲਈ ਜਾਰੀ ਨੋਟੀਫਿਕੇਸ਼ਨ ਅਨੁਸਾਰ ਆਖਰੀ ਮਿਤੀ 25-04-2025 ਨੂੰ ਸਮਾਪਤ ਹੋ ਗਈ ਹੈ, ਜਿਸ ਦੌਰਾਨ ਭਰਤੀ ਲਈ ਜ਼ਿਲ੍ਹਾ ਐਸ.ਏ.ਐਸ ਨਗਰ ਦੇ 718 ਨੌਜਵਾਨਾਂ ਵੱਲੋਂ ਰਜਿਸਟ੍ਰੇਸ਼ਨ ਕਰਵਾਈ ਗਈ ਹੈ।ਇਸ ਸਬੰਧੀ ਨੌਜਵਾਨਾਂ ਨੂੰ ਜਾਗਰੂਕ ਕਰਦੇ ਹੋਏ ਹਰਪ੍ਰੀਤ ਸਿੰਘ ਮਾਨਸ਼ਾਹੀਆਂ ਡਿਪਟੀ ਡਾਇਰੈਕਟਰ, ਰੋਜ਼ਗਾਰ ਵੱਲੋਂ ਦੱਸਿਆ ਗਿਆ ਕਿ ਹੁਣ ਇਸ ਭਰਤੀ ਦਾ ਲਿਖਤੀ ਇਮਤਿਹਾਨ ਜੂਨ 2025 ਦੇ ਦੂਸਰੇ ਹਫ਼ਤੇ ਵਿੱਚ ਲਿਆ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਇੰਡੀਅਨ ਆਰਮੀ ਭਰਤੀ ਰੈਲੀ ਲਈ ਲਿਖਤੀ ਪਾਸ ਪ੍ਰਤੀਸ਼ਤ ਘੱਟੋ-ਘੱਟ 85% ਤੱਕ ਵਧਾਈ ਗਈ ਹੈ, ਜੋ ਕਿ ਪਿਛਲੇ ਸਾਲ 48% ਸੀ। ਇਸ ਭਰਤੀ ਲਈ ਆਖਰੀ ਪੜਾਅ ਰੈਲੀਆਂ (ਸਰੀਰਕ ਟੈਸਟ) ਜੋ ਕਿ 01-05 ਅਗਸਤ ਤੋਂ ਲਿਆ ਜਾਵੇਗਾ। ਨੌਜਵਾਨਾਂ ਨੂੰ ਤਿਆਰੀ ਕਰਨ ਲਈ 01 ਮਈ ਤੋਂ ਸਰੀਰਕ ਕੋਚਿੰਗ ਇੰਸਟ੍ਰਕਟਰ ਉਪਲਬਧ ਗਏ ਹਨ। ਜਿਲ੍ਹਾ ਐਸ.ਏ.ਐਸ ਨਗਰ ਦੇ ਨੌਜਵਾਨ ਸਰਕਾਰੀ ਕਾਲਜ, ਫੇਸ-6 ਵਿਖੇ ਸਰੀਰਕ ਟੈਸਟ ਦੀ ਤਿਆਰੀ ਕਰ ਸਕਦੇ ਹਨ।

# ਡਿਪਟੀ ਕਮਿਸ਼ਨਰ ਤੇ ਐੱਸ ਐੱਸ ਪੀ ਵੱਲੋਂ ਨੰਗਲ ਦੀਆਂ ਸੰਵੇਦਨਸ਼ੀਲ ਥਾਵਾਂ ਦੇ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ

**ਨੰਗਲ, (ਸੁਰਜੀਤ ਸਿੰਘ)**

ਭਾਰਤ ਸਰਕਾਰ ਵਲੋਂ ਜਾਰੀ ਹਦਾਇਤਾਂ ਤਹਿਤ ਜ਼ਿਲ੍ਹਾ ਰੂਪਨਗਰ ਦੇ ਨੰਗਲ ਸ਼ਹਿਰ ਦੀਆਂ ਸੰਵੇਦਨਸ਼ੀਲ ਸਥਾਨਾਂ ਵਿਖੇ ਡਿਪਟੀ ਕਮਿਸ਼ਨਰ ਰੂਪਨਗਰ ਵਰਜੀਤ ਸਿੰਘ ਵਾਲੀਆ ਅਤੇ ਸੀਨੀਅਰ ਪੁਲਸ ਕਪਤਾਨ ਰੂਪਨਗਰ ਸ਼ੁੱਭਮ ਅਗਰਵਾਲ ਨੇ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਕੀਤੀ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਰੂਪਨਗਰ ਵਿੱਚ ਕੇਵਲ ਨੰਗਲ ਸ਼ਹਿਰ ਦੀ ਹੱਦ ਅੰਦਰ ਹੀ ਜੰਗ ਵਰਗੇ ਹਲਾਤਾਂ ਦੌਰਾਨ ਆਮ ਲੋਕਾਂ ਦੀ ਸੁਰੱਖਿਆਂ ਨੂੰ ਯਕੀਨੀ ਕਰਨ ਲਈ ਮੌਕ ਡਰਿੱਲ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਬੀਬੀਐੱਮਬੀ ਤੇ ਐਨਐਫਐਲ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਅਤੇ ਸੁਰੱਖਿਆ ਸੰਬੰਧੀ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬੀਬੀਐੱਮਬੀ ਦੀ ਮੀਟਿੰਗ ਦੌਰਾਨ ਚੀਫ਼ ਇੰਜੀਨੀਅਰ ਚਰਨਪ੍ਰੀਤ ਸਿੰਘ ਨੂੰ ਸੁਰੱਖਿਆ ਸਬੰਧੀ ਕੀਤੀ ਜਾਣ ਵਾਲੇ ਪ੍ਰਬੰਧਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਨਾ ਕਰਨ ਦੀ ਹਦਾਇਤ ਕੀਤੀ ਗਈ ਅਤੇ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਦੀ ਸਖਤੀ ਨਾਲ ਪਾਲਣਾ ਕਰਨ ਲਈ ਕਿਹਾ ਗਿਆ।ਇਸ ਉਪਰੰਤ ਡਿਪਟੀ ਕਮਿਸ਼ਨਰ ਵੱਲੋਂ ਬੀਬੀਐੱਮਬੀ ਦੇ ਉੱਚ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਨੰਗਲ ਡੈਮ ਦਾ ਵੀ ਦੌਰਾ ਕੀਤਾ ਗਿਆ ਅਤੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ।ਇਸ ਤੋਂ ਬਾਅਦ ਡਿਪਟੀ ਕਮਿਸ਼ਨਰ ਅਤੇ ਐੱਸ ਐੱਸ ਪੀ ਵੱਲੋਂ ਨੈਸ਼ਨਲ ਫਰਟੀਲਾਈਜ਼ਰ ਲਿਮਟਡ (ਐਨਐੱਫਐੱਲ) ਨੰਗਲ ਦਾ ਵੀ ਵਿਸਥਾਰ ਨਾਲ ਦੌਰਾ ਕੀਤਾ ਗਿਆ ਅਤੇ ਮੌਕੇ ਉੱਤੇ ਜਾ ਕੇ ਚੀਫ਼ ਜਨਰਲ ਮੈਨੇਜਰ ਐੱਮ.ਐਨ. ਗੋਇਲ ਨੂੰ ਐਨਐੱਫਐੱਲ ਦੇ ਬਾਹਰਲੇ ਇਲਾਕੇ ਨੂੰ ਕਵਰ ਕਰਨ ਲਈ ਸੀਸੀਟੀਵੀ ਕੈਮਰੇ ਲਗਾਉਣ ਲਈ ਕਿਹਾ ਗਿਆ ਅਤੇ ਮੌਕ ਡਰਿੱਲ ਦੌਰਾਨ ਇਕੋਂ ਹੀ ਸਮੇਂ ਵਿੱਚ ਲਾਈਟਾਂ ਨੂੰ ਬੰਦ ਕਰਨ ਬਾਰੇ ਅਤੇ ਪਲਾਂਟ ਨੂੰ ਮੁਕੰਮਲ ਤੌਰ ਨੂੰ ਬੰਦ ਕਰਨ ਬਾਰੇ ਕੀਤੇ ਗਏ ਪ੍ਰਬੰਧਾਂ ਦੀ ਜਾਂਚ ਕੀਤੀ ਗਈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਨੰਗਲ ਸ਼ਹਿਰ ਦੇ ਇਲਾਕੇ ਨੂੰ ਨੋ ਫਲਾਈ ਜ਼ੋਨ ਘੋਸ਼ਿਤ ਕੀਤਾ ਗਿਆ ਹੈ ਅਤੇ ਇਸ ਦੀ ਸਖਤੀ ਨਾਲ ਪਾਲਣਾ ਕਰਨ ਲਈ ਪੁਲਸ ਵਿਭਾਗ ਨੂੰ ਹਦਾਇਤ ਕੀਤੀ ਗਈ ਹੈ।ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸੁਰੱਖਿਆ ਸਬੰਧੀ ਹਦਾਇਤਾਂ ਦੀ ਹਰ ਪੱਧਰ ਉੱਤੇ ਪਾਲਣਾ ਕੀਤੀ ਜਾਵੇ ਅਤੇ ਇੱਕ ਦੂਜੇ ਦਾ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ।ਇਸ ਦੇ ਨਾਲ ਹੀ ਸਿਵਲ ਡੀਫੈਂਸ ਵੱਲੋਂ ਡੀਏਵੀ ਸਕੂਲ ਨੰਗਲ ਵਿੱਚ ਵਿਦਿਆਰਥੀਆਂ ਨੂੰ ਮੌਕ ਡਰਿੱਲ ਕੀਤੀ ਗਈ ਅਤੇ ਐਮਰਜੈਂਸੀ ਸੇਵਾਵਾਂ ਨਾਲ ਨਜਿੱਠਣ ਲਈ ਜਾਗਰੂਕ ਕੀਤਾ ਗਿਆ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਰਾਸ਼ਟਰੀ ਲੋਕ ਅਦਾਲਤ 10 ਨੂੰ

**ਮੋਹਾਲੀ, (ਗੁਰਜੀਤ ਬਿੱਲਾ)**— ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਵਲੋਂ ਜਾਰੀ ਸ਼ਡਿਊਲ ਅਨੁਸਾਰ 10 ਮਈ ਨੂੰ ਸਾਲ 2025 ਦੀ ਦੂਸਰੀ ਰਾਸ਼ਟਰੀ ਲੋਕ ਅਦਾਲਤ ਦਾ ਆਯੋਜਨ ਅਤੁਲ ਕਸਾਨਾ, ਜ਼ਿਲ੍ਹਾ ਅਤੇ ਸੈਸ਼ਨ ਜੱਜ, ਐਸ.ਏ.ਐਸ. ਨਗਰ ਦੀ ਅਗਵਾਈ ਵਿਚ ਜ਼ਿਲ੍ਹਾ ਐਸ.ਏ.ਐਸ.ਨਗਰ ਦੀਆਂ ਸਾਰੀਆਂ ਅਦਾਲਤਾਂ 'ਚ ਕੀਤਾ ਜਾ ਰਿਹਾ ਹੈ, ਜਿਸ ਵਿਚ ਰਾਜੀਨਾਮਾ ਯੋਗ ਫੌਜਦਾਰੀ ਕੇਸ, ਚੈਕ ਬਾਊਂਸ ਕੇਸ, ਬੈਂਕ ਰਿਕਵਰੀ ਕੇਸ, ਵਿਵਾਹਿਕ ਝਗੜੇ, ਐਮ.ਏ.ਸੀ.ਟੀ ਕੇਸ, ਕਿਰਤ ਸਬੰਧੀ ਝਗੜੇ, ਲੈਂਡ ਐਕਿਊਜਿਸ਼ਨ ਕੇਸ, ਬਿਜਲੀ ਅਤੇ ਪਾਣੀ ਦੇ ਬਿਲਾਂ ਸਬੰਧੀ, ਮਾਲ ਵਿਭਾਗ ਨਾਲ ਸਬੰਧਤ ਅਤੇ ਹਰ ਤਰ੍ਹਾਂ ਦੇ ਦੀਵਾਨੀ ਕੇਸ ਵਿਚਾਰੇ ਜਾਣਗੇ।

# ਪਹਿਲਗਾਮ ਵਿਖੇ ਹੋਏ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ



**ਬਲਾਚੌਰ (ਜਸਵਿੰਦਰ ਬੈਂਸ)**

ਜ਼ਿਲ੍ਹਾ ਕਾਂਗਰਸ ਕਮੇਟੀ ਸ਼ਹੀਦ ਭਗਤ ਸਿੰਘ ਨਗਰ ਦੇ ਦਫ਼ਤਰ ਵਿਖੇ ਹੋਣ ਵਾਲੀ ਮਹੀਨਾਵਾਰ ਮੀਟਿੰਗ ਦੀ ਅਗਵਾਈ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਵੱਲੋਂ ਕੀਤੀ ਗਈ। ਜਿਸ ਵਿੱਚ ਪਵਨ ਕੁਮਾਰ ਆਦੀਆ ਸਾਬਕਾ ਵਿਧਾਇਕ ਸ਼ਾਮ ਚੌਰਾਸੀ ਉਚੇਚੇ ਤੌਰ 'ਤੇ ਪਹੁੰਚੇ ਸਮੂਹ ਅਹੁਦੇਦਾਰਾਂ ਅਤੇ ਸਮੂਹ ਕਮੇਟੀ ਮੈਂਬਰਾਂ ਵੱਲੋਂ ਪਹਿਲਗਾਮ ਵਿਖੇ ਹੋਏ ਸ਼ਹੀਦਾਂ ਨੂੰ ਮੌਨ ਰੱਖ ਸ਼ਰਧਾਂਜਲੀ ਦਿੱਤੀ ਗਈ ਅਤੇ ਭਾਰਤੀ ਫੌਜ ਵੱਲੋਂ ਪਾਕਿਸਤਾਨ ਵਿਰੁੱਧ ਕੀਤੀ ਸਰਜੀਕਲ ਸਟਰਾਈਕ ਨੂੰ ਹੱਥ ਖੜੇ ਕਰ ਸਮਰਥਨ ਦਿੱਤਾ ਗਿਆ। ਇਸ ਉਪਰੰਤ ਸੰਵਿਧਾਨ ਬਚਾਓ ਮੁਹਿੰਮ ਤਹਿਤ ਜ਼ਿਲ੍ਹੇ ਅੰਦਰ ਹੋਣ ਵਾਲੀ ਰੈਲੀ ਦੀ ਰੂਪ ਰੇਖਾ ਤਿਆਰ ਕਰਨ ਬਾਰੇ ਵਿਚਾਰ ਸਾਂਝੇ ਕੀਤੇ ਗਏ। ਇਸ ਮੌਕੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ, ਤਰਲੋਚਨ ਸਿੰਘ ਸੂੰਢ ਸਾਬਕਾ ਵਿਧਾਇਕ ਬੰਗਾ, ਅੰਗਦ ਸਿੰਘ ਸੈਣੀ ਸਾਬਕਾ ਵਿਧਾਇਕ ਨਵਾਂਸ਼ਹਿਰ, ਬਲਵਿੰਦਰ ਭੁੰਬਲਾ ਮੀਤ ਪ੍ਰਧਾਨ ਡੀ. ਸੀ. ਸੀ., ਉਪਕਾਰ ਸਿੰਘ ਜ਼ਿਲ੍ਹਾ ਪ੍ਰਧਾਨ ਐਸ ਸੀ ਸੈੱਲ, ਅਮਰੀਕ ਸਿੰਘ ਜ਼ਿਲ੍ਹਾ ਪ੍ਰਧਾਨ ਬੀ.ਸੀ.ਸੈੱਲ, ਜਤਿੰਦਰ ਕੌਰ ਮੂੰਗਾ ਜ਼ਿਲ੍ਹਾ ਪ੍ਰਧਾਂਨ ਮਹਿਲਾ ਵਿੰਗ, ਕਮਲਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਕਿਸਾਨ ਸੈੱਲ, ਰਾਜ ਕੁਮਾਰ ਜ਼ਿਲ੍ਹਾ ਪ੍ਰਧਾਨ ਸੇਵਾ ਦਲ, ਤਿਲਕ ਰਾਜ ਸੂਦ ਬਲਾਕ ਪ੍ਰਧਾਨ ਸੜੋਆ, ਕੁਲਵਰਨ ਸਿੰਘ ਬਲਾਕ ਪ੍ਰਧਾਨ ਬੰਗਾ, ਰਾਮਦਾਸ ਸਿੰਘ ਬਲਾਕ ਪ੍ਰਧਾਨ ਔੜ, ਸਰਬਜੀਤ ਸਿੰਘ ਬਲਾਕ ਪ੍ਰਧਾਨ ਨਵਾਂਸ਼ਹਿਰ ਪੇਂਡੂ, ਮੋਹਨ ਲਾਲ ਸੰਧੂ ਬਲਾਕ ਪ੍ਰਧਾਨ ਬਲਾਚੌਰ, ਮਹਿੰਦਰ ਚੰਦ ਪੋਜੇਵਾਲ ਮੀਤ ਪ੍ਰਧਾਨ, ਵਿਜੇ ਕੁਮਾਰ ਮੀਤ ਪ੍ਰਧਾਨ,ਕੇਵਲ ਕ੍ਰਿਸ਼ਨ ਸੀਨੀਅਰ ਮੀਤ ਪ੍ਰਧਾਨ, ਤਜਿੰਦਰ ਕੌਰ ਬਲਾਕ ਪ੍ਰਧਾਨ ਰਾਹੋਂ, ਹਰਮੇਸ਼ ਕੌਰ ਚੇਅਰਪਰਸਨ, ਗੁਰਵਿੰਦਰ ਸਿੰਘ ਮੀਤ ਪ੍ਰਧਾਨ ਯੂਥ ਵਿੰਗ , ਰਾਜਿੰਦਰ ਸ਼ਰਮਾ ਮੀਤ ਪ੍ਰਧਾਨ, ਹਰਭਜਨ ਸਿੰਘ ਮੀਤ ਪ੍ਰਧਾਨ, ਬਲਦੇਵ ਰਾਜ ਜਨਰਲ ਸਕੱਤਰ, ਧਰਮਪਾਲ ਚੇਅਰਮੈਨ ਬਲਾਕ ਸੰਮਤੀ ਬਲਾਚੌਰ, ਕੁਲਵੀਰ ਸਿੰਘ ਜਨਰਲ ਸਕੱਤਰ, ਮਨਜੀਤ ਸਿੰਘ ਸਕੱਤਰ, ਨਰੇਸ਼ ਕੁਮਾਰ ਅਵਤਾਰ ਸਿੰਘ ਸਕੱਤਰ, ਗੁਰਬਖਸ਼ ਸਿੰਘ ਸਕੱਤਰ, ਚੇਤਰਾਮ ਸਕੱਤਰ, ਗੋਪਾਲ, ਜਸਵਿੰਦਰ ਮੱਟੂ, ਹਰਬੰਤ ਸਿੰਘ, ਜੋਗਿੰਦਰ ਸਿੰਘ ਬੁਲਾਰਾ, ਯਸ਼ਪਾਲ ਚੌਧਰੀ, ਰੂਪ ਲਾਲ, ਰਾਜ ਕਮਲ, ਪਰਮਜੀਤ ਕੌਰ, ਮਹਿੰਦਰ ਕੌਰ ਆਦਿ ਕਾਂਗਰਸੀ ਵਰਕਰ ਹਾਜ਼ਰ ਸਨ।

# ਸੰਤ ਬਾਬਾ ਬੀਰ ਸਿੰਘ ਨੌਰੰਗਾਬਾਦ ਵਾਲਿਆਂ ਦਾ ਸ਼ਹੀਦੀ ਜੋੜ ਮੇਲੇ ਸੰਬੰਧੀ ਸਮਾਗਮ ਕੱਲ੍ਹ : ਬਾਬਾ ਹਰਜੀਤ ਸਿੰਘ

**ਸੁਲਤਾਨਪੁਰ ਲੋਧੀ(ਬਲਵੀਰ ਸ਼ਾਲ੍ਹਪੁਰੀ)**

ਮਹਾਨ ਤਪੱਸਵੀ ਸੰਤ ਬਾਬਾ ਬੀਰ ਸਿੰਘ ਨੌਰੰਗਾਬਾਦ ਵਾਲਿਆਂ ਦੇ 181ਵੇਂ ਸ਼ਹੀਦੀ ਦਿਹਾੜੇ ਤੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਤਿਹਾਸਕ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਠੱਟਾ ਵਿਖੇ ਮੁੱਖ ਸੇਵਾਦਾਰ ਬਾਬਾ ਹਰਜੀਤ ਸਿੰਘ ਕਾਰ ਸੇਵਾ ਵਾਲਿਆਂ ਦੀ ਅਗਵਾਈ ਤੇ ਨਿਗਰਾਨੀ ਹੇਠ ਮਹਾਨ ਸ਼ਹੀਦੀ ਸਮਾਗਮ ਤੇ ਜੋੜ ਮੇਲਾ (ਸਤਾਈਆ ) ਸੰਬੰਧੀ ਸ਼ਰਧਾ ਭਾਵਨਾ ਤੇ ਸਤਿਕਾਰ ਸਹਿਤ ਪਹਿਲੀ ਲੜੀ ਦੇ 25 ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਇਸ ਮੌਕੇ ਗ੍ਰੰਥੀ ਸਿੰਘ ਵੱਲੋਂ ਅਰਦਾਸ ਕੀਤੀ ਗਈ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਭਾਈ ਸਤਿੰਦਰਪਾਲ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਠੱਟਾ ਵੱਲੋਂ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਵਾਲੀਆਂ ਸੰਗਤਾਂ ਅਤੇ ਹੋਰ ਸ਼ਖਸ਼ੀਅਤਾਂ ਨੂੰ ਮੁੱਖ ਸੇਵਾਦਾਰ ਸੰਤ ਬਾਬਾ ਹਰਜੀਤ ਸਿੰਘ ਵੱਲੋਂ ਸਿਰੋਪਾਓ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ। ਸਤਾਈਆਂ ਦੇ ਸ਼ਹੀਦੀ ਜੋੜ ਮੇਲੇ ਮੌਕੇ 8 ਅਤੇ 9 ਮਈ ਦੇ



ਸਮਾਗਮਾਂ ਨੂੰ ਲੈ ਕੇ ਦੇਸ਼ ਵਿਦੇਸ਼ ਅਤੇ ਇਲਾਕੇ ਭਰ ਦੀਆਂ ਸੰਗਤਾਂ ਵਿੱਚ ਭਾਰੀ ਉਤਸ਼ਾਹ ਤੇ ਸ਼ਰਧਾ ਪਾਈ ਜਾ ਰਹੀ ਹੈ। ਇਹਨਾਂ ਸਮਾਗਮਾਂ ਸਮੇਂ ਵੱਡੀ ਗਿਣਤੀ ਵਿੱਚ ਸੰਤ ਮਹਾਂਪੁਰਸ਼ ਤੇ ਹੋਰ ਵਿਦਵਾਨ ਸਿੱਖ ਹਸਤੀਆਂ ਵੀ ਹਾਜਰੀ ਭਰਨਗੀਆਂ। ਇਹਨਾਂ ਸਮਾਗਮਾਂ ਪ੍ਰਤੀ ਦੇਸ਼ ਵਿਦੇਸ਼ ਤੇ ਇਲਾਕੇ ਭਰ ਦੀਆਂ ਸੰਗਤਾਂ ਵਿੱਚ ਭਾਰੀ ਸ਼ਰਧਾ ਤੇ ਉਤਸ਼ਾਹ ਪਾਇਆ ਜਾ ਰਿਹਾ ਹੈ, ਅਤੇ ਗੁਰੂ ਘਰ ਵਿਖੇ ਨਿਰੰਤਰ ਸੇਵਾਵਾਂ ਚੱਲ ਰਹੀਆਂ ਹਨ।

# ਕਿੱਕ ਬਾਕਸਿੰਗ ਖਿਡਾਰੀਆਂ ਦਾ ਰਾਜ ਪੱਧਰੀ ਮੁਕਾਬਲੇ 'ਚ ਪਹਿਲਾ ਸਥਾਨ

**ਹੁਸ਼ਿਆਰਪੁਰ, (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**

ਪੰਜਾਬ ਕਿੱਕ ਬਾਕਸਿੰਗ ਐਸੋਸੀਏਸ਼ਨ ਵੱਲੋਂ 26 ਤੋਂ 28 ਅਪ੍ਰੈਲ ਤੱਕ ਬਠਿੰਡਾ ਵਿਖੇ ਕਰਵਾਏ ਗਏ ਰਾਜ ਪੱਧਰੀ ਕਿੱਕ ਬਾਕਸਿੰਗ ਮੁਕਾਬਲੇ ਵਿੱਚ ਹੁਸ਼ਿਆਰਪੁਰ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਜ਼ਿਲ੍ਹੇ ਦਾ ਨਾਂਅ ਰੌਸ਼ਨ ਕੀਤਾ। ਇਸ ਮੁਕਾਬਲੇ ਵਿੱਚ ਹੁਸ਼ਿਆਰਪੁਰ ਤੋਂ 36 ਖਿਡਾਰੀਆਂ ਨੇ ਭਾਗ ਲਿਆ। ਖਿਡਾਰੀਆਂ ਨੇ 18 ਗੋਲਡ, 6 ਸਿਲਵਰ ਅਤੇ 9 ਬ੍ਰੋਂਜ਼ ਮੈਡਲ ਜਿੱਤਣ ਵਿੱਚ ਕਾਮਯਾਬੀ ਹਾਸਲ ਕੀਤੀ। ਇਨ੍ਹਾਂ ਜ਼ਿਕਰਯੋਗ ਪ੍ਰਦਰਸ਼ਨਾਂ ਦੇ ਆਧਾਰ 'ਤੇ ਹੁਸ਼ਿਆਰਪੁਰ ਨੇ ਓਵਰਆਲ ਟ੍ਰੌਫੀ ਵਿਚ ਪਹਿਲਾ ਸਥਾਨ ਹਾਸਲ ਕਰਕੇ ਸੂਬੇ ਪੱਧਰ 'ਤੇ ਆਪਣੀ ਵਿਲੱਖਣ ਪਹਿਚਾਣ ਬਣਾਈ।ਮੁਕਾਬਲੇ ਤੋਂ ਵਾਪਸੀ 'ਤੇ ਜ਼ਿਲ੍ਹਾ ਖੇਡ ਅਫ਼ਸਰ ਗੁਰਪ੍ਰੀਤ ਸਿੰਘ ਬਾਜਵਾ ਨੇ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਬਾਜਵਾ ਨੇ ਟੀਮ ਦੇ ਕੋਚ ਜੋਗੀ ਦੀ ਵੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਕੋਚ ਹੀ ਬੱਚਿਆਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਲੈ ਜਾਣ ਦੀ ਸਮਰਥਾ ਰੱਖਦੇ ਹਨ। ਉਨ੍ਹਾਂ ਨੇ ਆਗਾਮੀ ਸਮੇਂ ਵਿੱਚ ਹੋਰ ਵਧੀਆ ਪ੍ਰਦਰਸ਼ਨ ਦੀ ਉਮੀਦ ਜਤਾਈ ਅਤੇ ਖਿਡਾਰੀਆਂ ਨੂੰ ਉੱਚ ਮਨੋਬਲ ਅਤੇ ਅਨੁਸ਼ਾਸਨ ਨਾਲ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ।



# ਡਾਕਟਰ ਜੰਗਜੀਤ ਸਿੰਘ ਨੇ ਸੀਨੀਅਰ ਮੈਡੀਕਲ ਅਫ਼ਸਰ ਵਜੋਂ ਸੰਭਾਲਿਆ ਅਹੁਦਾ

**ਕੀਰਤਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੰਜਾਬ ਮੈਡੀਕਲ ਸੇਵਾ ਦੇ ਅਧਿਕਾਰੀ ਡਾਕਟਰ ਜੰਗਜੀਤ ਸਿੰਘ ਨੇ ਕੀਰਤਪੁਰ ਸਾਹਿਬ ਦੇ ਸੀਨੀਅਰ ਮੈਡੀਕਲ ਅਫ਼ਸਰ ਵਜੋਂ ਅਹੁਦਾ ਸੰਭਾਲ ਲਿਆ ਹੈ। ਅਹੁਦਾ ਸੰਭਾਲਣ ਮਗਰੋਂ ਉਨ੍ਹਾਂ ਸਟਾਫ ਤੋਂ ਵਿਭਾਗ ਵੱਲੋਂ ਸਮੇਂ ਸਮੇਂ 'ਤੇ ਦਿੱਤੇ ਜਾਂਦੇ ਟੀਚਿਆਂ ਨੂੰ ਬਾਖੂਬੀ ਪੂਰਾ ਕਰਨ 'ਚ ਸਹਿਯੋਗ ਦੀ ਆਸ ਪ੍ਰਗਟਾਈ। ਇਸ ਮੌਕੇ ਉਨ੍ਹਾਂ ਪੀ.ਐੱਚ.ਸੀ ਵਿਖੇ ਮਰੀਜ਼ਾਂ ਨੂੰ ਬਿਹਤਰ ਇਲਾਜ ਅਤੇ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੀ ਵਚਨਬੱਧਤਾ ਪ੍ਰਗਟਾਈ ਅਤੇ ਕਿਹਾ ਕਿ ਇਸ ਦਿਸ਼ਾ ਵਿਚ ਵਧੇਰੇ ਜੋਸ਼ ਅਤੇ ਯੋਜਨਾਬੱਧ ਢੰਗ ਨਾਲ ਕੰਮ ਕੀਤਾ ਜਾਵੇਗਾ।ਸੀਨੀਅਰ ਮੈਡੀਕਲ ਅਧਿਕਾਰੀ ਨੇ ਕਿਹਾ ਕਿ ਨਵੇਂ ਉਦਮਾਂ ਅਤੇ ਯੁੱਧ ਨਸ਼ਿਆਂ ਵਿਰੁੱਧ ਵਰਗੀਆਂ ਜਨ ਜਾਗਰੂਕਤਾ ਮੁਹਿੰਮਾਂ ਨੂੰ ਕਾਮਯਾਬ ਬਣਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ। ਕੋਰੋਨਾ ਅਤੇ ਹੜ੍ਹ ਦੌਰਾਨ ਆਪਣੀ ਟੀਮ ਨਾਲ ਅਣਥੱਕ ਸੇਵਾ ਬਦਲੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਪ ਨੂੰ ਐਕਸੀਲੈਂਸੀ ਐਵਾਰਡ ਨਾਲ ਸਨਮਾਨਤ ਕੀਤਾ ਜਾ ਚੁੱਕਿਆ ਹੈ।



# ਇਨੋਸੈਂਟ ਹਾਰਟਸ ਸਕੂਲ 'ਚ ਵਿਦਿਆਰਥੀਆਂ ਲਈ ਮਾਨਸਿਕ ਸਿਹਤ 'ਤੇ ਸੈਮੀਨਾਰ



**ਜਲੰਧਰ (ਸ਼ੈਲੀ ਐਲਬਰਟ)**- ਇੰਨੋਸੈਂਟ ਹਾਰਟਸ ਗ੍ਰੀਨ ਮਾਡਲ ਟਾਊਨ ਵਿਖੇ ਨੌਵੀਂ ਜਮਾਤ ਦੇ ਹੈਲਥ ਐਂਡ ਵੈਲਨੈੱਸ ਕਲੱਬ ਦੇ ਵਿਦਿਆਰਥੀਆਂ ਲਈ ਮਾਨਸਿਕ ਸਿਹਤ ਜਾਗਰੂਕਤਾ 'ਤੇ ਇੱਕ ਸੈਮੀਨਾਰ ਕੀਤਾ ਗਿਆ। ਆਧੁਨਿਕਤਾ ਦੀ ਦੌੜ ਅਤੇ ਡਿਜੀਟਲ ਦੁਨੀਆ ਦੇ ਪ੍ਰਭਾਵ ਵਿੱਚ ਬੱਚੇ ਸੋਸ਼ਲ ਮੀਡੀਆ 'ਤੇ ਲਗਾਤਾਰ ਬਹੁਤ ਸਾਰੀ ਜਾਣਕਾਰੀ ਦੇ ਸੰਪਰਕ ਵਿੱਚ ਆਉਂਦੇ ਹਨ। ਭਾਵੇਂ ਇਸ ਵਿੱਚੋਂ ਕੁਝ ਜਾਣਕਾਰੀ ਸਿੱਖਿਆਦਾਇਕ ਹੋ ਸਕਦੀ ਹੈ, ਪਰ ਇਸ ਵਿੱਚੋਂ ਜ਼ਿਆਦਾਤਰ ਜਾਣਕਾਰੀ ਉਲਝਣ ਵਾਲੀ, ਗੁੰਮਰਾਹਕੁੰਨ, ਜਾਂ ਭਾਵਨਾਤਮਕ ਤੌਰ 'ਤੇ ਕਮਜ਼ੋਰ ਕਰਨ ਵਾਲੀ ਹੋ ਸਕਦੀ ਹੈ। ਇਸ ਬਾਰੇ ਜਾਗਰੂਕਤਾ ਲਿਆਉਣ ਲਈ ਚਾਰ ਵਿਅਕਤੀਆਂ ਦੀ ਇੱਕ ਟੀਮ ਨਾਲ ਇੱਕ ਵਿਸ਼ੇਸ਼ ਸੈਸ਼ਨ ਕੀਤਾ ਗਿਆ ਜੋ ਮੋਟਰਸਾਈਕਲ 'ਤੇ ਦਿੱਲੀ ਤੋਂ ਕਸ਼ਮੀਰ ਦੀ ਯਾਤਰਾ ਕਰ ਰਹੇ ਹਨ। ਸ੍ਰੀਮਤੀ ਸਹਰ ਹਾਸ਼ਮੀ ਜੋ ਇੱਕ ਪ੍ਰੇਰਕ ਸਪੀਕਰ ਹੋਣ ਦੇ ਨਾਲ-ਨਾਲ ਇੱਕ ਫੈਸ਼ਨ ਸਟਾਈਲਿਸਟ ਵੀ ਹਨ, ਦੇਵ ਦੇਸਾਈ, ਸਮਾਨਯੂ ਸ਼ੁਕਲਾ ਅਤੇ ਸ੍ਰੀਮਤੀ ਨਾਜਨੀਨ ਸ਼ੇਖ ਸਾਰੇ ਇਸ ਸਮੇਂ 'ਬ੍ਰੇਕਿੰਗ ਸਟਿਗਮਾ ਵਨ ਮਾਈਲ ਐਟ ਏ ਟਾਈਮ' ਨਾਮਕ ਇੱਕ ਸ਼ਕਤੀਸ਼ਾਲੀ ਯਾਤਰਾ 'ਤੇ ਹਨ। ਇਸ ਵਿਲੱਖਣ ਸਾਈਕਲ ਸਵਾਰੀ ਦਾ ਉਦੇਸ਼ ਦੇਸ਼ ਭਰ ਵਿੱਚ ਮਾਨਸਿਕ ਸਿਹਤ ਬਾਰੇ ਜਾਗਰੂਕਤਾ ਫੈਲਾਉਣਾ ਹੈ। ਉਹਨਾਂ ਕੀਮਤੀ ਹੈਲਪਲਾਈਨ ਨੰਬਰ ਅਤੇ 247 ਸਹਾਇਤਾ ਸੇਵਾਵਾਂ ਵੀ ਸਾਂਝੀਆਂ ਕੀਤੀਆਂ ਜਿਨ੍ਹਾਂ ਤੱਕ ਵਿਦਿਆਰਥੀ ਲੋੜ ਪੈਣ 'ਤੇ ਪਹੁੰਚ ਕਰ ਸਕਦੇ ਹਨ। ਇਸ ਮੌਕੇ ਡਾਇਰੈਕਟਰ ਸੀ ਐਸ ਆਰ ਡਾ. ਪਲਕ ਗੁਪਤਾ ਬੌਰੀ ਨੇ ਸਹਰ ਹਾਸ਼ਮੀ ਅਤੇ ਉਨ੍ਹਾਂ ਦੀ ਟੀਮ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ।

# ਅਧਿਕਾਰ ਰੈਲੀ 12 ਨੂੰ

**ਕਾਲਾ ਸੰਘਿਆਂ (ਮਨਜੀਤ ਮਾਨ)**- ਡੈਮੋਕ੍ਰੇਟਿਕ ਭਾਰਤੀਯ ਲੋਕ ਦਲ ਦੀ ਇੱਕ ਅਹਿਮ ਮੀਟਿੰਗ ਰਾਜਿੰਦਰ ਕੁਮਾਰ ਦੇ ਗ੍ਰਿਹ ਪਿੰਡ ਬੀਸਲਾ ਵਿਖੇ ਡੇਮੋਕ੍ਰੇਟਿਕ ਭਾਰਤੀਯ ਦਲ ਦੇ ਰਾਸ਼ਟਰੀ ਚੈਅਰ ਮੈਨ ਪ੍ਰੇਮ ਸਾਰਸਰ ਦੀ ਅਗਵਾਈ ਹੇਠ ਕੀਤੀ ਗਈ।ਇਸ ਮੀਟਿੰਗ ਵਿਚ ਡੈਮੋਕ੍ਰੇਟਿਕ ਭਾਰਤੀਯ ਲੋਕ ਦਲ ਕੇ ਰਾਸ਼ਟਰੀ ਪ੍ਰਧਾਨ ਗੁਰਮੁੱਖ ਸਿੰਘ ਖੋਸਲਾ ਵੀ ਉਚੇਚੇ ਤੌਰ 'ਤੇ ਪਹੁੰਚੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਗੁਰਮੁੱਖ ਸਿੰਘ ਖੋਸਲਾ ਨੇ ਕਿਹਾ ਕਿ 12 ਮਈ ਦਿਨ ਸੋਮਵਾਰ ਨੂੰ ਸਮਾਂ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਅਧਿਕਾਰ ਰੈਲੀ ਪੁੱਡਾ ਗਰਾਊਂਡ ਵਿਚ ਸਾਹਮਣੇ ਡੀ ਸੀ ਦਫਤਰ ਜਿਲ੍ਹਾ ਜਲੰਧਰ ਵਿਖੇ ਕੀਤੀ ਜਾ ਰਹੀ ਹੈ।ਇਸ ਰੈਲੀ ਵਿੱਚ ਗ੍ਰਾਮ ਪੰਚਾਇਤ, ਨਗਰ ਕੌਂਸਲ ਅਤੇ ਕਾਰਪੋਰੇਸ਼ਨ ਕੱਚੇ ਸਫਾਈ ਮਜਦੂਰਾਂ ਨੂੰ ਪੱਕੇ ਕਰਨ, ਮਨਰੇਗਾ ਮਜ਼ਦੂਰ, ਭੱਠਾ ਮਜ਼ਦੂਰ, ਕੀਰਤੀ ਕਿਸਾਨ ਮਜ਼ਦੂਰ, ਪੰਜਾਬ ਵਿਚ ਸਾਢੇ 12% ਐਸ. ਸੀ ਕੋਟਾ ਲਾਗੂ ਕਰਾਉਣ ਅਤੇ ਬੇਰੋਜਗਾਰ ਵਰਗ ਦੀਆਂ ਹੱਕੀ ਮੰਗਾਂ ਨੂੰ ਲੈਂ ਕੇ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਪੰਜਾਬ ਦੇ ਨਾਮ ਡਿਪਟੀ ਕਮਿਸ਼ਨਰ ਜਲੰਧਰ ਰਾਹੀਂ ਮੰਗ ਪੱਤਰ ਵੀ ਦਿੱਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮਹਿੰਦਰ ਸਿੰਘ ਭਾਮ ਪ੍ਰਧਾਨ ਜਿਲ੍ਹਾ ਹੁਸ਼ਿਆਰ ਪੁਰ, ਸ਼੍ਰੀ ਚੰਦ ਪ੍ਰਧਾਨ ਵਿਧਾਨ ਸਭਾ ਹਲਕਾ ਸ਼ਾਮ ਚੁਰਾਸੀ, ਰਘਵੀਰ ਸਰਵਾਨ ਯੂਨਿਟ ਪ੍ਰਧਾਨ ਫਲਾਈ, ਹਰੀ ਰਾਮ ਪ੍ਰਧਾਨ ਤਹਿ ਗੜਸ਼ੰਕਰ, ਸੁਖਦੇਵ, ਬਨਵਾਰੀ ਲਾਲ, ਗੱਬੂ, ਰਾਜੂ, ਕੜਾ, ਕਹਿਨਾਇਆ, ਮਹਿੰਦਰ ਸਿੰਘ ਮਹਿਮੋਵਾਲ ਆਦਿ ਸਾਥੀ ਮੌਜੂਦ ਸਨ।

# ਦਸਵੀਂ ਦਾ ਦਿਹਾੜਾ ਸ਼ਰਧਾ ਭਾਵਨਾ ਨਾਲ ਉਤਸ਼ਾਹਪੂਰਵਕ ਮਨਾਇਆ

**ਮੋਹਾਲੀ (ਗੁਰਜੀਤ ਬਿੱਲਾ)**

ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਵੀਂ ਦਾ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਗਿਆ। ਇਸ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ । ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਧਾਰਮਿਕ ਸਮਾਗਮ ਵਿੱਚ ਭਾਈ ਅਮਰੀਕ ਸਿੰਘ ਸ੍ਰੀ ਅੰਮ੍ਰਿਤਸਰ ਵਾਲਿਆਂ ਦੇ ਇੰਟਰਨੈਸ਼ਨਲ ਪੰਥਕ ਢਾਡੀ ਜਥੇ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ ਬ੍ਰਿਤਾਂਤ ਅਤੇ ਉਨ੍ਹਾਂ ਦੁਆਰਾ ਉਚਾਰਨ ਧੁਰ ਕੀ ਬਾਣੀ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ, ਬਾਰੇ ਸੰਗਤਾਂ ਨੂੰ ਢਾਡੀ ਵਾਰਾਂ ਵਿੱਚ ਵਿਸਥਾਰ ਸਹਿਤ ਸੁਣਾਇਆ। ਭਾਈ ਕੇਵਲ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਵਾਲਿਆਂ ਨੇ ਆਪਣੇ ਰਸਭਿੰਨੇ ਕੀਰਤਨ ਰਾਹੀਂ ਇਲਾਹੀ ਬਾਣੀ ਨਾਲ ਗਵਾ ਕੇ ਸੰਗਤਾਂ ਨੂੰ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਸ਼੍ਰੋਮਣੀ ਪ੍ਰਚਾਰਕ ਭਾਈ ਸੰਦੀਪ ਸਿੰਘ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਖੰਡੇ ਬਾਟੇ ਦੇ ਅੰਮ੍ਰਿਤ ਦੀ ਮਹੱਤਤਾ ਦੱਸਦੇ ਹੋਏ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਲਈ ਪ੍ਰੇਰਿਆ। ਇਸ ਤੋਂ ਇਲਾਵਾ ਭਾਈ ਮੇਜਰ ਸਿੰਘ ਸ੍ਰੀ ਤਰਨ ਤਾਰਨ ਸਾਹਿਬ, ਭਾਈ ਗੁਰਮੀਤ ਸਿੰਘ ਕਰਨਾਲ ਵਾਲੇ, ਭਾਈ ਜਤਿੰਦਰ ਸਿੰਘ ਭਰਤਗੜ੍ਹ ਵਾਲਿਆਂ ਦਾ ਢਾਡੀ ਜਥਾ, ਭਾਈ ਮਨਪ੍ਰੀਤ ਸਿੰਘ ਗੁਰਮਤਿ ਪ੍ਰਚਾਰ ਜਥਾ, ਭਾਈ ਮਨਜੀਤ ਸਿੰਘ ਲੁਧਿਆਣੇ ਵਾਲੇ, ਸ਼ੇਰ ਪੰਜਾਬ ਕਵੀਸ਼ਰੀ ਜਥਾ, ਭਾਈ ਜਸਵਿੰਦਰ ਸਿੰਘ ਦੇ ਜਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜਥੇ ਭਾਈ ਇੰਦਰਜੀਤ ਸਿੰਘ, ਭਾਈ ਹਰਬਖਸ਼ ਸਿੰਘ, ਭਾਈ ਗੁਰਮੀਤ ਸਿੰਘ ਅਤੇ ਭਾਈ ਸੁਖਵਿੰਦਰ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ। ਸਾਰੇ ਜਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਇਸ ਅਸਥਾਨ ਤੇ ਡਿਸਪੈਂਸਰੀ ਅਤੇ ਲੈਬੋਰੇਟਰੀ ਚੱਲ ਰਹੀ ਹੈ ਜਿਸ ਵਿੱਚ ਸਾਰੇ ਟੈਸਟ ਅਤਿ ਆਧੁਨਿਕ ਕੰਪਿਊਟਰਾਈਜ਼ ਤਰੀਕੇ ਨਾਲ ਕੀਤੇ ਜਾਂਦੇ ਹਨ। ਮਾਹਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਮੁਆਇਨਾ ਕੀਤਾ ਜਾਂਦਾ ਹੈ ਅਤੇ ਦਵਾਈ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਐੱਮ ਆਰ ਆਈ, ਸੀਟੀ ਸਕੈਨ, ਅਲਟਰਾਸਾਊਂਡ ਅਤੇ ਐਕਸਰੇ ਦੀਆਂ ਮਸ਼ੀਨਾਂ ਵੀ ਸੰਗਤਾਂ ਦੀ ਸਹੂਲਤ ਲਈ ਲਗਾਈਆਂ ਗਈਆਂ ਹਨ।




# ਵੱਖ-ਵੱਖ ਆਗੂਆਂ ਵੱਲੋਂ ਗਿਆਨੀ ਗੁਰਮੀਤ ਸਿੰਘ ਦੀ ਮੌਤ 'ਤੇ ਦੁੱਖ ਪ੍ਰਗਟ

**ਫਿਲੌਰ (ਬੀ ਐੱਸ ਕੈਨੇਡੀ)**-ਕੁਲਵਿੰਦਰ ਕੌਰ ਪ੍ਰਧਾਨ ਵੂਮੈਨ ਵੈਲਫੇਅਰ ਐਸੋਸੀਏਸ਼ਨ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾ ਦੇ ਪਤੀ ਗਿਆਨੀ ਗੁਰਮੀਤ ਸਿੰਘ ਗੌਰਵ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ। ਇਸ ਦੁੱਖ ਦੀ ਘੜੀ ਵਿੱਚ ਵੱਖ ਵੱਖ ਆਗੂਆਂ ਵਲੋਂ ਦੁੱਖ ਪ੍ਰਗਟ ਕੀਤਾ ਗਿਆ। ਇਸ ਮੌਕੇ ਸਰਵਨ ਸਿੰਘ ਫਿਲੌਰ ਸਾਬਕਾ ਕੈਬਨਿਟ ਮੰਤਰੀ ਪੰਜਾਬ, ਪੀ ਐਸ ਗੁਲਸ਼ਨ, ਰਾਜਪਾਲ ਸਿੰਘ ਅਟਵਾਲ ਭਾਜਪਾ ਆਗੂ ਸ਼ਾਮ ਲਾਲ ਗੋਲਡੀ ਨਾਹਰ ਭਾਜਪਾ ਆਗੂ ਗੁਰਮੀਤ ਸਿੰਘ ਰੈਤ ਪ੍ਰਤਿਪਾਲ ਸਿੰਘ ਜੇ ਐੱਸ ਸੰਧੂ ਪ੍ਰਦੀਪ ਸਿੰਘ ਦੁਸਾਂਝ ਜਸੀ ਚੱਢਾ ਅਮਰਜੀਤ ਸਿੰਘ ਸੁਰਿੰਦਰ ਸਿੰਘ ਪਾਲੋ ਨੇ ਗਿਆਨੀ ਗੁਰਮੀਤ ਸਿੰਘ ਗੌਰਵ ਦੀ ਮੌਤ 'ਤੇ ਦੁੱਖ ਪ੍ਰਗਟ ਕੀਤਾ ਹੈ। ਗਿਆਨੀ ਗੁਰਮੀਤ ਸਿੰਘ ਗੌਂਵ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ 13 ਮਈ ਨੂੰ ਗੁਰਦੁਆਰਾ ਬਾਉਲੀ ਸਾਹਿਬ ਫਿਲੌਰ ਵਿਖੇ 12 ਤੋਂ 1.30 ਵਜੇ ਪਵੇਗਾ।



# ਹੋਟਲਾਂ/ਮੋਟਲ/ਗੈੱਸਟ ਹਾਊਸ ਤੇ ਸਰਾਵਾਂ 'ਚ ਬਿਨਾਂ ਸ਼ਨਾਖਤ ਤੋਂ ਕਿਸੇ ਨੂੰ ਵੀ ਠਹਿਰਾਉਣ 'ਤੇ ਪਾਬੰਦੀ

**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**

ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਵਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤਾ ਗਿਆ ਹੈ ਕਿ ਕੋਈ ਵੀ ਹੋਟਲ/ਮੋਟਲ/ਗੈਸਟ ਹਾਊਸ ਅਤੇ ਸਰਾਵਾਂ ਆਦਿ ਦੇ ਮਾਲਕ/ਪ੍ਰਬੰਧਕ ਕਿਸੇ ਵੀ ਵਿਅਕਤੀ/ਯਾਤਰੀ ਨੂੰ ਉਸ ਦੀ ਸ਼ਨਾਖਤ ਕੀਤੇ ਬਗੈਰ ਨਹੀਂ ਠਹਿਰਾਉਣਗੇ। ਇਨ੍ਹਾਂ ਵਿਚ ਠਹਿਰਨ ਵਾਲੇ ਹਰੇਕ ਵਿਅਕਤੀ/ਯਾਤਰੀ ਦਾ ਵੈਲਿਡ ਫੋਟੋ ਸ਼ਨਾਖਤੀ ਕਾਰਡ, ਜੋ ਸਮਰੱਥ ਅਧਿਕਾਰੀ ਵੱਲੋਂ ਉਸ ਨੂੰ ਜਾਰੀ ਕੀਤਾ ਗਿਆ ਹੋਵੇ, ਦੀ ਉਸ ਵਿਅਕਤੀ/ਯਾਤਰੀ ਵੱਲੋਂ ਸਵੈ-ਤਸਦੀਕਸ਼ੁਦਾ ਫੋਟੋ ਕਾਪੀ ਬਤੌਰ ਰਿਕਾਰਡ ਰੱਖਣਗੇ ਅਤੇ ਵਿਅਕਤੀ/ਯਾਤਰੀ ਦਾ ਮੋਬਾਇਲ ਨੰਬਰ ਤਸਦੀਕ ਕਰਨ ਤੋਂ ਇਲਾਵਾ ਠਹਿਰਨ ਵਾਲੇ ਵਿਅਕਤੀ/ਯਾਤਰੀ ਦਾ ਰਿਕਾਰਡ ਦਿੱਤੇ ਪ੍ਰੋਫਾਰਮੇ ਵਿੱਚ ਰਜਿਸਟਰ 'ਤੇ ਮੇਨਟੇਨ ਕਰਨਗੇ। ਹੋਟਲ/ਮੋਟਲ/ਗੈਸਟ ਹਾਊਸ ਅਤੇ ਸਰਾਵਾਂ ਆਦਿ ਵਿਚ ਠਹਿਰੇ ਵਿਅਕਤੀਆਂ/ਯਾਤਰੀਆਂ ਸਬੰਧੀ ਜਾਣਕਾਰੀ ਰੋਜ਼ਾਨਾ ਸਵੇਰੇ 10 ਵਜੇ ਸਬੰਧਤ ਮੁੱਖ ਅਫ਼ਸਰ ਥਾਣਾ ਨੂੰ ਭੇਜਣਗੇ ਅਤੇ ਠਹਿਰੇ ਵਿਅਕਤੀਆਂ/ਯਾਤਰੀਆਂ ਸਬੰਧੀ ਰਜਿਸਟਰ ਵਿਚ ਦਰਜ ਰਿਕਾਰਡ ਨੂੰ ਹਰੇਕ ਸੋਮਵਾਰ ਨੂੰ ਸੰਬੰਧਤ ਮੁੱਖ ਅਫ਼ਸਰ ਥਾਣਾ ਪਾਸੋਂ ਤਸਦੀਕ ਕਰਵਾਉਣਗੇ ਅਤੇ ਲੋੜ ਪੈਣ 'ਤੇ ਰਿਕਾਰਡ ਪੁਲਸ ਨੂੰ ਮੁਹੱਈਆ ਕਰਵਾਉਣਗੇ। ਇਸ ਤੋਂ ਇਲਾਵਾ ਜਦੋਂ ਵੀ ਕੋਈ ਵਿਦੇਸ਼ੀ ਵਿਅਕਤੀ ਕਿਸੇ ਹੋਟਲ/ਮੋਟਲ/ਗੈਸਟ ਹਾਊਸ ਅਤੇ ਸਰ੍ਹਾਵਾਂ ਵਿਚ ਠਹਿਰਦਾ ਹੈ ਤਾਂ ਇਸ ਸਬੰਧੀ ਇਤਲਾਹ ਇੰਚਾਰਜ ਫੌਰਨਰਸ ਰਜਿਸਟਰੇਸ਼ਨ ਆਫਿਸ, ਦਫ਼ਤਰ ਕਮਿਸ਼ਨਰ ਪੁਲਸ, ਜਲੰਧਰ ਨੂੰ ਦਿੱਤੀ ਜਾਵੇ। ਇਸ ਤੋਂ ਇਲਾਵਾ ਹਰੇਕ ਹੋਟਲ/ਰੈਸਟੋਰੈਂਟ/ਮੋਟਲ/ਗੈਸਟ ਹਾਊਸ ਅਤੇ ਸਰ੍ਹਾਂ ਦੇ ਕੋਰੀਡੋਰ, ਲਿਫ਼ਟ, ਰਿਸੈਪਸ਼ਨ ਕਾਊਂਟਰ ਅਤੇ ਮੁੱਖ ਪ੍ਰਵੇਸ਼ ਦਰਵਾਜ਼ੇ 'ਤੇ ਸੀ. ਸੀ. ਟੀ. ਵੀ ਕੈਮਰੇ ਲਗਾਏ ਜਾਣ। ਜੇਕਰ ਕੋਈ ਸ਼ੱਕੀ ਵਿਅਕਤੀ ਹੋਟਲ/ਮੋਟਲ/ਗੈਸਟ ਹਾਊਸ, ਰੈਸਟੋਰੈਂਟ ਅਤੇ ਸਰ੍ਹਾਂ ਵਿਖੇ ਠਹਿਰਦਾ/ਆਉਂਦਾ ਹੈ, ਜੋ ਕਿਸੇ ਪੁਲਸ ਕੇਸ ਵਿਚ ਲੋੜੀਂਦਾ ਹੈ ਜਾਂ ਕਿਸੇ ਹੋਟਲ/ਰੈਸਟੋਰੈਂਟ/ਮੋਟਲ/ਗੈਸਟ ਹਾਊਸ ਅਤੇ ਸਰ੍ਹਾਂ ਵਿਚੋਂ ਠਹਿਰੇ/ਆਏ ਵਿਅਕਤੀ/ਯਾਤਰੀ ਨੂੰ ਕਿਸੇ ਹੋਰ ਰਾਜ/ਜ਼ਿਲ੍ਹੇ ਦੀ ਪੁਲਸ ਵੱਲੋਂ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਤਾਂ ਇਨ੍ਹਾਂ ਦਾ ਮਾਲਕ/ਪ੍ਰਬੰਧਕ ਤੁਰੰਤ ਇਸ ਦੀ ਸੂਚਨਾ ਸਬੰਧਤ ਥਾਣੇ/ਪੁਲਿਸ ਕੰਟਰੋਲ ਰੂਮ ਨੂੰ ਦੇਣ ਦੇ ਜ਼ਿੰਮੇਵਾਰ ਹੋਣਗੇ।ਪੁਲਸ ਕਮਿਸ਼ਨਰ ਵਲੋਂ ਇਕ ਹੋਰ ਹੁਕਮ ਰਾਹੀਂ ਕਮਿਸ਼ਨਰੇਟ ਪੁਲਸ ਜਲੰਧਰ ਦੀ ਹਦੂਦ ਅੰਦਰ ਕਿਸੇ ਕਿਸਮ ਦਾ ਹਥਿਆਰ ਜਿਵੇਂ ਕਿ ਬੇਸਬਾਲ, ਤੇਜ਼ ਹਥਿਆਰ, ਨੋਕੀਲਾ ਹਥਿਆਰ ਜਾਂ ਕੋਈ ਵੀ ਜਾਨਲੇਵਾ ਹਥਿਆਰ ਗੱਡੀ ਵਿੱਚ ਰੱਖ ਕੇ ਚੱਲਣ 'ਤੇ ਵੀ ਪਾਬੰਦੀ ਲਗਾਈ ਗਈ ਹੈ। ਇਸੇ ਤਰ੍ਹਾਂ ਕਮਿਸ਼ਨਰੇਟ ਪੁਲਸ ਦੀ ਹਦੂਦ ਅੰਦਰ ਕਿਸੇ ਕਿਸਮ ਦਾ ਜਲੂਸ ਕੱਢਣ, ਸਮਾਗਮ/ਜਲੂਸ ਵਿੱਚ ਹਥਿਆਰ ਲੈ ਕੇ ਚੱਲਣ, ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ ਅਤੇ ਨਾਅਰੇਬਾਜ਼ੀ ਕਰਨ 'ਤੇ ਪਾਬੰਦੀ ਲਗਾਈ ਗਈ ਹੈ। ਕਮਿਸ਼ਨਰ ਪੁਲਿਸ ਵਲੋਂ ਇਕ ਹੋਰ ਹੁਕਮ ਰਾਹੀਂ ਕਮਿਸ਼ਨਰੇਟ ਜਲੰਧਰ ਦੀ ਹਦੂਦ ਅੰਦਰ ਆਉਂਦੇ ਸਾਰੇ ਮੈਰਿਜ ਪੈਲਸਾਂ/ਹੋਟਲਾਂ ਦੇ ਦਾਅਵਤ ਹਾਲਾਂ, ਵਿਆਹ-ਸ਼ਾਦੀਆਂ ਦੇ ਪ੍ਰੋਗਰਾਮਾਂ ਅਤੇ ਹੋਰ ਸਮਾਜਿਕ ਪ੍ਰੋਗਰਾਮਾਂ ਵਿੱਚ ਪਬਲਿਕ ਵਲੋਂ ਹਥਿਆਰ ਲੈ ਕੇ ਜਾਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ ਅਤੇ ਮੈਰਿਜ ਪੈਲੇਸਾਂ ਅਤੇ ਦਾਅਵਤ ਹਾਲਾਂ ਦੇ ਮਾਲਕਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਮੈਰਿਜ ਪੈਲਸਾਂ/ਦਾਅਵਤ ਹਾਲਾਂ ਵਿੱਚ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਦੇ ਜ਼ਿੰਮੇਵਾਰ ਹੋਣਗੇ। ਇਸੇ ਤਰ੍ਹਾਂ ਕਮਿਸ਼ਨਰ ਪੁਲਿਸ ਵਲੋਂ ਪੁਲਿਸ ਕਮਿਸ਼ਨਰੇਟ, ਜਲੰਧਰ ਦੇ ਇਲਾਕੇ ਵਿੱਚ ਅਮਨ ਅਤੇ ਕਾਨੂੰਨ ਦੀ ਵਿਵਸਥਾ ਨੂੰ ਬਰਕਰਾਰ ਰੱਖਣ ਅਤੇ ਆਮ ਜਨਤਾ ਦੀ ਜਾਨ-ਮਾਲ ਦੀ ਰਾਖੀ ਨੂੰ ਯਕੀਨੀ ਬਣਾਉਣ ਲਈ ਇਕ ਹੋਰ ਹੁਕਮ ਜਾਰੀ ਕੀਤਾ ਗਿਆ ਹੈ ਜਿਸ ਤਹਿਤ ਮਕਾਨ ਮਾਲਕ ਘਰਾਂ ਵਿੱਚ ਕਿਰਾਏਦਾਰ ਅਤੇ ਪੀ.ਜੀ. ਮਾਲਕ, ਪੀ.ਜੀ.ਅਤੇ ਇਸ ਤੋਂ ਇਲਾਵਾ ਆਮ ਲੋਕ ਘਰਾਂ ਵਿੱਚ ਨੌਕਰ ਅਤੇ ਹੋਰ ਕਾਮੇ ਆਪਣੇ ਨੇੜੇ ਦੇ ਪੰਜਾਬ ਪੁਲਸ ਦੇ ਸਾਂਝ ਕੇਂਦਰ ਵਿੱਚ ਸੂਚਨਾ/ਇਤਲਾਹ ਦਿੱਤੇ ਬਿਨਾਂ ਨਹੀਂ ਰੱਖਣਗੇ।ਇਸ ਤੋਂ ਇਲਾਵਾ ਇਕ ਹੋਰ ਹੁਕਮ ਰਾਹੀਂ ਪੁਲਸ ਕਮਿਸ਼ਨਰੇਟ ਦੇ ਇਲਾਕੇ ਵਿੱਚ ਸਮੂਹ ਪਟਾਕਿਆਂ ਦੇ ਨਿਰਮਾਣਕਾਂ/ਡੀਲਰਾਂ ਨੂੰ ਹੁਕਮ ਜਾਰੀ ਕੀਤਾ ਗਿਆ ਹੈ ਕਿ ਪਟਾਕਿਆਂ ਦੇ ਪੈਕਟਾਂ ਉਪਰ ਆਵਾਜ਼ ਦਾ ਲੈਵਲ (ਡੈਸੀਬਲ ਵਿੱਚ) ਪ੍ਰਿੰਟ ਹੋਣਾ ਲਾਜ਼ਮੀ ਹੈ। ਉਪਰੋਕਤ ਇਹ ਸਾਰੇ ਹੁਕਮ 6 ਮਈ ਤੋਂ 5 ਜੁਲਾਈ ਤੱਕ ਲਾਗੂ ਰਹਿਣਗੇ।



# ਝੋਨੇ ਦੇ ਸੀਜ਼ਨ ਨੂੰ ਮੁੱਖ ਰੱਖਦੇ ਆੜ੍ਹਤੀਆ ਐਸੋਸੀਏਸ਼ਨ ਵੱਲੋਂ ਮੀਟਿੰਗ



**ਆਦਮਪੁਰ, (ਪਰਮਜੀਤ ਸਿੰਘ)**

ਦਾਣਾ ਮੰਡੀ ਆਦਮਪੁਰ ਵਿਖੇ ਸਮੂਹ ਆੜ੍ਹਤੀਆ ਐਸੋਸੀਏਸ਼ਨ ਅਤੇ ਕਿਸਾਨਾਂ ਦੀ ਗੁਰਦਿਆਲ ਨਿੱਝਰ ਸਾਬਕਾ ਚੇਅਰਮੈਨ ਦੇ ਦਫਤਰ ਵਿਖੇ ਮੀਟਿੰਗ ਜਿਸ ਵਿਚੜਤੀਆਂ ਅਤੇ ਕਿਸਾਨਾਂ ਨੇ ਚਿੰਤਾ ਪ੍ਰਗਟਾਈ ਕਿ ਆਉਣ ਵਾਲੇ ਝੋਨੇ ਦੇ ਸੀਜ਼ਨ 'ਚ ਹਾਲੇ ਤੱਕ ਸਰਕਾਰ ਵਲੋਂ ਕੋਈ ਵੀ ਝੋਨੇ ਦੀ ਕਿਸਮ ਬੀਜਣ ਸਬੰਧੀ ਐਲਾਨ ਨਹੀਂਈਤਾ ਗਿਆ ।ਇਸ ਦੁਰਾਨ ਗੁਰਦਿਆਲ ਸਿੰਘ ਨਿੱਝਰ ਤੇ ਰਮਨ ਕੁਮਾਰ ਬੋਬੀ ਵਲੋਂ ਸਾਂਝੇ ਬਿਆਨ ਵਿੱਚ ਕਿਹਾ ਕਿ ਕਿਸਾਨ ਆ ਕੇ ਸਾਨੂੰ ਪੁੱਛਦੇ ਹਨ ਕਿ ਕਿਹੜਾ ਝੋਨਾ ਬੀਜੀਏ ਪਰ ਅਸੀਂ ਆੜ੍ਹਤੀਏ ਖੁਦ ਪ੍ਰੇਸ਼ਾਨ ਹਨ।ਬਾਅਦ ਵਿੱਚ ਸਰਕਾਰ ਇਹ ਗੱਲ ਕਹਿ ਕੇ ਪੱਲਾ ਨਾ ਝਾੜ ਦੇਵੇ ਕਿ ਝੋਨੇ ਦੀ ਇਹ ਕਿਸਮ ਬੀਜਣ ਲਈ ਕਈ ਨਹੀਂ ਸੀ ਤੇ ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਝੋਨੇ ਦੀ ਚੁਕਾਈ ਨਾ ਹੋਈ ਤਾਂ ਕਿਤੇ ਕਿਸਾਨਾਂ ਨੂੰ ਤੇ ਆੜ੍ਹਤੀਆਂ ਭੈੜੀਆਂ ਨਤੀਜੇ ਭੁਗਤਣੇ ਪੈਣਗੇ।ਇਸ ਮੌਕੇ ਗੁਰਦਿਆਲ ਸਿੰਘ ਨਿੱਝਰ, ਰਮਨ ਬੋਬੀ, ਦਲਜੀਤ ਸਿੰਘ ਭੱਟੀ, ਗਗਨਦੀਪ ਸਿੰਘ, ਪਵਨ ਕੁਮਾਰ, ਬਲਵਿੰਦਰ ਸਿੰਘ, ਅਮਰਜੀਤ ਸਿੰਘ, ਇੰਦਰਜੀਤ ਸਿੰਘ, ਗੁਰਮੀਤ ਸਿੰਘ, ਅਸ਼ੀਸ਼ ਗੁਪਤਾ, ਮਨੀਸ਼ ਗੁਪਤਾ, ਗੁਰਮੇਲ ਸਿੰਘ, ਰਵੀ ਪਾਲ ਸਿੰਘ ਆਦਿ ਹਾਜ਼ਰ ਸਨ।

# ਬੰਗਾ ਹਲਕੇ ਨੂੰ ਕੀਤਾ ਜਾਵੇਗਾ ਪੂਰੀ ਤਰ੍ਹਾ ਨਸ਼ਾ-ਮੁਕਤ : ਡਾ. ਸੁੱਖੀ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਪੰਜਾਬ ਦੇ ਹਰ ਪਿੰਡ ਨੂੰ ਨਸ਼ਾ ਮੁਕਤ ਕਰਨ ਲਈ ਅਤੇ ਹਰ ਪਿੰਡ ਵਿੱਚ ਜਾਗਰੂਕਤਾ ਫੈਲਾਉਣ ਲਈ ਪਿੰਡ ਪਿੰਡ ਵਿੱਚ ਜਾ ਕੇ ਇਲਾਕੇ ਦੇ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ । ਗੱਲਬਾਤ ਦੌਰਾਨ ਉਹਨਾਂ ਦਸਿਆ ਕਿ ਹੁਣ ਆਮ ਜਨਤਾ ਦੇ ਨਾਲ ਪੁਲਸ ਪ੍ਰਸ਼ਾਸਨ ਅਤੇ ਸਰਕਾਰ ਖੁਦ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ । ਓਹਨਾ ਦਸਿਆ ਕਿ ਹਰ ਨਸ਼ਾ ਵੇਚਣ ਵਾਲੇ ਵਿਅਕਤੀ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਨਸ਼ਾ ਕਰਨ ਵਾਲੇ ਵਿਅਕਤੀ ਨੂੰ ਨਸ਼ਾ ਛਡਾਉ ਕੇਂਦਰ ਵਿਚ ਭੇਜਣਾ ਯਕੀਨੀ ਬਣਾਇਆ ਜਾਵੇਗਾ।ਵਿਧਾਇਕ ਨੇ ਕਿਹਾ ਕਿ ਪਿੰਡ ਦੇ ਲੋਕ ਨਿਡਰ ਹੋ ਕੇ ਸਰਕਾਰ ਤੇ ਪੁਲਸ ਦਾ ਸਾਥ ਦੇਣ ਅਤੇ ਨਸ਼ਾ ਤਸਕਰ ਦੀ ਸੂਚਨਾ ਸਾਡੇ ਤੱਕ ਪਹੁੰਚਾਉਣ ।ਨਸ਼ੇ ਨੂੰ ਜੜ੍ਹ ਤੋਂ ਖਤਮ ਕਰਨ ਲਈ ਲੋਕਾਂ ਨੂੰ ਜਾਗਰੂਕ ਕਰਨ ਲਈ ਪਿੰਡ ਵਿੱਚ ਪੈਦਲ ਮਾਰਚ ਕੱਢਿਆ। ਇਸ ਮੌਕੇ ਪਿੰਡ ਦੇ ਲੋਕਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਵਾਅਦਾ ਕੀਤਾ ਕਿ ਉਹ ਪਿੰਡ ਵਿੱਚ ਨਸ਼ਾ ਨੂੰ ਬਿਲਕੁਲ ਵੀ ਆਉਣ ਨਹੀਂ ਦੇਣਗੇ ।ਇਸ ਮੌਕੇ ਉਨ੍ਹਾਂ ਨਾਲ ਸੋਹਣ ਲਾਲ ਢੰਡਾ ਨਸ਼ਾ ਮੁਕਤੀ ਮੋਰਚੇ ਦੇ ਵਿਧਾਨ ਸਭਾ ਕੋਆਰਡੀਨੇਟਰ ਪ੍ਰਭਜੋਤ ਸਿੰਘ, ਥਾਣਾ ਬਹਿਰਾਮ ਮੁਖੀ ਸੁਖਪਾਲ ਸਿੰਘ, ਬਲਾਕ ਪੰਚਾਇਤ ਅਫਸਰ ਆਦੇਸ਼ ਕੁਮਾਰ, ਸਰਪੰਚ ਅਤੇ ਬਲਾਕ ਪ੍ਰਧਾਨ ਜਗਨਨਾਥ, ਸਾਬਕਾ ਸਰਪੰਚ ਸਤਕਰਤਾਰ ਸਿੰਘ, ਹਰਜੀਤ ਸਿੰਘ, ਸੁਰਜੀਤ ਸਿੰਘ, ਇਕਬਾਲ ਸਿੰਘ, ਮਲਕੀਤ ਸਿੰਘ, ਗੁਰਦੀਪ ਸਿੰਘ ਪੰਚ ਆਦਿ ਹਾਜ਼ਰ ਸਨ।



# ਦੀ ਮਦਾਰ ਕੋ-ਆਪਰੇਟਿਵ ਐਗਰੀਕਲਚਰ ਮਲਟੀਪਰਪਜ਼ ਸਰਵਿਸ ਸੁਸਾਇਟੀ ਦੀ ਚੋਣ



**ਆਦਮਪੁਰ (ਪਰਮਜੀਤ ਸਿੰਘ)**

ਦੀ ਮਦਾਰ ਕੋ-ਆਪਰੇਟਿਵ ਐਗਰੀਕਲਚਰ ਮਲਟੀਪਰਪਜ ਸਰਵਿਸ ਸੁਸਾਇਟੀ ਲਿਮਿਟਡ ਪਿੰਡ ਮਦਾਰ ਜਿਲ੍ਹਾ ਜਲੰਧਰ ਦੀ ਚੋਣ ਰਿਟਰਨਿੰਗ ਅਫਸਰ ਬਲਦੀਪ ਸਿੰਘ ਦੀ ਰਹਿਨਮਾਈ ਹੇਠ ਹੋਈ।ਇਸ ਦੌਰਾਨ ਸਾਰੇ ਹੀ ਮੈਂਬਰ ਸਰਬ ਸੰਮਤੀ ਨਾਲ ਚੁਣੇ ਗਏ ਜਿਨ੍ਹਾਂ ਵਿੱਚ ਜੋਨ ਨੰਬਰ 01 ਤੋਂ ਜੋਗਿੰਦਰ ਸਿੰਘ, ਅਵਤਾਰ ਸਿੰਘ, ਬਲਜੀਤ ਸਿੰਘ, ਚਰਨਦਾਸ ਅਤੇ ਜੀਵਨ ਚੁਣੇ ਗਏ ਜੋਨ ਨੰਬਰ 02 ਤੋਂ ਕੁਲਵਿੰਦਰ ਸਿੰਘ ਭੱਟੀ ਸਾਬਕਾ ਪ੍ਰਧਾਨ, ਸਰਬਜੀਤ ਅਤੇ ਮਨਜੀਤ ਕੌਰ ਚਹੂੜਵਾਲੀ ਚੁਣੇ ਗਏ।ਜੋਨ ਨੰਬਰ 03 ਤੋਂ ਵਿੱਚੋਂ ਗੁਰਇਕਬਾਲ ਸਿੰਘ ਉਦੇਸੀਆਂ ਜੋਨ ਨੰਬਰ 04 ਤੋਂ ਸੁਖਦੇਵ ਸਿੰਘ ਤਲਵੰਡੀ ਅਤੇ ਜੋਨ ਨੰਬਰ 05 ਤੋਂ ਗੁਰਿੰਦਰ ਸਿੰਘ ਮਹਿਮਦਪੁਰ ਚੁਣੇ ਗਏ।ਚੁਣੇ ਹੋਏ ਮੈਂਬਰਾਂ ਨੇ ਕਿਹਾ ਕਿ ਅਸੀਂ ਸਾਰੇ ਦੂਜੇ ਮੈਂਬਰਾਂ ਨੂੰ ਵਿਸ਼ਵਾਸ ਦਵਾਉਂਦੇ ਹਾਂ ਕਿ ਅਸੀਂ ਸੁਸਾਇਟੀ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇ ਕੇ ਹੋਰ ਵਧੀਆ ਢੰਗ ਨਾਲ ਚਲਾਉਣ ਲਈ ਉਪਰਾਲੇ ਕਰਾਗੇ। ਉਹਨਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸੁਸਾਇਟੀ ਦੇ ਪ੍ਰਧਾਨ ਦੀ ਚੋਣ ਮੈਂਬਰਾਂ ਦੀ ਹਾਜ਼ਰੀ ਵਿੱਚ ਕੀਤੀ ਜਾਵੇਗੀ।ਇਸ ਮੌਕੇ ਸੁਸਾਇਟੀ ਦੇ ਸਾਰੇ ਮੈਂਬਰ ਅਤੇ ਮੁਲਾਜ਼ਮ ਹਾਜ਼ਰ ਸਨ।

# ਐੱਸ ਆਈ ਲਵਲੀਨ ਕੁਮਾਰ ਨੇ ਉੱਗੀ ਪੁਲਸ ਚੌਕੀ ਦਾ ਚਾਰਜ ਸੰਭਾਲਿਆ

**ਨਕੋਦਰ (ਮਨਜੀਤ ਮਾਨ)**-ਥਾਣਾ ਸਦਰ ਨਕੋਦਰ ਅਧੀਨ ਪੈਂਦੇ ਪਿੰਡ ਉੱਗੀ ਦੀ ਪੁਲਸ ਚੌਕੀ ਦੇ ਇੰਚਾਰਜ ਏ ਐਸ ਆਈ ਜਸਪਾਲ ਸਿੰਘ ਦਾ ਤਬਾਦਲਾ ਹੋਣ ਕਰਕੇ ਐਸ ਆਈ ਲਵਲੀਨ ਕੁਮਾਰ ਵੱਲੋ ਪੁਲਸ ਚੌਕੀ ਉੱਗੀ ਦਾ ਚਾਰਜ ਸੰਭਾਲਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਐਸ.ਆਈ ਲਵਲੀਨ ਕੁਮਾਰ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆ ਆਖਿਆ ਕਿ ਪੁਲਸ ਵੱਲੋਂ ਇਲਾਕੇ ਅੰਦਰ ਦਿਨ ਰਾਤ ਪੁਲਸ ਪਾਰਟੀ ਦੀ ਗਸ਼ਤ ਵਧਾਈ ਜਾਵੇਗੀ। ਪੁਲਸ ਸ਼ਰਾਰਤੀ ਅਨਸਰਾਂ, ਨਸ਼ਾ ਤਸਕਰਾਂ ਉੱਪਰ ਬਾਜ ਅੱਖ ਰੱਖੇਗੀ । ਚੌਂਕੀ ਇੰਚਾਰਜ ਨੇ ਕਿਹਾ ਕਿ ਪੁਲਸ ਚੌਕੀ ਵਿੱਚ ਹਰੇਕ ਇਨਸਾਨ ਦਾ ਪੂਹੰਚਣ ਅਤੇ ਪੁਲਸ ਨੂੰ ਸਹੀ ਸੂਚਨਾ ਦੇਣ ਵਾਲੇ ਨੂੰ ਪੂਰਾ ਮਾਣ ਸਤਿਕਾਰ ਮਿਲੇਗਾ। ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਤੇ ਸ਼ਰਾਰਤੀ ਅਨਸਰ ਅਤੇ ਲੁੱਟ ਖੋਹ ਕਰਨ ਵਾਲਿਆਂ ਉੱਪਰ ਪੁਲਸ ਪ੍ਰਸ਼ਾਸਨ ਵੱਲੋਂ ਸਖਤ ਕਾਨੂੰਨੀ ਕਾਰਵਾਈ ਕਰੇਗੀ। ਉਹਨਾਂ ਕਿਹਾ ਕਿ ਪਬਲਿਕ ਨੂੰ ਵੀ ਪੁਲਸ ਪ੍ਰਸ਼ਾਸਨ ਦਾ ਪੂਰਾ ਸਹਿਯੋਗ ਦੇਣਾ ਚਾਹੀਦਾ ਤਾਂ ਹੀ ਨਸ਼ਾ ਤਸਕਰਾਂ ਅਤੇ ਲੁਟੇਰਿਆਂ ਨੂੰ ਨੱਥ ਪਾਈ ਜਾ ਸਕਦੀ ਹੈ।



# ਜਸ਼ਨਪ੍ਰੀਤ ਸਿੰਘ ਨਾਹਲ ਦੇ ਪਰਵਾਰ ਨਾਲ ਕੀਤਾ ਦੁੱਖ ਦਾ ਪ੍ਰਗਟਾਵਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਨਜ਼ਦੀਕੀ ਪਿੰਡ ਢੇਰ ਦੇ ਹੋਣਹਾਰ ਨੌਜਵਾਨ ਜਸ਼ਨਪ੍ਰੀਤ ਸਿੰਘ ਸਿੰਘ ਨਾਹਲ 20 ਸਾਲ ਦੀ ਹੋਈ ਮੌਤ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ।ਵੱਖ ਵੱਖ ਆਗੂਆਂ ਨੇ ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਸ਼ਰਨਜੀਤ ਸਿੰਘ ਨਾਹਲ ਪਲੱਸ ਟੂ ਤੋਂ ਬਾਅਦ ਵਿਦੇਸ਼ ਜਾਣ ਦੀ ਤਿਆਰੀ ਕਰ ਰਿਹਾ ਸੀ।ਉਸਦਾ ਪਿਤਾ ਸੁਖਪਾਲ ਸਿੰਘ ਰੋਜੀ ਰੋਟੀ ਕਮਾਉਣ ਲਈ ਬਾਹਰਲੇ ਮੁਲਕ ਵਿੱਚ ਗਿਆ ਸੀ ਤੇ ਪਰਵਾਰ ਵਿੱਚ ਇਸ ਮੌਤ ਨਾਲ ਮਾਤਮ ਛਾ ਗਿਆ। ਉਸ ਦਾ ਅੰਤਿਮ ਦਾਹ ਸੰਸਕਾਰ ਪਿੰਡ ਦੇ ਸ਼ਮਸ਼ਾਨ ਘਾਟ ਵਿੱਚ ਕਰ ਦਿੱਤਾ ਗਿਆ। ਇਸ ਮੌਕੇ 'ਤੇ ਸੀਪੀਆਈਐਮ ਦੇ ਜ਼ਿਲ੍ਹਾ ਸਕੱਤਰੇਤ ਮੈਂਬਰ ਕਾਮਰੇਡ ਸੁਰਜੀਤ ਸਿੰਘ ਢੇਰ,ਸੀ ਪੀ ਆਈ ਐਮ ਦੇ ਆਗੂ ਜਸਵਿੰਦਰ ਸਿੰਘ ਭੰਗਲ, ਸਾਬਕਾ ਸਰਪੰਚ ਰਜਿੰਦਰ ਸਿੰਘ ਡੋਡ ,ਗੁਰਮੀਤ ਸਿੰਘ ਡੋਡ,ਬਾਬਾ ਜਗਤਾਰ ਸਿੰਘ, ਸੂਬੇਦਾਰ ਹਰਜਾਪ ਸਿੰਘ ਭੰਗਲ , ਖੁਸ਼ਹਾਲ ਸਿੰਘ ਭੰਗਲ, ਰਘਬੀਰ ਸਿੰਘ ਭੰਗਲ, ਪ੍ਰਧਾਨ ਪ੍ਰੇਮ ਸਿੰਘ ਅਟਵਾਲ, ਗੁਰਦਿਆਲ ਸਿੰਘ ਅਟਵਾਲ, ਡਾਕਟਰ ਅੱਛਰ ਸ਼ਰਮਾ, ਸੁਰਿੰਦਰਪਾਲ ਸਿੰਘ ਲੰਬੜਦਾਰ, ਐਡਵੋਕੇਟ ਜੇ ਪੀ ਸਿੰਘ ਢੇਰ, ਐਡਵੋਕੇਟ ਸੁੱਚਾ ਸਿੰਘ ਅਟਵਾਲ, ਥਾਣੇਦਾਰ ਗੁਰਦਿਆਲ ਸਿੰਘ ਭੰਗਲ,ਬਰਜਿੰਦਰ ਸਿੰਘ ਡੋਡ ,ਹਰਜਾਪ ਸਿੰਘ ਬਡਿਆਲ, ਪ੍ਰਧਾਨ ਦਰਸ਼ਨ ਸਿੰਘ ਨਾਹਲ, ਸਰਪੰਚ ਮੱਖਣ ਸਿੰਘ,ਇੰਦਰਜੀਤ ਸਿੰਘ ਫੌਜੀ, ਕੁਲਵਿੰਦਰ ਸਿੰਘ ਭੰਗਲ, ਸਵਰਨ ਸਿੰਘ ਝੱਜ ਜਰਨੈਲ ਸਿੰਘ ਸੁਰੇਵਾਲ, ਜਥੇਦਾਰ ਸੰਦੀਪ ਸਿੰਘ ਕਲੋਤਾ, ਅਮਰੀਕ ਸਿੰਘ ਕਾਕੂ,ਹਰਜਾਪ ਸਿੰਘ ਸੋਢੀ, ਚਾਨਣ ਕੁਮਾਰ, ਸੁੰਦਰ ਸਿੰਘ ਅਟਵਾਲ, ਸੁਖਵਿੰਦਰ ਸਿੰਘ ਸੋਨੂੰ, ਸੁਰਜੀਤ ਸਿੰਘ ਠੀਕਰੀਵਾਲ, ਵਰਿਆਮ ਸਿੰਘ ਬਹਿਲੂ, ਬਲਜਿੰਦਰ ਸਿੰਘ ਢਿੱਲੋਂ, ਰਣਜੀਤ ਸਿੰਘ ਅਟਵਾਲ,ਕੇਸਰ ਸਿੰਘ ਅਟਵਾਲ , ਗਿਆਨੀ ਸ਼ੇਰ ਸਿੰਘ, ਗਿਆਨੀ ਬਲਜੀਤ ਸਿੰਘ, ਹਰਜਿੰਦਰ ਸਿੰਘ ਨਾਹਲ,ਭਰਤ ਭੂਸ਼ਨ ਭਾਰਦਵਾਜ ਨੇ ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।ਜਸ਼ਨਪ੍ਰੀਤ ਸਿੰਘ ਆਪਣੇ ਪਿੱਛੇ ਮਾਤਾ ਪਿਤਾ ਤੋਂ ਇਲਾਵਾ ਛੋਟੇ ਭਰਾ ਸਮੇਤ ਹੱਸਦੇ ਵੱਸਦੇ ਪਰਵਾਰ ਨੂੰ ਛੱਡ ਗਿਆ।

